UGC Approved

243

# ਸ਼ੀਰਾਜ਼ਾ

ਮੁੱਖ ਸੰਪਾਦਕ
ਭਰਤ ਸਿੰਘ ਮਨਹਾਸ
ਸੰਪਾਦਕ
ਪੋਪਿੰਦਰ ਸਿੰਘ ਪਾਰਸ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

243
ਸ਼ੀਰਾਜ਼ਾ

ਦੋ-ਮਾਸਿਕ

# ਸ਼ੀਰਾਜ਼ਾ

ਮਾਰਚ-ਅਪ੍ਰੈਲ, 2024

ਮੁੱਖ ਸੰਪਾਦਕ

ਭਰਤ ਸਿੰਘ ਮਨਹਾਸ

ਸੰਪਾਦਕ

ਪੋਪਿੰਦਰ ਸਿੰਘ ਪਾਰਸ

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** **R.N. No. 28873/76** **Mar-Apr, 2024**

**(Punjabi)**

| ਸਾਲ : 55 | ਅੰਕ : 3 | ਕੁਲ ਅੰਕ : 243 |
|---|---|---|

**Editor-in-Chief**

**Bharat Singh, JKAS**

**Editor**

**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੋਬਾਇਲ : 9906977731

| | | |
|---|---|---|
| ਪ੍ਰਕਾਸ਼ਕ | : | ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ-180 001 |
| *Publisher* | : | **Secretary, J&K Academy of Art, Culture and Languages JAMMU-180 001** |
| ਛਾਪਕ | : | ਰਨਬੀਰ ਗੌਰਮਿੰਟ ਪ੍ਰੈਸੱ, ਜੰਮੂ |
| ਮੁੱਲ | : | ਦਸ ਰੁਪਏ |
| ਵਾਰਸ਼ਕ | : | 50 ਰੁਪਏ |

# ਸੰਪਾਦਕੀ

ਅਪ੍ਰੈਲ ਦਾ ਮਹੀਨਾ ਗ੍ਰੈਗਰੀ ਕਲੰਡਰ ਮੁਤਾਬਿਕ ਸਾਲ ਦਾ ਚੌਥਾ ਮਹੀਨਾ ਅਤੇ ਬਿਕ੍ਰਮੀ ਸੰਮਤ ਜਾਂ ਦੇਸੀ ਮਹੀਨਿਆਂ ਦੇ ਹਿਸਾਬ ਨਾਲ ਪਹਿਲਾ ਅੱਧ ਚੇਤ ਅਤੇ ਦੂਜਾ ਅੱਧ ਵਿਸਾਖ ਹੁੰਦਾ ਹੈ। ਇਸ ਮਹੀਨੇ ਤੋਂ ਗਰਮੀ ਦੀ ਸ਼ੁਰੂਆਤ ਹੋ ਜਾਂਦੀ ਹੈ ਅਤੇ ਫ਼ਸਲਾਂ ਖ਼ਾਸ ਤੌਰ ਤੇ ਕਣਕ ਦੀ ਫ਼ਸਲ ਆਪਣਾ ਰੰਗ ਵਟਾਉਣਾ ਸ਼ੁਰੂ ਕਰ ਦਿੰਦੀ ਹੈ। ਖੇਤ ਵਿੱਚ ਪੱਕੀ ਫ਼ਸਲ ਨੂੰ ਦੇਖ ਕੇ ਜੱਟ (ਕਿਸਾਨ) ਖ਼ੁਸ਼ੀ ਵਿਚ ਝੂਮ ਉੱਠਦਾ ਹੈ। ਵਿਸਾਖੀ ਦਾ ਮੇਲਾ ਜੋ ਕਿ ਪਹਿਲੀ ਵਿਸਾਖ 13 ਜਾਂ 14 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਮਹੀਨੇ ਦਾ ਇੱਕ ਅਹਿਮ ਅਤੇ ਮਹੱਤਵਪੂਰਨ ਉੱਤਸਵ ਹੈ। ਪੰਜਾਬ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵੱਡਾ ਜੋੜ ਮੇਲਾ ਲੱਗਦਾ ਹੈ ਜਿਸ ਵਿੱਚ ਸੰਗਤਾਂ ਦੂਰੋਂ-ਦੂਰੋਂ ਗੁਰੂ ਚਰਨਾਂ ਵਿੱਚ ਨਤਮਸਤਕ ਹੋਣ ਲਈ ਆਉਂਦੀਆਂ ਹਨ। ਵਿਸਾਖੀ ਦੇ ਮੇਲੇ ਨਾਲ ਕਈ ਸਾਰੀਆਂ ਇਤਿਹਾਸਿਕ ਗੱਲਾਂ ਜੁੜੀਆਂ ਹੋਈਆਂ ਹਨ। ਜਿਨ੍ਹਾਂ ਵਿੱਚ 1699 ਦੀ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦੀ ਸਾਜਨਾ ਕਰਨਾ ਅਤੇ ਕਈ ਹੋਰ ਇਤਿਹਾਸਕ ਘਟਨਾਵਾਂ ਵੀ ਦਰਜ ਹਨ। ਇਸ ਲਈ ਇੱਕ ਪਾਸੇ ਜਿਥੇ ਵਿਸਾਖੀ ਨੂੰ ਖ਼ਾਲਸਾ ਪੰਥ ਦੇ ਜਨਮ ਵਜੋਂ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਉੱਥੇ ਹੀ ਜਲਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਯਾਦ ਵੀ ਕੀਤਾ ਜਾਂਦਾ ਹੈ।

ਅਜੋਕੇ ਯੁੱਗ ਵਿਚ ਕਈ ਇਤਿਹਾਸਕ ਅਤੇ ਸੰਜੀਦਾ ਵਿਚਾਰਾਂ ਨੂੰ ਸਾਹਿਤ ਸਿਰਜਣਾ ਨਾਲ ਜੋੜ ਕੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪ੍ਰਾਚੀਨ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਲਿਖਤੀ ਰੂਪ ਵਿਚ ਪੇਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਤਰ੍ਹਾਂ ਨਵੇਂ ਲੇਖਕਾਂ ਨੂੰ ਸਾਹਿਤ ਆਲੋਚਨਾ ਦੇ ਨਾਲ-ਨਾਲ ਇਤਿਹਾਸ ਦੀ ਜਾਣਕਾਰੀ ਵਿਚ ਵਾਧਾ ਹੁੰਦਾ ਰਹੇਗਾ।

ਹੱਥਲੇ ਅੰਕ ਵਿਚ ਇਤਿਹਾਸਕ ਲੇਖਾਂ ਤੋਂ ਇਲਾਵਾ ਕਹਾਣੀਆਂ, ਕਵਿਤਾਵਾਂ, ਪੁਸਤਕ ਚਰਚਾ ਆਦਿ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਉਪਰੰਤ ਨਵੇਂ ਲੇਖਕਾਂ/ਖੋਜਾਰਥੀਆਂ ਨੂੰ ਵੀ ਇਸ ਅੰਕ ਵਿੱਚ ਸ਼ਾਮਿਲ ਕੀਤਾ ਗਿਆ ਹੈ।

**ਪੋਪਿੰਦਰ ਸਿੰਘ ਪਾਰਸ**
**ਸੰਪਾਦਕ**

# ਤਤਕਰਾ


| ਆਲੇਖ | ਪੰਨਾ |
|---|---|
| • ਮੈਂ, ਮੇਰਾ ਪਿੰਡ ਅਤੇ ਪਿੰਡ ਦੇ ਲੋਕ / ਜੋਗਿੰਦਰ ਸਿੰਘ ਪਾਂਧੀ | 7–12 |
| • ਹਾਸਿਲ : ਸ਼ਨਾਖਤੀ ਸੰਵਾਦ / ਪ੍ਰੋ. ਜਸਪਾਲ ਕੌਰ | 13–18 |
| • ਰਾਜਨੀਤਕ ਚੇਤਨਾ ਦਾ ਕਹਾਣੀਕਾਰ ਹਰਭਜਨ ਸਿੰਘ ਸਾਗਰ / ਡਾ. ਹੀਰਾ ਸਿੰਘ | 19–27 |
| • ਡਾ. ਜਸਬੀਰ ਸਿੰਘ ਸਰਨਾ ਰਚਿਤ ਸ੍ਰੋਤਮੂਲਕ ਇਤਿਹਾਸਕ ਕ੍ਰਿਤ (‘ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ’ ਦਾ ਸਮੀਖਿਆਤਮਕ ਅਧਿਅਨ) / ਡਾ. ਹਰਸਿਮਰਨ ਸਿੰਘ | 28–35 |
| • ਇੱਕੀਵੀਂ ਸਦੀ ਦੌਰਾਨ ਲੋਕ ਤਮਾਸ਼ਿਆਂ ਦਾ ਬਦਲਦਾ ਸਰੂਪ / ਡਾ. ਹਰਵਿੰਦਰ ਕੌਰ | 36–45 |
| • ਕਿੱਸਾ ਮਿਰਜ਼ਾ ਸਾਹਿਬਾਂ : ਸਭਿਆਚਾਰਕ ਅਧਿਅਨ / ਡਾ. ਅਮਾਨਤ ਮਸੀਹ | 46–54 |
| • ਪਰਵਾਸ ਦੇ ਸੁਪਨਮਈ ਸੰਸਾਰ ਦੇ ਭਰਮ ਦਾ ਕਥਾ ਪ੍ਰਵਚਨ : ਸੁਰਖ਼ ਸਾਜ਼ / ਡਾ. ਕਿਰਨ ਗਰਗ | 55–61 |
| • ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਅਤੇ ਸ਼ਹਾਦਤ / ਡਾ. ਪਰਮਜੀਤ ਕੌਰ | 62–67 |
| • ਭਾਈ ਵੀਰ ਸਿੰਘ ਕਾਵਿ ਵਿਚ ਕਸ਼ਮੀਰ (ਮਟਕ ਹੁਲਾਰੇ ਦੇ ਵਿਸ਼ੇਸ਼ ਸੰਦਰਭ ਵਿਚ) / ਮੋਨਿਕਾ, ਡਾ. ਪ੍ਰੀਤਮ ਸਿੰਘ | 68–77 |
| • ਚੰਦਨ ਨੇਗ਼ੀ ਦੇ ਨਾਵਲ ‘ਅੰਧ ਕੂਪ’ ਵਿਚ ਪੇਸ਼ ਹੋਈ ਨਾਰੀਵਾਦੀ ਦ੍ਰਿਸ਼ਟੀ/ ਗੁਰਦੀਪ ਕੌਰ | 78–82 |

| ਕਹਾਣੀ ਸੰਸਾਰ | |
|---|---|
| • ਅਨਾਰਕਲੀ / ਸੁਰਿੰਦਰ ਕੌਰ ਨੀਰ | 83–98 |
| • ਅਪਹਾਜ / ਮਾਲਵਿੰਦਰ ਸ਼ਾਇਰ | 99–100 |

## ਕਾਵਿ ਰੂਪ


- ਮਾਂ / ਬਚਨ ਭਾਰਤੀ 101
- ਦੱਸ ਕਿਵੇਂ ਆਵਾਂ / ਬਲਵੀਰ ਕੁਮਾਰ (ਬਾਬਾ ਬੀਰ੍ਹਾ) 102
- ਦਇਆ / ਇਛਪਾਲ ਸਿੰਘ (ਪ੍ਰਿੰ:) 103
- ਜ਼ਿੰਦਗੀ / ਦਲਜੀਤ ਸਿੰਘ ਪਾਰਸ 104


## ਨਵੀਂ ਕਲਮ


- ਪਿੱਤਰਸੱਤਾ ਦੇ ਦਮਨ ਪ੍ਰਤੀ ਰੋਹ-ਵਿਦਰੋਹ ਸਿਰਜਦੀ ਨਾਰੀ : ਇਕ ਅਧਿਅਨ / ਚਰਨਜੀਤ ਕੌਰ 105-112
- ਸਵਰਾਜਬੀਰ ਦੇ ਨਾਟਕਾਂ ਵਿਚ ਪੇਸ਼ ਰਿਸ਼ਤਾ ਨਾਤਾ ਪ੍ਰਬੰਧ ਦਾ ਲੋਕਧਾਰਾਈ ਅਧਿਅਨ / ਗੁਰਪ੍ਰੀਤ ਕੌਰ 113-122
- ਆਦਮੀ ਅਤੇ ਆਤਮ ਹੱਤਿਆ ਦਾ ਸੰਕਲਪ (ਪੱਛਮੀ ਦਰਸ਼ਨ ਦੇ ਸੰਦਰਭ ਵਿੱਚ) / ਨਰਿੰਦਰ ਕੌਰ 123-126
- ਜਸਵੀਰ ਰਾਣਾ ਦੀ ਕਹਾਣੀ ਵਿਚਲੇ ਸਰੋਕਾਰ : ਇਕ ਅਧਿਅਨ / ਪ੍ਰਭਜੀਤ ਕੌਰ 127-134
- ਭਗਤ ਕਬੀਰ ਜੀ ਦੀ ਬਾਣੀ ਵਿਚ ਸਮਾਜਿਕ ਚਿੰਤਨ / ਡਾ. ਕਿਰਨਦੀਪ ਕੌਰ 135-139
- ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦਾ ਸਰਵੇਖਣ / ਕਿਰਨਦੀਪ ਕੌਰ 140-147
- ਪੰਜਾਬੀ ਨਾਵਲ ਅਲੋਚਨਾ : ਇੱਕ ਅਧਿਅਨ / ਪਾਲਜੀਤ ਕੌਰ 148-155
- ਗੁਰਮੁਖੀ ਲਿਪੀ ਅਤੇ ਗੁਰਮੁਖੀ-ਅੱਖਰ: ਸੰਚਾਰਾਤਮਕ ਸਬੰਧਾਤਮਕਾ (ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ 'ਪੱਟੀ' ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ)/ ਡਾ. ਰਾਜਨਦੀਪ ਕੌਰ 156-165
- ਹਰੀ ਕ੍ਰਾਂਤੀ ਤੋਂ ਪ੍ਰਭਾਵਿਤ ਪੰਜਾਬੀ ਸਾਹਿਤ / ਸਰੀਨ ਕੌਰ ਸੰਧੂ 166-170


## ਪੁਸਤਕ ਸਮੀਖਿਆ


- ਪਰਛਾਵੇਂ ਨ੍ਹੀਂ ਮਰਦੇ (ਕਹਾਣੀ ਸੰਗ੍ਰਹਿ) / ਲੇਖਕ: ਆਰ.ਐਸੱ ਰਾਜਨ ਰਿਵਿਊ / ਭੂਪਿੰਦਰ ਸਿੰਘ ਰੈਨਾ 171-172

# ਮੈਂ, ਮੇਰਾ ਪਿੰਡ ਅਤੇ ਪਿੰਡ ਦੇ ਲੋਕ

❑ ਜੋਗਿੰਦਰ ਸਿੰਘ ਪਾਂਧੀ

ਉਨੀਵੀਂ ਸਦੀ ਦੇ ਸੱਤਵੇਂ/ਅਠਵੇਂ ਦਹਾਕੇ 'ਚ ਮਨੋਵਿਗਿਆਨਕ ਦੀ ਸ਼ੁਰੂਆਤ ਹੋਈ। ਜਿਥੇ Sigmund Freud ਨੇ ਦਸਿਆ ਕਿ ਜੋ ਖਾਹਸ਼ਾ ਖ਼ਾਸ ਕਰ ਕਾਮ ਵਾਸ਼ ਨਾਵਾਂ ਪੂਰੀਆਂ ਨਾ ਹੋਣ ਕਾਰਨ ਸਾਡੇ ਅਵਚੇਤਨ ਵਿੱਚ ਦੱਬ ਜਾਂਦੀਆਂ ਹਨ।ਬਾਅਦ ਵਿੱਚ ਉਹੀ ਚੇਤਨ ਵਿੱਚ ਜ਼ਾਹਿਰ ਚੋਕੇ ਮਨੁੱਖ ਦੀ ਸ਼ਖ਼ਸੀਅਤ ਨੂੰ ਢਾਲਣ ਦਾ ਕਾਰਨ ਬਣਦੀਆਂ ਹਂ। ਉਸਦੇ ਵਿਪਰੀਤ ਕਾਰਲ ਯੁੰਗ ਨੇ ਕਿਹਾ ਕਿ ਸਿਰਫ਼ ਕਾਮ ਵਾਸ਼ਨਾਵਾਂ ਨਹੀਂ ਸਗੋਂ ਮਨੁੱਖ ਦੇ ਅਵਚੇਤਨ ਵਿਚ ਜੰਮਾ ਪੁਰਾਣੀਆਂ ਯਾਂਦਾ, ਪੂਰਵਜਾਂ ਦੇ ਤਜ਼ਰਬੇ ਜਿਨਾਂ ਨੂੰ ਉਸਨੇ (Collective Consciousness) ਦਾ ਨਾਂ ਦਿੱਤਾ, ਮਨੁੱਖ ਦੇ ਅਸਤਿਤਵ ਨੂੰ ਢਾਲਣ ਵਿੱਚ ਸਹਾਈ ਹੁੰਦੇ ਹਨ। ਅੱਗੇ ਜਾ ਕੇ ਅੱਲਫਰੱਡ ਐਡਲਰ ਨੇ ਨਵੇਂ ਸਕੂਲ ਦੀ ਸਥਾਪਨਾ ਕਰਕੇ ਸਿਧਾਂਤ ਪੇਸ਼ ਕੀਤਾ ਜਿਸ ਮੁਤਾਬਿਕ ਇਹ ਮਨੁੱਖ ਦਾ ਮਾਹੌਲ ਜਾ ਵਾਤਾਵਰਣ ਹੀ ਹੁੰਦਾ ਹੈ ਜੋ ਉਸਦੀ ਹੋਂਦ ਨੂੰ ਬਣਾਂਦਾ ਜਾਂ ਢਾਲਦਾ ਹੈ।

ਇਸ ਤਰ੍ਹਾਂ ਮਨੁੱਖ ਦੀ ਹੋਂਦ ਪੂਰਵਕਾਲ ਤੋਂ ਲੈ ਕੇ ਸਮਕਾਲ ਤਕ ਜਾਂ ਫਿਰ ਜਨਮਭੂਮੀ ਤੋਂ ਕਰਮਭੂਮੀ ਤਕ ਫੈਲੀ ਹੁੰਦੀ ਹੈ। ਕਿਸੇ ਸਾਹਿਤਕਾਰ ਦੀ ਸਿਰਜਨ ਪ੍ਰਕਿਰਿਆ ਵੀ ਉਸਦੇ ਜਿਨਸੀ ਖਾਹਸ਼ਾਂ ਜਾਂ ਪੂਰਬਲੇ ਤਜ਼ਰਬਿਆਂ ਤੋਂ ਇਲਾਵਾ, ਸਮਾਜਿਕ ਪ੍ਰਸਥਿਤੀਆਂ ਜਾਂ ਆਪਣੇ ਆਲੇ ਦੁਆਲੇ ਦੇ ਮਾਹੌਲ ਨਾਲ ਜੁੜੀ ਹੁੰਦੀ ਹੈ। ਉਂਝ ਇਹ ਸਾਰੇ ਚਿੰਤਨ School of Thoughts ਆਪਣੀ ਆਪਣੀ ਥਾਂ ਤੇ ਸਹੀ ਹੋ ਸਕਦੇ ਹਨ, ਪਰ ਮੈਂ ਇਥੇ Alfred Adler ਦੇ ਵਿਚਾਰ ਬਿੰਦੂ ਨੂੰ ਆਧਾਰ ਬਣਾਕੇ ਲੇਖ ਦੀ ਸ਼ੁਰੂਆਤ ਕਰਦਾ ਹਾਂ:

ਮੈਂ ਪਿੰਡ ਨਜੀਭਟ ਵਿੱਚ ਪਿਤਾ ਸ੍ਰ. ਸਾਧੂ ਸਿੰਘ ਅਤੇ ਮਾਤਾ ਸ੍ਰੀਮਤੀ ਗੋਪੀ ਕੌਰ ਦੇ ਗ੍ਰਹਿ ਵਿਖੇ ਅਵਲ ਫਰਵਰੀ 1943 ਈ. ਵਿਚ ਪੈਦਾ ਹੋਇਆ। ਮੇਰਾ ਪਿੰਡ ਕਸਬਾ ਬਾਰਾਮੂਲਾ ਦੇ ਚੜ੍ਹਦੇ ਵਲ 7/8 ਮੀਲ ਦੀ ਦੂਰੀ ਤੇ ਸਥਿਤ ਹੈ, ਜਿਸਦੇ ਉਤਰ ਵਲ ਸ਼ੜਾਕਾਵਾੜਾ, ਮੇਰੀ ਭੂਆ ਜਸਵੰਤ ਕੌਰ ਦਾ ਪਿੰਡ ਪੈਂਦਾ ਜਿੱਥੇ ਜਾ ਕੇ ਮੈਂ ਛੋਟੇ ਹੁੰਦਿਆ ਅਕਸਰ ਜਾ ਕੇ ਠਾਹਿਰਿਆ ਕਰਦਾ ਸੀ, ਜਿਸ ਦੀਆਂ ਯਾਦਾਂ ਮੇਰੇ ਸੁਪਨਿਆਂ 'ਚ ਅਜੇ ਤੀਕ ਸੁਰਖਿਅਤ ਹਨ। ਪਛਮ ਵਲ ਤਿੰਨ ਮੀਲ ਦੀ ਦੂਰੀ ਤੇ ਮੇਰੇ ਨਾਨਾ ਜੀ (ਸ੍ਰ. ਹਰਨਾਮ ਸਿੰਘ ਜੋ ਮੇਰੇ ਜੰਮਣ ਤੋਂ ਕਈ ਚਿਰ ਪਹਿਲਾ ਸਵਰਗਵਾਸ ਹੋ ਚੁੱਕੇ ਸਨ, ਦਾ ਪਿੰਡ ਉਪਲਨਾ ਪੈਂਦਾ, ਉਥੇ ਮੈਂ ਪਾਰੋ ਮਾਸੀ ਦੇ ਘਰ ਜਾ ਕੇ ਔਖੇ ਸੌਖੇ ਵੇਲੇ ਜਾ ਢੁਕਦਾ। ਪਿੰਡ ਨਜੀਭਟ

ਦੇ ਉਤਰ ਵਲ ਕਸ਼ਮੀਰਵਾਦੀ ਵਿੱਚ ਸਿੱਖਾਂ ਦਾ ਸਭ ਤੋਂ ਵੱਡਾ ਪਿੰਡ (ਸਿੰਘਪੁਰਾ) ਆਬਾਦ ਹੈ ਜਿਥੇ ਮੈਂ ਦਸਵੀ ਜਮਾਤ ਤਕ ਪੜ੍ਹਦਾ ਰਿਹਾ।

ਮੇਰੇ ਪਿੰਡ ਵਿੱਚ ਸਿੱਖਾਂ ਦੇ ਉਨ੍ਹਾਂ ਦਿਨਾਂ ਵਿੱਚ 50/60 ਘਰ ਡੂੰਘੇ ਨਾੜ (ਖਾਈ) ਸਥਿਤ ਆਬਾਦ ਸਨ। ਵਿਚਕਾਰ ਛੋਟੀ ਜਿਹੀ ਕੂਲ ਵਗਦੀ। ਕੂਲ ਦੇ ਉਸ ਪਾਰ ਇਕ ਪਾਣੀ ਦੀ ਬਾਉਲੀ ਜਿੱਥੇ ਸਿੱਖ ਮੁਸਲਮਾਨ ਪਾਣੀ ਭਰਦੇ, ਨਹਾਂਦੇ-ਧੋਂਦੇ ਨਜ਼ਰ ਆਉਂਦੇ। ਬਾਉਲੀ ਦੇ ਉਤਰ ਵਲ ਢੱਕੀ ਚੜ੍ਹਕੇ, ਪੱਧਰੀ, ਜਮੀਨ, ਬਾਗ-ਬਗੀਚੇ, ਜਿਥੇ ਮੁਸਲਮਾਨਾਂ ਦੇ ਤਕਰੀਬਨ ਪੰਜ ਸੌ ਘਰ ਆਬਾਦ ਸਨ। ਸਿੱਖਾਂ ਦੇ ਡੂੰਘੇ ਨਾੜ੍ਹ (ਖਾਈ) ਵਿੱਚ ਵਸਣ ਦਾ ਕਾਰਨ ਸ਼ਾਇਦ ਇਹ ਰਿਹਾ ਹੋਵੇ ਕਿ ਪੰਜਾਬ ਵਿੱਚ ਮਹਾਰਾਜਾ ਰਣਜੀਤ ਦੇ ਦਿਹਾਂਤ ਮਗਰੋਂ ਜਦ ਸਿੱਖ ਰਾਜ ਕਮਜ਼ੋਰ ਪੈ ਗਿਆ ਤਾਂ ਉਸਦਾ ਅਸਰ ਕਸ਼ਮੀਰੀ ਸਿੱਖਾਂ ਤੇ ਪੈਣਾ ਲਾਜ਼ਮੀ ਸੀ। ਕਸ਼ਮੀਰ ਵਿਚ ਡੋਗਰੇ ਹਾਕਮਾਂ ਨੇ ਖਾਸ ਕਰਕੇ ਮਹਾਰਾਜਾ ਗੁਲਾਬ ਸਿੰਘ ਦੇ ਰਾਜਕਾਲ ਵਿੱਚ ਸਿੱਖਾਂ ਤੇ ਜ਼ੁਲਮ ਢਾਣੇ ਸ਼ੁਰੂ ਹੋ ਗਏ। ਉਨ੍ਹਾਂ ਦੀਆਂ ਜਗੀਰਾਂ ਖੋਹੀਆਂ ਗਈਆਂ। ਸ਼ਹਿਰਾਂ ਜਾਂ ਕਸਬਿਆਂ ਵਿੱਚ ਉਹ ਚੰਗੇ ਅਹੁਦਿਆ ਤੋਂ ਬੇਦਖ਼ਲ ਕੀਤੇ ਗਏ। ਸਭ ਤੋਂ ਜ਼ਿਆਦਾ ਘਿਣਾਉਣੀ ਸਥਿਤੀ ਇਹ ਕਿ ਉਨ੍ਹਾਂ ਨੂੰ ਸ਼ਹਿਰਾਂ-ਕਸਬਿਆਂ ਤੋਂ ਕੱਢਕੇ ਪਿੰਡਾਂ ਵਲ ਧਕੇਲਿਆ ਗਿਆ। ਇਸ ਤਰ੍ਹਾਂ ਬਹੁਤੇ ਸਿੱਖਾਂ ਨੇ ਵਸਦੇ ਘਰ ਬਾਰ ਛੱਡ, ਦੂਰ ਦਰਾਡੇ ਦੇ ਪਿੰਡਾਂ ਵਿੱਚ ਜਾ ਕੇ ਬੰਜਰ ਜ਼ਮੀਨਾਂ ਨੂੰ ਕਾਬਲ ਕਾਸ਼ਤ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਸ਼ਾਇਦ ਪਿੰਡ ਨਜੀਭਟ ਦੇ ਇਹ ਸਿੱਖ ਪਰਿਵਾਰ ਵੀ ਵੱਖ-ਵੱਖ ਥਾਵਾਂ ਤੋਂ ਆ ਕੇ ਇਥੇ ਵਸ ਗਏ ਹੋਣ, ਕਿਉਂਕਿ ਉਸ ਵਕਤ ਇਥੇ ਦਾ ਸਾਰਾ ਇਲਾਕਾ ਘਣੇ ਜੰਗਲਾਂ ਨਾਲ ਘੇਰਿਆ ਪਿਆ ਸੀ ਅਤੇ ਸਿੱਖਾਂ ਨੂੰ ਸਿਰ ਛੁਪਾਣ ਲਈ ਇਹ ਡੂੰਘਾ ਨਾੜ ਮੁਆਫਕ ਆਇਆ ਹੋਵੇ। ਇਥੇ ਦੀ ਸਿੱਖ ਵਸੋਂ ਵਿੱਚ ਭਿੰਨ ਭਿੰਨ ਜਾਤ-ਗੋਤਾਂ ਦੇ ਲੋਕ ਸ਼ਾਮਲ ਹਨ, ਜਿਵੇਂ ਕਿ ਰੈਸ, ਬਾਲੀ, ਲੋਵ, ਸਾਸਨ ਅਤੇ ਰੀਣ। ਸਾਸਣ ਕੁੱਲ ਦਾ ਪਹਿਲਾ ਬਜ਼ੁਰਗ ਬਖ਼ਸ਼ੀ ਸਿੰਘ ਹੋਇਆ। ਉਸਦਾ ਜਵਾਹਰ ਸਿੰਘਾਂ ਫਿਰ ਪੂਰਨ ਸਿੰਘ ਅਤੇ ਉਸਦੇ ਪੰਜ ਪੁੱਤਰ ਦੋ ਧੀਆਂ। ਰੇਸ ਗੋਤ ਦਾ ਮੁੱਢਲਾ ਵਾਸੀ ਹਾਕਮ ਸਿੰਘ, ਫਿਰ ਗੰਗਾ ਸਿੰਘ, ਉਸਦਾ ਆਇਆ ਸਿੰਘ। ਰੈਸਾਂ ਦੇ ਦੂਜੇ ਪਰਿਵਾਰ ਵਿਚੋਂ ਰਾਜਾ ਸਿੰਘ ਪਹਿਲਾ ਬਜ਼ੁਰਗ ਸੀ ਜਿਸਨੇ ਪਿੰਡ ਵਿੱਚ ਆ ਕੇ ਪਹਿਲਾ ਘਰ ਬਣਾਇਆ। ਉਸਦੇ ਅਗੋਂ ਚਾਰ ਭਰਾ ਹਨ (ਭਾਨ ਸਿੰਘ, ਥਾਨ ਸਿੰਘ, ਹੁਕਮ ਸਿੰਘ ਅਤੇ ਗਿਆਨ ਸਿੰਘ) ਭਾਨ ਸਿੰਘ ਦੋ ਪੁੱਤਰ ਪ੍ਰਤਾਪ ਸਿੰਘ ਅਤੇ ਈਸ਼ਰ ਸਿੰਘ।ਪ੍ਰਤਾਪ ਸਿੰਘ ਦਾ ਇਕਲੋਤਾ ਪੁੱਤਰ ਜਾਗਰ ਸਿੰਘ ਅਗੋਂ-ਉਸਦੇ ਸੱਤ ਪੁੱਤਰ ਅਤੇ ਇਕ ਧੀ। ਥਾਨ ਸਿੰਘ ਦਾ ਬੂਟਾ ਸਿੰਘ ਮਗਰੋਂ ਉਸਦਾ ਹਾਲ ਦਾ ਪਰਿਵਾਰ। ਲੋਵ ਕੁੱਲ ਦਾ ਪਹਿਲਾ ਬਜ਼ੁਰਗ ਕਰਮਚੰਦ ਹੋਇਆ ਹੈ ਅਤੇ ਉਸਦੇ ਅਗਲੀ ਪੀੜੀ ਦੇ ਲੋਕ ਜਿਵੇਂ ਖਜ਼ਾਨ ਸਿੰਘ ਫਿਰ ਮਤਵਾਲ ਸਿੰਘ ਆਦਿ।

ਸਾਡਾ ਇਕੋ ਇਕ ਪਰਿਵਾਰ "ਰੀਣ" ਕੁੱਲ ਨਾਲ ਸਬੰਧਿਤ ਸੀ ਜੋ ਪੁਰਾਣੇ ਸਮਿਆਂ 'ਚ ਆ ਕੇ ਇਥੇ ਵਸ ਗਿਆ। ਮੇਰੇ ਪਿਤਾ ਜੀ ਨੂੰ ਯਾਰ-ਬੇਲੀ "ਪਟਨੀਆ" ਕਹਿਕੇ ਸਦਾਉਂਦੇ ਸਨ। ਇਕ ਦਫ਼ਾ

ਮੇਰੇ ਪੁਛਣ ਤੇ ਉਨਾਂ ਦਸਿਆ ਕਿ ਉਨ੍ਹਾਂ ਦੇ ਦਾਦਾ ਜੀ (ਸ੍ਰ. ਸ਼ੇਰ ਸਿੰਘ) ਸਿਖ ਫੌਜਾਂ ਨਾਲ ਕਸ਼ਮੀਰ ਵਿਖੇ ਵਾਰਦ ਹੋਏ ਸਨ। ਇਕ ਬਹਾਦਰ ਜਰਨੈਲ ਅਤੇ ਚੰਗੇ ਵਿਦਵਾਨ ਹੋਣ ਕਾਰਨ ਉਨ੍ਹਾਂ ਦੀ ਰਸਾਈ ਰਾਜ ਦਰਬਾਰ ਤਕ ਸੀ। ਆਪਣੇ ਚੰਗੇ ਕਰਤਵ ਕਰਕੇ ਉਨ੍ਹਾਂ ਨੂੰ ਪਟਨ ਤਹਿਸੀਲ ਵਿਖੇ ਜਗੀਰ ਅਲਾਟ ਕੀਤੀ ਗਈ ਸੀ। ਪਟਨ ਤਹਿਸੀਲ ਬਾਰਾਮੂਲ ਅਤੇ ਸ੍ਰੀਨਗਰ ਵਿਚਕਾਰ ਨੈਸ਼ਨਲ ਹਾਈਵੇ ਉਪਰ ਸਥਿਤ ਹੈ। ਉਨ੍ਹਾਂ ਸਮਿਆਂ 'ਚ ਬੈਲ ਗਡੀਆ ਅਤੇ ਯਾਤਰੀਆਂ ਦੇ ਠਹਿਰਨ ਲਈ ਇਕ ਅਹਿਮ ਪੜਾਅ ਸੀ ਕੁਝ ਸਮਾਂ ਬੀਤਣ ਬਾਅਦ ਮੇਰੇ ਪੜਦਾਦਾ, ਸ਼ੇਰ ਸਿੰਘ ਦਾ ਦਿਹਾਂਤ ਹੋ ਗਿਆ। ਜਦ ਡੋਗਰਾ ਰਾਜ ਸਮੇਂ ਉਸਦੀ ਜਗੀਰ ਖੋਹੀ ਗਈ। ਉਸਤੋਂ ਬਾਅਦ ਮੇਰੇ ਦਾਦਾ ਜੀ ਸ੍ਰ. ਰੂਪ ਸਿੰਘ ਆਪਣੇ ਬਾਕੀ ਭਰਾਵਾਂ ਸਮੇਤ ਨਜੀਭਟ ਪਿੰਡ ਵਿਖੇ ਆਣ ਵੱਸੇ। ਦਾਦਾ ਰੂਪ ਸਿੰਘ ਦੈ ਦੋ ਪੁੱਤਰ ਹੋਏ ਇਕ ਮੇਰੇ ਪਿਤਾ ਜੀ ਅਤੇ ਦੂਜੇ ਸ੍ਰ. ਲੋਚਨ ਸਿੰਘ ਜੋ ਸਾਲ 1947 ਦੇ ਘਲੂਘਾਰੇ ਵਿਚ ਪਿੰਡ ਖਾਗ (ਬੇਰਵਾ ਤਹਿਸੀਲ ਵਿਖੇ ਕਬਾਲੀਆਂ ਨਾਲ ਲੜਦੇ ਸ਼ਹੀਦ ਹੋ ਗਏ।

ਦਾਦਾ ਜੀ ਦੇ ਦੋ ਭਰਾ ਪਿਆਰਾ ਸਿੰਘ ਅਤੇ ਅਮਰ ਸਿੰਘ ਵੀ ਮੇਰੇ ਪਿੰਡ ਵਿਚ ਆ ਕੇ ਵਸ ਗਏ। ਪਿਆਰਾ ਸਿੰਘ ਬਿਨਾ ਔਲਾਦ ਸੀ ਇਸ ਕਾਰਨ ਉਨਾਂ ਮੇਰੇ ਪਿਤਾ ਨੂੰ ਆਪਣਾ ਮੁਤਬਨਾ Adopted Son/ ਬਣਾ ਲੀਤਾ। ਸ੍ਰ. ਅਮਰ ਦਾ ਇੱਕੋ ਪੁੱਤਰ ਅਰਜਨ ਸਿੰਘ ਜੋ ਪਿੰਡ ਦਾ ਸਿਰਕੱਢ ਬੁਲਾਰਾ ਅਤੇ ਸ੍ਰ. ਹਰਬੰਸ ਸਿੰਘ ਆਜ਼ਾਦ (ਕੇਬਨੇਟ ਮਨਿਸਟਰ) ਨਾਲ ਉਠਦਾ ਬੈਠਦਾ, ਗੁਰਦੁਵਾਰੇ ਦਾ ਹਮੇਸ਼ਾ ਸਕੱਤਰ ਚੁਣਿਆ ਜਾਂਦਾ। ਉਸਦੀ ਇਕ ਭੈਣ ਸ੍ਰੀਮਤੀ ਜਸਵੰਤ ਕੌਰ ਮੇਰੀ ਭੂਆ ਜਿਸਦਾ ਜ਼ਿਕਰ ਮੈਂ ਪਹਿਲਾਂ ਕਰ ਚੁੱਕਾ ਹਾਂ। ਕਹਿੰਦੇ ਹਨ ਕਿ ਪਿਤਾ ਜੀ ਦੀ ਸ਼ਕਲਸੂਰਤ ਅਤੇ ਸੁਭਾਅ ਆਪਣੇ ਪੁਰਖਿਆਂ ਵਰਗਾ ਸੀ। ਉੱਚਾ ਕੱਦ, ਪਤਲਾ ਸਰੀਰ, ਗੋਰੇ ਰੰਗ ਦਾ ਚਿਹਰਾ, ਲੰਮਾ ਨੱਕ ਅਤੇ ਪਤਲੇ ਦਾੜ੍ਹੀ ਦਾ ਵਾਲ। ਪੁਲੀਸ ਵਰਦੀ ਵਿਚ ਖ਼ੂਬਸੂਰਤ ਗੱਭਰੂ ਲੱਗਦਾ। ਚਾਹੇ ਮਿੱਠ-ਬੋਲੜਾ, ਨਰਮ ਤਬੀਅਤ ਪਰ ਸੱਚ ਅਤੇ ਹੱਕ ਦੀ ਗੱਲ ਭਰਨ ਵਿੱਚ ਨਿਧੜਕ ਅਤੇ ਤੇਜ਼-ਤਰਾਰ। ਉਨ੍ਹਾਂ ਨੂੰ ਬਚਿਆਂ ਨਾਲ ਅਥਾਹ ਪਿਆਰ ਸੀ। ਕਈ ਵਾਰ ਮੈਂ ਵੇਖਿਆ ਕੋਈ ਬੱਚਾ ਚਾਹੇ ਕਿਸੇ ਵੀ ਧਰਮ ਦਾ ਹੋਏ, ਚੀਥੜੇ ਪਾਏ ਹੋਣ ਨੱਕ ਵਗਦਾ ਹੋਵੇ ਉਠਾਕੇ ਚੁੰਮਣ ਲਗਦੇ। ਗੁਰਦਵਾਰੇ ਵਿਚ ਹਰ ਵੱਡੇ ਤਿਉਹਾਰ (ਵਿਸਾਖੀ ਜਾਂ ਗੁਰਪੂਰਬ ਆਦਿ) ਸਮੇਂ ਕੋਈ ਬੱਚਾ ਉਠਕੇ ਜਦ ਕਵਿਤਾ ਜਾਂ ਸ਼ਬਦ ਪੜ੍ਹਦਾ, 5/10 ਬਚਿਆਂ ਨੂੰ ਦੁਆਨੀ-ਚੁਆਨੀ ਭੱਟਾ ਕਰਦੇ। 'ਉਨ੍ਹਾਂ ਦੀ' ਜੇਬ ਹਮੇਸ਼ਾ ਮਖਾਣੇ ਜਾਂ ਟਾਫੀਆਂ ਨਾਲ ਭਰੀ ਹੁੰਦੀ ਜਦ ਕੋਈ ਬੱਚਾ ਮਿਲਦਾ ਵੰਡਦੇ ਰਹਿੰਦੇ। ਗੁਰਦਵਾਰੇ ਵਿਚ ਹਰ ਵੱਡੇ-ਛੋਟੇ ਅਉਸਰ ਤੇ ਮੈਂ ਵੀ ਵੱਧ ਚੜ੍ਹਕੇ ਭਾਗ ਲੈਂਦਾ ਅਤੇ ਅਵਲ ਰਹਿੰਦਾ। ਮੈਨੂੰ ਯਾਦ ਹੈ ਕਿ ਮੇਰੇ ਇਸ ਕਰਤਵ ਲਈ ਪਿੰਡ ਦਾ ਗਿਆਨੀ ਅਰਜਨ ਸਿੰਘ ਸਕੱਤਰ ਮੇਰੀ ਖ਼ੂਬ ਪ੍ਰਸੰਸਾ ਕਰਦਾ, ਜਿਸ ਦਵਾਰਾ ਮੇਰੇ ਹੌਸਲੇ ਵੱਧਦੇ। ਮੇਰੇ ਹਮਸਾਏ ਵਿਚ ਇਕ ਦੀਦਾਰੀ ਸਿੱਖ ਸਰਦਾਰ ਸਿੰਘ ਰਹਿੰਦਾ ਜੋ ਮੈਨੂੰ ਪਰੀ-ਕਥਾਵਾਂ, ਜਾਂ ਸਿਖ ਇਤਿਹਾਸ ਵਿਚੋਂ ਕੁੱਝ ਕਿੱਸੇ ਸੁਣਾਕੇ ਮੇਰੀ ਜਾਣਕਾਰੀ ਵਿਚ ਵਾਧਾ ਕਰਦਾ।

ਸੋ ਇਹੋ ਜਹੇ ਕਿਰਦਾਰਾਂ ਦਾ ਅਸਰ ਮੈਂ ਕਬੂਲਦਾ ਰਿਹਾ। ਇਸ ਤੋਂ ਇਲਾਵਾ ਪਿੰਡ ਦੇ ਢਾਏ ਟਿਬੇ, ਡੂੰਘੇ ਨਾੜ, ਅੰਬਰੀ ਜਾਂ ਗਲਾਸਾਂ ਦੇ ਬਾਗ, ਬਾਉਲੀ ਦਾ ਤਾਜ਼ਾ ਅਤੇ ਠੰਡਾ ਪਾਣੀ, ਸਭ ਦਾ ਪ੍ਰਭਾਵ ਮੇਰੇ ਸਊਰ ਜਾਂ ਲਾ-ਸਊਰ ਮਨ ਉਪਰ ਪੈਂਦਾ ਰਿਹਾ। ਆਪਣੇ ਹਮ ਜਮਾਤੀਂ ਉਂਕਾਰ ਸਿੰਘ ਨਾਲ ਮਿਲਕੇ ਰਾਤ ਵੇਲੇ, ਕਦੀ ਦਿਨੇ, ਲੋਕਾਂ ਦੇ ਬਾਗਾਂ ਵਿਚ ਜਾ ਕੇ ਅੰਬਰੀ ਸੇਬ ਜਾਂ ਕੱਚੇ ਬਦਾਮਾਂ ਦੀ ਚੋਰੀ ਕਰਦਾ। ਮੇਰੇ ਇਸ ਕਰਤਵ ਲਈ ਮੇਰੇ ਪ੍ਰਸੰਸਨ ਵੀ ਮੇਰੇ ਤੋਂ ਦੁੱਖੀ ਹੁੰਦੇ, ਪਰ ਜੇਕਰ ਆਦਤ ਵਿਗੜ ਜਾਏ ਤਾਂ ਉਸਨੂੰ ਸੁਧਾਰਨ ਵਿਚ ਥੋੜਾ ਸਮਾਂ ਤਾਂ ਲਗਦਾ ਹੈ।

ਸੰਤਾਲੀ ਦੇ ਘਲੂਘਾਰੇ ਦੌਰਾਨ ਪਿੰਡ ਦੇ ਚੰਦ ਲੋਕ ਤਾਂ ਸ਼ਹੀਦ ਹੋ ਗਏ, ਪਰ ਬਾਕੀ ਦੇ ਸਾਰੇ ਨੱਠ ਭਜਕੇ ਇੱਛਹਾਮੇ ਤੋਂ ਹੋਂਦੇ ਹੋਏ ਸ੍ਰੀਨਗਰ ਪੁਜ ਗਏ। ਜਿਥੇ ਉਨ੍ਹਾਂ ਨੂੰ ਨਮਾਇਸ ਗਾਹ ਦੇ ਸ਼ਰਨਾਰਥੀ ਕੈਂਪ ਵਿਖੇ ਠਹਿਰਾਇਆ ਗਿਆ। ਉਨ੍ਹਾਂ ਦੀ ਤਰਸਯੋਗ ਹਾਲਤ ਬਣੀ ਹੋਈ ਸੀ। ਨਾ ਖਾਣ ਨੂੰ ਕੁੱਝ। ਨਾ ਪੀਣ ਨੂੰ ਕੁੱਝ। ਮੈਨੂੰ ਯਾਦ ਹੈ ਕਿ ਕਈ ਦਿਨਾਂ ਤਕ ਅਸੀਂ (10/12 ਸਿੱਖ ਬੱਚੇ ਕਸ਼ਮੀਰੀ ਪੰਡਤਾਂ ਦੇ ਘਰ-ਘਰ ਜਾ ਕੇ ਖਾਣਾ ਮੰਗਣ ਜਾਂਦੇ। ਥੋੜੇ ਦਿਨਾਂ ਬਾਅਦ ਹੀ ਪਿਤਾ ਜੀ ਅਤੇ ਚਾਚਾ ਅਰਜਨ ਸਿੰਘ ਮਜ਼ਦੂਰੀ ਕਰਨ ਲਗ ਪਏ ਅਤੇ ਘਰ ਦਾ ਖਰਚਾ ਟੁਰਨ ਲੱਗਾ। ਉਨ੍ਹਾਂ ਦਿਨਾਂ 'ਚ ਮੇਰੀ ਉਮਰ 5/6 ਸਾਲ ਦੀ ਹੋਣੀ ਹੈ। ਸ੍ਰੀਨਗਰ ਵਿਖੇ ਠਹਿਰਨ ਤੋਂ ਬਾਅਦ ਤਕਰੀਬਨ 2/3 ਸਾਲਾਂ ਬਾਅਦ ਹੀ ਬਹੁਤੇ ਲੋਕ ਮੁੜ ਪਿੰਡ ਵਿਚ ਘਰ ਤਾਮੀਰ ਕਰਕੇ ਰਹਿਣ ਲੱਗੇ।

ਸਾਡਾ ਪਿੰਡ ਬਾਕੀ ਇਲਾਕੇ ਤੋਂ ਕਟਿਆ ਹੋਇਆ ਸੀ। ਨਾ ਸੜਕ ਅਤੇ ਨਾ ਹੀ ਬਿਜਲੀ ਦਾ ਪ੍ਰਬੰਧ। 1975 ਈ. ਤਕ ਉਥੇ ਕੋਈ ਸਕੂਲ ਵੀ ਨਹੀਂ ਸੀ। ਇਸੇ ਕਾਰਨ ਬਚਿਆ ਨੂੰ ਦੋ/ਤਿੰਨ ਮੀਲ ਦਾ ਸਫ਼ਰ ਤੈਅ ਕਰਕੇ ਪਿੰਡ ਸਿੰਘਪੁਰਾ ਦੇ ਮਿਡਲ ਸਕੂਲ ਵਿਖੇ ਪੜ੍ਹਨੇ ਜਾਣਾ ਪੈਂਦਾ। ਗਰਮੀਆਂ ਵਿਚ ਤਾਂ ਠੀਕ ਚਲਦਾ, ਪਰ ਬਾਰਸ਼ਾਂ ਦੇ ਦਿਨਾਂ 'ਚ "ਖੁਰਸੀ" ਨਾਲੇ ਦਾ ਪਾਣੀ ਠਾਠਾਂ ਮਾਰਦਾ ਜਿਸਨੂੰ ਪਾਰ ਕਰਨਾ ਅਸੰਭਵ ਹੁੰਦਾ। ਕਦੀ ਕਦੀ ਪਿੰਡ ਦਾ ਇਕ ਸਖ਼ਤਜਾਨ ਸਿੱਖ (ਸ੍ਰ. ਮਾਨ ਸਿੰਘ ਉਰਫ ਮਾਨਾ ਬਾਵਾ ਬਚਿਆਂ ਨੂੰ ਮੋਢੇ ਤੇ ਉਠਾਕੇ ਬਾਰੀ ਬਾਰੀ ਪਾਰ ਕਰਾ ਦੇਂਦਾ। ਪਿੰਡ ਦੇ ਤਕਰੀਬਨ ਸਾਰੇ ਲੋਕ ਕਿਸਾਨ ਹਨ। ਚੰਦ ਸਿੱਖਾਂ ਕੋਲ ਭਸ਼ੁਕ ਗਿਣਵੇਂ- ਅੰਬਰੀ ਸੇਬਾਂ, ਗਲਾਸਾਂ ਜਾਂ ਨਾਖ਼ਾਂ ਦੇ ਬਾਗ ਹਨ ਜਿਨ੍ਹਾਂ ਕਰਕੇ ਚੰਗੀ ਕਮਾਈ ਹੋ ਜਾਂਦੀ ਹੈ। ਲੋਕ ਹੀ ਬਾਗ ਮੁੱਲ ਵਿਖੇ ਮਿਲਟਰੀ ਵਿਚ ਲੈਬਰ, ਜੰਗਲ ਦੇ ਰਾਖੇ, ਚਪਰਾਸੀ ਜਾਂ ਪੁਲੀਸ ਵਿਚ ਸਪਾਹੀ, ਜੋ ਸਵਖਤੇ ਉਠ ਕੇ ਘਰੋਂ ਨਿਕਲ ਜਾਂਦੇ। ਤੀਮਤਾਂ ਵੀ ਸਵੇਰੇ ਉਠਕੇ ਬਾਉਲੀ ਤੇ ਆ ਕੇ ਹੱਥ ਮੂੰਹ ਧੋਦੀਆਂ। ਮਿੱਟੀ ਦੇ ਘੜੇ ਪਾਣੀ ਨਾਲ ਭਰਕੇ ਘਰਾਂ ਵੱਲ ਪਰਤ ਆਉਂਦੀਆਂ। ਪਿਰ ਗੁਰਦੁਵਾਰੇ ਮੱਥਾ ਟੱਕਣ ਚਲੀ ਜਾਂਦੀਆਂ। ਲੋਕਾਂ ਦਾ ਜੀਵਨ ਬਹੁਤ ਸਾਦਾ। ਮਰਦ ਕਮੀਜ਼-ਪਜ਼ਾਮਾ ਪਹਿਨਦੇ, ਔਰਤਾਂ ਕਮੀਜ਼-ਸਲਵਾਰ। ਖੇਤਾਂ ਵਿਚ ਮਕਈ, ਕਿਸਮ ਵਾਰ ਦਾਲਾਂ ਕਣਕ ਅਤੇ ਹੋਰ ਫਸਲ ਉਗਾਏ ਜਾਂਦੇ। ਕਦੀ ਕਦਾਈ ਘਰ ਦੇ ਪਾਲੇ ਮੁਰਗੇ ਝਟਕਾਏ ਜਾਂਦੇ। ਸੰਗਰਾਂਦ ਵਾਲੇ ਦਿਨ ਗੁਰਦੁਵਾਰੇ ਵਿਖੇ ਰੋਣਕਾਂ ਲਗਦੀਆਂ। ਢੋਲਕੀ ਦੇ

ਸਾਜ਼ ਨਾਲ ਹਾਲ ਦੇ ਸ਼ਬਦਾਂ ਦਾ ਗਾਇਨ ਹੁੰਦਾ। ਸ਼ੌਂਤ, ਲੋਹੜੀ ਅਤੇ ਵਿਸਾਖੀ ਦੇ ਤਿਉਹਾਰ ਧੂਮ-ਧਾਮ ਨਾਲ ਮਨਾਏ ਜਾਂਦੇ। ਵਿਸਾਖੀ ਨੂੰ ਹਰ ਕੋਈ ਨਵ ਪੁਸ਼ੀਕ ਸੀ ਉਂਦਾ ਜਿਨ੍ਹਾਂ ਨੂੰ ਪਾ ਕੇ ਪਾਤਸ਼ਾਹੀ ਗੁਰਦੁਵਾਰੇ ਸਿੰਘਪੁਰਾ ਜਾਂ ਬਾਰਾਮੂਲ ਨਿਕਲ ਜਾਂਦੇ।

ਸਾਲ 1960 ਵਿੱਚ ਮੈਂ ਦਸਵੀਂ ਪਾਸ ਕਰਕੇ ਸੇਟ ਜੋਜਫ ਕਾਲਜ ਬਾਰਾਮੂਲਾ ਵਿਖੇ ਦਾਖਲਾ ਲੈ ਲਿਆ। ਕਾਲਜ ਦੇ ਦਿਨਾਂ ’ਚ ਮੈਂ ਚੰਗੀਆਂ ਅਤੇ ਮਿਆਰੀ ਕਤਾਬਾਂ ਪੜਦਾ। ਖਲੀਲ ਜਬਰਾਨ, ਸੈਲੀ ਗਾਲਿਬ, ਟੈਗੋਰ ਅਤੇ ਵਿਸ਼ਵ ਦੇ ਹੋਰ ਕਵੀਆਂ ਨੂੰ ਖ਼ੂਬ ਪੜਿਆਂ ਪੰਜਾਬੀ ਦੇ ਕਵੀ ਪ੍ਰੀਤਮ ਸਿੰਘ ਸਫੀਰ ਦੀ ਕਵਿਤਾ ਨੇ ਮੈਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦਿਨਾਂ ਵਿਚ ਮੈਂ ਕਵਿਤਾ ਲਿਖਣੀ ਸ਼ੁਰੂ ਕੀਤੀ। ਸਾਲ 1963-64 ਵਿਚ ਮੈਨੂੰ ਕਾਲਜ ਦੇ ਬਹੁ-ਭਾਸ਼ਾਈ ਸਾਲਾਨਾ ਮੈਗਜ਼ੀਨ “ਵਰਮੁੱਲ” ਲਈ ਪੰਜਾਬੀ ਦੇ ਵਿਦਿਆਰਥੀ ਵਿੰਗ ਦਾ ਸੰਪਾਦਕ ਨਿਯੁਕਤ ਕੀਤਾ ਗਿਆ। ਇਸੇ ਮੈਗਜ਼ੀਨ ਵਿੱਚ ਮੇਰੀ ਪਹਿਲੀ ਕਵਿਤਾ “ਇਕ ਬਸਤੀ ਦੇ ਨਾਂ” ਛੱਪੀ ਸੀ। ਕਾਲਜ ਤੋਂ ਬੀ.ਏ. ਪਾਸ ਕਰਕੇ 1964 ਈ. ਵਿਚ ਮੈਂ ਰਿਆਸਤ ਤੋਂ ਬਾਹਰ ਚਲਾ ਗਿਆ। 1966 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ B.A.LL.B ਦੀ ਡਿਗਰੀ ਹਾਸਲ ਕਰਕੇ ਵਾਪਸ ਮੁੜ ਆਇਆ। ਸਾਲ 1967 ਵਿਚ ਹੀ ਮੈਨੂੰ ਸਰਕਾਰੀ ਵਕੀਲ ਦੇ ਅਹੁਦੇ ਉਤੇ ਪੁਲੀਸ ਮਹਿਕਮੇ ਵਿਚ ਨੌਕਰੀ ਮਿਲ ਗਈ। ਸਾਲ 1971 ਦੌਰਾਨ ਮੇਰੀ ਡਿਊਟੀ ਜ਼ਿਲਾ ਕੁਪਾਵਾੜਾ ਵਿਖੇ ਸੀ। ਇਕ ਦਫ਼ਾ ਐਤਵਾਰ ਹੋਣ ਕਾਰਨ ਮੈਂ ਆਪਣੇ ਪਰਿਵਾਰ ਸਮੇਤ ਬਾਰਾਮੂਲਾ ਆ ਗਿਆ ਪਿਛੋਂ ਕੁਪਵਾੜਾ ਬਜ਼ਾਰ ਵਿਚ ਭਿਆਨਕ ਅੱਗ ਲਗਣ ਕਾਰਨ ਮੇਰੇ ਡੇਰੇ ਦਾ ਸਾਰਾ ਸਮਾਨ ਤਾਂ ਸੜਨਾ ਸੀ ਨਾਲੇ ਮੇਰੀਆਂ ਮੁੱਢਲੀਆਂ ਕਵਿਤਾਵਾਂ ਦਾ ਖਰੜਾ ਵੀ ਨਜ਼ਰ-ਆਤਸ਼ ਹੋ ਗਿਆ। ਜਿਸਦਾ ਮੈਨੂੰ ਅਜੇ ਤਕ ਅਫਸੋਸ ਹੈ। ਕੁੱਝ ਕਵਿਤਾਵਾਂ ਯਾਦ ਕਰਕੇ ਮੈਂ ਦੁਬਾਰਾ ਲਿਖ ਲਈਆਂ। 1975 ਵਿੱਚ ਮੇਰਾ ਪਹਿਲਾ ਕਾਵਿ ਸੰਗ੍ਰਹਿ “ਹੱਡੀਆਂ ਦੇ ਖੰਡਰ” ਇਸ ਤਰ੍ਹਾਂ ਪ੍ਰਕਾਸ਼ਿਤ ਹੋਇਆ।

ਵੈਸੇ ਤਾਂ ਸਰਕਾਰੀ ਵਕੀਲ ਦਾ ਪ੍ਰੋਫ਼ੈਸ਼ਨ ਬਹੁਤ ਹੈਕਟਿਕ ਅਤੇ ਰੁਝੇਵੇਂ ਭਰਿਆ ਹੁੰਦਾ ਹੈ। ਫਿਰ ਵੀ ਮੈਂ ਸਮਾਂ ਕਢਕੇ ਸਾਹਿਤ ਨਾਲ ਜੁੜਿਆ ਰਿਹਾ। ਸਾਹਿਤ ਸਭਾ ਬਾਰਾਮੂਲਾ ਦਾ ਮੈਨੂੰ ਕਦੀ ਪ੍ਰਧਾਨ ਅਤੇ ਕਦੀ ਜਨ. ਸਕੱਤਰ ਚੁਣਿਆ ਜਾਂਦਾ। ਉਨ੍ਹਾਂ ਦਿਨਾਂ ਵਿਚ (ਸਾਲ 74/75/76) ਇਥੇ ਸਾਹਿਤਕ ਗਤੀਵਿਧੀਆਂ ਸਿਖ਼ਰਾਂ ਉਤੇ ਸਨ। ਦੋ ਵਾਰ ਵੱਡੀ ਪੱਧਰ ਉੱਤੇ ਪੰਜਾਬੀ ਕਾਨਫਰੰਸਾਂ ਦਾ ਆਯੋਝ ਕੀਤਾ ਗਿਆ, ਜਿਸ ਵਿਚ ਦੇਸ਼ ਦੇ ਕਈ ਨਾਮੀਗਰਾਮੀ ਸਾਹਿਤਕ ਹਸਤੀਆਂ ਨੇ ਭਾਗ ਲੀਤਾ। ਜਿਨਾਂ ਵਿਚ ਸ਼ਾਮਲ ਸਨ ਸ੍ਰੀਮਤੀ ਪ੍ਰਭਜੋਤ ਕੋਰ (ਦਿਲੀ) ਕਪੂਰ ਸਿੰਘ ਘੁੰਮਣ, ਕਰਤਾਰ ਸਿੰਘ ਸੂਰੀ, ਪ੍ਰਮਿੰਦਰਜੀਤ (ਸੰਪਾਦਕ ਲੋਅ ਅਤੇ ਅੱਖਰ) ਕਰਤਾਰ ਸਿੰਘ ਸੁਮੱਰ (ਆਰਟਿਸਟ) ਅਤੇ ਮੁਖਤਾਰ ਗਿਲ ਆਦਿ। ਜਨਾਬ ਪ੍ਰਮਿੰਦਰਜੀਤ, ਮੁਖਤਾਰ ਗਿਲ ਅਤੇ ਕਈ ਹੋਰਾਂ ਨਾਲ ਮੇਰੀ ਨੇੜਤਾ ਬਣੀ। ਅੱਜ ਤਕ ਮੇਰੇ ਅੱਠ ਕਾਵਿ ਸੰਗ੍ਰਹਿ, ਦੋ ਨਾਵਲ, ਇਕ ਸਹਿ-ਸੰਪਾਦਨ (ਸੂਲ ਸੁਰਾਹੀ) ਅਤੇ ਹਰਬੰਸ

ਸਿੰਘ ਆਜ਼ਾਦ ਜੋ (ਲੰਮੇ ਅਰਸੇ ਤਕ ਇਥੇ ਦਾ ਕੈਬਨੇਟ ਮਨਿਸਟਰ ਅਤੇ ਨਾਮਾਵਰ ਅਨੁਵਾਦਕ) ਰਿਹਾ ਬਾਰੇ ਜੀਵਨੀ ਅਤੇ ਹੋਰ ਲੇਖ ਪ੍ਰਕਾਸ਼ਤ ਹੋ ਚੁੱਕੇ ਹਨ।

ਮੈਂ ਹਰ ਕਾਵਿ ਪ੍ਰਣਾਲੀ ਤੋਂ ਪ੍ਰਭਾਵਤ ਹੋ ਕੇ ਕਵਿਤਾ ਲਿਖਦਾ ਰਿਹਾ ਪਰ ਮੇਰੇ ਪ੍ਰਤੀਬੱਧਤਾ ਕਿਸੇ ਖ਼ਾਸ ਧਾਰਨਾ ਨਾਲ ਨਹੀਂ ਰਹੀ। ਬਲਕਿ ਨਿਰੋਲ ਕਵਿਤਾ ਅਤੇ ਕਵਿਤਾ ਦੀ ਆਤਮਾ ਨਾਲ ਰਹੀ ਹੈ, ਕਵਿਤਾ ਮੇਰੇ ਲਈ ਇਕ ਬ੍ਰਹਿਮੰਡੀ ਨਾਦ ਹੈ ਜਿਸਦੀ ਛਨਕਾਰ ਜਾਂ ਧੁੰਨ ਵਿੱਚ ਡੁਬਕੇ ਇਕ ਚੰਗਾ ਕਵੀ, ਕਵਿਤਾ ਦੀ ਰਚਨਾ ਕਰ ਸਕਦਾ ਹੈ। ਮੈਂ ਸਮਝਦਾ ਹਾਂ ਕਿ ਚਾਹੇ ਪ੍ਰਗਤੀਵਾਦ, ਪ੍ਰਯੋਗਵਾਦ, ਆਧੁਨਿਕਤਾਵਾਦ ਜਾਂ ਉਤਰ-ਆਧੁਨਿਕਤਾਵਾਦ ਕਾਵਿ ਹੁਵੇ, ਉਸ ਵਿੱਚ ਸੁਹਜ ਅਤੇ ਸਹਿਜ ਦਾ ਸੰਜੁਗਤ ਹੋਣਾ ਲਾਜ਼ਮੀ ਹੁੰਦਾ ਹੈ। ਕਿਉਂਕਿ ਮੇਰੇ ਜੀਵਨ ਦਾ ਮੁੱਢਲਾ ਅਤੇ ਚੋਖਾ ਹਿੱਸਾ ਪਿੰਡ ਦੇ ਵਾਤਾਵਰਣ ਵਿੱਚ ਹੀ ਗੁਜ਼ਰਿਆ। ਇਸ ਲਈ ਉਥੇ ਦਾ ਮਾਹੌਲ ਮੇਰੇ ਸੁਪਨਿਆਂ (ਚੇਤਨ ਜਾਂ ਅਵਚੇਤਨ) ਵਿੱਚ ਛਾਇਆ ਰਹਿੰਦਾ ਹੈ, ਜਿਸਦੇ ਫਲਸਰੂਪ ਉਥੇ ਦੇ ਪਰਿਵਾਰਕ, ਸਮਾਜਿਕ ਅਤੇ ਆਰਥਿਕਤਾ ਨਾਲ ਸਬੰਧਿਤ ਕੁੱਝ ਆਰਕੀਟਾਇਪ ਮੇਰੀ ਕਾਵਿ-ਪ੍ਰਕਿਰਿਆ ਵਿਚ ਆਪ ਹੁਦਰੇ, ਪ੍ਰਵੇਸ਼ ਕਰ ਜਾਂਦੇ ਹਨ ਜਿਵੇਂ ਕਿ ਹੱਡੀਆਂ, ਪਾਣੀ, ਰੁੱਖ, ਕੂਲਾਂ, ਅੱਗ, ਹਨੇਰਾ, ਰੋਸ਼ਨੀ ਆਦਿ।

ਸਾਲ 1970 ਈ. ਤੋਂ ਬਾਅਦ ਮੈਂ ਪਿੰਡ ਨਜੀਭਟ ਛਡਕੇ (ਨੌਕਰੀ ਕਾਰਨ) ਬਾਰਾਮੂਲਾ ਵਿਖੇ ਮਕਾਨ ਤਾਮੀਰ ਕਰਕੇ ਪਰਿਵਾਰ ਸਮੇਤ ਇਥੇ ਹੀ ਵਸਦਾ ਹਾਂ। ਜਦ ਕਦੀ ਮੌਕਾ ਮਿਲਦਾ, ਪਿੰਡ ਦਾ ਗੇੜਾ ਵੀ ਲੱਗ ਜਾਂਦਾ ਹੈ। ਵੈਸੇ ਸਾਲ 1990 ਈ. ਤੋਂ ਬਾਅਦ ਜਦ ਕਸ਼ਮੀਰ ਵਾਦੀ ਵਿਖੇ ਆਤੰਕਵਾਦ ਦਾ ਜ਼ੋਰ ਸੀ, ਕਈ ਸਿੱਖ ਪਰਿਵਾਰ ਘਰ ਬਾਰ ਛਡਕੇ, ਜ਼ਮੀਨ ਜਾਇਦਾਦਾਂ ਸਸਤੇ ਭਾਅ ਵੇਚ ਵਟਾਂਕੇ, ਸ਼ਹਿਰ/ਕਸਬਿਆਂ ਦੇ ਵੱਖ-ਵੱਖ ਥਾਵਾਂ ਤੇ ਵਸ ਗਏ ਹਨ। ਹੁਣ ਇਥੇ 15/20 ਘਰ ਹੀ ਬਾਕੀ ਵਸਦੇ ਰਹਿ ਗਏ ਹਨ।

**103/4 ਕੰਠ ਬਾਗ਼ ਬਾਰਾ ਮੁੱਲਾ**

**ਕਸ਼ਮੀਰ**

**ਮੋ: 9682392914**

# ਹਾਸਿਲ : ਸ਼ਨਾਖਤੀ ਸੰਵਾਦ

❑ ਪ੍ਰੋ. ਜਸਪਾਲ ਕੌਰ

ਪੰਜਾਬੀ ਕਵਿਤਾ ਦਾ ਭਾਰਤ ਤੋਂ ਬਾਹਰ ਵੱਲ ਨੂੰ ਫੈਲਾਓ ਇਸ ਦੀ ਕੈਨਵਸ ਨੂੰ ਵਡੇਰਾ ਹੀ ਨਹੀਂ ਕਰਦਾ ਸਗੋਂ ਕਲਮਾਂ ਦਾ ਇਹ ਸਿਲਸਿਲਾ ਗੁਣਾਤਮਕ ਸਿਰਜਨਾਵਾਂ ਰਾਹੀਂ ਹੋਰ ਵੀ ਅਰਥਭਰਪੂਰ ਹੋ ਜਾਂਦਾ ਹੈ। ਆਧੁਨਿਕ ਪੰਜਾਬੀ ਕਵਿਤਾ ਇਕ ਸਦੀ ਤੋਂ ਵੱਧ ਦਾ ਸਮਾਂ ਹੰਢਾ ਕੇ ਨਵੀਆਂ ਪੁਲਾਘਾਂ ਪੁੱਟਦੀ ਵਿਸ਼ਵ ਸਰੋਕਾਰਾਂ ਨਾਲ ਸੰਵਾਦ ਸਿਰਜ ਰਹੀ ਹੈ। ਇਸੇ ਹੀ ਕੜੀ ਵਿਚ ਪਰਵਾਸੀ ਪੰਜਾਬੀ ਕਵਿਤਾ ਦਾ ਨਾਂ ਲਿਆ ਜਾ ਸਕਦਾ ਹੈ, ਜਿਹੜੀ ਵਿਸ਼ਵ ਸਰੋਕਾਰਾਂ ਨੂੰ ਬਾਖ਼ੂਬੀ ਸੰਬੋਧਿਤ ਹੁੰਦੀ ਹੈ। ਨਾਰੀ ਕਾਵਿ ਰਚਨਾਵਾਂ ਦੀ ਆਮਦ ਇਸ ਦਾ ਖਾਸਾ ਕਿਹਾ ਜਾ ਸਕਦਾ ਹੈ, ਜਿਥੇ ਨਾਰੀ ਆਪਣੀ ਵੇਦਨਾ-ਸੰਵੇਦਨਾ ਤੋਂ ਪਾਰ ਜਾਂਦੀ ਸਮਾਜਕ, ਸਭਿਆਚਾਰਕ, ਰਾਜਨੀਤਿਕ ਅਤੇ ਆਰਥਕ ਸੰਰਚਨਾਵਾਂ ਨੂੰ ਮੁਖ਼ਾਤਿਬ ਹੁੰਦੀ ਹੈ। ਇਹ ਸੰਵਾਦ ਉਸ ਦੀ ਬੌਧਿਕਤਾ ਦਾ ਪ੍ਰਤਖ ਪ੍ਰਮਾਣ ਬਣਦਾ ਹੈ। ਇਸੇ ਸੰਦਰਭ ਵਿਚ ਇੰਗਲੈਂਡ ਵੱਸਦੀ ਸ਼ਾਇਰਾ ਦਲਵੀਰ ਕੌਰ ਦੇ ਕਾਵਿ ਸੰਗ੍ਰਹਿ "ਹਾਸਿਲ" ਨੂੰ ਦੇਖਿਆ ਜਾ ਸਕਦਾ ਹੈ। ਇਸ ਕਾਵਿ ਪੁਸਤਕ ਦੇ ਪਾਠ ਅੰਦਰ ਦਾਖਿਲ ਹੁੰਦਿਆਂ ਇਹ ਪ੍ਰਸ਼ਨ ਉਭਰਦਾ ਹੈ ਕਿ ਇਸ ਵਿਚਲੀ ਕਾਵਿ 'ਮੈਂ' ਕਿਸ ਹਾਸਿਲ ਦੀ ਗੱਲ ਕਰ ਰਹੀ ਹੈ? ਕੀ ਅੱਜ ਦਾ ਮਨੁੱਖ ਸਿਰਫ਼ ਹਾਸਿਲਾਂ ਦੀ ਅੰਨੀ ਦੌੜ ਲਈ ਭੱਜ ਰਿਹਾ ਹੈ? ਜਾਂ ਫਿਰ ਇਹ ਪਾਠ ਪ੍ਰਾਪਤੀ ਲਈ ਮਾਰਗ ਦਰਸ਼ਕ ਵਜੋਂ ਸਹਿਜ ਹੀ ਆਪਣੀ ਭੂਮਿਕਾ ਨਿਭਾਅ ਰਹੀ ਟੈਕਸਟ ਹੈ। ਦਲਵੀਰ ਕੌਰ ਦਾ ਇਹ ਕਾਵਿ-ਸੰਗ੍ਰਹਿ ਅਣਗਿਣਤ ਕਾਵਿ ਸਰੋਕਾਰਾਂ ਨੂੰ ਸੰਵਾਦੀ ਜ਼ਾਵੀਏ ਤੋਂ ਮੁਖ਼ਾਤਿਬ ਹੁੰਦਾ ਹੈ, ਪਰ ਇਸ ਦਾ ਕੇਂਦਰ ਸਵੈ-ਸ਼ਨਾਖਤ ਦੇ ਨੁਕਤੇ ਉਪਰ ਟਿਕਿਆ ਹੋਇਆ ਹੈ। ਇਹ ਆਪਣੇ ਆਪ ਵਿਚ ਬੜਾ ਅਹਿਮ ਨੁਕਤਾ ਨਿਗਾਹ ਹੈ ਕਿ ਆਪੇ ਦੀ ਭਾਲ, ਸਵੈ ਦੀ ਤਲਾਸ਼ ਸਹੀ/ਗਲਤ ਨੂੰ ਸਮਝਣਾ ਆਦਿ ਦੀ ਗੱਲ ਕਰਨਾ ਰਚਨਾਕਾਰਾਂ ਦੀ ਸੰਜੀਦਗੀ ਤੇ ਸਮਝ ਦਾ ਪ੍ਰਮਾਣ ਬਣਦੇ ਹਨ। ਆਲੇ-ਦੁਆਲੇ ਦੇ ਨੁਕਤਾ ਨਿਗਾਹ ਤੋਂ ਸਵੈ ਤਕ ਅਪੜਨਾ ਤੇ ਸਵੈ ਤੋਂ ਬਾਹਰ ਵੱਲ ਦਾ ਇਹ ਸਫ਼ਰ ਹੀ 'ਹਾਸਿਲ' ਦਾ ਧਰਾਤਲ ਬਣਦੀ ਹੈ। ਸ਼ਾਇਰਾ ਪਰਵਾਸ ਹੰਢਾਉਂਦੀ ਪਰਵਾਸੀ ਅਨੁਭਵਾਂ/ਸਥਿਤੀਆਂ ਨੂੰ ਸਿਰਜਣ ਦੀ ਥਾਂਵੇਂ ਆਪਣੀ ਪਛਾਣ ਤੋਂ ਆਪਣੇ ਸਫ਼ਰ ਦਾ ਆਗਾਜ਼ ਕਰਦੀ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ, ਰਾਜਨੀਤਿਕ ਅਤੇ ਆਰਥਕ ਚੌਗਿਰਦੇ ਦਾ ਸੁਹਿਰਦ ਅਧਿਐਨ ਕਰਦੀ ਜੀਵਨ ਦੇ ਹਾਸਿਲਾਂ ਨੂੰ ਘੋਖਦੀ ਤੇ ਪੜਤਾਲਦੀ ਹੈ।

ਰਚਨਾ ਵਿਚਲੀ ਕਾਵਿ 'ਮੈਂ' ਸਵੈ ਨੂੰ ਮੁਖ਼ਾਤਿਬ ਹੁੰਦੀ ਆਪਣੇ ਅਤੀਤ, ਵਰਤਮਾਨ ਤੇ ਭਵਿੱਖ ਬਾਰੇ ਚਿੰਤਨ ਮਨਨ ਕਰਦੀ ਹੈ। ਅਜਿਹੇ ਵੇਲੇ ਉਹ ਇਤਿਹਾਸ, ਮਿਥਿਹਾਸ, ਸਭਿਅਤਾ, ਪਿੱਤਰੀ ਸੱਤਾ, ਧਾਰਮਿਕ ਚੌਗਿਰਦਾ, ਮਸ਼ੀਨੀਕਰਨ, ਬਜ਼ਾਰੀਕਰਨ, ਆਦਿ

ਦੀ ਗਹਿਨ ਸਤਹ ਤੱਕ ਪਹੁੰਚਦੀ ਉਨ੍ਹਾਂ ਤੋਂ ਅਖਜ਼ ਹਾਸਿਲਾਂ ਨੂੰ ਸਹਿਜ ਭਾਵ ਨਾਲ ਸਵੀਕਾਰ ਕਰਦੀ ਹੈ। ਆਪਣੇ ਆਪ ਵਿਚ ਜਜ਼ਬ ਹੋ ਜਾਣਾ ਜਾਂ ਬਾਹਰਲੀਆਂ ਸੱਟਾਂ ਨੂੰ ਝਲਣਾ ਤੇ ਫਿਰ ਉਸ ਵਿਚੋਂ ਉਭਰ ਜਾਣ ਨੂੰ ਇਕ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਵਾਚਦੀ ਕਾਵਿ 'ਮੈਂ' ਇਸ ਨੂੰ ਇਕ ਹੁਨਰ ਮੰਨਦੀ ਹੈ:

ਜਿਸਮ ਤੋਂ ਚਮੜੀ ਉਧੇੜ
ਕੱਜ ਲੈਣੀਆਂ ਗਰਜ਼ਾਂ
ਤਾਂ ਹੁਨਰ ਹੀ ਸੀ
ਪਰ ਖ਼ੁਦ ਨੂੰ
ਖ਼ੁਦ ਖਾ ਕੇ ਰੱਜ ਜਾਣਾ ਵੀ
ਬਾ-ਕਮਾਲ ਰਿਹਾ

ਇੰਝ ਸੰਕਟ ਦੀਆਂ ਸਥਿਤੀਆਂ ਵਿਚ ਵੀ ਰੱਜੇ ਹੋਣ ਦਾ ਅਹਿਸਾਸ ਜਿੱਥੇ ਕਾਵਿ 'ਮੈਂ' ਦੀ ਸਹਿਨਸ਼ੀਲਤਾ ਨੂੰ ਦਰਸਾਉਂਦਾ ਹੈ ਉੱਥੇ ਉਸ ਦੀ ਸਹਿਜਤਾ ਤੇ ਸੰਵੇਦਨਸ਼ੀਲਤਾ ਵੀ ਸਹਿਜ ਹੀ ਉਭਰ ਆਉਂਦੇ ਹਨ। ਉਸ ਦੀ ਸਹਿਨਸ਼ੀਲਤਾ ਉਸ ਦੀ ਕਮਜ਼ੋਰੀ ਨਹੀਂ ਸਗੋਂ ਤਾਕਤ ਬਣ ਕੇ ਉਭਰਦੀ ਹੈ, ਜਿਹੜੀ ਕਿ ਸਵੈ ਹੋਂਦ ਨੂੰ ਤਲਾਸ਼ਣ ਤੇ ਤਰਾਸ਼ਣ ਲਈ ਉਸ ਨੂੰ ਪ੍ਰੇਰਿਤ ਕਰਦੀ ਹੈ। ਸੁਰਤ, ਸਤਿ, ਮਨ ਤੇ ਬੁੱਧ ਦੀ ਗੱਲ ਕਰਦਿਆਂ ਉਹ ਕੁਦਰਤ ਨਾਲ ਇਕਮਿਕਤਾ ਸਿਰਜਦੀ ਅਮਲਾਂ ਨੂੰ ਮੁੱਖ ਰੱਖਦੀ ਹੈ। ਜਿੱਥੇ ਜੀਵਨ ਦਾ ਕਰੂਰ ਯਥਾਰਥ ਹੀ ਸਾਡੇ ਗਿਆਨ ਦਾ ਆਧਾਰ ਹੁੰਦੇ ਹਨ, ਜਿਥੇ ਕੋੜੀਆਂ ਮਿੱਠੀਆਂ ਤਲਖ਼ ਹਕੀਕਤਾਂ ਸਾਨੂੰ ਨਕਾਰਾਤਮਕਤਾ ਨਾਲ ਭਰ ਕੇ ਮਨੋਗੁੰਝਲਾਂ ਦਾ ਸ਼ਿਕਾਰ ਬਣਾਉਂਦੀਆਂ ਹਨ। ਉੱਥੇ ਇਨ੍ਹਾਂ ਸਥਿਤੀਆਂ ਪਰਿਸਥਿਤੀਆਂ ਵਿਚੋਂ ਗੁਜਰਦਿਆਂ ਤੀਖਣ ਗਿਆਨ ਚੇਤਨਾ ਦਾ ਉਦੈ ਵੀ ਹੁੰਦਾ ਹੈ ਇਹੀ ਗਿਆਨ ਚੇਤਨਾ ਇਸ ਕਾਵਿ-ਸੰਗ੍ਰਹਿ ਦੇ ਆਰ-ਪਾਰ ਫੈਲੀ ਦੇਖੀ ਜਾ ਸਕਦੀ ਹੈ। ਇਸ ਸਵੈ-ਪਛਾਣ ਵਿਚੋਂ ਕਾਵਿ 'ਮੈਂ' ਜਦੋਂ ਕਵਿਤਾ ਬਾਰੇ ਗੱਲ ਕਰਦੀ ਹੈ ਤਾਂ ਉਹ ਕਾਗਜ਼ ਤੇ ਉੱਕਰੇ ਸ਼ਬਦਾਂ ਨੂੰ ਪਾਠਕਾਂ ਦੀ ਨਜ਼ਰ ਕਰਦਿਆਂ ਕਹਿੰਦੀ ਹੈ ਕਿ ਇਹ ਮੇਰੇ ਮਨ ਦਾ ਰੌਲਾ ਨਹੀਂ ਸਗੋਂ ਕਵਿਤਾ ਮੇਰੀ ਸੰਵੇਦਨਸ਼ੀਲਤਾ ਨੂੰ ਹੋਰ ਵੀ ਗਹਿਰਾ ਦਿੰਦੀ ਹੈ:

ਲੋਗ ਮੈਨੂੰ
ਸਿਰ ਤੋਂ ਪੈਰਾਂ ਤੱਕ ਵੇਖਦੇ ਨੇ!
ਕਵਿਤਾ ਖ਼ਤਮ ਹੁੰਦੀ ਹੈ
ਸਭ ਜਾ ਚੁੱਕੇ ਨੇ।
ਮੈਂ ਅਜੇ ਵੀ ਅਦਬ ਸਹਿਤ
ਮੁਖਾਤਿਬ ਹਾਂ।
ਆਪਣੀ ਕਵਿਤਾ ਨਾਲ।

ਕਾਵਿ 'ਮੈਂ' ਆਪਣੇ ਆਪ ਸੰਗ ਜੀਉਂਦੀ ਆਪੇ ਦੀ ਪਛਾਣ ਕਰਦੀ ਜੋ ਕੁਝ ਵੀ ਕਹਿੰਦੀ ਹੈ ਉਹ ਕਵਿਤਾ ਹੋ ਨਿਬੜਦਾ ਹੈ। ਉਸ ਦਾ ਇਹ ਮੰਥਨ ਜਦੋਂ ਆਪਣੇ ਮੱਥੇ ਵਿਚ ਪਏ ਅਤੀਤ ਭਾਵ ਸਭਿਆਚਾਰਕ ਧਰਾਤਲ ਨੂੰ ਵਾਚਦਾ ਹੈ, ਤਾਂ ਉਸ ਨੂੰ ਇਹ ਮੰਥਨ ਉਨ੍ਹਾਂ ਸਾਰੀਆਂ ਜਕੜਨਾਂ, ਜੰਜੀਰਾਂ ਤੋਂ ਪਾਰ ਲੈ ਜਾਂਦਾ ਹੈ। ਜਿਹੜੀਆਂ ਕਿ ਬੇੜੀਆਂ ਬੰਨ ਉਸ ਦੀ ਜੀਵਨ ਗਤੀ ਨੂੰ ਵਿਰਾਮ ਦੇ ਦਿੰਦਾ ਹੈ। ਆਪਣੀ ਨਜ਼ਮ 'ਮੱਥੇ ਤੋਂ ਮੰਥਨ' ਵੱਲ ਵਿਚ ਉਹ ਪੁਨਰ ਜਨਮ ਦੀ ਗੱਲ ਕਰਦੀ ਹੈ। ਇਹ ਪੁਨਰ ਜਨਮ ਕਿਸੇ ਧਾਰਮਿਕ ਸੰਕਲਪ ਨੂੰ ਸੰਬੋਧਨ ਨਹੀਂ ਸਗੋਂ ਅਤੀਤ ਤੋਂ ਵਰਤਮਾਨ ਤੇ ਵਰਤਮਾਨ ਤੋਂ ਭਵਿੱਖ ਪ੍ਰਤੀ ਆਈ ਸੁਹਿਰਦ ਤਬਦੀਲੀ ਦਾ ਨਾਂ ਹੈ। ਜਿਥੇ ਮਾਨਵੀ ਜੀਵਨ ਮੁੱਲਾਂ ਨੂੰ ਹੰਢਾਉਂਦੀ 'ਨਾਰੀ', 'ਵਰ', 'ਬਾਰਾਤ', 'ਵਿਆਹ', 'ਸੁੱਖ', 'ਸੰਤਾਨ' ਆਦਿ ਉਸ ਦਾ ਮਰਕਜ਼ ਹੁੰਦੇ ਹਨ। ਉੱਥੇ ਇਸ ਰਵਾਇਤ ਤੋਂ ਪਰਾਗਾਮੀ ਹੁੰਦੀ ਇਸ ਰਚਨਾ ਵਿਚਲੀ ਨਾਰੀ ਭਾਵ ਕਾਵਿ 'ਮੈਂ' ਆਪਣੇ ਮੱਥੇ ਦਾ ਮੰਥਨ ਹੀ ਨਹੀਂ ਕਰਦੀ ਸਗੋਂ ਸੁਰਤ ਦਾ ਦੀਵਾ ਜਗਾ ਇਨ੍ਹਾਂ ਤੋਂ ਪਰਾ ਜਾਂਦੀ ਆਪਣੇ ਸਵੈ ਦੇ ਪੁਨਰ ਜਨਮ ਦੀ ਗੱਲ ਕਰਦੀ ਹੈ। ਇੱਥੇ ਕਾਵਿ 'ਮੈਂ' ਨਾ ਤਾਂ ਆਪਣੇ ਸਮਾਜਕ ਸਭਿਆਚਾਰਕ ਪੱਖ ਤੋਂ ਪਰਾਹਨ ਕਰਦੀ ਹੈ ਨਾ ਉਸ ਨੂੰ ਰੱਦਦੀ ਹੈ ਪਰ ਇਸ ਸਭ ਕੁਝ ਤੋਂ ਉਸ ਦੀ ਗਿਆਨ ਚੇਤਨਾ ਸਵੈ ਨੂੰ ਪੁਨਰ-ਪਰਿਭਾਸ਼ਿਤ ਕਰਦੀ, ਆਪਣੇ ਜੀਉਣ ਦਾ, ਆਪਣੇ ਨਾਮ ਦਾ, ਆਪਣੀ ਹੋਂਦ ਨਾ ਅਰਥ ਤਲਾਸ਼ਦੀ ਸਮਾਂਨਤਰ ਇਕ ਨਵੀਂ ਜੀਵਨ ਵਿਉਂਤ ਨੂੰ ਘੜਦੀ ਹੈ। ਅਜਿਹੀ ਸੋਚ ਤਹਿਤ ਹੀ ਆਪਣੀ ਨਜ਼ਮ 'ਮੇਰਾ ਹਿੱਸਾ' ਵਿਚ ਉਹ ਇਉਂ ਮੁਖ਼ਾਤਿਬ ਹੁੰਦੀ ਹੈ:

ਹੁਣ ਤੂੰ!  
ਚਾਨਣ ਦੀ ਉਹ ਕਾਤਰ ਦੇਹ  
ਜਿਸ ਵਿਚ  
ਮੈਂ ਰਮ ਸਕਾਂ  
ਤੂੰ ਜੀਅ ਸਕੇ  
ਤੂੰ ਥਿਰ ਹੋਵੇ  
ਮੈਂ ਜੀਅ ਉਠਾਂ

ਇੰਝ ਕਾਵਿ ਰਚਨਾ ਵਿਚਲੀ ਕਾਵਿ 'ਮੈਂ' ਆਪਣੇ ਅਤੀਤ ਨੂੰ ਬਦਲਣ ਦਾ ਇਕ ਸੁਪਨਾ ਹੀ ਨਹੀਂ ਸਿਰਜਦੀ ਸਗੋਂ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਸੰਘਰਸ਼ਸ਼ੀਲ ਵੀ ਹੁੰਦੀ ਹੈ। ਜੀਵਨ ਪ੍ਰਤੀ ਸੁਹਿਰਦ ਤੇ ਸੰਵੇਦਨਸ਼ੀਲ ਉਸ ਦੀ ਸੋਚ ਜਦੋਂ ਸਮਾਜਕ ਦਾਇਰਿਆਂ ਦੇ ਵਿਚ ਵਿਚਰਦੀ ਹੈ, ਤਾਂ ਉਹ ਸਮਾਜਕ ਸਰੋਕਾਰਾਂ ਨਾਲ ਸੰਵਾਦ ਸਿਰਜਦੀ ਹੈ। ਅਜਿਹੇ ਸਮਾਜਕ ਸਰੋਕਾਰਾਂ ਦੀ ਗੱਲ ਕਰਦੀ ਉਹ 'ਫੋਸਟਰ ਚਾਈਲਡ', 'ਸਿਕੰਦਰ', 'ਲਿਪੀ', 'ਪਰੇਤ', 'ਚਿੜੀਆਂ', 'ਚੂੰਜਾਂ', 'ਬਾਜ਼', 'ਪਰਚਮ', 'ਕ੍ਰਿਸਮਿਸ', 'ਪਿੰਕ ਡੌਲ', 'ਘੁੰਗਰੂ' ਆਦਿ ਬਾਰੇ ਗੱਲ ਕਰਦੀ ਬੰਜਰ ਹੋ ਚੁੱਕੀਆਂ ਕਦਰਾਂ-ਕੀਮਤਾਂ ਅਤੇ ਅਮਾਨਵੀ ਵਿਹਾਰ ਨੂੰ ਵਿਅੰਗਾਤਮਕ ਸੁਰ ਵਿਚ ਮੁਖ਼ਾਤਿਬ ਹੁੰਦੀ ਹੈ। ਆਪਣੀ ਇਕ ਨਜ਼ਮ 'ਦਲਿਤ' ਰਾਹੀਂ ਉਹ ਪੂਰਬ ਤੇ ਪੱਛਮ ਤੱਕ ਇਸ ਦੇ ਅਰਥਾਂ ਦਾ ਇਕ ਸਿਲਸਿਲਾ ਸਿਰਜਦੀ ਹੈ। ਕਾਵਿ 'ਮੈਂ' ਅਤੀਤ ਨੂੰ ਸੰਬੋਧਿਤ ਹੁੰਦੀ ਆਪਣੀ

ਦਾਦੀ ਦੀ ਗੱਲ ਕਰਦੀ ਹੈ। ਜਿਥੇ ਵਰਣ-ਵਿਵਸਥਾ ਦੇ ਸਿਰ ਚੜ੍ਹ ਬੋਲਣ ਦੀ ਗੱਲ ਤਾਂ ਨਜ਼ਰ ਆਉਂਦੀ ਹੈ ਪਰ ਪੱਛਮ ਵਿਚ ਇਸ ਦਾ ਨਸਲੀ ਵਿਤਕਰੇ ਵਾਲਾ ਰੂਪ ਅਮਾਨਵੀ ਵਿਹਾਰ ਨੂੰ ਸਾਕਾਰ ਕਰਦਾ ਹੈ। ਮੱਧਕਾਲੀ ਭਗਤਾਂ ਨੂੰ ਚੇਤੇ ਕਰਦੀ ਉਹ ਸਦਨੇ, ਰਵਿਦਾਸ, ਤੇ ਫ਼ਰੀਦ ਦਾ ਜ਼ਿਕਰ ਕਰਦੀ ਦਲਿਤ ਤੇ ਦਮਿਤ ਦੀ ਕ੍ਰਾਂਤੀਕਾਰੀ ਸੁਰ ਨੂੰ ਮਾਨਵੀ ਅਰਥਾਂ ਵਿਚ ਮੁਖ਼ਾਤਿਬ ਹੁੰਦੀ ਕਹਿੰਦੀ ਹੈ:

ਇਨਾਂ ਦਿਨਾਂ 'ਚ
ਫੇਰ ਕੁਲ ਬੱਚੇ
ਮੇਰੇ ਪੇਟੋਂ ਜਨਮ ਮੰਗਦੇ ਨੇ।
ਆਪੇ ਲਿਖਣਾ ਚਾਹੁੰਦੇ ਨੇ
ਕਿਸਮਤ ਆਪਣੀ

ਇਸ ਤਰ੍ਹਾਂ ਇਹ ਰਚਨਾ ਸਿਰਫ਼ ਵਰਤਮਾਨ ਸਥਿਤੀਆਂ, ਪਰਿਸਥਿਤੀਆਂ ਦੀ ਗੱਲ ਨਹੀਂ ਕਰਦੀ ਸਗੋਂ ਅਤੀਤ ਤੋਂ ਭਵਿੱਖ ਵੱਲ ਨੂੰ ਵੱਧਦੀ ਆਪਣੀ ਸਵੈ-ਪਛਾਣ ਨੂੰ ਕਿਸੇ ਹੋਰ ਦੇ ਹੱਥਾਂ ਦਾ ਮੋਹਤਾਜ ਬਣਾਉਣ ਦੀ ਥਾਵੇਂ ਆਪਣੀ ਸ਼ਨਾਖਤ ਆਪ ਉਲੀਕਣਾ ਚਾਹੁੰਦੀ ਹੈ। ਇੰਝ ਸ਼ਾਇਰਾਂ ਸਮਾਜਕ ਵਲਗਣਾਂ ਵਿਚ ਘਿਰੇ ਮਨੁੱਖ ਦੀ ਪਛਾਣ ਦੇ ਮਸਲੇ ਨੂੰ ਬੜੇ ਗੰਭੀਰ ਅਰਥਾਂ ਵਿਚ ਪਾਠਕਾਂ ਦੀ ਨਜ਼ਰ ਹੀ ਨਹੀਂ ਕਰਦੀ ਸਗੋਂ ਉਹ ਉਨ੍ਹਾਂ ਦੀ ਹੋਂਦ ਨੂੰ ਸਵੈ ਸੋਝੀ ਦਾ ਇਕ ਨਵਾਂ ਗਿਆਨਮਈ ਰੂਪ ਵੀ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ ਆਪਣੀ ਨਜ਼ਮ 'ਆਜ਼ਾਦੀ?' ਰਾਹੀਂ ਉਹ ਨਾਰੀ ਅਸਤਿੱਤਵ ਦੀ ਗੱਲ ਨਹੀਂ ਕਰਦੀ ਸਗੋਂ ਨਾਰੀ ਦੇ ਸ਼ਸ਼ਕਤ ਹੋਣ ਦੇ ਮਾਣ ਦੀ ਗੱਲ ਨੂੰ ਆਪਣੀ ਰਚਨਾ ਰਾਹੀਂ ਸਿਰਜਦੀ ਨਾਰੀ ਪਛਾਣ ਦੇ ਨੁਕਤੇ ਨੂੰ ਨਵੀਂ ਪਹਿਚਾਣ ਦਿੰਦੀ ਹੈ:

ਕਿਧਰ ਤੁਰੀਂ ਪਈਆਂ!
ਆਜ਼ਾਦ ਹੋਣ ਚਿੜੀਓ ਕੁੜੀਓ!
ਪਰਤ ਆਓ ਘਰਾਂ ਨੂੰ।
ਕੁੜੀਆਂ ਤਾਂ ਹੁੰਦੀਆਂ ਮਾਵਾਂ, ਮਾਸੀਆਂ
ਨਾਨੀਆਂ ਦਾਦੀਆਂ
ਮੱਥੇ ਇਨ੍ਹਾਂ ਦੇ
ਬਰਕਤਾਂ ਰਹਿਮਤਾਂ।

ਇਸ ਤਰ੍ਹਾਂ ਸ਼ਾਇਰਾ ਆਪਣੀ ਇਸ ਰਚਨਾ ਰਾਹੀਂ ਪਹਿਲੀ ਨਜ਼ਰੇ ਪਿਤਰੀ ਸੱਤਾ ਦੀਆਂ ਕਦਰਾਂ-ਕੀਮਤਾਂ ਨੂੰ ਦ੍ਰਿੜ੍ਹ ਕਰਦੀ ਕਹੀ ਜਾ ਸਕਦੀ ਹੈ। ਪਰ ਅਜਿਹਾ ਨਹੀਂ ਅਸਲ ਵਿਚ ਉਹ ਨਾਰੀ ਦੇ ਸ਼ਸ਼ਕਤ ਹੋਣ ਨੂੰ ਗੁਰੂ ਨਾਨਕ, ਨੇਪੋਲੀਅਨ, ਨੈਲਸਨ ਮੰਡੇਲਾ ਆਦਿ ਦੇ ਰਾਹੀਂ ਸੰਬੋਧਿਤ ਹੁੰਦੀ ਹੈ ਇਥੇ ਸ਼ਾਇਰਾ ਨਾਰੀ ਨੂੰ ਉਸ ਦੀ ਤਾਕਤ ਉਸ ਦੀ ਸ਼ਕਤੀ ਨਾਲ ਜੋੜਦੀ ਨਾਰੀ ਨੂੰ ਸਰੀਰਕ ਤੇ ਬੌਧਿਕ ਪੱਖੋ ਸ਼ਨਾਖਤ ਦੇ ਨੁਕਤੇ ਤੋਂ ਸ਼ਸ਼ਕਤ ਰੂਪ 'ਚ ਸਿਆਣਦੀ ਹੈ। ਆਪਣੀ ਨਜ਼ਮ 'ਬੰਧਨ' ਰਾਹੀਂ ਉਹ ਆਪੇ ਤੋਂ ਮੁਕਤ ਹੋਣ ਦੀ ਬਾਤ ਪਾਉਂਦੀ ਹੈ ਅਸਲ ਵਿਚ ਜੀਵਨ ਅੰਦਰ ਹਰ ਵਿਅਕਤੀ ਆਪੋ-ਆਪਣੇ ਦਾਇਰਿਆਂ

ਅੰਦਰ ਕਿੰਨਾ ਘਿਰ ਜਾਂਦਾ ਹੈ ਕਿ ਇਨ੍ਹਾਂ ਮਾਇਆ ਬੰਧਨਾਂ ਤੋਂ ਸੁਰਖਰੂ ਹੋਣਾ ਸੋਖਾ ਨਹੀਂ ਹੁੰਦਾ। ਸਗੋਂ ਮਾਨਵੀ ਹਸਤੀ ਇਨ੍ਹਾਂ ਵਿਚ ਵਿਚਰਦੀ ਲੀਰੋ-ਲੀਰ ਹੋਈ ਜਾਪਦੀ ਹੈ। ਅਜਿਹੀ ਸਥਿਤੀਆਂ ਨੂੰ ਚਿਤਰਦੀ ਉਹ ਆਪਣੀ ਨਜ਼ਮ 'ਰਿਸ਼ਤਾ' ਰਾਹੀਂ ਮਨੁੱਖ ਦੀਆਂ ਨਿੱਕੀਆਂ-ਨੰਨੀਆਂ ਚਾਹਤਾਂ ਨੂੰ ਬੜੇ ਖੂਬਸੂਰਤ ਤੇ ਤਿੱਖੇ ਵਿਅੰਗ ਰਾਹੀਂ ਸੰਬੋਧਿਤ ਹੁੰਦੀ ਉਹ ਦੁਨਿਆਵੀ ਰਿਸ਼ਤਿਆਂ ਦੀ ਅਹਿਮੀਅਤ ਦੀ ਗੱਲ ਕਰਦੀ ਮੈਂ ਤੇ ਤੂੰ ਦੇ ਸੰਬੰਧਾਂ ਦੀ ਪਰਖ-ਪਛਾਣ ਕੁਝ ਇਉਂ ਕਰਦੀ ਹੈ ਜਿਥੇ ਰੱਬ ਦੀ ਹਸਤੀ ਦੇ ਨਾਲ-ਨਾਲ ਰਿਸ਼ਤਿਆਂ ਦੀ ਹੋਂਦ ਦਾ ਕੀ ਅਹਿਮ ਹੁੰਦਾ ਹੈ। ਉਹ ਵੀ ਸਾਕਾਰ ਹੁੰਦਾ ਹੈ:

ਮੇਰੀ ਖਾਤਿਰ
ਮੰਗ ਲੈ
ਸਮੇਂ ਤੋਂ ਕੁਝ ਸਾਹ ਉਧਾਰੇ
………………..!
ਤੇ ਆਖ
ਨੀਲੇ ਅਸਮਾਨ ਨੂੰ,
"ਉਸ ਨੂੰ ਰੱਬ ਦੀ ਨਹੀਂ
ਮੇਰੀ ਲੋੜ ਹੈ

ਇੰਝ ਇਸ ਕਾਵਿ ਰਚਨਾ ਵਿਚ ਵੀ ਕਾਵਿ 'ਮੈਂ' ਆਪਣੀ ਸ਼ਨਾਖਤ ਨੂੰ ਬੜੇ ਖੂਬਸੂਰਤ ਅੰਦਾਜ਼ ਵਿਚ ਬਿਆਨ ਕਰਦੀ ਹੈ ਜਿਥੇ ਫੌਰੀ ਤੌਰ 'ਤੇ ਇਕ ਇਨਸਾਨ ਨੂੰ ਹੁੰਗਾਰੇ ਦੇ ਰੂਪ 'ਚ ਇਕ ਅਹਿਸਾਸ ਦੀ ਲੋੜ ਹੈ। ਜਿੱਥੇ 'ਮੈਂ' ਤੇ 'ਤੂੰ' ਦਾ ਰਿਸ਼ਤਾ ਇਕ ਦੂਜੇ ਦੇ ਸੰਗ-ਸਾਥ ਵਿਚ ਹੋਰ ਪ੍ਰਖ਼ਤਾ ਹੁੰਦਾ ਕਿਹਾ ਜਾ ਸਕਦਾ ਹੈ। ਆਪਣੀ ਇਕ ਨਜ਼ਮ 'ਜਸ਼ਨ!' ਰਾਹੀਂ ਜਿੱਥੇ ਉਹ ਮਿਥਿਹਾਸਕ-ਪੌਰਾਣਿਕ ਦੁਨੀਆ ਨੂੰ ਸੰਬੋਧਿਤ ਹੁੰਦੀ 'ਦਹਿਸਰ' ਦੀ ਗੱਲ ਕਰਦਿਆਂ ਵਿਅੰਗ ਸਿਰਜਦੀ ਹੈ। ਜਿੱਥੇ ਨੌ ਸਿਰ ਅਤਿਸ਼ਬਾਜ਼ੀ ਦੀ ਭੇਟ ਚੜ੍ਹ ਦੱਸਵੇਂ ਸਿਰੇ ਉੱਤੇ ਜਿੱਤ ਦਾ ਜਸ਼ਨ ਮਨਾ ਲੋਕਾਂ ਦੀ ਭੀੜ ਘਰਾਂ ਨੂੰ ਪਰਤ ਜਾਵੇਗੀ ਦਾ ਦ੍ਰਿਸ਼, ਲੰਮੀ ਸਮੇਂ ਤੋਂ ਤੁਰੀ ਆ ਰਹੀ ਇਸ ਪਰੰਪਰਾ ਉੱਤੇ ਇਕ ਵਿਅੰਗ ਸਿਰਜਦਾ ਨਜ਼ਰ ਆਉਂਦਾ ਹੈ ਕਿ ਇੰਨੇ ਲੰਮੇ ਸਮੇਂ ਤੋਂ ਇਸ ਘਟਨਾ ਤੋਂ ਭੀੜ ਨੇ ਕੀ ਗਿਆਨ ਹਾਸਿਲ ਕੀਤਾ। ਕੀ ਇਹ ਸਿਰਫ਼ ਜਸ਼ਨ ਹਾਸੇ ਤੱਕ ਸੀਮਿਤ ਹੈ ਜਾਂ ਇਸ ਘਟਨਾ ਪਿਛੇ ਕਾਰਜਸ਼ੀਲ ਸਥਿਤੀਆਂ ਪਾਤਰਾਂ ਸੀਤਾ, ਧੋਬੀ, ਧੋਬਣ, ਆਦਿ ਲਈ ਵੀ ਕੋਈ ਸਮਾਜਕ ਧਾਰਣਾ ਬਣਦੀ ਹੈ। ਰਚਨਾਕਾਰ ਇੱਥੇ ਮਹਿਜ ਘਟਨਾਵੀਂ ਬਿਰਤਾਂਤ ਨੂੰ ਅੰਜ਼ਾਮ ਨਹੀਂ ਦੇ ਰਹੀ, ਸਗੋਂ ਬੜੇ ਹੀ ਤੀਖਣ ਸਵਾਲ ਇਸ ਕਥਾ-ਲੋਕ ਨਾਲ ਵਾਬਸਤਾ, ਇੱਥੇ ਲੰਕਾ ਦੀ ਰਾਖੀ ਕੌਣ ਕਰੇਗਾ ਦਾ ਸਵਾਲ ਵੀ ਬੜਾ ਅਹਿਮ ਹੈ। ਧੋਬਣ ਦਾ ਧੋਬੀ ਵੱਲ ਚੋਰ ਅੱਖ ਨਾਲ ਦੇਖਣਾ, ਸਾਡੀ ਸਮਾਜਕ ਸੋਚ ਵੱਲ ਇਸ਼ਾਰਾ ਹੈ। ਜਿੱਥੇ ਕਿਸੇ ਦੇ ਜੀਵਨ ਦਾ ਫੈਸਲਾ ਸਮਾਜ ਬਿਨਾਂ ਕਿਸੇ ਸਹਿਜ ਤੋਂ ਲੈਂਦਾ ਹਾਸਿਲ ਦਾ ਖਾਮਿਆਜ਼ਾ ਭੁਗਤਣ ਲਈ ਰਾਵਣ ਤੇ ਸੀਤਾ ਨੂੰ ਸਮੇਂ ਦੀ ਭੇਂਟ ਕਰ ਦਿੰਦਾ ਹੈ। ਇਸੇ ਤਰ੍ਹਾਂ ਉਹ ਸਮੇਂ ਬਾਰੇ ਵੀ ਗੱਲ ਕਰਦੀ ਕਈ ਨਜ਼ਮਾਂ ਸਿਰਜਦੀ ਹੈ। ਸਮਾਂ ਆਪਣੇ ਅੰਦਰ ਅਤੀਤ ਤੋਂ ਭਵਿੱਖ ਤੱਕ, ਆਦਿ ਤੋਂ ਅਨਾਦਿ ਤੱਕ ਬਹੁਤ ਕੁਝ ਸਮੇਟ ਕੇ ਤੁਰਦਾ ਹੈ। ਸਮੇਂ ਦਾ ਇਹ ਸ਼ੋਰ, ਸਮੇਂ ਦੀ ਚੁੱਪ

ਆਪਣੇ ਆਪ ਵਿਚ ਅਣਕਹੇ ਨੂੰ ਵੀ ਜਾਹਿਰ ਕਰਦੀ ਹੈ। ਇਸ ਕਾਵਿ ਸੰਗ੍ਰਹਿ ਦੀਆਂ ਨਜ਼ਮਾਂ ਰਾਹੀਂ ਸ਼ਾਇਰਾ ਵਕਤ ਦੇ ਹਾਸਿਲਾਂ ਨੂੰ ਪਾਠਕਾਂ ਨਾਲ ਸਾਂਝਾ ਕਰਦੀ ਬਹੁਪਰਤੀ ਹਾਸਿਲਾਂ ਦੀ ਪੁੰਗਰਦੀ ਧਰਾਤਲ ਨੂੰ ਪਾਠਕਾਂ ਦੀ ਨਜ਼ਰ ਕਰਦੀ ਹੈ। ਜਿੱਥੇ ਕਾਵਿ 'ਮੈਂ' ਸਮਾਜਕ, ਸਭਿਆਚਾਰਕ, ਰਾਜਨੀਤਿਕ, ਆਰਥਿਕ, ਲੋਕ ਸੰਸਕ੍ਰਿਤੀ, ਮਿਥਿਹਾਸ ਆਦਿ ਰਾਹੀਂ ਉੱਸਰਦਾ ਪ੍ਰਾਪਤੀਆਂ ਦਾ ਸਿਲਸਿਲਾ ਨਕਾਰਾਤਮਕ ਤੇ ਸਕਾਰਾਤਮਕ ਦੋਹਾਂ ਪੱਖਾਂ ਨੂੰ ਉਜਾਗਰ ਕਰਦਾ ਹੈ। ਸ਼ਾਇਰਾ ਇਨ੍ਹਾਂ ਪੱਖਾਂ ਬਾਰੇ ਗੱਲ ਕਰਨ ਸਮੇਂ ਭਾਵੁਕਤਾ ਦੀ ਥਾਵੇਂ ਬੌਧਿਕਤਾ ਨੂੰ ਤਰਜੀਹ ਦਿੰਦੀ ਇਨ੍ਹਾਂ ਦੇ ਆਰ-ਪਾਰ ਝਾਕਣ ਦਾ ਤਰਦੱਦ ਕਰਦੀ ਆਪਣੀ ਸ਼ਨਾਖਤ ਨੂੰ ਆਪ ਘੜਨ ਦਾ ਸੁਪਨਾ ਸਾਕਾਰ ਕਰਦੀ ਹੈ:

ਜਿਉਂਦੇ ਜੀਅ
ਹੈ ਜੀਉਣਾ ਖੁਦ ਨੂੰ
ਮਿਣਨਾਂ ਅੰਤਰ ਮਨ ਦਾ ਘੇਰਾ
ਆਪੇ ਨੂੰ ਦਾਨ ਕਰਨਾ
ਰਗ ਆਪਣੀ ਦਾ ਗਰਮ ਖ਼ੂਨ
ਧੜਕਣਾ
ਧਰਤ ਆਪਣੀ
ਮੈਨੂੰ ਬਹਿਸ਼ਤ ਨਹੀਂ
ਮੇਰੇ ਤੱਕ ਆਉਂਦਾ ਇਕ ਰਾਹ ਚਾਹੀਦੈ।

ਇਸ ਤਰ੍ਹਾਂ ਆਪਣੇ ਇਸ ਕਾਵਿ-ਸੰਗ੍ਰਹਿ ਵਿਚ ਸ਼ਾਇਰਾ ਅਜਿਹਾ ਵਰਦਾਨ ਲੋਚਦੀ ਹੈ ਜਿਹੜਾ ਖ਼ੁਦ ਨੂੰ ਜੀਉਣ ਦੀ ਗੱਲ ਕਰਦਾ ਹੈ। ਉਹ ਸਾਮੰਤਵਾਦੀ ਸਨਾਤਨੀ ਕਦਰਾਂ ਕੀਮਤਾਂ ਵਾਲੀ ਧਰਾਤਲ ਨੂੰ ਤੱਜ ਅਜਿਹੀ ਸੰਤੁਲਿਤ ਜ਼ਿੰਦਗੀ ਜੀਉਣਾ ਚਾਹੁੰਦੀ ਹੈ, ਜਿਥੇ ਉਹ ਦਮਨ ਦਾ ਸ਼ਿਕਾਰ ਨਾ ਹੋਵੇ ਸਗੋਂ ਉੱਥੇ ਗਿਆਨ ਦੀ ਲਟ ਲਟ ਬਲਦੀ ਚੇਤਨਾ, ਉਸ ਦੀ ਆਜ਼ਾਦ ਹਸਤੀ ਨੂੰ ਵਿਗਸਣ ਦਾ ਮੌਕਾ ਦੇਵੇ।ਆਧੁਨਿਕ ਸਮੇਂ ਦੀ ਮਸ਼ੀਨੀਕਰਨ ਵਾਲੀ ਸਭਿਅਤਾ ਅਤੇ ਬਾਜ਼ਾਰੀ ਪੂੰਜੀ ਬਾਜ਼ਾਰ ਵਾਲੀਆਂ ਕਦਰਾਂ-ਕੀਮਤਾਂ ਦੀ ਮਾਰ ਹੇਠ ਦਬਿਆ ਮਨੁੱਖ ਆਪਣੀ ਜੰਗ ਤੱਦ ਤੱਕ ਨਹੀਂ ਜਿੱਤ ਸਕਦਾ ਜਦੋਂ ਤੱਕ ਉਹ ਆਪਣੀ ਸਵੈ ਸਨਾਖਤ ਤੋਂ ਵਿਰਵਾ ਹੈ। ਇੰਝ ਸ਼ਾਇਰਾ ਅਜਿਹੀ ਅਮਾਨਵੀ ਕਦਰਾਂ-ਕੀਮਤਾਂ ਵਾਲੀ ਦੁਨੀਆ ਦਾ ਮੰਥਨ ਕਰ ਆਪਣੀ ਸਵੈਂ ਹੋਂਦ ਨੂੰ ਪਛਾਣਦੀ, ਆਪਣੇ ਹਾਸਿਲ ਤੱਕ ਪਹੁੰਚ ਕਰਦੀ ਹੈ।

**ਪੰਜਾਬੀ ਵਿਭਾਗ,**
**ਦਿੱਲੀ ਯੂਨੀਵਰਸਿਟੀ, ਦਿੱਲੀ**

# ਰਾਜਨੀਤਕ ਚੇਤਨਾ ਦਾ ਕਹਾਣੀਕਾਰ : ਹਰਭਜਨ ਸਿੰਘ ਸਾਗਰ

## (ਕਹਾਣੀ-ਸੰਗ੍ਰਹਿ 'ਯਾਤਰੀ' ਦੇ ਆਧਾਰ 'ਤੇ)

❑ ਡਾ. ਹੀਰਾ ਸਿੰਘ

ਇਕੱਵੀ ਸਦੀ ਦੇ ਵਿਸ਼ਵੀਕਰਣ ਦੇ ਦੌਰ ਵਿਚ ਜਦੋਂ ਪੰਜਾਬੀ ਲੋਕ ਸੰਸਾਰ ਦੇ 150 ਦੇਸ਼ਾਂ ਵਿਚ ਵਸ ਰਹੇ ਹਨ, ਸੰਸਾਰ ਭਰ ਵਿਚ ਵਸਦੇ ਚੌਦਾਂ ਕਰੋੜ ਲੋਕਾਂ ਦੀ ਮਾਂ-ਬੋਲੀ ਪੰਜਾਬੀ ਹੈ, ਭਾਰਤੀ ਪੰਜਾਬ ਤੋਂ ਇਲਾਵਾ ਦਿੱਲੀ, ਹਰਿਆਣਾ ਅਤੇ ਕੈਨੇਡਾ ਵਿਚ ਇਸ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ। ਕੰਪਿਊਟਰ ਦੀ ਭਾਸ਼ਾ ਬਣ ਕੇ ਇੰਟਰਨੈੱਟ ਰਾਹੀਂ ਸਮੁੱਚੇ ਸੰਸਾਰ ਦੇ ਪੰਜਾਬੀਆਂ ਨੂੰ ਇਕ ਸੂਤਰ ਵਿਚ ਪ੍ਰੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ ਤਾਂ ਸਾਨੂੰ ਪੰਜਾਬੀ ਸਾਹਿਤ ਨੂੰ ਖੇਤਰ ਦੇ ਆਧਾਰ 'ਤੇ ਵੰਡਣ ਬਾਰੇ ਫਿਰ ਤੋਂ ਸੋਚਣ ਦੀ ਜ਼ਰੂਰਤ ਹੈ।

ਹੁਣ ਤਕ ਭਾਰਤੀ ਪੰਜਾਬ 'ਚ ਰਚੇ ਗਏ ਸਾਹਿਤ ਨੂੰ ਹੀ ਮੁੱਖਧਾਰਾ ਦਾ ਸਾਹਿਤ ਮੰਨਿਆ ਜਾਂਦਾ ਰਿਹਾ ਹੈ। ਇਸ ਤੋਂ ਬਾਹਰ ਦੇ ਸਾਹਿਤ ਨੂੰ ਪਾਕਿਸਤਾਨੀ ਪੰਜਾਬੀ ਸਾਹਿਤ, ਪਰਵਾਸੀ ਪੰਜਾਬੀ ਸਾਹਿਤ, ਹਰਿਆਣੇ ਦਾ ਪੰਜਾਬੀ ਸਾਹਿਤ ਆਦਿ ਨਾਵਾਂ ਅਧੀਨ ਵਿਚਾਰਿਆ ਜਾਂਦਾ ਰਿਹਾ ਹੈ। ਖ਼ੈਰ, ਇਹ ਡੂੰਘੇ ਅਤੇ ਵੱਡੀ ਵਿਚਾਰ ਚਰਚਾ ਦੇ ਮਸਲੇ ਹਨ। ਹੱਥਲੇ ਪਰਚੇ ਦੀ ਸੀਮਾ ਜੰਮੂ-ਕਸ਼ਮੀਰ ਦੀ ਧਰਤੀ 'ਤੇ ਰਹਿ ਕੇ ਪੰਜਾਬੀ ਕਹਾਣੀਆਂ ਲਿਖ ਰਹੇ ਕਹਾਣੀਕਾਰ ਹਰਭਜਨ ਸਿੰਘ ਸਾਗਰ ਦੀ ਪੁਸਤਕ ਯਾਤਰੀ ਵਿਚ ਪੇਸ਼ ਕਹਾਣੀਆਂ ਦਾ ਅਧਿਐਨ ਵਿਸ਼ਲੇਸ਼ਣ ਕਰਨ ਤਕ ਸੀਮਿਤ ਹੈ।

ਹਰਭਜਨ ਸਿੰਘ ਸਾਗਰ ਦਾ ਇਹ ਦੂਸਰਾ ਕਹਾਣੀ-ਸੰਗ੍ਰਹਿ ਹੈ। ਪਹਿਲਾ ਕਹਾਣੀ-ਸੰਗ੍ਰਹਿ ਦਾਇਰੇ 1979 ਵਿਚ ਪ੍ਰਕਾਸ਼ਤ ਹੋਇਆ ਸੀ । ਇਹ ਦੂਸਰਾ ਕਹਾਣੀ- ਸੰਗ੍ਰਹਿ ਯਾਤਰੀ ਪਹਿਲੇ ਕਹਾਣੀ-ਸੰਗ੍ਰਹਿ ਤੋਂ ਤਕਰੀਬਨ ਸਤਾਰਾਂ ਸਾਲ ਬਾਅਦ 1996 ਈ. ਵਿਚ ਪ੍ਰਕਾਸ਼ਤ ਹੁੰਦਾ ਹੈ। ਅੱਜ 2007 ਵਿਚ ਇਸ ਸੰਗ੍ਰਹਿ ਨੂੰ ਪ੍ਰਕਾਸ਼ਤ ਹੋਇਆਂ ਵੀ ਦਸ-ਗਿਆਰਾਂ ਸਾਲ ਹੋ ਗਏ ਹਨ। ਅਧਿਐਨ ਵਿਸ਼ਲੇਸ਼ਣ ਕਰਦਿਆਂ ਸਮੇਂ ਦੇ ਇਸ ਫ਼ਰਕ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। 130 ਸਫ਼ਿਆਂ ਦੇ ਇਸ ਸੰਗ੍ਰਹਿ ਵਿਚ ਕੁੱਲ 22 ਕਹਾਣੀਆਂ ਹਨ। ਪਹਿਲਾਂ ਅਸੀਂ ਇਹਨਾਂ ਕਹਾਣੀਆਂ ਦੀ ਵਿਸ਼ਾ-ਵਸਤੂ ਪੱਖ ਤੋਂ ਚਰਚਾ ਕਰਾਂਗੇ ਤੇ ਫਿਰ ਕਲਾਤਮਕ ਜਾਂ ਬਣਤਰ ਪੱਖ ਬਾਰੇ ਵਿਚਾਰ ਕਰਾਂਗੇ।

ਵਿਸ਼ਾ-ਵਸਤੂ ਦੇ ਪੱਖ ਤੋਂ ਇਸ ਕਹਾਣੀ-ਸੰਗ੍ਰਹਿ ਵਿਚਲੀਆਂ ਸਮੁੱਚੀਆਂ ਕਹਾਣੀਆਂ ਨੂੰ ਪੰਜ ਵਰਗਾਂ ਵਿਚ ਵੰਡ ਸਕਦੇ ਹਾਂ:

1. ਧਰਮ ਦੇ ਵਿਸ਼ੇ ਨਾਲ ਸੰਬੰਧਿਤ ਕਹਾਣੀਆਂ

2. ਮਨੋਵਿਗਿਆਨਕ ਜਾਂ ਲਿੰਗਕ ਵਿਸ਼ਿਆਂ ਨਾਲ ਸੰਬੰਧਿਤ ਕਹਾਣੀਆਂ

3. ਆਰਥਿਕ ਲੁੱਟ ਜਾਂ ਵਰਗ ਆਧਾਰਿਤ ਕਹਾਣੀਆਂ

4. ਰਾਜਨੀਤਕ ਚਿੰਤਨ ਦੀਆਂ ਕਹਾਣੀਆਂ

5. ਫੁਟਕਲੀ ਵਿਸ਼ਿਆਂ ਨਾਲ ਸੰਬੰਧਿਤ ਕਹਾਣੀਆਂ

ਹੁਣ ਅਸੀਂ ਇਹਨਾਂ ਪੰਜ ਆਧਾਰਾਂ ਤੇ ਇਸ ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਦਾ ਅਧਿਐਨ ਵਿਸ਼ਲੇਸ਼ਣ ਕਰਦੇ ਹਾਂ।

**1. ਧਰਮ ਦੇ ਵਿਸ਼ੇ ਨਾਲ ਸੰਬੰਧਿਤ ਕਹਾਣੀਆਂ**

ਧਰਮ ਭਾਰਤੀ ਸਭਿਅਤਾ ਦਾ ਮੂਲ ਆਧਾਰ ਰਿਹਾ ਹੈ। ਇਥੇ ਜਿੰਨੀ ਧਾਰਮਿਕ ਉੱਚਤਾ ਅਤੇ ਸੁੱਚਤਾ ਰਹੀ ਹੈ, ਉਨ੍ਹੀ ਹੀ ਧਾਰਮਿਕ ਗਿਰਾਵਟ ਅਤੇ ਧਰਮਹੀਣਤਾ ਵੀ ਰਹੀ ਹੈ। ਸਮੇਂ-ਸਮੇਂ ਤੇ ਕਦੀ ਧਰਮ ਆਪਣੇ ਪੂਰੇ ਪਵਿੱਤਰ ਤੇ ਉਸਾਰੂ ਰੂਪ ਵਿਚ ਪ੍ਰਕਾਸ਼ਮਾਨ ਹੁੰਦਾ ਹੈ ਅਤੇ ਕਦੇ ਓਨਾਂ ਹੀ ਆਪਣਾ ਕਪਟੀ ਢੌਂਗੀ ਅਤੇ ਵਿਨਾਸ਼ਕਾਰੀ ਰੂਪ ਵੀ ਪ੍ਰਗਟ ਕਰਦਾ ਹੈ। ਭਗਤੀ ਲਹਿਰ ਅਤੇ ਸਿੱਖ ਧਰਮ ਦਾ ਉਥਾਨ ਧਰਮ ਦੇ ਪਹਿਲੇ ਰੂਪ ਨੂੰ ਪੇਸ਼ ਕਰਦਾ ਹੈ, ਜਦ ਕਿ ਪੰਜਾਬ ਵਿਚ 1984, ਦਿੱਲੀ ਦੇ ਦੰਗੇ ਅਤੇ ਬਾਬਰੀ ਮਸਜਿਦ ਦਾ ਵਿਵਾਦ ਧਰਮ ਦੇ ਦੂਸਰੇ ਰੂਪ ਨੂੰ ਪੇਸ਼ ਕਰਦੇ ਹਨ। ਹਰਭਜਨ ਸਿੰਘ ਸਾਗਰ ਨੇ ਇਸ ਸੰਗ੍ਰਹਿ ਵਿਚ ਸ਼ਾਮਲ ਦੋ ਕਹਾਣੀਆਂ ਰਾਹੀਂ ਧਰਮ ਦੇ ਦੋਵਾਂ ਰੂਪਾਂ ਨੂੰ ਪੇਸ਼ ਕੀਤਾ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਗੁਪਤ ਨੇਤਰ ਦਾ ਪ੍ਰਕਾਸ਼' ਪਹਿਲਾਂ ਹਿੰਦੂ ਧਰਮ ਵਿਚਲੀ ਛੂਤ-ਛਾਤ ਦੀ ਪ੍ਰਥਾ ਨੂੰ ਉਜਾਗਰ ਕਰਦਾ ਹੋਇਆ ਭਾਰਤ ਵਿਚ ਵਸਦੇ ਚਾਰ ਵਰਣਾਂ ਵਿਚ ਆਏ ਮੁਸਲਿਮ ਭਾਈਚਾਰੇ ਦੀ ਗੱਲ ਵੀ ਕਰਦਾ ਹੈ। ਕਹਾਣੀ ਦੇ ਅੰਤ 'ਤੇ ਸ਼ਿਵ ਦੀ ਮੂਰਤੀ 'ਚੋਂ ਨਿਕਲੀ ਰੌਸ਼ਨੀ ਬ੍ਰਾਹਮਣ ਨੂੰ ਕੁਦਰਤ ਦੀ ਏਕਤਾ ਦੇ ਦਰਸ਼ਨ ਕਰਵਾਉਂਦੀ ਹੈ ਤਾਂ ਉਹ ਧਰਮ ਦੇ ਸਹੀ ਅਰਥ ਸਮਝਦਾ ਹੈ। ਦੂਸਰੀ ਕਹਾਣੀ 'ਤੀਜੀ ਅੱਖ' ਹੈ, ਜਿਸ ਵਿਚ 1984 ਵੇਲੇ ਦੇ ਪੰਜਾਬ ਦੇ ਹਲਾਤਾਂ ਦੀ ਪੇਸ਼ਕਾਰੀ ਕਰਕੇ ਉਸ ਸਮੇਂ ਪੰਜਾਬੀਆਂ ਅੰਦਰ ਪੈਦਾ ਹੋਏ 'ਬੇਗਾਨਗੀ' ਦੇ ਅਹਿਸਾਸ ਨੂੰ ਪੇਸ਼ ਕੀਤਾ ਗਿਆ ਹੈ।

**2. ਮਨੋਵਿਗਿਆਨਕ ਜਾਂ ਲਿੰਗਕ ਵਿਸ਼ਿਆਂ ਨਾਲ ਸੰਬੰਧਿਤ ਕਹਾਣੀਆਂ**

ਪੱਛਮੀ ਵਿਦਵਾਨ ਫ਼ਰਾਇਡ (1856-1939) ਦੇ ਚਿੰਤਨ, ਉਸ ਦੇ ਪ੍ਰਯੋਗ ਅਤੇ ਉਸ ਦੀਆਂ ਲਿਖਤਾਂ ਨੇ ਸੰਸਾਰ ਨੂੰ ਵੇਖਣ ਸਮਝਣ ਦੀ ਇਕ ਨਵੀਂ ਦ੍ਰਿਸ਼ਟੀ ਦਿੱਤੀ ਹੈ। ਫ਼ਰਾਇਡ ਦੀਆਂ ਲਿਖਤਾਂ ਤੋਂ ਬਾਅਦ ਮਨੁੱਖਾਂ ਦੇ ਲਿੰਗਕ ਸੰਬੰਧ ਅਤੇ ਮਨੋਵਿਗਿਆਨ ਦਾ ਵਿਸ਼ਾ ਵਿਦਵਾਨਾਂ ਸਾਹਮਣੇ ਇਕ ਨਵੇਂ ਰੂਪ ਵਿਚ ਪੇਸ਼ ਹੋਇਆ ਹੈ। ਹਰਭਜਨ ਸਿੰਘ ਸਾਗਰ ਦੀ ਕਹਾਣੀ ਬਾਦਸ਼ਾਹ ਕਿਥੇ ਹੈ

ਉਪਰੋਕਤ ਵਿਸ਼ਿਆਂ ਨੂੰ ਛੂਹਦੀ ਹੋਈ ਬਹੁਤ ਹੀ ਖ਼ੂਬਸੂਰਤ ਕਹਾਣੀ ਹੈ। ਇਸ ਵਿਚ ਇਕ ਵੱਡੀ ਉਮਰ ਦਾ ਸੈਠ ਆਪਣੀ ਪਤਨੀ ਦੇ ਮਰਨ ਉਪਰੰਤ ਆਪਣੇ ਪੁੱਤਰ ਦੇ ਜਵਾਨ ਹੋਣ 'ਤੇ ਵੀ ਆਪਣੇ ਗ਼ਰੀਬ ਮਾਲੀ ਦੀ ਮੌਤ ਉਪਰੰਤ ਉਸ ਦੀ ਜਵਾਨ ਧੀ ਨਾਲ ਵਿਆਹ ਕਰਵਾ ਲੈਂਦਾ ਹੈ। ਇਹ ਵਿਆਹ ਇਸ ਬਿਰਤੀ ਅਧੀਨ ਹੋਇਆ ਕਿ ਮਰਦ ਦੇ ਅੰਗ ਪੈਰ ਚਾਹੇ ਬੁੱਢੇ ਹੋ ਜਾਣ, ਪਰ ਉਸ ਦੀ ਹਿਰਸ ਨਹੀਂ ਮਰਦੀ। ਸੇਠ ਵਿਆਹ ਦੀ ਉਮਰ ਨਾ ਹੋਣ 'ਤੇ ਵੀ ਵਿਆਹ ਕਰਵਾ ਲੈਂਦਾ ਹੈ, ਕਿਉਂਕਿ ਉਸ ਕੋਲ ਦੌਲਤ ਦੇ ਢੇਰ ਹਨ। ਦੌਲਤ ਦਾ ਨਸ਼ਾ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਪੈਸੇ ਕਾਰਨ ਮਨੁੱਖ ਅੰਦਰ ਆਈ ਵਪਾਰਕ ਬਿਰਤੀ ਵਸਤਾਂ ਖ਼ਰੀਦਦੀ ਖ਼ਰੀਦਦੀ ਮਨੁੱਖਾਂ ਨੂੰ ਵਸਤ ਵਾਂਗ ਸਮਝਣ ਲੱਗ ਪੈਂਦੀ ਹੈ। ਦੂਸਰੇ ਪਾਸੇ ਮਾਲੀ ਦੀ ਜਵਾਨ ਲੜਕੀ ਆਪਣੀ ਮਜਬੂਰੀ ਕਾਰਨ ਵਿਆਹ ਕਰਵਾਉਂਦੀ ਹੈ। ਸੇਠ ਵਿਆਹ ਕਰਕੇ ਉਪਰਲੇ ਮਨੋ ਤਾਂ ਸੰਤੁਸ਼ਟ ਲੱਗਦਾ ਹੈ, ਪਰ ਅੰਦਰੋਂ ਉਸ ਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੈ। ਇਸ ਕਮਜ਼ੋਰੀ ਦੀ ਪੂਰਤੀ ਉਹ ਪਤਨੀ ਨੂੰ ਗਹਿਣੇ ਕੱਪੜੇ ਦੇ ਕੇ ਅਤੇ ਸੈਰ ਕਰਵਾ ਕੇ ਕਰਨਾ ਚਾਹੁੰਦਾ ਹੈ, ਪਰ ਉਸ ਦੀ ਪਤਨੀ ਦਾ ਇਹਨਾਂ ਗੱਲਾਂ ਵੱਲ ਕੋਈ ਧਿਆਨ ਨਹੀਂ ਜਾਂਦਾ, ਜਿਸ ਕਾਰਨ ਉਸ ਨੂੰ ਹਰ ਵੇਲੇ ਆਪਣੀ ਪਤਨੀ ਦੀ ਬੇਵਫ਼ਾਈ ਦਾ ਤੌਖ਼ਲਾ ਰਹਿੰਦਾ ਹੈ। ਘਰ ਵਿਚ ਜਵਾਨ ਪੁੱਤਰ ਹੈ, ਉਸ ਉੱਤੇ ਵੀ ਸ਼ੱਕ ਰਹਿੰਦਾ ਹੈ। ਇਸ ਸ਼ੱਕ ਪਿੱਛੇ ਪੂਰਨ ਅਤੇ ਲੂਣਾ ਦੀ ਮਿੱਥ ਵੀ ਕੰਮ ਕਰਦੀ ਹੈ। ਸੇਠ ਦੇ ਸਰੀਰ ਨੂੰ ਲੱਗੀਆਂ ਅੱਖਾਂ ਹਰ ਵੇਲੇ ਉਸ ਦੀ ਜਵਾਨ ਪਤਨੀ ਤੇ ਪੁੱਤਰ ਨੂੰ ਦੂਰ- ਦੂਰ ਵੇਖਦੀਆਂ ਹਨ, ਪਰ ਉਸ ਦੇ ਮਨ ਨੂੰ ਲੱਗੀਆਂ ਅੱਖਾਂ ਹਰ ਸਮੇਂ ਉਨ੍ਹਾਂ ਨੂੰ ਇਕ ਹੋਇਆ ਵੇਖਦੀਆਂ ਹਨ। ਸੇਠ ਦੀ ਇਸ ਮਾਨਸਿਕ ਕਸ਼ਮਕਸ਼ ਨੂੰ ਕਹਾਣੀਕਾਰ ਨੇ ਬਾਖ਼ੂਬੀ ਪੇਸ਼ ਕੀਤਾ ਹੈ।

ਅਜਿਹੀ ਦੂਸਰੀ ਕਹਾਣੀ 'ਜੂਠ' ਹੈ, ਜਿਸ ਵਿਚ ਇਕ ਜਵਾਨ ਕੁੜੀ ਦੇ ਹਮ- ਉਮਰ ਘਰੇਲੂ ਨੌਕਰ ਨਾਲ ਜਿਸਮਾਨੀ ਸੰਬੰਧਾਂ ਨੂੰ ਪੇਸ਼ ਕੀਤਾ ਹੈ। ਇਹ ਕਹਾਣੀ ਸਾਡੇ ਸਮਾਜ ਦੀਆਂ ਦੋ ਪਰਤਾਂ ਨੂੰ ਪੇਸ਼ ਕਰਦੀ ਹੈ। ਇਕ ਪਾਸੇ ਮਨੋਵਿਗਿਆਨਕ ਪੱਖ ਹੈ, ਜਿਸ ਅਧੀਨ ਲਾਪਰਵਾਹ ਅਤੇ ਸ਼ਰਾਬੀ ਬਾਪ ਦੀ ਹਾਜ਼ਰੀ ਵਿਚ ਲੜਕੀ ਦਾ ਨੌਕਰ ਵੱਲ ਉਲਾਰ ਹੋਣਾ ਹੈ। ਜਦੋਂ ਰਾਤ ਦਾ ਕੰਮ ਮੁਕਾਉਣ ਉਪਰੰਤ ਨੌਕਰ ਛੋਟੀ ਬੀਬੀ ਲਈ ਦੁੱਧ ਦਾ ਗਿਲਾਸ ਲੈ ਕੇ ਉਸ ਦੇ ਕਮਰੇ ਵਿਚ ਜਾਂਦਾ ਹੈ ਤਾਂ ਅੱਗੋਂ ਕਾਲਜ ਵਿਚ ਪੜ੍ਹਦੀ ਲੜਕੀ ਉਸ ਨੂੰ ਗੱਲਾਂ 'ਚ ਲਾ ਕੇ ਸਰੀਰਕ ਸੰਬੰਧ ਕਾਇਮ ਕਰਨ ਲਈ ਵਰਗਲਾ ਲੈਂਦੀ ਹੈ। ਇਹ ਦੋ ਜਵਾਨ ਸਰੀਰਾਂ ਦਾ ਇਕ ਕੁਦਰਤੀ ਵਰਤਾਰਾ ਜਾਂ ਕੁਦਰਤੀ ਸੰਬੰਧ ਹੈ। ਦੂਸਰੀ ਪਰਤ ਹੈ ਸਮਾਜਿਕ ਸਥਿਤੀ ਦੀ ਜਦੋਂ ਦੋਵਾਂ ਨੂੰ ਇਕ ਹੋਇਆ ਕੁੜੀ ਦਾ ਬਾਪ ਵੇਖ ਲੈਂਦਾ ਹੈ ਤਾਂ ਨੌਕਰ ਸੋਚਦਾ ਹੈ ਕਿ ਹੁਣ ਇਸ ਮੁਸੀਬਤ ਵਿੱਚੋਂ ਇਹ ਕੁੜੀ ਹੀ ਬਚਾਵੇਗੀ, ਪਰ ਕੁੜੀ (ਜਿਸ ਨੇ ਨੌਕਰ ਨਾਲ ਸਿਰਫ਼ ਆਪਣੇ ਸਰੀਰਕ ਸੰਬੰਧ ਹੀ ਬਣਾਏ ਸਨ, ਨਾ ਕਿ ਮਾਨਸਿਕ ਜਾਂ ਆਤਮਿਕ) ਇਕਦਮ ਆਪਣੀ ਸਥਿਤੀ ਬਦਲਦੀ ਹੋਈ ਸਾਰਾ ਦੋਸ਼ ਉਸ ਸਿਰ ਮੜ ਦਿੰਦੀ ਹੈ। ਇਹ ਅਮੀਰ ਵਰਗ ਦੁਆਰਾ ਗਰੀਬ ਵਰਗ ਦਾ ਇਕ ਪ੍ਰਕਾਰ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਹੀ ਹੈ। ਲੜਕੀ ਦੇ ਇਸ ਬਦਲੇ ਹੋਏ ਵਿਹਾਰ ਨੂੰ ਵੇਖ ਕੇ ਨੌਕਰ ਸੋਚਦਾ ਹੈ

ਕਿ ਸ਼ੁਰੂ ਵਿਚ ਉਸ ਨੂੰ ਆਪਣਾ ਆਪ ਜੂਠ ਲੱਗਦਾਰ ਸੀ, ਪਰ ਹੁਣ ਉਸ ਨੂੰ ਇਹ ਲੜਕੀ ਜੂਠੇ ਭਾਂਡਿਆਂ ਨਾਲ ਖਲੋਤੀ ਇਕ ਜੂਠ ਹੀ ਲੱਗਦੀ ਹੈ।

**3. ਆਰਥਿਕ ਲੁੱਟ ਜਾਂ ਵਰਗ ਆਧਾਰਿਤ ਕਹਾਣੀਆਂ**

ਵਿਸ਼ਵ ਪ੍ਰਸਿੱਧ ਚਿੰਤਕ ਕਾਰਲ ਮਾਰਕਸ ਨੇ ਆਪਣੀਆਂ ਰਚਨਾਵਾਂ ਵਿਚ ਸਾਬਤ ਕੀਤਾ ਹੈ ਕਿ ਮਨੁੱਖੀ ਸਮਾਜ ਆਪਣੇ ਪਹਿਲੇ ਪੜਾਅ ਨੂੰ ਛੱਡ ਕੇ ਹਮੇਸ਼ਾ ਦੋ ਵਰਗਾਂ ਵਿਚ ਹੀ ਵੰਡਿਆ ਰਿਹਾ ਹੈ। ਲੁੱਟਣ ਵਾਲੇ ਅਤੇ ਲੁੱਟੇ ਜਾਣ ਵਾਲੇ। ਲੁੱਟਣ ਵਾਲਿਆਂ ਨੇ ਹਰ ਯੁਗ ਵਿਚ ਆਪਣੀ ਲੁੱਟ ਨੂੰ ਲੁਕਾਉਣ ਲਈ ਕਈ ਪ੍ਰਕਾਰ ਦੇ ਭਰਮ-ਭੁਲੇਖੇ ਪਾਉਣ ਦੀ ਕੋਸ਼ਿਸ਼ ਕੀਤੀ ਹੈ। ‘ਪਛਾਣ', 'ਕਲਾ ਦਾ ਮੁੱਲ' ਅਤੇ 'ਪਰਾਏ ਖੇਤ ਦੀ ਫ਼ਸਲ' ਇਸ ਵਰਗ ਦੀਆਂ ਕਹਾਣੀਆਂ ਹਨ। ਸਮੇਂ ਦੇ ਪਰਿਵਰਤਨ ਨਾਲ ਲੁੱਟ ਦਾ ਸਾਮਾਨ ਅਤੇ ਲੁੱਟ ਦੇ ਢੰਗ ਹੀ ਬਦਲਦੇ ਰਹੇ ਹਨ। ‘ਪਛਾਣ’ ਕਹਾਣੀ ਰਾਹੀਂ ਕਹਾਣੀਕਾਰ ਨੇ ਸਮਾਜ ਦੇ ਲੁੱਟੇ ਜਾ ਰਹੇ ਵਰਗ ਨੂੰ ਉਸ ਦਾ ਇਤਿਹਾਸ ਯਾਦ ਕਰਵਾ ਕੇ ਵਰਤਮਾਨ ਲੁੱਟ ਤੋਂ ਚੇਤੰਨ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਕਲਾ ਦਾ ਮੁੱਲ' ਕਹਾਣੀ ਵੀ ਮੱਧਕਾਲ ਵਿਚ ਕਲਾਕਾਰਾਂ ਅਤੇ ਮਜ਼ਦੂਰਾਂ 'ਤੇ ਹੁੰਦੇ ਅਤਿਆਚਾਰਾਂ ਦੀ ਤਸਵੀਰ ਪੇਸ਼ ਕਰਦੀ ਹੈ। ਮਜ਼ਦੂਰਾਂ ਤੋਂ ਮਜ਼ਦੂਰੀ ਲੈਣ ਲਈ ਕਿਵੇਂ ਉਹਨਾਂ ਦੀਆਂ ਭਾਵਨਾਵਾਂ ਦਾ ਵੀ ਦਮਨ ਕੀਤਾ ਜਾਂਦਾ ਸੀ, ਇਹ ਕਹਾਣੀ ਬਾਖ਼ੂਬੀ ਪੇਸ਼ ਕਰਦੀ ਹੈ। 'ਪਰਾਏ ਖੇਤ ਦੀ ਫ਼ਸਲ’ ਅਜਿਹੀ ਕਹਾਣੀ ਹੈ, ਜਿਸ ਵਿਚ ਅਜੋਕੇ ਦੌਰ ਦੀ ਬਹੁਤ ਹੀ ਸੂਖ਼ਮ ਅਤੇ ਸੰਵੇਦਨਸ਼ੀਲ ਲੁੱਟ ਨੂੰ ਪੇਸ਼ ਕੀਤਾ ਗਿਆ ਹੈ। ਪਹਿਲੇ ਸਮਿਆਂ ਵਿਚ ਹਾਕਮ ਧਿਰ ਮਜ਼ਦੂਰਾਂ ਤੋਂ ਉਹਨਾਂ ਦੀ ਸਰੀਰਕ ਮਿਹਨਤ ਹੀ ਲੁੱਟਦੀ ਸੀ, ਪਰ ਅਜੋਕੇ ਸਰਮਾਏਦਾਰੀ ਦੇ ਯੁੱਗ ਵਿਚ ਵਿਗਿਆਨਕ ਤਰੱਕੀ ਦਾ 'ਲਾਭ' ਲੈਂਦਿਆਂ ਹੋਇਆਂ ਗ਼ਰੀਬ ਲੋਕਾਂ ਦੇ ਸਰੀਰ ਦੀਆਂ ਅੰਦਰੂਨੀ ਯੋਗਤਾਵਾਂ ਨੂੰ ਵੀ ਖ਼ਰੀਦਿਆ ਜਾ ਰਿਹਾ ਹੈ। ਇਕ ਆਈ.ਏ.ਐਸ. ਅਫ਼ਸਰ ਦੀ ਪਤਨੀ ਅਤੇ ਸੇਠ ਦੀ ਧੀ ਆਪਣੇ ਕਿਸੇ ਸਰੀਰਕ ਨੁਕਸ ਕਾਰਨ ਮਾਂ ਨਹੀਂ ਬਣ ਸਕਦੀ। ਸੇਠ ਆਪਣੀ ਧੀ ਦੀ ਖ਼ੁਸ਼ੀ ਲਈ ਕਿਸੇ ਦੀ ਕੁੱਖ ਕਿਰਾਏ 'ਤੇ ਲੈਣ ਲਈ ਸੌਦਾ ਕਰਦਾ ਹੈ। ਕਿਰਾਏ ਦੀ ਕੁੱਖ ਕੇਵਲ ਸਰੀਰਕ ਖ਼ਰੀਦ ਹੀ ਨਹੀਂ ਹੈ, ਸਗੋਂ ਮਾਨਸਿਕ ਭਾਵਨਾਵਾਂ ਦੀ ਵੀ ਖ਼ਰੀਦਦਾਰੀ ਹੈ। ਕਹਾਣੀ ਦਾ ਦੂਸਰਾ ਪਹਿਲੂ ਅਜੋਕੇ ਪਦਾਰਥਵਾਦੀ ਯੁੱਗ ਵਿਚ ਹਰ ਇਨਸਾਨ ਨੂੰ ਪਦਾਰਥਕ ਸੁੱਖ ਸਹੂਲਤਾਂ ਦਾ ਗ਼ੁਲਾਮ ਬਣਾਉਂਦਾ ਹੈ। ਪਦਾਰਥਕ ਸਹੂਲਤਾਂ ਦੀ ਦੌੜ ਵਿਚ ਸ਼ਾਮਲ ਨਾਰੀ ਭਾਵਨਾਵਾਂ ਤੋਂ ਨਿਰਲੇਪ ਹੋ ਕੇ ਸਿਰਫ਼ ਪੈਸੇ ਬਾਰੇ ਹੀ ਸੋਚਦੀ ਹੈ। ਕਹਾਣੀ ਦੇ ਅੰਤ ਦੇ ਇਸ ਪ੍ਰਕਾਰ ਦਾ ਵਾਰਤਾਲਾਪ ਹੈ ਕਿ :

“ਨਰਸ ਇਹ ਹੇਠਾਂ ਕੀ ਸ਼ੋਰ ਹੋ ਰਿਹਾ ਹੈ?

“ਬੀਬੀ ਜੀ! ਇਹ ਜਿਹੜੀ ਔਰਤ ਹੇਠਾਂ ਰੋ ਰਹੀ ਹੈ। ਅੱਜ ਤੋਂ ਚਾਰ ਵਰ੍ਹੇ ਪਹਿਲਾਂ ਵੀ ਇੰਜ ਹੀ ਹੋਈ ਸੀ, ਜਦ ਇਸ ਨੇ ਇਸ ਹੀ ਨਰਸਿੰਗ ਹੋਮ ਵਿਚ ਇਕ ਅਪਾਹਿਤ ਬੱਚੇ ਨੂੰ ਜਨਮ ਦਿੱਤਾ।”

"ਅਪਾਹਿਜ ਬੱਚਾ?

"ਹਾਂ, ਬੀਬੀ ਜੀ! ਉਹ ਜਨਮ ਤੋਂ ਹੀ ਅਪਾਹਿਜ ਸੀ। ਪਰ ਪਿਛਲੇ ਦਿਨਾਂ ਉਹ ਬੀਮਾਰ ਹੋਇਆ ਅਤੇ ਇਥੇ ਹੀ ਇਲਾਜ ਲਈ ਦਾਖ਼ਲ ਕੀਤਾ ਗਿਆ। ਅੱਜ ਉਹ ਵਿਚਾਰਾ ਮਰ ਗਿਆ। ਇਸੇ ਕਾਰਨ ਇਹ ਔਰਤ ਰੋ ਰਹੀ ਹੈ।"

"ਅਪਾਹਿਜ ਬੱਚੇ ਲਈ?"

ਸ਼ਾਇਦ ਨਰਸ ਨੇ ਉਹਦਾ ਸਵਾਲ ਹੀ ਨਹੀਂ ਸੁਣਿਆ। ਪਰ ਜਵਾਬ ਦੀ ਭਾਲ ਵਿਚ ਉਸ ਦੀਆਂ ਨਜ਼ਰਾਂ ਮੁੜ ਟੇਬਲ 'ਤੇ ਪਏ ਬਰੀਫ-ਕੇਸ 'ਤੇ ਜਾ ਪਈਆਂ। ਇੰਜ ਇਹ ਕਹਾਣੀ ਮਾਨਵੀ ਲੁੱਟ ਦੇ ਇਕ ਨਵੇਂ ਅਧਿਆਇ ਦੀ ਪੇਸ਼ਕਾਰੀ: ਕਰਦੀ ਹੈ।

**4. ਰਾਜਨੀਤਕ ਚਿੰਤਨ ਦੀਆਂ ਕਹਾਣੀਆਂ**

ਹਰਭਜਨ ਸਿੰਘ ਸਾਗਰ ਦੇ ਕਹਾਣੀ ਸੰਗ੍ਰਹਿ ਯਾਤਰੀ ਵਿਚ ਰਾਜਨੀਤੀ ਦੇ ਵਿਸ਼ੇ ਨਾਲ ਸੰਬੰਧਿਤ ਕਹਾਣੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। 'ਪੈਨਸ਼ਨ ਕੇਸ' 'ਪਤੰਗਬਾਜ਼', 'ਅਪਾਹਿਜ', 'ਇਹ ਕਾਫ਼ਲੇ ਕਿਤ ਵੱਲ ਜਾਣ', 'ਧਰਮ ਨਿਰਪੇਖ ਅਤੇ 'ਯਾਤਰੀ' ਕਹਾਣੀਆਂ ਰਾਜਨੀਤਕ ਮਸਲਿਆਂ ਨਾਲ ਸੰਬੰਧਿਤ ਹਨ। ਇਹਨਾਂ ਕਹਾਣੀਆਂ ਵਿਚ ਪੇਸ਼ ਰਾਜਨੀਤੀ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ। ਪਹਿਲੀ ਇਹ ਕਿ ਇਹ ਰਾਜਨੀਤੀ ਨਾਕਾਰਾਤਮਕ ਰੂਪ ਵਿਚ ਹੀ ਪੇਸ਼ ਹੋਈ ਹੈ। ਦੂਸਰੀ ਇਹ ਰਾਜਨੀਤਕ ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮਸਲਿਆਂ ਨਾਲ ਸੰਬੰਧਿਤ ਹੈ।

'ਪੈਨਸ਼ਨ ਕੇਸ' ਕਹਾਣੀ ਵਿਚ ਵਰਗ ਆਧਾਰਿਤ ਰਾਜਨੀਤੀ ਨੂੰ ਪੇਸ਼ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਅੰਗਰੇਜ਼ਾਂ ਦੇ ਚਲੇ ਜਾਣ ਬਾਅਦ ਭਾਰਤ ਸੱਚੇ ਅਰਥਾਂ ਵਿਚ ਆਜ਼ਾਦ ਨਹੀਂ ਸੀ ਹੋਇਆ, ਸਗੋਂ ਦੇਸ਼ 'ਤੇ ਪਹਿਲਾਂ ਵਾਂਗ ਹੀ ਅਮੀਰ ਵਰਗ ਰਾਜ ਕਰ ਰਿਹਾ ਸੀ। ਇਹ ਵਰਗ ਸੱਚੇ-ਸੁੱਚੇ ਲੋਕਾਂ ਨੂੰ ਤੰਗ ਪਰੇਸ਼ਾਨ ਕਰਦਾ ਹੈ, ਜਿਸ ਕਰਕੇ ਅਜਿਹੇ ਮਾਹੌਲ ਵਿਚ ਸੱਚੇ-ਸੁੱਚੇ ਦੇਸ਼-ਭਗਤ ਲੋਕ ਘੱਟ ਰਹੇ ਹਨ। ਇਸ ਕਹਾਣੀ ਵਿਚ ਭ੍ਰਿਸ਼ਟ ਰਾਜਨੀਤਕ ਨੇਤਾ ਅਤੇ ਲੋਟੂ ਅਫ਼ਸਰਸ਼ਾਹੀ ਦਾ ਗਠਜੋੜ ਹੁੰਦਾ ਵਿਖਾਇਆ ਗਿਆ ਹੈ। 'ਪਤੰਗਬਾਜ਼' ਕਹਾਣੀ ਸੰਸਾਰ ਪੱਧਰ 'ਤੇ ਅਮਰੀਕਾ ਅਤੇ ਰੂਸ ਦੁਆਲੇ ਘੁੰਮਦੇ ਬਾਕੀ ਦੇਸ਼ਾਂ ਦੀ ਪਿਛਲੱਗ ਸਥਿਤੀ ਨੂੰ ਪੇਸ਼ ਕਰਦਾ ਹੈ। ਇਹਨਾਂ ਦੇਸ਼ਾਂ ਦੇ ਸਾਹਮਣੇ ਗੁੱਟ ਨਿਰਲੇਪ ਦੇਸ਼ਾਂ ਦੇ ਸੰਗਠਨ ਦੀ ਵੀ ਕੋਈ ਪੇਸ਼ ਨਹੀਂ ਚੱਲਦੀ। 'ਅਪਾਹਿਜ' ਕਹਾਣੀ ਦੇਸ਼ ਦੇ ਸੰਵਿਧਾਨ ਜਾਂ ਕਾਨੂੰਨ ਦੀ ਸਥਿਤੀ ਨੂੰ ਵਿਅੰਗ ਦੀ ਵਿਧੀ ਨਾਲ ਪੇਸ਼ ਕਰਦੀ ਹੈ ਅਤੇ ਇਸ ਵਿਚ ਸੰਵਿਧਾਨ ਜਾਂ ਕਾਨੂੰਨ ਦੀ ਪਿੱਠ ਪਿੱਛੇ ਰਾਜ ਕਰਦੇ ਵਿਸ਼ਿਸ਼ਟ ਵਰਗ ਨੂੰ ਬੜੀ ਕਲਾਕਾਰੀ ਨਾਲ ਪੇਸ਼ ਕੀਤਾ ਹੈ। ਇਹ ਵਿਸ਼ਿਸ਼ਟ ਵਰਗ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਸੋਧ-ਦਰ ਸੋਧ ਕਰੀ ਜਾਂਦੇ ਹਨ।

'ਇਹ ਕਾਫ਼ਲੇ ਕਿਤ ਵੱਲ ਜਾਣ' ਕਹਾਣੀ ਵਿਚ ਦੇਸ਼ ਅੰਦਰ ਫੈਲ ਰਹੇ ਅਸੰਤੋਸ਼ ਅਤੇ ਅਸੰਤੋਸ਼ ਕਾਰਨ ਇਕੱਠੇ ਹੋ ਰਹੇ ਵਰਗਾਂ ਨੂੰ ਬੇਅਸਰ ਕਰਨ ਦੀ ਗਾਥਾ ਹੈ। ਇਸ ਕਹਾਣੀ ਨੂੰ ਪੜ੍ਹਦਿਆਂ ਚੰਡੀਗੜ੍ਹ ਦਾ ਮਟਕਾ ਚੌਕ ਅਤੇ ਦਿੱਲੀ ਦਾ ਜੰਤਰ- ਮੰਤਰ ਚੌਕ ਯਾਦ ਆਉਂਦੇ ਹਨ। 'ਪੁਸਤਕ ਦੀ ਕਰਾਮਾਤ' ਕਹਾਣੀ ਵੀ ਸਾਡੀ ਗੁੰਝਲਦਾਰ ਅਤੇ ਲੰਮੀ ਨਿਆਂ ਵਿਵਸਥਾ ਦੇ ਤਾਣੇ-ਬਾਣੇ ਵਿਚ ਫਸੇ ਗ਼ਰੀਬਾਂ ਦੀ ਹਾਲਤ ਬਿਆਨ ਕਰਦੀ ਹੈ। ਆਮ ਆਦਮੀ ਨਿਆਂ ਦੀ ਆਸ ਵਿਚ ਅਦਾਲਤਾਂ ਵਿਚ ਜਾਂਦੇ ਹਨ, ਪਰ ਅੰਤ 'ਤੇ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ, ਪਰ ਉਹਨਾਂ ਨੂੰ ਠੱਗਣ ਵਾਲੇ ਚਿਹਰੇ ਕਿਤੇ ਵੀ ਨਜ਼ਰ ਨਹੀਂ ਆਉਂਦੇ। 'ਧਰਮ ਨਿਰਪੱਖ' ਕਹਾਣੀ ਵਿਚ ਰਾਜਨੀਤਕ ਲੀਡਰਾਂ ਦੁਆਰਾ ਧਰਮ ਦੇ ਨਾਂ 'ਤੇ ਦੇਸ਼ ਵਿਚ ਫੈਲਾਏ ਜਾ ਰਹੇ ਰਾਜਸੀ ਜ਼ਹਿਰ ਨੂੰ ਸਪੱਸ਼ਟ ਕੀਤਾ ਹੈ। ਸਾਧਾਰਨ ਵਿਅਕਤੀ ਲਈ ਮਾਨਸਿਕ ਸਕੂਨ ਲੱਭਣ ਲਈ ਬਣੇ ਨੱਚਣ ਵਾਲੀਆਂ ਦੇ ਕੋਠੇ ਵੀ ਇਸ ਰਾਜਨੀਤੀ ਤੋਂ ਅਛੋਹ ਨਹੀਂ ਰਹਿੰਦੇ। ਯਾਤਰੀ ਕਹਾਣੀ ਬੜੀ ਅਰਥ ਭਰਪੂਰ ਹੈ, ਇਹ ਉਹਨਾਂ ਵਿਦਵਾਨਾਂ ਦੀ ਤਰਜ਼ਮਾਨੀ ਕਰਦੀ ਹੈ, ਜੋ ਸਮਾਜਿਕ ਲੁੱਟ ਖਸੁੱਟ ਨੂੰ ਸਮਝ ਕੇ ਲੋਕ ਚੇਤਨਾ ਦਾ ਪ੍ਰਚਾਰ ਕਰਦੇ ਹਨ। ਇਸ ਕਹਾਣੀ ਰਾਹੀਂ ਲੇਖਕ ਨੇ ਆਸ਼ਾਵਾਦੀ ਸੁਰ ਦਾ ਪ੍ਰਚਾਰ ਕਰਨ ਲਈ ਲੋਕ ਚੇਤਨਾ ਦੀ ਯਾਤਰਾ ਕਰਦੇ ਰਹਿਣ ਦਾ ਸੰਦੇਸ਼ ਦਿੱਤਾ ਹੈ।

**5. ਫੁਟਕਲੀ ਵਿਸ਼ਿਆਂ ਨਾਲ ਸੰਬੰਧਿਤ ਕਹਾਣੀਆਂ**

ਇਸ ਕਹਾਣੀ-ਸੰਗ੍ਰਹਿ ਵਿਚ ਕੁਝ ਕਹਾਣੀਆਂ ਵਿਕੋਲਿਤਰੇ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹਨ, ਜਿਨ੍ਹਾਂ ਨੂੰ ਇਸ ਵਰਗ ਵਿਚ ਵਿਚਾਰਿਆ ਜਾਵੇਗਾ। ਪਲ ਛਿਣ', 'ਗੁਲ ਪਾਥਰ ਦਾ ਅਪਰਾਧ', 'ਬਸਤੀ ਤੇ ਜੰਗਲ', 'ਅਨੇਰਿਆਂ ਦੇ ਵਣਜਾਰੇ', 'ਮੈਲਾ ਰੰਗ' ਅਤੇ 'ਕਿਹੜੇ ਰਾਹ' ਅਜਿਹੀਆਂ ਕਹਾਣੀਆਂ ਹਨ। 'ਪਲ ਛਿਣ' ਕਹਾਣੀ ਵਿਚ ਮਨੁੱਖੀ ਜੀਵਨ ਛਿਨ-ਭੰਗਰਤਾ ਨੂੰ ਬਿਆਨ ਕੀਤਾ ਗਿਆ ਹੈ। ਮੌਤ ਅਟੱਲ ਹੈ ਅਤੇ ਉਸ ਦਾ ਕੋਈ ਪਤਾ ਨਹੀਂ ਕਦੋਂ ਆਵੇਗੀ, ਖ਼ਾਸ ਤੌਰ 'ਤੇ ਜਦੋਂ ਭਾਰਤ ਵਰਗਾ ਟਰੈਫ਼ਿਕ ਸਿਸਟਮ ਹੋਵੇ। 'ਗੁਲ ਪਾਥਰ ਦਾ ਅਪਰਾਧ' ਕਹਾਣੀ ਵਿਚ ਮਨੁੱਖੀ ਰਿਸ਼ਤਿਆਂ ਵਿਚਲੀ ਨੋਕ-ਝੋਕ ਅਤੇ ਪਰਿਵਾਰਕ ਝਗੜਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ। ਤੋਤਾ-ਮੈਨਾ ਦੀ ਹਾਜ਼ਰੀ ਲਵਾ ਕੇ ਉਹਨਾਂ ਦੀ ਵਾਰਤਾਲਾਪ ਰਾਹੀਂ ਮਨੁੱਖੀ ਜੀਵਨ ਦੀ ਮਹਾਨਤਾ ਅਤੇ ਮਨੁੱਖ ਦੁਆਰਾ ਇਸ ਦੀ ਬੇਕਦਰੀ ਨੂੰ ਪੇਸ਼ ਕੀਤਾ ਗਿਆ ਹੈ। 'ਅਨੇਰਿਆਂ ਦੇ ਵਣਜਾਰੇ' ਕਹਾਣੀ ਵਿਚ ਅਖੌਤੀ ਆਧੁਨਿਕ ਅਤੇ ਸ਼ਹਿਰੀ ਮਨੁੱਖ ਦੀ ਨਿੱਕੀ ਸੋਚ ਨੂੰ ਪੇਸ਼ ਕੀਤਾ ਗਿਆ ਹੈ, ਜੋ ਸਮੂਹਿਕ ਸਹੂਲਤਾਂ ਨੂੰ ਸਿਰਫ਼ ਆਪਣੇ ਤਕ ਸੀਮਤ ਕਰਕੇ ਦੂਸਰਿਆਂ ਨੂੰ ਉਹਨਾਂ ਤੋਂ ਮਹਿਰੂਮ ਕਰਨ ਦੀ ਬਿਰਤੀ ਦੀ ਧਾਰਨੀ ਬਣ ਚੁੱਕੀ ਹੈ। 'ਕਿਹੜੇ ਰਾਹ' ਕਹਾਣੀ ਬੜੀ ਸੂਖਮਤਾ ਨੂੰ ਪੇਸ਼ ਕਰਦੀ ਹੈ, ਜਦੋਂ ਵਿਰੋਧੀ ਵਿਅਕਤੀ ਸਾਫ਼ ਮਨ ਵਾਲਾ ਹੋਵੇ ਤਾਂ ਕਿਸੇ ਵੀ ਵਿਅਕਤੀ ਦੀਆਂ ਬੁਰੀਆਂ ਚਾਲਾਂ ਸਫਲ ਨਹੀਂ ਹੁੰਦੀਆਂ ਜਾਂ ਇੰਜ ਕਹਿ ਲਵੋ ਕਿ ਬੁਰੀਆਂ ਸੋਚਾਂ ਵਾਲਾ ਵਿਅਕਤੀ ਕਦੇ ਵੀ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦਾ, ਸਗੋਂ ਹਮੇਸ਼ਾ ਰਸਤਿਆਂ ਵਿਚ ਹੀ ਭਟਕਦਾ ਹੈ।

ਸਮੁੱਚੇ ਰੂਪ ਵਿਚ ਹਰਭਜਨ ਸਿੰਘ ਸਾਗਰ ਦਾ ਇਹ ਕਹਾਣੀ-ਸੰਗ੍ਰਹਿ ਵਿਸ਼ੇ ਪੱਖੋਂ ਵਿਭਿੰਨਤਾਵਾਂ ਭਰਪੂਰ ਹੈ ਅਤੇ ਰਾਜਨੀਤਕ ਵਿਸ਼ੇ ਆਪਣੇ ਭਾਰੂ ਸਥਾਨ ਰੱਖਦੇ ਹਨ। ਅਜੋਕੇ ਸੰਸਾਰ ਦੇ ਬਦਲ ਰਹੇ ਰਾਜਨੀਤਕ ਹਾਲਾਤ ਇਸ ਸੰਗ੍ਰਹਿ ਦੀ ਪਕੜ ਵਿਚ ਨਹੀਂ ਆਏ, ਕਿਉਂਕਿ ਇਹ ਤਕਰੀਬਨ ਗਿਆਰਾਂ ਵਰ੍ਹੇ ਪਹਿਲਾਂ ਦਾ ਪ੍ਰਕਾਸ਼ਨ ਹੋਇਆ ਹੈ। ਰਾਜਨੀਤਕ ਸੂਝ ਲੇਖਕ ਨੂੰ ਸਮਾਜ ਹਿਤੈਸ਼ੀ ਚਿੰਤਕ ਦੇ ਰੂਪ ਵਿਚ ਪੇਸ਼ ਕਰਦੀ ਹੈ। ਇੰਜ ਇਹਨਾਂ ਕਹਾਣੀਆਂ ਦੇ ਵਿਸ਼ੇਗਤ ਅਧਿਐਨ ਤੋਂ ਲੇਖਕ 'ਕਲਾ ਸਮਾਜ ਲਈ' ਦੇ ਸਿਧਾਂਤ ਦਾ ਪਰਵਰਤਾ ਹੋ ਨਿਬੜਦਾ ਹੈ।

**ਕਲਾਤਮਕ ਪੱਖ**

ਜਿਥੋਂ ਤਕ ਇਸ ਕਹਾਣੀ-ਸੰਗ੍ਰਹਿ ਦੇ ਕਲਾਤਮਕ ਪੱਖ ਦਾ ਸੰਬੰਧ ਹੈ, ਉਸ ਪੱਖੋਂ ਇਹ ਕਈ ਸੀਮਾਵਾਂ ਵਿਚ ਰਹਿ ਕੇ ਪੇਸ਼ ਹੁੰਦਾ ਹੈ। ਗਿਆਰਾਂ ਵਰ੍ਹੇ ਪਹਿਲਾਂ ਪ੍ਰਕਾਸ਼ਤ ਹੋਣਾ ਇਸ ਲਈ ਕੋਈ ਸੀਮਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਸ ਸਮੇਂ ਵੀ ਪੰਜਾਬੀ ਕਹਾਣੀ ਕਲਾਤਮਕ ਪੱਖ ਤੋਂ ਕਾਫ਼ੀ ਅੱਗੇ ਆ ਚੁੱਕੀ ਸੀ। ਮੈਂ। ਕਲਾਤਮਕ ਜਾਂ ਬਣਤਰ ਪੱਖ ਤੋਂ ਕੁਝ ਸੂਤਰ ਪੇਸ਼ ਕਰਦਾ ਹਾਂ:

**1. ਕਥਾ ਜਾਂ ਕਹਾਣੀ ਸੁਣਾਉਣੀ** : ਕਹਾਣੀ/ਕਥਾ ਸੁਣਾਉਣੀ ਲੋਕ ਸਾਹਿਤ ਵਿਚ ਬਾਤਾਂ ਪਾਉਣ ਅਤੇ ਧਾਰਮਿਕ ਸਾਹਿਤ ਵਿਚ ਵਿਆਖਿਆ ਕਰਨ ਜਾਂ ਜਨਮ ਸਾਖੀਆਂ ਸੁਣਾਉਣ ਨਾਲ ਮਿਲਦੀ-ਜੁਲਦੀ ਇਕ ਪੁਰਾਤਨ ਵਿਧੀ ਜਾਂ ਢੰਗ ਹੈ, ਜਿਸ ਵਿਚ ਪਾਠਕਾਂ/ਸਰੋਤਿਆਂ ਨੂੰ ਅਣਜਾਣ ਅਣਭੋਲ ਸਮਝਿਆ ਜਾਂਦਾ ਹੈ। ਕਹਾਣੀ ਸਾਹਿਤ ਵਿਧਾ ਵਿਚ ਹੁਣ ਕਹਾਣੀ ਸੁਣਾਉਣ ਨਾਲੋਂ ਕਹਾਣੀ ਵਾਪਰੀ ਦਿਖਾਉਣ ਦੀ ਵਿਧਾ ਪ੍ਰਚੱਲਤ ਹੈ। ਆਪ ਦੱਸਣ ਨਾਲੋਂ ਪਾਤਰਾਂ ਦੇ ਕਾਰਜਾਂ ਰਾਹੀਂ ਸਭ ਕੁਝ ਸਪੱਸ਼ਟ ਹੋਣਾ ਚਾਹੀਦਾ ਹੈ। ਪਾਤਰਾਂ ਦੇ ਕਾਰਜ ਚਿਤਰਨ ਦੇ ਨਾਲ-ਨਾਲ ਉਹਨਾਂ ਦੀ ਮਾਨਸਿਕਤਾ ਅਤੇ ਮਾਨਸਿਕਤਾ ਦਾ ਉਹਨਾਂ ਦੇ ਚਿਹਰੇ ਦੇ ਹਾਵ-ਭਾਵ ਨਾਲ ਮੇਲ ਦਰਸਾਉਣਾ ਅਜੋਕੀ ਕਹਾਣੀ ਦੀਆ ਵਿਧੀਆਂ ਹਨ। ਪਾਤਰਾਂ ਦੇ ਮਨ ਵਿਚ ਕੀ ਹੈ, ਇਹ ਪਾਠਕਾਂ ਨੂੰ ਅੰਦਾਜ਼ਾ ਲਾਉਣ ਦੇਣਾ ਅਜੋਕੀ ਕਹਾਣੀ ਦੀ ਵਿਧਾ ਵਿਚ ਸ਼ਾਮਲ ਹੈ। ਪਾਠਕਾਂ ਨੂੰ ਸਭ ਕੁਝ ਸਮਝਾਉਣਾ ਪੁਰਾਤਨ ਸ਼ੈਲੀ ਦਾ ਅੰਗ ਸੀ।

**2. ਅਸਪੱਸ਼ਟਤਾ** : ਇਸ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹਦਿਆਂ ਅਸਪੱਸ਼ਟਤਾ ਬਹੁਤ ਵਾਰ ਪਾਠਕ ਨੂੰ ਬੋਝਲ ਬਣਾ ਦਿੰਦੀ ਹੈ। ਲੇਖਕ ਵਿਦਵਾਨਾਂ ਵਾਸਤੇ ਨਹੀਂ, ਸਗੋਂ ਆਮ ਪਾਠਕਾਂ ਵਾਸਤੇ ਲਿਖ ਰਿਹਾ ਹੁੰਦਾ ਹੈ, ਪਰ ਇਹ ਕਹਾਣੀਆਂ ਪੜ੍ਹ ਕੇ ਲੱਗਦਾ ਹੈ ਕਿ ਕਹਾਣੀਕਾਰ ਦੇ ਮਨ ਵਿਚ ਸਾਰੇ ਪਾਠਕ ਬਹੁਤ ਵਿਦਵਾਨ ਹਨ। 'ਪਤੰਗਬਾਜ਼ੀ' ਕਹਾਣੀ ਵਿਚ ਪਤਾ ਹੀ ਨਹੀਂ ਲੱਗਦਾ ਕਿ ਲਾਲ ਇਮਾਰਤ ਅਤੇ ਚਿੱਟੀ ਇਮਾਰਤ ਕਿਸ ਗੱਲ ਦੀ ਪ੍ਰਤੀਕ ਹੈ।

'ਅਪਾਹਿਜ', 'ਪੁਸਤਕ ਦੀ ਕਰਾਮਾਤ', 'ਬਸਤੀ ਤੇ ਜੰਗਲ' ਅਤੇ 'ਮੈਲਾ ਰੰਗ' ਦਾ ਖ਼ਾਸ ਤੌਰ 'ਤੇ ਆਪਣੇ ਵਿਚਾਰਾਂ ਨੂੰ ਸਪੱਸ਼ਟ ਨਹੀਂ ਕਰਦੀਆਂ। ਇਹ ਅਸਪੱਸ਼ਟਤਾ ਜਿਥੇ ਸਾਧਾਰਨ

ਪਾਠਕਾਂ ਨੂੰ ਕਹਾਣੀਆਂ ਪੜ੍ਹਨ ਤੋਂ ਦੂਰ ਲੈ ਜਾਂਦੀ ਹੈ, ਉਥੇ ਲੇਖਕ ਦੇ ਸਹੀ ਵਿਚਾਰਾਂ ਜਾਂ ਅਰਥਾਂ ਦੇ ਅਨਰਥ ਵੀ ਕਰ ਦਿੰਦੀ ਹੈ।

**3. ਵਾਰ ਵਾਰ ਲੇਖਕ ਦੀ ਹਾਜ਼ਰੀ** : ਅਜੋਕੇ ਦੌਰ ਦੀ ਕਹਾਣੀ ਵਿਚ ਪਾਠਕ ਕਹਾਣੀ ਦੇ ਪਾਤਰਾਂ ਨਾਲ ਇਕਸੁਰ ਹੋਣਾ ਲੋੜਦਾ ਹੈ। ਉਹ ਕਹਾਣੀ ਪੜ੍ਹਦਿਆਂ ਲੇਖਕ ਨੂੰ ਖ਼ਾਰਜ ਕਰ ਦਿੰਦਾ ਹੈ। ਪਰ ਇਸ ਸੰਗ੍ਰਹਿ ਵਿਚ ਕਈ ਅਜਿਹੀਆਂ ਕਹਾਣੀਆਂ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਵਾਰ-ਵਾਰ ਲੇਖਕ ਬੋਲ ਪੈਂਦਾ ਹੈ। ਕਹਾਣੀ ਵਿਚ ਲੇਖਕ ਦੀ ਹਾਜ਼ਰੀ ਕੋਈ ਚੰਗੀ ਗੱਲ ਨਹੀਂ ਲੱਗਦੀ।

**4. ਪ੍ਰਤੀਕਾਤਮਕ ਭਾਸ਼ਾ**: ਕਹਾਣੀਕਾਰ ਸਮਾਜਵਾਦੀ ਜਾਂ ਮਾਰਕਸਵਾਦੀ ਸੋਚ ਦਾ ਧਾਰਨੀ ਹੈ। ਉਹ ਸਮਾਜਿਕ ਵਰਗਾਂ ਨੂੰ ਪ੍ਰਤੀਕਾਤਮਕ ਭਾਸ਼ਾ ਰਾਹੀਂ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਹੋਰ ਸਮਾਜਿਕ ਸੰਬੰਧਾਂ ਅਤੇ ਪਾਤਰਾਂ ਨੂੰ ਵੀ ਪ੍ਰਤੀਕਾਤਮਕ ਭਾਸ਼ਾ ਵਿਚ ਹੀ ਪੇਸ਼ ਕਰਦਾ ਹੈ, ਜਿਵੇਂ ਜੰਗਲ, ਸ਼ਹਿਰ, ਬਸਤੀ ਹਵੇਲੀ, ਪਰਦੇਸੀ ਆਦਿ।

**5. ਜਾਤੀਵਾਚਕ ਨਾਵਾਂ ਦੀ ਵਰਤੋਂ**: ਕਹਾਣੀਕਾਰ ਨੇ ਆਪਣੀਆਂ ਕਹਾਣੀਆਂ ਵਿਚ ਆਏ ਪਾਤਰਾਂ ਦੇ ਨਿਜਵਾਚਕ ਨਾਂਵ ਦੇਣ ਦੀ ਥਾਂ ਉਹਨਾਂ ਦੇ ਜਾਤੀਵਾਚਕ ਨਾਵ ਹੀ ਵਰਤੇ ਹਨ, ਜਿਵੇਂ ਕਿ ਸੇਠ, ਵੱਡੀ ਬੀਬੀ, ਛੋਟੀ ਬੀਬੀ, ਬੁੱਢੀ, ਰਾਜਾ, ਨਵੀਂ ਵਹੁਟੀ, ਹਿੰਦੂ-ਸਿੱਖ ਸੰਗਤਰਾਸ਼ ਮਹਾਰਾਜਾ ਆਦਿ।

**6. ਵਿਅੰਗ ਵਿਧੀ ਦੀ ਵਰਤੋਂ** : ਕਹਾਣੀਕਾਰ ਨੇ ਬਹੁਤ ਥਾਈਂ ਵਿਅੰਗ ਦੀ ਵਿਧੀ ਨਾਲ ਪਾਤਰਾਂ ਦੇ ਕਿਰਦਾਰ ਅਤੇ ਸਮਾਜਿਕ ਸੰਸਥਾਵਾਂ ਦੇ ਅਸਲ ਚਿਹਰੇ ਅਤੇ ਮੂਲ ਕਿਰਦਾਰ ਨੂੰ ਪੇਸ਼ ਕੀਤਾ ਹੈ। ਵਿਅੰਗ ਦੀ ਵਿਧੀ ਇਕ ਸਫਲ ਅਤੇ ਪ੍ਰਚੱਲਤ ਵਿਧੀ ਹੈ। ਇਸ ਸੰਗ੍ਰਹਿ ਵਿਚ ਲੇਖਕ ਵਿਅੰਗ ਦੀ ਵਰਤੋਂ ਕਰਦਾ ਹੋਇਆ ਲਿਖਦਾ ਹੈ ਕਿ :

"ਮੈਨੂੰ ਇਸ ਗੱਲ ਦਾ ਕੋਈ ਅਹੰਕਾਰ ਨਹੀਂ ਕਿ ਉਸ ਧਨਾਢ ਪੁਰਸ਼ (ਜੋ ਮੇਰਾ ਗੁਆਂਢੀ ਹੈ) ਦੀ ਜਾਨ ਬਚਾਉਣ ਲਈ ਮੇਰਾ ਖ਼ੂਨ ਇਸਤੇਮਾਲ ਹੋਇਆ ਹੈ। ਉਂਜ ਵੀ ਗ਼ਰੀਬਾਂ ਦਾ ਖ਼ੂਨ ਖੇਤਾਂ 'ਚ, ਸੜਕਾਂ ’ਚ, ਕਾਰਖ਼ਾਨਿਆਂ 'ਚ, ਕੋਠੀਆਂ ਦੀਆਂ ਨੀਹਾਂ 'ਤੇ ਹੋਰ ਪਤਾ ਨਹੀਂ ਕਿਥੇ-ਕਿਥੇ ਰੁਲਦਾ ਹੀ ਰਹਿੰਦਾ ਕੈ।

**7. ਅੱਧਰ ਦੀ ਗ਼ੈਰ-ਜ਼ਰੂਰੀ ਵਰਤੋਂ** : ਇਸ਼ ਕਹਾਣੀ-ਸੰਗ੍ਰਹਿ ਵਿਚ ਅੱਧਕ ਦੀ ਬਹੁਤ ਵਰਤੋਂ ਕੀਤੀ ਗਈ ਹੈ। ਬਹੁਤ ਸਾਰੇ ਅਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਅੱਧਕ ਲਾਉਣ ਦੀ ਲੋੜ ਨਹੀਂ ਸੀ, ਪਰ ਲਾਇਆ ਗਿਆ ਹੈ। ਇਸ ਨੂੰ ਅਸੀਂ ਛਾਪੇਖ਼ਾਨੇ ਦੀ ਜਾਂ ਟੈਕਨੀਕਲ ਗ਼ਲਤੀ ਨਹੀਂ ਕਹਿ ਸਕਦੇ। ਹਾਂ, ਇਹ ਉਪਭਾਸ਼ਾ ਦਾ ਮਸਲਾ ਹੋ ਸਕਦਾ ਹੈ। ਅਜਿਹੇ ਸ਼ਬਦ ਹਨ: ਝਲਕ, ਪਥਰਾ,ਪਲਾਂ, ਟਕਰਾ। ਇਹਨਾਂ ਉਪਰ ਅੱਧਕ ਪਾਇਆ ਗਿਆ ਹੈ।

**8. ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ:** ਕਹਾਣੀਕਾਰ ਨੇ ਬਹੁਤ ਬਾਵਾ ਤੇ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਵਰਤੀ ਹੈ। ਇਹਨਾਂ ਸ਼ਬਦਾਂ ਦੀ ਪੰਜਾਬ ਵੀ ਹੋ ਸਕਦੀ ਹੈ, ਜਿਵੇਂ ਕਿ ਐਬਸਟਰੇਕਟ ਆਰਟ ਆਉਟ ਆਫ ਫੈਡਲ ਫੈਸ਼ਨੇਬਲ। ਇਸ ਪ੍ਰਕਾਰ ਦੀ ਬਹੁਤ ਸ਼ਬਦਾਵਲੀ ਅੰਗਰੇਜ਼ੀ ਭਾਸ਼ਾ ਦੀ ਹੈ। ਵਰਤੀ ਗਈ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵਿਸ਼ਾਗਤ ਪੱਖ ਤੋਂ ਤਾਂ ਇਹ ਕਹਾਣੀ-ਸੰਗ੍ਰਹਿ ਇਕ ਸਫਲ ਕਹਾਣੀ-ਸੰਗ੍ਰਹਿ ਹੈ, ਪਰ ਕਲਾਤਮਕ ਪੱਖ ਤੋਂ ਇਸ ਵਿਚ ਕੁਝ ਤਰੁੱਟੀਆਂ ਹਨ। ਪਰ ਇਸ ਸਭ ਦੇ ਬਾਵਜੂਦ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਤੋਂ ਦੂਰ ਰਹਿ ਕੇ ਪੰਜਾਬੀ ਸਾਹਿਤ ਦੀ ਸਾਧਨਾ ਕਰਨੀ ਕਹਾਣੀਕਾਰ ਲਈ ਇਕ ਵੱਡੇ ਜਿਗਰੇ ਵਾਲੀ ਗੱਲ ਵੀ ਹੈ, ਉਹ ਵੀ ਉਦੋਂ ਜਦੋਂ ਅਤੇ ਜਿਥੇ ਪੰਜਾਬੀ ਦੀਆਂ ਪੁਸਤਕਾਂ ਦੀ ਵਿਕਰੀ ਇਕ ਸਮੱਸਿਆ ਬਣ ਗਈ ਹੋਵੇ।

ਨੋਟ : ਸਾਰੇ ਵੇਰਵੇ ਅਧਿਐਨ ਅਧੀਨ ਪੁਸਤਕ ਵਿੱਚੋਂ ਹਨ।

# ਡਾ. ਜਸਬੀਰ ਸਿੰਘ ਸਰਨਾ ਰਚਿਤ ਸ੍ਰੋਤਮੂਲਕ ਇਤਿਹਾਸਕ ਕ੍ਰਿਤ

## ('ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ' ਦਾ ਸਮੀਖਿਆਤਮਕ ਅਧਿਐਨ)

❑ ਡਾ. ਹਰਸਿਮਰਨ ਸਿੰਘ

'ਡਾ. ਜਸਬੀਰ ਸਿੰਘ ਸਰਨਾ' ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਅਜਿਹਾ ਸਾਹਿਤਕਾਰ ਹੈ ਜਿਸਨੇ ਸਾਹਿਤ ਦੀ ਲਗਭਗ ਹਰ ਸਿਨਫ਼ ਉੱਤੇ ਆਪਣੀ ਕਲਮ ਅਜ਼ਮਾਈ ਹੈ। ਉਸਦੀ ਕਲਮ ਦੀ ਨੁਹਾਰ ਨੇ ਕੇਵਲ ਸਮੀਖਿਆਤਕ ਅਤੇ ਇਤਿਹਾਸਕ ਵਿਸ਼ਿਆ ਨੂੰ ਹੀ ਆਪਣੀ ਬੁਕਲ ਵਿੱਚ ਨਹੀਂ ਲਿਆ ਸਗੋਂ ਉਸਦੀ ਸਿਰਜਣਾ ਪ੍ਰਕ੍ਰਿਆ ਇਕੋ ਸਮੇਂ ਆਲੋਚਨਾਤਮਕ ਹੋਣ ਦੇ ਨਾਲ-ਨਾਲ ਰਚਨਾਤਮਕ ਵੀ ਹੈ। ਆਪਣੀ ਸਾਹਿਤਕ ਪ੍ਰਤਿਭਾ ਫਲਸਰੂਪ ਹੀ ਉਸਨੇ ਕਰਤਾਰੀ ਸਾਹਿਤ ਦੀ ਸਿਰਜਣਾ ਵਿਭਿੰਨ ਸਾਹਿਤਕ ਰੂਪਾਕਾਰਾਂ ਦੇ ਅਧੀਨ ਕੀਤੀ ਹੈ। ਡਾ. ਸਰਨਾ ਨੇ ਜਿੱਥੇ ਕਵਿਤਾ ਦੇ ਖੇਤਰ ਵਿੱਚ ਲੰਮੀਆਂ ਪੁਲਾਂਘਾ ਪੁੱਟੀਆਂ ਹਨ ਉੱਥੇ ਹੀ ਵਾਰਤਕ ਅਤੇ ਵਿਸ਼ੇਸ਼ ਕਰਕੇ ਨਿਰੋਲ ਵਾਰਤਕ ਸਾਹਿਤ ਦੇ ਖੇਤਰ ਵਿੱਚ ਵੀ ਚੰਗੀਆਂ ਮੱਲਾਂ ਮਾਰੀਆਂ ਹਨ। ਉਸਦੀ ਲੰਮੀ ਸਾਹਿਤਕ ਘਾਲਣਾ ਦਾ ਸਿੱਟਾ ਹੀ 'ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ' ਨਾਮਕ ਜੀਵਨੀ ਪੁਸਤਕ ਦਾ ਪੰਜਾਬੀ ਪਾਠਕਾਂ ਦੇ ਹੱਥ ਆਉਣਾ ਹੈ। ਜਿਸਦੀ ਪਹਿਲੀ ਛਾਪ ਸੰਨ ੨੦੦੧ ਵਿੱਚ ਛੱਪੀ ਅਤੇ ਜਿਸਦਾ ਦੂਜਾ ਸੋਧਿਆ ਤੇ ਵਿਸਤ੍ਰਿਤ ਸੰਸਕਰਣ ਵਰ੍ਹਾ ੨੦੨੨ ਵਿੱਚ ਪ੍ਰਕਾਸ਼ਿਤ ਹੋਇਆ। ਇਸ ਰਚਨਾ ਰਾਹੀਂ ਡਾ. ਸਰਨਾ ਨੇ 'ਗੁਰੂ ਹਰਿਗੋਬਿੰਦ ਸਾਹਿਬ' ਦੇ ਸਮੁੱਚੇ ਜੀਵਨ ਸਫ਼ਰ ਨੂੰ ਇਤਿਹਾਸਕ ਕ੍ਰਮਿਕਤਾ ਅਤੇ ਤੱਥਾਤਮਕਤਾ ਅਨੁਸਾਰ ਰੂਪਮਾਨ ਕੀਤਾ ਹੈ। ਲੇਖਕ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੁੱਚੇ ਜੀਵਨ ਵਿਕਾਸ ਨੂੰ ਪੂਰਨਤਾ ਤੇ ਸਪਸ਼ਟਤਾ ਨਾਲ ਸਾਖਿਆਤ ਕਰਨ ਲਈ ਇਤਿਹਾਸਕ ਤੱਥਾਂ ਦੀ ਖੋਜ ਤੇ ਇਕੱਤ੍ਰੀਕਰਨ ਕਰਨ ਦੇ ਨਾਲ-ਨਾਲ ਪੁਰਾਤਨ ਖਰੜਿਆਂ, ਹੱਥ-ਲਿਖਤ ਦਸਤਾਵੇਜ਼ਾਂ ਤੇ ਇਤਿਹਾਸਕ ਮਹੱਤਤਾ ਰੱਖਣ ਵਾਲੇ ਗ੍ਰੰਥਾਂ-ਕੋਸ਼ਾਂ ਦਾ ਸੰਜੀਦਾ ਨਿਰੀਖਣ ਤੇ ਅਧਿਐਨ ਕਰਨ ਮਗਰੋਂ ਹੀ ਇਸ ਜੀਵਨੀ ਪੁਸਤਕ ਨੂੰ ਕਲਮਬੱਧ ਕੀਤਾ ਹੈ। ਇਹ ਗੱਲ ਵਰਨਣਯੋਗ ਹੈ ਕਿ ਲੇਖਕ ਨੇ ਭਾਵੇਂ ਇਸ ਰਚਨਾ ਵਿੱਚ ਪੁਰਾਤਨ ਪੰਜਾਬੀ ਅਤੇ ਫ਼ਾਰਸੀ ਸ੍ਰੋਤਾਂ ਦੀ ਲੋੜੀਂਦੀ ਵਰਤੋਂ ਕੀਤੀ ਹੈ ਪਰ ਇਸ ਕਿਰਤ ਦਾ ਪ੍ਰਮੁੱਖ ਆਧਾਰ ਉਸਨੇ 'ਭੱਟ ਵਹੀਆਂ' ਨੂੰ ਹੀ ਬਣਾਇਆ ਹੈ। ਇਨ੍ਹਾਂ 'ਭੱਟਵਹੀ' ਸਰੋਤਾਂ ਰਾਹੀਂ ਲੇਖਕ ਨੇ ਜਿੱਥੇ ਚਰਿੱਤ੍ਰ ਨਾਇਕ ਦੇ ਜੀਵਨ ਇਤਿਹਾਸ ਨਾਲ ਸੰਬੰਧਿਤ ਅਣਗੌਲੇ ਤੱਥਾਂ ਨੂੰ ਉਜਾਗਰ ਕੀਤਾ ਹੈ ਉੱਥੇ ਹੀ ਉਨ੍ਹਾਂ ਪ੍ਰਚੱਲਿਤ ਤੇ ਪਰੰਪਰਾਗਤ ਧਾਰਨਾਵਾਂ ਦਾ ਖੰਡਨ ਵੀ ਕੀਤਾ ਹੈ ਜੋ ਗੁਰੂ ਸਾਹਿਬ ਦੇ ਜੀਵਨ ਅਤੇ ਕਿਰਦਾਰ ਸੰਬੰਧੀ ਅਨੇਕ ਸ਼ੰਕਿਆਂ ਦਾ ਸੰਚਾਰ ਕਰਦੀਆਂ ਹਨ। ਦਰਅਸਲ ਲੇਖਕ ਨੇ ਬਹੁਤ ਸੂਤਰਬੱਧ ਢੰਗ ਨਾਲ ਭੱਟਵਹੀਆਂ ਵਿੱਚੋਂ ਸਮੱਗਰੀ ਦੀ ਚੋਣ ਕਰਕੇ ਚਰਿੱਤ੍ਰ ਨਾਇਕ ਦੇ ਜੀਵਨ ਦਾ ਸਮੁੱਚਾ ਖਾਕਾ ਚਿੱਤਰਿਆ ਹੈ। ਇਹ ਗੱਲ ਜ਼ਿਕਰਯੋਗ ਹੈ ਕਿ 'ਭੱਟ ਵਹੀਆਂ' ਦੀ ਵਰਤੋਂ ਸਦਕਾ

ਜੀਵਨੀ ਵਿੱਚ ਅੰਕਿਤ ਕੀਤੀਆਂ ਗਈਆਂ ਤਿਥੀਆਂ ਪ੍ਰਚੱਲਿਤ ਅਤੇ ਪਰੰਪਰਕ ਮਿਤੀਆਂ ਨਾਲੋਂ ਭਿੰਨਤਾ ਜ਼ਰੂਰ ਰੱਖਦੀਆਂ ਹਨ ਪਰ ਵਰਤਮਾਨ ਸਮੇਂ ਵਿੱਚ 'ਭੱਟ ਵਹੀਆਂ' ਆਧਾਰਿਤ ਜੋ ਤੱਥ ਉਭਰ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਦੀ ਪ੍ਰਮਾਣਿਕਤਾ ਉੱਤੇ ਸ਼ੱਕਾ ਨਹੀਂ ਕੀਤਾ ਜਾ ਸਕਦਾ। ਚੂੰਕਿ ਭੱਟਾਂ ਅਤੇ ਗੁਰੂ ਸਾਹਿਬਾਨਾਂ ਵਿੱਚ ਬਹੁਤ ਨੇੜਲਾ ਸੰਪਰਕ ਸੀ ਅਤੇ ਉਨ੍ਹਾਂ ਨੇ ਗੁਰੂ ਦਰਬਾਰ ਤੇ ਸਿੱਖ ਤਵਾਰੀਖ਼ ਵਿੱਚ ਵਾਪਰੀਆਂ ਸਮਕਾਲੀਨ ਤੇ ਅੱਖੀਂ ਡਿੱਠੀਆਂ ਘਟਨਾਵਾਂ ਨੂੰ ਵਹੀਆਂ ਦੇ ਰੂਪ ਵਿੱਚ ਕਲਮਬੱਧ ਕੀਤਾ ਸੀ। ਜਿਸ ਫਲਸਰੂਪ ਭੱਟਾਂ ਦੁਆਰਾ ਰਚਿਤ ਇਨ੍ਹਾਂ ਵਹੀਆਂ ਤੋਂ ਪ੍ਰਮਾਣਿਤ ਸਰੋਤ ਸਮਗਰੀ ਦੀ ਪ੍ਰਾਪਤੀ ਹੁੰਦੀ ਹੈ ਜਿਸ ਕਾਰਣ ਇਸ ਜੀਵਨੀ ਦੀ ਰਚਨਾ ਸਮੇਂ ਲੇਖਕ ਨੇ ਭੱਟ ਵਹੀ ਸਰੋਤਾਂ ਨੂੰ ਪਹਿਲ ਦਿੱਤੀ ਹੈ। ਅਸਲ ਵਿੱਚ 'ਡਾ. ਸਰਨਾ' ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਸੰਬੰਧੀ ਗੱਲ ਕਰਦਿਆਂ ਉਨ੍ਹਾਂ ਰਵਾਇਤੀ ਸਰੋਤਾਂ ਦਾ ਖੰਡਨ ਕੀਤਾ ਹੈ ਜੋ ਚਰਿੱਤ੍ਰ ਨਾਇਕ ਦਾ ਜਨਮ ੧੫੯੫ਈ. ਸਵੀਕਾਰਦੇ ਹਨ। ਲੇਖਕ ਨੇ ਇਸ ਤੱਥ ਨੂੰ ਬਹੁਤ ਸੂਖਮਤਾ ਨਾਲ ਰੂਪਮਾਨ ਕੀਤਾ ਹੈ ਕਿ 'ਭੱਟ ਵਹੀ' ਅਜਿਹੀ ਪ੍ਰਥਮ ਲਿਖਤ ਹੈ, ਜੋ ਗੁਰੂ ਸਾਹਿਬ ਦਾ ਜਨਮ ੧੫੯੦ਈ. ਪ੍ਰਵਾਨ ਕਰਨ ਦੇ ਨਾਲ-ਨਾਲ ਇਸ ਤੱਥ ਸੰਬੰਧੀ ਪੂਰਨਤਾ ਨਾਲ ਵਾਕਫ਼ੀਅਤ ਵੀ ਪ੍ਰਦਾਨ ਕਰਦੀ ਹੈ। ਜੀਵਨੀਕਾਰ ਨੇ ਆਪਣੀ ਗੱਲ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ 'ਭਟ ਵਹੀ ਮੁਲਤਾਨੀ ਸਿੰਧੀ' ਕ੍ਰਿਤ 'ਭੱਟ ਕੀਰਤ' ਵਿੱਚੋਂ ਹਵਾਲਾ ਦਿੱਤਾ ਹੈ। ਜਿਸ ਅਨੁਸਾਰ :-

"ਬਧਾਈ ਲਈ ਸ੍ਰੀ ਹਰਿਗੋਬਿੰਦ ਕੀ ਦੀ ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ। ਪੋਤਾ ਗੁਰੂ ਰਾਮਦਾਸ ਜੀ ਦਾ...ਸੰਮਤ ਸੋਲਾਂ ਸੈ ਸੰਤਾਲੀਸ, ਮਾਂਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਿਰ ਰੈਣ ਰਹੀ ਮਾਤਾ ਗੰਗਾ ਜੀ ਕੇ ਉਦਰ ਥੀਂ ਗਾਮ ਬਡਾਲੀ ਪਰਗਣਾ ਗੁਰੂ ਚੱਕ ਮੇਂ ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਊ ਸ੍ਰੀ ਹਰਿਗੋਬਿੰਦ ਜੀ ਰਾਖਾ ਕੁਲ ਪਰੋਹਤ ਸਿੰਘਾਂ ਕੋ ਮਾਨਾ। ਗੁਰੂ ਕੀ ਕੜਾਈ ਕੀ। ਅਤਿਥ ਗਰੀਬ ਗੁਰਬੇ ਕੋ ਦਾਨ ਦੀਆ।"[1]

ਇਹ ਗੱਲ ਗੌਲਣਯੋਗ ਹੈ ਕਿ ਜੀਵਨੀਕਾਰ ਨੇ ਇਸ ਜੀਵਨੀ ਦੀ ਸਿਰਜਣਾ ਵਿਗਿਆਨਕ ਨੁਕਤੇ ਤੋਂ ਕੀਤੀ ਹੈ ਕਿਉਂਕਿ ਉਸਨੇ ਜੀਵਨੀ ਨਾਇਕ ਨਾਲ ਸੰਬੰਧਿਤ ਇਤਿਹਾਸਕ ਤੱਥਾਂ ਦੀ ਸੁਚੱਜੀ ਪੇਸ਼ਕਾਰੀ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਜੀਵਨੀਕਾਰ ਇਸ ਨੁਕਤੇ ਤੋਂ ਭਲੀਭਾਂਤੀ ਵਾਕਿਫ਼ ਹੈ ਕਿ ਕਿਸੇ ਜੀਵਨੀਕਾਰ ਸਨਮੁੱਖ ਪ੍ਰਮੁੱਖ ਸਮੱਸਿਆ ਵਿਅਕਤੀ ਵਿਸ਼ੇਸ਼ ਦੇ ਜੀਵਨ ਵੇਰਵੇ ਨਹੀਂ, ਸਗੋਂ ਸਮੱਸਿਆ ਤਾਂ ਤੱਥਾਂ ਵਿੱਚੋਂ ਸੱਚ ਨੂੰ ਲੱਭਣ ਦੀ ਹੈ। ਇਹੀ ਕਾਰਣ ਹੈ ਕਿ ਡਾ. ਸਰਨਾ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਦੀ ਨਿਸ਼ਾਨਦੇਹੀ ਕਰਨ ਲਈ ਇਤਿਹਾਸਕ ਤੱਥਾਂ ਨੂੰ ਕੇਵਲ ਪੜਚੋਲਿਆ ਹੀ ਨਹੀਂ ਹੈ, ਸਗੋਂ ਵਿਸ਼ੇ ਸਮਗਰੀ ਦੀ ਚੋਣ ਅਤੇ ਨਿਭਾਅ ਸਮੇਂ ਯਥਾਰਥਕਤਾ ਨੂੰ ਵੀ ਤਰਜੀਹ ਦਿੱਤੀ ਹੈ। ਅਸਲ ਵਿੱਚ ਲੇਖਕ ਨੇ ਇਤਿਹਾਸਕਾਰਾਂ ਦੀਆਂ ਗਲਤ ਧਾਰਨਾਵਾਂ ਤੇ ਸਥਾਪਤੀਆਂ ਦਾ ਖੰਡਨ ਕਰਦਿਆਂ ਹੋਇਆਂ ਗੁਰੂ ਸਾਹਿਬ ਦੇ ਜੀਵਨ

---

[1] ਉਧਰਿਤ, ਡਾ. ਜਸਬੀਰ ਸਿੰਘ ਸਰਨਾ, ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ, ਪੰਨਾ 6

ਨਾਲ ਸੰਬੰਧਿਤ ਵਿਭਿੰਨ ਤੱਥਾਂ ਨੂੰ ਵਿਗਿਆਨਕ ਦ੍ਰਿਸ਼ਟਕੋਣ ਤੋਂ ਉਜਾਗਰ ਕੀਤਾ ਹੈ। ਮਿਸਾਲ ਵਜੋਂ ਜੀਵਨੀ ਲੇਖਕ ਨੇ ਪੂਰਵਲੇ ਇਤਿਹਾਸਕਾਰਾਂ ਦੇ ਤੱਥਾਂ ਨੂੰ ਨਕਾਰਦੇ ਹੋਇਆਂ ਗੁਰੂ ਸਾਹਿਬ ਦੇ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਦੇ ਕੁੱਲ ਸਮੇਂ ਬਾਰੇ ਇਸ ਪ੍ਰਕਾਰ ਬਿਓਰਾ ਪੇਸ਼ ਕੀਤਾ ਹੈ :-

"ਆਮ ਤੌਰ ਤੇ ਸਿੱਖ ਇਤਿਹਾਸਕਾਰ ਅਤੇ ਗ਼ੈਰ-ਸਿੱਖ ਇਤਿਹਾਸਕਾਰ ਗੁਰੂ ਹਰਿਗੋਬਿੰਦ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦੀ ਬਾਰੇ 40 ਦਿਨਾ ਤੋਂ ਲੈ ਕੇ 12 ਸਾਲ ਤੱਕ ਦਾ ਸਮਾਂ ਲਿਖਦੇ ਹਨ। 31 ਦਿਸੰਬਰ 1612 ਨੂੰ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਪੁੱਜੇ। ਦਿੱਲੀ ਵਿਚ ਗੁਰੂ ਸਾਹਿਬ ਗੁਰਦੁਆਰਾ ਮਜਨੂੰ ਟਿੱਲਾ ਅਸਥਾਨ ਤੇ ਠਹਿਰੇ ਅਤੇ ਜਹਾਂਗੀਰ ਬਾਦਸ਼ਾਹ ਦੇ ਨਾਲ ਹੀ ਗੁਰੂ ਸਾਹਿਬ ਇੱਕ ਵੇਰ ਸ਼ਿਕਾਰ ਤੇ ਗਏ। ਦੋਲੀਪੁਰ ਦੇ ਜੰਗਲਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਦਸ਼ਾਹ ਦੇ ਸਾਹਮਣੇ ਸ਼ੇਰ ਦਾ ਸ਼ਿਕਾਰ ਕੀਤਾ।...ਇਸ ਸ਼ਿਕਾਰ ਤੋਂ ਬਾਅਦ ਹੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ।..... ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ ਵਿਚ ਤਕਰੀਬਨ 6 ਸਾਲ ਰਹੇ।"[2]

ਇਸੇ ਤਰ੍ਹਾਂ ਜੀਵਨੀਕਾਰ ਨੇ ਗੁਰੂ ਸਾਹਿਬ ਦੀ ਰਿਹਾਈ ਨਾਲ ਸੰਬੰਧਿਤ ਤੱਥਾਂ ਦੀ ਪਰਖ ਪੜਚੋਲ ਵੀ ਬਾਰੀਕਬੀਨੀ ਨੁਕਤੇ-ਨਿਗਾਹ ਤੋਂ ਕੀਤੀ ਹੈ। ਲੇਖਕ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਰਿਹਾਈ ਪਿੱਛੇ 'ਹਜ਼ਰਤ ਮੀਆਂ ਮੀਰ', 'ਮਲਕਾ ਨੂਰ ਜਹਾਨ' (ਬਾਦਸ਼ਾਹ ਜਹਾਂਗੀਰ ਦੀ ਪਤਨੀ), 'ਨਿਜ਼ਾਮ ਦੀਨ ਔਲੀਆ' ਆਦਿ ਦੀਆਂ ਸ਼ੁਭ ਭਾਵਨਾਵਾਂ ਨੂੰ ਕਾਰਜਸ਼ੀਲ ਮੰਨਿਆ ਹੈ। ਇਸ ਤੋਂ ਛੁੱਟ ਉਸਨੇ ਪਰੰਪਰਾਗਤ ਧਾਰਨਾਵਾਂ ਅਨੁਸਾਰ ਗੁਰੂ ਸਾਹਿਬ ਨਾਲ ਰਿਹਾਅ ਹੋਣ ਵਾਲੇ ਰਾਜਿਆਂ-ਰਾਣਿਆਂ ਦੀ ਗਿਣਤੀ ਅਤੇ ਗੁਰੂ ਸਾਹਿਬ ਦੇ ਚੋਲੇ ਦੀਆਂ ਕਲੀਆਂ ਦੀ ਗਿਣਤੀ ਬਵੂੰਜਾ (੫੨) ਸਵੀਕਾਰਨ ਤੋਂ ਗੁਰੇਜ਼ ਕੀਤਾ ਹੈ। ਅਸਲ ਵਿੱਚ ਲੇਖਕ ਨੇ 'ਭੱਟਵਹੀ' ਦਾ ਹਵਾਲਾ ਦਿੰਦਿਆਂ ਇਸ ਤੱਥ ਦਾ ਸਮਰੱਥਨ ਕੀਤਾ ਹੈ ਕਿ ਗੁਰੂ ਸਾਹਿਬ ਨਾਲ ਰਿਹਾਅ ਹੋਣ ਵਾਲੇ ਰਾਜੇ-ਰਾਣਿਆਂ ਤੇ ਗੁਰੂ ਸਾਹਿਬ ਦੇ ਚੋਲੇ ਦੀਆਂ ਕਲੀਆਂ ਦੀ ਕੁੱਲ ਗਿਣਤੀ ੧੦੧ ਸੀ। ਇਸੇ ਤਰ੍ਹਾਂ ਲੇਖਕ ਨੇ ਇਸ ਨੁਕਤੇ ਨੂੰ ਵੀ ਸਾਖਿਆਤ ਕੀਤਾ ਹੈ ਕਿ ਚਰਿੱਤ੍ਰ ਨਾਇਕ ਦੀ ਰਿਹਾਈ ੨੬ ਅਕਤੂਬਰ ੧੬੧੯ ਈ. ਵਿੱਚ ਹੋਈ ਅਤੇ ੨੮ ਦਸਬੰਰ ੧੬੨੦ ਈ. ਨੂੰ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ। ਲੇਖਕ ਨੇ ਇਸ ਗੱਲ ਨੂੰ ਸਪਸ਼ਟਤਾ ਪ੍ਰਦਾਨ ਕੀਤੀ ਹੈ ਕਿ ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਪਹੁੰਚੇ ਤਾਂ ਸਿੱਖਾਂ ਨੇ ਭਾਵੇਂ ਗੁਰੂ ਦੀ ਨਗਰੀ ਵਿੱਚ ਦੀਪਮਾਲਾ ਕੀਤੀ ਸੀ ਪਰ ਇਸ ਦੀਪਮਾਲਾ ਦਾ ਕਤਕ ਦੀ ਦਿਵਾਲੀ ਨਾਲ ਕੋਈ ਵੀ ਸੰਬੰਧ ਨਹੀਂ ਹੈ। ਜੀਵਨੀਕਾਰ ਵੱਲੋਂ ਦਰਜ ਇਨ੍ਹਾਂ ਤਥਾਤਮਕ ਅੰਕੜਿਆਂ ਤੇ ਨਿਸ਼ਚਿਤ ਮਿਤੀਆਂ ਨੇ ਜੀਵਨੀ ਦੀ ਪ੍ਰਮਾਣਿਕਤਾ ਤੇ ਪ੍ਰਸੰਗਿਕਤਾ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

---

[2] ਡਾ. ਜਸਬੀਰ ਸਿੰਘ ਸਰਨਾ, ਉਹੀ, ਪੰਨਾ 25-26

ਇਸ ਤੋਂ ਛੁੱਟ ਲੇਖਕ ਨੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਤੇ ਫ਼ਲਸਫ਼ੇ ਨੂੰ ਪ੍ਰਸਾਰਣ ਅਤੇ ਸਿੱਖੀ ਸਿਧਾਂਤਾਂ ਨੂੰ ਦੂਰ-ਦੁਰਾਡੇ ਇਲਾਕਿਆਂ ਵਿੱਚ ਪ੍ਰਚਾਰਣ ਤੇ ਦ੍ਰਿੜ੍ਹ ਕਰਾਉਣ ਹਿੱਤ ਕੀਤੇ ਪ੍ਰਚਾਰਕ ਦੌਰਿਆਂ ਸੰਬੰਧੀ ਵਿਸਤਾਰਪੂਰਵਕ ਢੰਗ ਨਾਲ ਵਰਨਣ ਕਰਨ ਦੇ ਨਾਲ-ਨਾਲ ਇਨ੍ਹਾਂ ਯਾਤਰਾਵਾਂ ਦੌਰਾਨ ਵਾਪਰੀਆਂ ਘਟਨਾਵਾਂ ਦਾ ਅਜਿਹਾ ਬਿਓਰਾ ਪੇਸ਼ ਕੀਤਾ ਹੈ ਜੋ ਮਿਥਿਹਾਸਕ ਛੂਹਾਂ ਤੋਂ ਰਹਿਤ ਹੈ। ਅਸਲ ਵਿੱਚ ਲੇਖਕ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਯਾਤਰਾਵਾਂ ਦਾ ਉਲੇਖ ਕਰਦਿਆਂ ਗੁਰੂ ਸਾਹਿਬ ਨੂੰ ਉਸ ਚਮਤਕਾਰੀ ਬਾਬੇ ਵਾਂਗ ਸਥਾਪਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਪੈਰ-ਪੈਰ ਉੱਤੇ ਕਰਾਮਾਤਾਂ ਦਿਖਾਉਂਦਾ ਅਤੇ ਮਨਮਤੀਆਂ ਤੇ ਅਨਮਤੀਆਂ ਨੂੰ ਝੁਕਾਉਂਦਾ ਹੈ, ਸਗੋਂ ਉਸ ਧਾਰਮਿਕ ਤੇ ਸਮਾਜਿਕ ਆਗੂ ਦੇ ਨਿਆਈਂ ਰੂਪਮਾਨ ਕੀਤਾ ਹੈ ਜੋ ਸੱਚ ਧਰਮ ਦਾ ਪ੍ਰਚਾਰ ਤੇ ਵਹਿਮ ਭਰਮਾਂ ਦਾ ਖੰਡਨ ਕਰਦਿਆਂ ਆਪਣੇ ਸਫ਼ਰ ਨੂੰ ਤੈਅ ਕਰਦਾ ਹੈ। ਇਹੀ ਕਾਰਣ ਹੈ ਕਿ ਜੀਵਨੀਕਾਰ ਨੇ 'ਰਿਆਸਤ ਗੜ੍ਹਵਾਲ' ਦੇ ਦੌਰੇ ਉੱਤੇ ਚਾਨਣਾ ਪਾਉਂਦਿਆਂ 'ਸੰਤ ਸਮਰਥ ਰਾਮਦਾਸ' ਅਤੇ 'ਗੁਰੂ ਹਰਿ ਗੋਬਿੰਦ ਸਾਹਿਬ' ਵਿਚਲੀ ਮੁਲਾਕਾਤ ਅਤੇ ਆਪਸੀ ਵਾਰਤਾਲਾਪ ਨੂੰ ਦਰਜ ਕਰਕੇ ਗੁਰੂ ਸਾਹਿਬ ਨੂੰ ਕਰਾਮਾਤੀ ਪੁਰਸ਼ ਦੇ ਬਜਾਇ ਸਾਧਾਰਨ ਮਨੁੱਖ ਵਜੋਂ ਮੂਰਤੀਮਾਨ ਕਰਨ ਦੀ ਪਹਿਲਕਦਮੀ ਕੀਤੀ ਹੈ ਅਤੇ ਰਚਨਾ ਵਿੱਚ ਵਾਸਤਵਿਕਤਾ ਦੇ ਪ੍ਰਭਾਵ ਨੂੰ ਕਾਇਮ ਰੱਖਣ ਲਈ ਵਾਤਾਵਰਨ ਤੇ ਪਾਤਰਾਂ ਅਨੁਕੂਲ ਬੋਲੀ ਨੂੰ ਵੀ ਵਰਤਿਆ ਹੈ। ਜਿਵੇਂ :-

ਸੰਤ ਸਮਰਥ ਰਾਮਦਾਸ- "ਹਉ ਸੁਣਿਆ ਥਾ ਗੁਰੂ ਨਾਨਕ ਕੀ ਗੱਦੀ ਪਰ ਬੈਠਾ ਹੈ। ਗੁਰੂ ਨਾਨਕ ਤਿਆਗੀ ਸਾਧੂ ਥੇ। ਤੁਮ ਸ਼ਸਤਰ ਧਾਰਨ ਕਰੇ ਹੈਨਿ, ਘੋੜੇ ਫ਼ੌਜ ਰੱਖੀ ਹੈ, ਸੱਚਾ ਪਾਤਸ਼ਾਹ ਕਹਾਵਤਾ ਹੈ। ਕੈਸਾ ਸਾਧੂ ਹੈ?"[3]

ਗੁਰੂ ਹਰਿਗੋਬਿੰਦ ਸਾਹਿਬ- "ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬੀ ਕੀ ਰਖਿਆ, ਜਰਵਾਣੇ ਕੀ ਭਖਿਆ, ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਤਿਆਗੀ ਥੀ।"[4]

ਜੀਵਨੀਕਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਚਰਿੱਤ੍ਰ ਨਾਇਕ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਪਹਿਲੂਆਂ ਨੂੰ ਪ੍ਰਮਾਣਿਕਤਾ ਨਾਲ ਮੂਰਤੀਮਾਨ ਕਰਨ ਲਈ 'ਭੱਟ ਵਹੀ' ਸ੍ਰੋਤਾਂ ਨੂੰ ਆਧਾਰ ਬਣਾ ਕੇ ਜਿੱਥੇ ਸਿੱਕੇਬੰਦ ਤਵਾਰੀਖ਼ ਨੂੰ ਤੱਥਾਤਮਕਤਾ ਨਾਲ ਕਲਮਬੱਧ ਕੀਤਾ ਹੈ ਉੱਥੇ ਹੀ ਪੂਰਵਲੇ ਇਤਿਹਾਸਕਾਰਾਂ ਵੱਲੋਂ ਗੁਰੂ ਸਾਹਿਬ ਦੇ ਜੀਵਨ ਨਾਲ ਜੋੜੇ ਗਏ ਉਨ੍ਹਾਂ ਅਪ੍ਰਮਾਣਿਤ ਅਤੇ ਵਿਵਾਦਪੂਰਨ ਤੱਥਾਂ ਦਾ ਵੀ ਖੰਡਨ ਕੀਤਾ ਹੈ ਜੋ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਅਤੇ ਆਚਰਣ ਸੰਬੰਧੀ ਵਿਭਿੰਨ ਭੁਲੇਖਿਆਂ ਦਾ ਸੰਚਾਰ ਕਰਦੇ ਹਨ। ਜਿਵੇਂ- 'ਗਵਾਲੀਅਰ ਦੇ ਕਿਲ੍ਹੇ ਵਿੱਚ

---

[3] ਉਹੀ, ਪੰਨਾ 35-36

[4] ਉਹੀ, ਪੰਨਾ 36

ਗੁਰੂ ਸਾਹਿਬ ਦੀ ਕੈਦ ਦਾ ਕੁਲ ਸਮਾਂ', 'ਰਿਹਾਈ ਮਗਰੋਂ ਅੰਮ੍ਰਿਤਸਰ ਪਹੁੰਚਣ ਦੀ ਸਹੀ ਮਿਤੀ, 'ਮਾਤਾ ਕੋਲਾਂ ਨਾਲ ਗੁਰੂ ਸਾਹਿਬ ਦਾ ਮੁਹੱਬਤਨੁਮਾ ਰਿਸ਼ਤਾ', 'ਜੰਗਾਂ ਲੜਣ ਦਾ ਪ੍ਰਮੁੱਖ ਕਾਰਣ' ਆਦਿ। ਇਹ ਗੱਲ ਵਰਨਣਯੋਗ ਹੈ ਕਿ ਲੇਖਕ ਨੇ ਗੁਰੂ ਸਾਹਿਬ ਨਾਲ ਜੋੜੇ ਗਏ ਇਨ੍ਹਾਂ ਤੱਥਾਂ ਦਾ ਕੇਵਲ ਖੰਡਨ ਹੀ ਨਹੀਂ ਕੀਤਾ, ਸਗੋਂ ਖੋਜਪੂਰਵਕ ਢੰਗ ਨਾਲ ਚਰਿੱਤ੍ਰ ਨਾਇਕ ਦੇ ਜੀਵਨ ਨਾਲ ਸੰਬੰਧਿਤ ਅਣਗੌਲੇ ਯਥਾਰਥਕ ਤੱਥਾਂ ਦਾ ਪ੍ਰਸਤੁਤੀਕਰਨ ਵੀ ਕੀਤਾ ਹੈ। ਮਿਸਾਲ ਵਜੋਂ ਲੇਖਕ ਨੇ ਇਤਿਹਾਕਾਰਾਂ ਵੱਲੋ ਗੁਰੂ ਸਾਹਿਬ ਅਤੇ ਮਾਤਾ ਕੌਲਾਂ ਦੇ ਆਪਸੀ ਰਿਸ਼ਤਿਆਂ ਬਾਰੇ ਪਾਏ ਭੁਲੇਖਿਆਂ ਸੰਬੰਧੀ ਸਪਸ਼ਟੀਕਰਨ ਪ੍ਰਦਾਨ ਕਰਦਿਆਂ ਇਸ ਪ੍ਰਕਾਰ ਲਿਖਿਆ ਹੈ :-

"ਕਈ ਤਵਾਰੀਖ਼ਦਾਨਾਂ ਨੇ ਸ਼ਰਾਰਤ ਨਾਲ ਗੁਰੂ ਸਾਹਿਬ ਨਾਲ ਉਸਦੀ ਮੁਹੱਬਤਨੁਮਾ ਦਾਸਤਾਨ ਜੋੜਨ ਦਾ ਯਤਨ ਕੀਤਾ ਹੈ ਜੋ ਸਰਾਸਰ ਗਲਤ ਹੈ ਤੇ ਭੁੱਲੇਖਾ ਪਾਊ ਹੈ। ਇੱਕ ਨੁਕਤਾ ਸਪੱਸ਼ਟ ਕਰਨਾ ਇੱਥੇ ਉਚਿੱਤ ਹੈ ਕਿ ਮਲਕਾ ਨੂਰ ਜਹਾਂ ਵਰਗੀ ਹਸੀਨਾ ਗੁਰੂ ਸਾਹਿਬ ਦੇ ਹਿਮਾਲਿਆ ਵਰਗੇ ਆਚਰਨ (character) ਦਾ ਕਮਾਲ ਜਦੋਂ ਵੇਖ ਕੇ ਹੈਰਾਨ ਹੋ ਜਾਂਦੀ ਹੈ, ਤਾਂ ਕੌਲਾਂ ਗੁਰੂ ਸਾਹਬ ਅੱਗੇ ਕੀ ਚੀਜ਼ ਸੀ? ਮੈਕਾਲਫ਼ ਵਰਗਾ ਇਤਿਹਾਸਕਾਰ ਵੀ ਗੁਮਰਾਹ ਹੋ ਕੇ ਇਸ ਮਾਮਲੇ ਵਿਚ ਕੌਲਾਂ ਦਾ ਜ਼ਿਕਰ ਕਰਨ ਲੱਗਿਆਂ ਮੁਹੱਬਤ ਦੀ ਆਬਸ਼ਾਰ ਸੰਗ ਤੁਰ ਪਿਆ ਹੈ!...ਇਹ ਗੱਲ ਸਪੱਸ਼ਟ ਹੈ ਕਿ ਕੌਲਾਂ ਨੇ ਸਾਰੀ ਉਮਰ ਕੁਆਰੀ (Unmarried) ਰਹਿ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਕੋਲ ਰਹਿਣ ਦਾ ਇਕਰਾਰ ਨਾਮਾ ਕਰ ਲਿਆ ਸੀ। ਕੌਲਾਂ ਖ਼ੁਦਾ ਦੀ ਬੰਦਗੀ ਅਤੇ ਗੁਰਬਾਣੀ ਦੇ ਆਸਰੇ ਆਪਣੀ ਉਮਰ ਦੇ ਆਖ਼ੀਰ ਤੱਕ ਅੰਮ੍ਰਿਤਸਰ ਰਹੀ।...ਗੁਰੂ ਸਾਹਿਬ ਨੇ ਦਰਬਾਰ ਸਾਹਿਬ ਤੋਂ ਥੋੜ੍ਹੀ ਦੂਰ ਤੇ ਉਸਦੇ ਰਹਿਣ ਲਈ ਇਕ ਕੁੱਟੀਆ ਤਿਆਰ ਕਰਵਾਈ। ਸਿੱਖ ਤਵਾਰੀਖ਼ ਵਿਚ ਜ਼ਿਕਰ ਆਉਂਦਾ ਹੈ ਕਿ ਇੱਕ ਦਿਨ 'ਕੌਲਾਂ' ਨੇ ਆਪਣੇ ਸਾਰੇ ਹਾਰ ਸ਼ਿੰਗਾਰ ਅਤੇ ਹੀਰੇ ਮੋਤੀ ਗੁਰੂ ਸਾਹਿਬ ਦੇ ਅੱਗੇ ਭੇਟਾ ਕਰਕੇ ਗੁਜ਼ਾਰਸ਼ ਕੀਤੀ ਕਿ ਮੇਰੀ ਇਥੇ ਕੋਈ ਯਾਦਗਾਰ ਬਣਾਉ! ਗੁਰੂ ਸਾਹਿਬ ਨੇ ਉਸਦੀ ਖ਼ਾਹਿਸ਼ ਪੂਰੀ ਕੀਤੀ ਅਤੇ ਉਸਦੀ ਯਾਦ ਵਿਚ ਇਕ ਸਰੋਵਰ ਬਣਾਇਆ, ਜੋ ਦਰਬਾਰ ਸਾਹਿਬ ਤੋਂ ਕੁਝ ਫ਼ਰਲਾਂਗ ਦੂਰ 'ਕੌਲਸਰ' ਦੇ ਨਾਮ ਨਾਲ ਪ੍ਰਸਿੱਧ ਹੈ।"[5]

ਇਸੇ ਤਰ੍ਹਾਂ ਜੀਵਨੀਕਾਰ ਨੇ ਗੁਰੂ ਸਾਹਿਬ ਦੀਆਂ ਜੰਗਾਂ ਸੰਬੰਧੀ ਵੀ ਜਾਣਕਾਰੀ ਪ੍ਰਦਾਨ ਕੀਤੀ ਹੈ ਪਰ ਗੌਲਣਯੋਗ ਗੱਲ ਇਹ ਹੈ ਕਿ ਲੇਖਕ ਦੁਆਰਾ ਭੱਟ ਵਹੀ ਸਰੋਤਾਂ ਦੀ ਵਰਤੋਂ ਕਾਰਣ ਗੁਰੂ ਸਾਹਿਬ ਵੱਲੋਂ ਲੜੀਆਂ ਪ੍ਰਮੁੱਖ ਪੰਜ ਜੰਗਾਂ ਦਾ ਸਮਾਂ, ਇਤਿਹਾਸਕ ਕ੍ਰਮਿਕਤਾ ਅਤੇ ਜੰਗਾਂ ਦੀ ਕੁੱਲ ਗਿਣਤੀ ਵੀ ਪ੍ਰਚੱਲਿਤ ਸਰੋਤਾਂ ਵਿੱਚ ਅੰਕਿਤ ਜੰਗਾਂ ਦੇ ਸਮੇਂ, ਤਰਤੀਬ ਤੇ ਗਿਣਤੀ ਨਾਲੋਂ ਵੱਖਰਤਾ ਰੱਖਦੀ ਹੈ। ਅਸਲ ਵਿੱਚ ਜਿੱਥੇ ਅਨੇਕ ਪ੍ਰਚੱਲਿਤ ਸਰੋਤਾਂ ਵਿੱਚ 'ਅੰਮ੍ਰਿਤਸਰ ਦੀ ਜੰਗ' ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀ ਪ੍ਰਥਮ ਜੰਗ ਵਜੋਂ ਰੂਪਮਾਨ ਕੀਤਾ ਗਿਆ ਹੈ ਉੱਥੇ ਹੀ ਜੀਵਨੀਕਾਰ ਨੇ ਭੱਟ ਵਹੀ ਸਰੋਤਾਂ ਵਿੱਚ ਅੰਕਿਤ ਮਿਤੀਆਂ ਦੇ ਆਧਾਰ 'ਤੇ 'ਹਰਿਗੋਬਿੰਦ ਪੁਰ ਦੀ

[5] ਉਹੀ, ਪੰਨਾ 39

ਜੰਗ'(੨੮ ਸਤੰਬਰ ੧੬੨੧ਈ.) ਦੀ ਇਤਿਹਾਸਕ ਕ੍ਰਮਿਕਤਾ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਦੀ ਪ੍ਰਥਮ ਜੰਗ ਵਜੋਂ ਸਵੀਕ੍ਰਿਤ ਕੀਤਾ ਹੈ। ਇਸ ਜੰਗ ਮਗਰੋਂ ਲੇਖਕ ਨੇ ਤਾਰੀਖ਼ੀ ਅਤੇ ਤਵਾਰੀਖ਼ੀ ਕ੍ਰਮ ਅਨੁਸਾਰ 'ਰੁਹੀਲ ਦੀ ਜੰਗ' (੪ ਅਕਤੂਬਰ ੧੬੨੧ਈ.), 'ਅੰਮ੍ਰਿਤਸਰ ਦੀ ਜੰਗ'(੧੪ ਅਪ੍ਰੈਲ ੧੬੩੪ਈ.), 'ਮਹਿਰਾਜ ਦੀ ਜੰਗ'(੧੬ ਦਿਸੰਬਰ ੧੬੩੪ਈ.), 'ਕਰਤਾਪੁਰ ਦੀ ਜੰਗ'(੨੬-੨੭ ਅਪ੍ਰੈਲ ੧੬੩੫ਈ.) ਸੰਬੰਧੀ ਬਿਓਰਾ ਪੇਸ਼ ਕੀਤਾ ਹੈ। ਇਸ ਤੋਂ ਛੁੱਟ ਜੀਵਨੀਕਾਰ ਨੇ ਇਨ੍ਹਾਂ ਜੰਗਾਂ ਵਿੱਚ ਆਪਣੇ ਜੌਹਰ ਦਿਖਾਉਣ ਵਾਲੇ ਸਿੱਖ ਯੋਧਿਆਂ ਦੇ ਨਾਲ-ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗੀ ਕਰਤੱਵਾਂ ਤੇ ਸੂਰਬੀਰਤਾ ਦੇ ਨਮੂਨਿਆਂ ਨੂੰ ਵੀ ਸਾਖਿਆਤ ਕਰਨ ਲਈ ਪੁਰਾਤਨ ਲਿਖਤਾਂ ਦੇ ਹਵਾਲਿਆਂ ਨੂੰ ਬਹੁਤ ਢੁੱਕਵੇਂ ਰੂਪ ਵਿੱਚ ਵਰਤਿਆ ਹੈ। ਉਦਾਹਰਣ ਵਜੋਂ ਲੇਖਕ ਨੇ 'ਜ਼ੁਲਫ਼ਕਾਰ ਅਰਦਸਤਾਨੀ' ਰਚਿਤ 'ਦਬਿਸਤਾਨਿ ਮੁਜ਼ਾਹਿਬ' ਵਿੱਚੋਂ ਹਵਾਲਾ ਅੰਕਿਤ ਕਰਦਿਆਂ ਹੋਇਆਂ ਗੁਰੂ ਸਾਹਿਬ ਦੀ ਤਲਵਾਰ ਬਾਜ਼ੀ ਦੇ ਢੰਗ ਸੰਬੰਧੀ ਇਹ ਜਾਣਕਾਰੀ ਦਿੱਤੀ ਹੈ :-

"ਜਦੋਂ ਪੈਂਦੇ ਖ਼ਾਂ ਨੇ ਗੁਰੂ ਸਾਹਿਬ ਨੂੰ ਵੰਗਾਰ ਕੇ ਆਹਮੋ ਸਾਹਮਣੇ ਲੜਨ ਦੀ ਚਨੌਤੀ ਦਿੱਤੀ, ਤਾਂ ਗੁਰੂ ਸਾਹਿਬ ਘੋੜੇ ਤੋਂ ਹੇਠਾਂ ਉੱਤਰ ਆਏ ਤੇ ਪੈਂਦੇ ਖ਼ਾਂ ਨੂੰ ਕਿਹਾ ਕਿ ਤੂੰ ਫੇਰ ਵੀ ਸਾਡਾ ਸੇਵਕ ਰਿਹਾ ਹੈ...ਪਹਿਲਾਂ ਤੂੰ ਹੀ ਵਾਰ ਕਰਲੈ। ਪੈਂਦੇ ਖਾਂ ਨੇ ਗੁਰੂ ਸਾਹਿਬ ਉਤੇ ਦੋ ਵਾਰ ਕੀਤੇ, ਪਰ ਨਾਕਾਮ ਰਿਹਾ। ਤੀਜਾ ਵਾਰ ਕਰਨ ਲਗਾ, ਤਾਂ ਉਹ ਵੀ ਖ਼ਾਲੀ ਗਿਆ। ਗੁਰੂ ਸਾਹਿਬ ਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਪੈਂਦੇ ਖ਼ਾਂ ਦਾ ਸਿਰ ਕੱਦੂ ਵਾਂਗ ਧੜ ਤੋਂ ਅੱਡ ਹੋ ਕੇ ਧਰਤੀ ਉਤੇ ਰਿੜ੍ਹਦਾ ਦਿੱਸਿਆ।"[6]

ਇਸ ਜੀਵਨੀ ਵਿੱਚੋਂ ਲੇਖਕ ਦੇ ਖੋਜੀ ਸੁਭਾਓ ਦਾ ਵੀ ਸਪਸ਼ਟ ਪ੍ਰਮਾਣ ਮਿਲਦਾ ਹੈ ਕਿਉਂਕਿ ਉਸਨੇ ਗੁਰੂ ਸਾਹਿਬ ਨਾਲ ਸੰਬੰਧਿਤ ਨਿਸ਼ਾਨਾਂ ਅਤੇ ਹੁਕਮਨਾਮਿਆਂ ਸੰਬੰਧੀ ਵੀ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਹੈ। ਉਸਨੇ ਇਸ ਤੱਥ ਨੂੰ ਬਹੁਤ ਸੰਜੀਦਗੀ ਨਾਲ ਉਜਾਗਰ ਕੀਤਾ ਹੈ ਕਿ ਗੁਰੂ ਸਾਹਿਬ ਨਾਲ ਸੰਬੰਧਿਤ ਦੋ ਨਿਸ਼ਾਨ 'ਮੂਲਮੰਤਰ' ਦੇ ਰੂਪ ਵਿੱਚ ਪ੍ਰਾਪਤ ਹੁੰਦੇ ਹਨ। ਪ੍ਰਥਮ ਨਿਸ਼ਾਨ ਕਰਤਾਰਪੁਰ ਵਿੱਖੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪ੍ਰਥਮ ਬੀੜ ਵਿੱਚ ਮੌਜੂਦ ਹੈ ਅਤੇ ਦੂਜਾ 'ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ' ਵਿੱਚ ਸੁਰੱਖਿਅਤ, ਗੁਰੂ ਗ੍ਰੰਥ ਸਾਹਿਬ ਦੀ ਇਕ ਪ੍ਰਾਚੀਨ ਬੀੜ ਵਿੱਚ ਦਰਜ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੇ ਦੋ ਹੁਕਮਨਾਮੇ ਵੀ ਮੌਲਿਕ ਰੂਪ ਵਿੱਚ ਮਿਲਦੇ ਹਨ। ਜਿਨ੍ਹਾਂ ਵਿੱਚੋਂ ਗੁਰੂ ਸਾਹਿਬ ਦੇ ਸਮਕਾਲ ਦੀ ਰਾਜਸੀ, ਧਾਰਮਿਕ, ਆਰਥਿਕ ਤੇ ਸਾਹਿਤਕ ਤਵਾਰੀਖ਼ ਸੰਬੰਧੀ ਅਦੁੱਤੀ ਵਾਕਫ਼ੀਅਤ ਪ੍ਰਾਪਤ ਹੁੰਦੀ ਹੈ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਲੇਖਕ ਨੇ ਇਨ੍ਹਾਂ ਹੁਕਮਨਾਮਿਆਂ ਸੰਬੰਧੀ ਕੇਵਲ ਜਾਣਕਾਰੀ ਹੀ ਦਰਜ ਨਹੀਂ ਕੀਤੀ, ਸਗੋਂ ਉਨ੍ਹਾਂ ਨੂੰ ਹੂ-ਬ-ਹੂ ਸ਼ਬਦਾਵਲੀ ਵਿੱਚ ਅੰਕਿਤ ਕਰਕੇ ਜੀਵਨੀ ਨੂੰ ਰੌਚਕਤਾ ਵੀ ਪ੍ਰਦਾਨ ਕੀਤੀ ਹੈ। ਇਸ ਤੋਂ ਛੁੱਟ ਜੀਵਨੀਕਾਰ ਨੇ **'ਲਾਸਾਨੀ ਸੇਵਕ'** ਸਿਰਲੇਖ ਅਧੀਨ ਰਚਿਤ ਕਾਂਡ ਵਿੱਚ ਗੁਰੂ ਹਰਗੋਬਿੰਦ ਸਾਹਿਬ

[6] ਉਧਰਿਤ, ਡਾ. ਜਸਬੀਰ ਸਿੰਘ ਸਰਨਾ, ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ, ਪੰਨਾ 49-50

ਦੇ ਕੁਝ ਕੁ ਅਨਿਨ ਸੇਵਕਾਂ, ਪੈਰੋਕਾਰਾਂ ਅਤੇ ਯੋਧਿਆਂ ਸੰਬੰਧੀ ਸੰਖਿਪਤ ਪਰ ਮਹੱਤਤਾ ਭਰਿਆ ਜ਼ਿਕਰ ਕੀਤਾ ਹੈ। ਜਿਨ੍ਹਾਂ ਦੀ ਕੁਲ ਗਿਣਤੀ ੧੨੯ ਬੰਨਦੀ ਹੈ। ਇਨ੍ਹਾਂ ਸੇਵਕਾਂ ਅਤੇ ਯੋਧਿਆਂ ਵਿੱਚ 'ਬਾਬਾ ਬੁੱਢਾ', 'ਭਾਈ ਗੁਰਦਾਸ', ਭਾਈ ਬਿਧੀ ਚੰਦ'', 'ਭਾਈ ਜੇਠਾ', 'ਭਾਈ ਪਰਾਗਾ', 'ਭਾਈ ਪੈੜਾ', 'ਭਾਈ ਸਾਧੂ', 'ਭਾਈ ਚੂਹੜ', 'ਭਾਈ ਲੰਗਾਹਾ', 'ਭਾਈ ਜੋਧ ਰਾਇ' ਆਦਿ ਦੇ ਨਾਂ ਵਰਨਣਯੋਗ ਹਨ। ਇਸੇ ਤਰ੍ਹਾਂ ਲੇਖਕ ਨੇ **'ਗੁਰਦੁਆਰੇ, ਅਸਥਾਨ ਤੇ ਯਾਦ ਚਿੰਨ੍ਹ'** ਨਾਂ ਦੇ ਕਾਂਡ ਵਿੱਚ ਗੁਰੂ ਸਾਹਿਬ ਨਾਲ ਸੰਬੰਧਿਤ ੧੯੬ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਵਾਲੇ ਅਸਥਾਨਾਂ ਸੰਬੰਧੀ ਕੇਵਲ ਬਿਓਰਾ ਹੀ ਪੇਸ਼ ਨਹੀਂ ਕੀਤਾ ਹੈ, ਸਗੋਂ ਖੋਜ ਪੂਰਵਕ ਢੰਗ ਨਾਲ ਸਥਾਨ ਵਿਸ਼ੇਸ਼ ਸੰਬੰਧੀ ਜ਼ਿਕਰ ਕਰਦਿਆਂ ਉਸਦੀ ਭੂਤਕਾਲੀਨ, ਸਮਾਕਾਲੀਨ ਅਤੇ ਭੂਗੋਲਿਕ ਸਥਿਤੀ ਬਾਰੇ ਵਿਸਤਾਰ ਸਹਿਤ ਵਰਨਣ ਕਰਕੇ ਇਕੋ ਸਮੇਂ ਇਕ ਇਤਿਹਾਸਕਾਰ ਅਤੇ ਸਫ਼ਰਨਾਮਾਕਾਰ ਵਾਲੀ ਭੂਮਿਕਾ ਨਿਭਾਈ ਹੈ। ਲੇਖਕ ਨੇ ਗਵਾਲੀਅਰ ਦੇ ਕਿਲ੍ਹੇ ਬਾਰੇ ਇਸ ਤਰ੍ਹਾਂ ਲਿਖਿਆ ਹੈ :-

"ਮੱਧ ਪ੍ਰਦੇਸ਼ ਵਿਚ ਗਵਾਲੀਅਰ ਆਉਂਦਾ ਹੈ, ਜੋ ਗਵਾਲੀਅਰ ਰੇਲਵੇ ਸਟੇਸ਼ਨ ਤੋਂ ਤਿੰਨ ਕਿਲੋਮੀਟਰ ਦੂਰ ਹੈ। ਗਵਾਲੀਅਰ ਕਿਲ੍ਹੇ ਦੇ ਅੰਦਰ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਅਸਥਾਨ 'ਗੁਰਦੁਆਰਾ ਦਾਤਾ ਬੰਦੀ ਛੋੜ, ਪਾਤਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਜਹਾਂਗੀਰ ਦੇ ਹੁਕਮ ਅਨੁਸਾਰ ਛੇਵੇਂ ਪਾਤਸ਼ਾਹ 1613 ਤੋਂ 1619 ਤੱਕ ਇਸ ਕਿਲ੍ਹੇ ਵਿਚ ਬੰਦ ਰਹੇ ਸਨ। ਗੁਰੂ ਸਾਹਿਬ ਨੇ 52 (ਭੱਟਵਹੀਆਂ ਅਨੁਸਾਰ 103) ਰਾਜੇ-ਰਾਣਿਆਂ ਨੂੰ ਰਿਹਾਈ ਬਖ਼ਸ਼ੀ ਸੀ। ਗਵਾਲੀਅਰ ਦਾ ਅਕਸ਼ਾਸ਼ 26°10 ਅਤੇ ਰੇਖਾਂਸ਼ ਦੇਸ਼ਾਂਤਰ 78°8 ਹੈ। ਨਵੀਂ ਗੁਰਦੁਆਰੇ ਦੀ ਇਮਾਰਤ 6 ਜਨਵਰੀ, 1968 ਨੂੰ ਬਣੀ ਹੈ। ਗਵਾਲੀਅਰ ਕਿਲ੍ਹਾ ਇਕੋ ਪਹਾੜ 'ਤੇ ਬਣਿਆ ਹੈ। ਜੋ 100 ਮੀਟਰ ਉੱਚਾ ਅਤੇ ਦੋ ਕਿਲੋਮੀਟਰ ਲੰਮਾ ਅਤੇ 600 ਮੀਟਰ ਚੋੜਾ ਹੈ।"[7]

ਇਸ ਜੀਵਨੀ ਦੀ ਰਚਨਾਤਮਕ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਖ ਇਤਿਹਾਸ ਅਤੇ ਸਿੱਖ ਫ਼ਲਸਫ਼ੇ ਦੀਆਂ ਸੰਕਲਪਾਤਮਕ ਧਾਰਨਾਵਾਂ ਨਾਲ ਸੰਬੰਧ ਸਥਾਪਿਤ ਕਰਦੀ ਨਜ਼ਰ ਆਉਂਦੀ ਹੈ। ਇਹੀ ਕਾਰਣ ਹੈ ਕਿ ਜੀਵਨੀਕਾਰ ਨੇ ਹਰ ਉਸ ਸੰਕਲਪ ਅਤੇ ਸਿਧਾਂਤ ਨੂੰ ਸਪਸ਼ਟਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਗੁਰੂ ਸਾਹਿਬ ਦੇ ਜੀਵਨ ਸਫ਼ਰ ਨੂੰ ਦਾਰਸ਼ਨਿਕ ਤੇ ਇਤਿਹਾਸਕ ਨੁਕਤੇ ਤੋਂ ਪ੍ਰਮਾਣਿਕਤਾ ਨਾਲ ਸਾਖਿਆਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅਸਲ ਵਿੱਚ ਲੇਖਕ ਨੇ ਹਰ ਇਕ ਸੰਕਲਪ ਨੂੰ ਕੇਵਲ ਸਪਸ਼ਟਤਾ ਨਾਲ ਪ੍ਰਗਟਾਇਆ ਹੀ ਨਹੀਂ ਹੈ, ਸਗੋਂ ਲੋੜ ਅਨੁਸਾਰ ਉਸਦੇ ਅਰਥ ਵੀ ਕੀਤੇ ਹਨ। ਇਸ ਪ੍ਰਕਾਰ ਦੀ ਵਿਆਖਿਆਮਈ ਜੁਗਤ ਦੀ ਵਰਤੋਂ ਕਾਰਣ ਡਾ. ਸਰਨਾ ਦੀ ਇਹ ਰਚਨਾ ਇਕ ਵਿਲੱਖਣ ਮੁਹਾਂਦਰਾ ਸਿਰਜਦੀ ਪ੍ਰਤੀਤ ਹੁੰਦੀ ਹੈ। ਮਿਸਾਲ ਦੇ ਤੌਰ 'ਤੇ ਲੇਖਕ ਨੇ 'ਮੀਰੀ' ਤੇ 'ਪੀਰੀ' ਦੇ ਸਕੰਲਪ ਨੂੰ ਪਰਿਭਾਸ਼ਤ ਕਰਦਿਆਂ ਲਿਖਿਆ ਹੈ "ਮੀਰੀ ਦਾ ਮਤਲਬ ਹੈ ਮੀਰ ਦਾ ਕਰਮ। ਮੀਰੀ ਰਾਜ ਦੀ ਸੂਚਕ ਹੈ। ਇਹ ਅਮੀਰ ਸ਼ਬਦ ਦਾ

[7] ਡਾ. ਜਸਬੀਰ ਸਿੰਘ ਸਰਨਾ, ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ, ਪੰਨਾ 73

ਸੰਖਿਪਤ ਰੂਪ ਵੀ ਹੈ। ਇਸ ਦੇ ਬੁਨਿਆਦੀ ਅਰਥ ਹੁਕਮ ਕਰਨ ਵਾਲਾ, ਮੁੱਖੀ, ਬਾਦਸ਼ਾਹ, ਸਰਦਾਰ, ਜਰਨੈਲ ਆਦਿ ਹੈ। ਪੀਰੀ ਸ਼ਬਦ ਫ਼ਾਰਸੀ ਦਾ ਹੈ, ਜਿਸ ਦਾ ਮਤਲਬ ਪੀਰ ਦਾ ਕਰਮ। ਪੀਰੀ ਜੋਗ ਦਾ ਸੂਚਕ ਹੈ। ਇਹ ਰੂਹਾਨੀਅਤ ਦੇ ਰੁਤਬੇ ਦਾ ਸਿੱਖਰ ਹੈ। ਇਹ ਸ਼ਬਦ ਬਹੁਤਾ ਕਰਕੇ ਮੁਸਲਮਾਨਾਂ ਵਿਚ ਰੂਹਾਨੀਅਤ ਆਗੂ, ਮੁਰਸ਼ਦ ਲਈ ਵਰਤਿਆ ਜਾਂਦਾ ਰਿਹਾ ਹੈ। ਪੀਰ ਦਾ ਮਤਲਬ ਨਿਰੋਲ ਧਾਰਮਿਕ, ਰੂਹਾਨੀ ਵਿਚਾਰਧਾਰਾ ਹੈ।"[8]

ਸਮੁੱਚੇ ਤੌਰ 'ਤੇ 'ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ' ਸੰਬੰਧੀ ਇਹ ਨਿਰਣਾ ਕੀਤਾ ਜਾ ਸਕਦਾ ਹੈ ਕਿ ਇਹ ਰਚਨਾ ਜੀਵਨੀ ਸਾਹਿਤ ਦੇ ਮਾਪ-ਢੰਡਾਂ ਉੱਤੇ ਪੂਰਨ ਤੌਰ 'ਤੇ ਖਰੀ ਉਤਰਦੀ ਹੈ ਕਿਉਂਕਿ ਇਸ ਵਿੱਚ ਜੀਵਨੀਕਾਰ ਨੇ ਚਰਿੱਤ੍ਰ ਨਾਇਕ ਦੇ ਜੀਵਨ ਬਿਰਤਾਂਤ ਦਾ ਚਿਤਰਨ ਨਿਰਪੱਖਤਾ, ਤਥਾਤਮਕਤਾ ਅਤੇ ਸਪਸ਼ਟਤਾ ਨਾਲ ਕੀਤਾ ਹੈ। ਇਹੀ ਕਾਰਣ ਹੈ ਕਿ ਧਾਰਮਿਕ ਜੀਵਨੀ ਹੋਣ ਦੇ ਬਾਵਜੂਦ ਵੀ ਲੇਖਕ ਨੇ ਮਨੋਕਲਪਿਤ ਗੱਲਾਂ ਦੀ ਥਾਂ ਇਤਿਹਾਸਕ ਸੱਚ ਨੂੰ ਪੇਸ਼ ਕਰਨ ਦੀ ਪਹਿਲਕਦਮੀ ਕੀਤੀ ਹੈ। ਦਰਅਸਲ ਡਾ. ਜਸਬੀਰ ਸਿੰਘ ਸਰਨਾ ਨੇ ਜੀਵਨੀ ਸਾਹਿਤ ਦੀ ਮੁੱਢਲੀ ਵਚਨਬੱਧਤਾ ਦੀ ਪਾਲਨਾ ਕਰਦਿਆਂ ਹੋਇਆਂ ਜਿੱਥੇ ਨਾਇਕ ਦੇ ਜੀਵਨ ਨੂੰ ਸੰਤੁਲਿਤ ਢੰਗ ਨਾਲ ਮੂਰਤੀਮਾਨ ਕੀਤਾ ਹੈ ਉੱਥੇ ਹੀ ਜੀਵਨੀ ਲੇਖਕ ਦੀ ਦੂਜੀ ਜਿੰਮੇਵਾਰੀ ਨੂੰ ਨਿਭਾਉਂਦਿਆਂ ਹੋਇਆਂ ਇਤਿਹਾਸਕ ਯਥਾਰਥ ਨੂੰ ਵੀ ਇਮਾਨਦਾਰੀ ਨਾਲ ਪੇਸ਼ ਕੀਤਾ ਹੈ। ਜੀਵਨੀ ਸਾਹਿਤ ਦੀਆਂ ਇਨ੍ਹਾਂ ਦੋਵੇਂ ਜਿੰਮੇਵਾਰੀਆਂ ਨੂੰ ਨਿਭਾਉਂਦਿਆਂ ਲੇਖਕ ਨੇ ਆਪਣੇ ਆਪੇ ਨੂੰ ਜੀਵਨੀ ਨਾਇਕ ਦੇ ਬਿੰਬ ਉੱਤੇ ਬੋਝਲ ਨਹੀਂ ਹੋਣ ਦਿੱਤਾ। ਜਿਸ ਫਲਸਰੂਪ 'ਤੇਗ਼ਜ਼ਨ ਗੁਰੂ ਹਰਿਗੋਬਿੰਦ ਸਾਹਿਬ' ਕ੍ਰਿਤ ਡਾ. ਜਸਬੀਰ ਸਿੰਘ ਸਰਨਾ ਪੰਜਾਬੀ ਭਾਸ਼ਾ ਦੇ ਸਾਹਿਤਕ ਜਗਤ ਵਿੱਚ ਇਕ ਵੱਖਰੀ ਨੁਹਾਰ ਸਿਰਜਦੀ ਦ੍ਰਿਸਟੀਗੋਚਰ ਹੁੰਦੀ ਹੈ।

**ਸਹਾਇਕ ਪ੍ਰੋਫੈਸਰ**
**ਪੰਜੀਬੀ ਵਿਭਾਗ**
**ਅਕਾਲ ਯੂਨੀਵਰਸਿਟੀ, ਬਠਿੰਡਾ**
**9622343465**

[8] ਉਹੀ, ਪੰਨਾ 18

# ਇੱਕਵੀਂ ਸਦੀ ਦੌਰਾਨ ਲੋਕ ਤਮਾਸ਼ਿਆਂ ਦਾ ਬਦਲਦਾ ਸਰੂਪ

❑ ਡਾ. ਹਰਵਿੰਦਰ ਕੌਰ

ਲੋਕ-ਤਮਾਸ਼ੇ ਲੋਕ ਮਨੋਰੰਜਨ ਦਾ ਅਹਿਮ ਪੱਖ ਹਨ। ਪੰਜਾਬ ਦੇ ਪਿੰਡਾਂ ਵਿਚ ਆਮ ਲੋਕਾਈ ਦੇ ਦਿਲ ਪਰਚਾਵੇਂ ਲਈ ਕਈ ਤਰ੍ਹਾਂ ਦੇ ਤਮਾਸ਼ੇ ਦੇਖਣ ਨੂੰ ਮਿਲਦੇ ਹਨ। 'ਤਮਾਸ਼ਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਪੰਜਾਬੀ ਕੋਸ਼ ਅਨੁਸਾਰ, *"ਉਹ ਕਰਤਬ ਜਿਸ ਦੇ ਵੇਖਣ ਨਾਲ ਜੀਅ ਪ੍ਰਚਾਵਾ ਹੋਵੇ।*[1] *"* ਇਹ ਤਮਾਸ਼ੇ ਭਾਵੇਂ ਪੁਰਾਣੇ ਸਮੇਂ ਤੋਂ ਚਲੇ ਆ ਰਹੇ ਹਨ ਪਰੰਤੂ ਅੱਜ ਵੀ ਇਹ ਲੋਕਾਂ ਦੀ ਖਿੱਚ ਦਾ ਕਾਰਨ ਬਣੇ ਹੋਏ ਹਨ। ਕਈ ਤਰ੍ਹਾਂ ਦੇ ਤਮਾਸ਼ੇ ਪੀੜ੍ਹੀ-ਦਰ-ਪੀੜ੍ਹੀ ਅਪਣਾਏ ਜਾ ਰਹੇ ਹਨ, ਇਹ ਲੋਕ ਮਨੋਰੰਜਨ ਕਰਨ ਦੇ ਨਾਲ-ਨਾਲ ਮਨੋਰੰਜਨ ਕਰਵਾਉਣ ਵਾਲਿਆਂ ਲਈ ਕਮਾਈ ਦਾ ਸਾਧਨ ਵੀ ਬਣੇ ਹੋਏ ਹਨ। ਮਹਾਨ ਕੋਸ਼ ਅਨੁਸਾਰ, *"ਤਮਾਸ਼ੇ ਨੂੰ ਵਿਚਰਨ ਦੀ ਕਿਰਿਆ, ਚਿਤ ਨੂੰ ਪ੍ਰਸੰਨ ਕਰਨ ਵਾਲਾ ਦ੍ਰਿਸ਼ ਅਤੇ ਖੁਸ਼ ਕਰਨ ਵਾਲੇ ਨਜ਼ਾਰੇ ਦੇ ਰੂਪ ਵਿਚ ਲਿਆ ਜਾਂਦਾ ਹੈ।"* [2] ਜਿੰਨੇ ਵੀ ਪਰੰਪਰਾਗਤ ਤਮਾਸ਼ੇ ਹੁੰਦੇ ਹਨ, ਇਨ੍ਹਾਂ ਸਾਰਿਆਂ ਵਿਚ ਦਰਸ਼ਕਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਲੋਕ-ਤਮਾਸ਼ਿਆਂ ਵਿਚਲੇ ਕਰਤਬ ਲੋਕ ਮਾਨਸਿਕਤਾ ਨੂੰ ਆਧਾਰ ਬਣਾ ਕੇ ਹੀ ਕੀਤੇ ਜਾਂਦੇ ਹਨ। ਸਾਡੇ ਸਮਾਜ ਵਿਚ ਜੋ ਕੁਝ ਵੀ ਵਾਪਰ ਰਿਹਾ ਹੁੰਦਾ ਹੈ, ਉਸਨੂੰ ਤਮਾਸ਼ਾ ਕਰਨ ਵਾਲਾ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਹਰ ਇਕ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਹ ਸਭ ਮੇਰੀ ਜ਼ਿੰਦਗੀ ਦਾ ਭਾਗ ਹੈ। ਮਦਾਰੀ ਸਪੇਰੇ, ਬਾਜ਼ੀਗਰ, ਨੱਟ, ਨੱਟੀਆਂ ਅਤੇ ਮਰਾਸੀ ਆਦਿ ਪੇਸ਼ਾਵਰ ਜਾਤੀਆਂ ਆਪਣੇ-ਆਪਣੇ ਕਰਤਬ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ, ਇਹ ਲੋਕ ਜਦੋਂ ਵੀ ਕਦੇ ਤਮਾਸ਼ੇ ਦੀ ਪੇਸ਼ਕਾਰੀ ਕਰਦੇ ਹਨ ਤਾਂ ਢੋਲ, ਡੱਮਰੂ ਜਾਂ ਡੁੱਗਡੁਗੀ ਵਜਾ ਕੇ ਲੋਕਾਂ ਨੂੰ ਇੱਕਠੇ ਕਰ ਲੈਂਦੇ ਹਨ। ਤਮਾਸ਼ਾ ਦੇਖਣ ਵਾਲਾ ਇਕੱਠ ਹਰ ਉਮਰ, ਵਰਗ ਤੇ ਹਰ ਜਾਤ ਨਾਲ ਸੰਬੰਧਿਤ ਹੁੰਦਾ ਹੈ। ਲੋਕਾਂ ਅੰਦਰ ਇਨ੍ਹਾਂ ਤਮਾਸ਼ਿਆਂ ਨੂੰ ਦੇਖਣ ਪ੍ਰਤੀ ਜੋ ਚਾਅ ਹੁੰਦਾ ਹੈ। ਉਸ ਤੋਂ ਇਨ੍ਹਾਂ ਤਮਾਸ਼ਿਆਂ ਦੀ ਲੋਕ ਪ੍ਰਿਯਤਾ ਦਾ ਪਤਾ ਲੱਗਦਾ ਹੈ। ਇਹ ਲੋਕ-ਤਮਾਸ਼ੇ ਕਈ ਤਰ੍ਹਾਂ ਦੇ ਹੁੰਦੇ ਹਨ। ਜਿਵੇਂ:- ਬਾਂਦਰ-ਬਾਂਦਰੀ ਦਾ ਤਮਾਸ਼ਾ, ਸੱਪਾਂ ਦਾ ਤਮਾਸ਼ਾ, ਰੱਸੀ ਨਾਚ ਤਮਾਸ਼ਾ, ਸਾਇਕਲ ਸਰਕਸ, ਹੱਥ ਦੀ ਸਫ਼ਾਈ (ਜਾਦੂ) ਆਦਿ। ਇਹ ਪਰੰਪਰਾਗਤ ਲੋਕ ਮਨੋਰੰਜਨ ਦੇ ਰੂਪ ਖੋਜ-ਕਾਰਜ ਨਾਲ ਸਿੱਧੇ ਰੂਪ ਵਿਚ ਸੰਬੰਧ ਰੱਖਦੇ ਹਨ।

ਖੇਤਰੀ ਖੋਜ-ਕਾਰਜ ਦੌਰਾਨ ਖੋਜਾਰਥੀ ਵੱਲੋਂ ਇਕੱਤਰ ਕੀਤੇ ਪੰਜਾਬ (ਖਨੌਰੀ, ਪਾਤੜਾਂ, ਸਮਾਣਾ, ਪਟਿਆਲਾ, ਰਾਜਪੁਰਾ) ਅਤੇ ਹਰਿਆਣਾ ਦੇ ਲੋਕ ਮਨੋਰੰਜਨ ਦੇ ਵੱਖ-ਵੱਖ ਰੂਪਾਂ ਵਿਚੋਂ ਪ੍ਰਮੁੱਖ ਰੂਪ ਲੋਕ-ਤਮਾਸ਼ੇ ਸਿਰਲੇਖ ਅਧੀਨ ਵਿਚਾਰੇ ਗਏ ਹਨ। ਖੋਜਾਰਥੀ ਵਜੋਂ ਖੇਤਰ ਵਿਚ ਜਾ ਕੇ ਉਨ੍ਹਾਂ ਪੇਸ਼ਾਵਰ/ਹੁਨਰੀ ਲੋਕਾਂ ਨਾਲ ਮੁਲਾਕਾਤ ਕਰਨ ਅਤੇ ਉਨ੍ਹਾਂ ਦੇ ਜੀਵਨ ਅਤੇ ਵਿਹਾਰ ਨੂੰ

ਨੇੜਿਓ ਦੇਖਣ ਦਾ ਮੌਕਾ ਮਿਲਿਆ ਹੈ। ਜਿਸ ਦੇ ਆਧਾਰ 'ਤੇ ਲੋਕ ਮਨ ਦੀ ਭਾਵਨਾ ਨੂੰ ਸਮਝ ਕੇ ਲੋਕ ਤਮਾਸ਼ਿਆਂ ਦੀ ਸਿਰਜਣਾ ਅਤੇ ਪੇਸ਼ਕਾਰੀ ਕੀਤੀ ਜਾਂਦੀ ਹੈ। ਪੰਜਾਬ ਦੇ ਲੋਕ ਮਨੋਰੰਜਨ ਦੇ ਸਾਧਨਾਂ ਦਾ ਅਧਿਐਨ ਕਰਨ ਉਪਰੰਤ ਇਨ੍ਹਾਂ ਦੇ ਪੇਸ਼ਕਾਰੀ ਦੇ ਢੰਗਾਂ, ਵਿਸ਼ੇ, ਭਾਸ਼ਾ, ਉਚਾਰਨ, ਪਹਿਰਾਵੇ ਆਦਿ ਦੇ ਅੰਤਰ-ਸੰਬੰਧਾਂ ਨੂੰ ਪਛਾਣਿਆ ਗਿਆ ਹੈ। ਇਹ ਲੋਕ ਮਨੋਰੰਜਨ ਦੇ ਸਾਧਨ ਆਮ ਲੋਕਾਂ ਦੀ ਕਲਾ ਵਿਚੋਂ ਪੈਦਾ ਹੋਏ ਹਨ। ਇਹ ਆਮ ਲੋਕਾਂ ਦੀ ਰਹਿਣੀ-ਬਹਿਣੀ, ਸੋਚਣੀ-ਸਮਝਣੀ, ਪਹਿਰਾਵੇ, ਖਾਣ-ਪੀਣ, ਭਾਸ਼ਾ, ਵਰਤੋਂ-ਵਿਵਹਾਰ ਆਦਿ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹਨ। ਪੰਜਾਬ ਦੇ ਲੋਕ ਮਨੋਰੰਜਨ ਦੀ ਪਰੰਪਰਾ, ਸਾਂਝ ਅਤੇ ਵੱਖਰਤਾਵਾਂ ਬਾਰੇ ਕੁੱਝ ਨਵੀਆਂ ਧਾਰਨਾਵਾਂ ਵੀ ਵਿਕਸਿਤ ਕੀਤੀਆਂ ਗਈਆਂ ਹਨ। ਲੋਕ ਤਮਾਸ਼ੇ ਮਨੋਰੰਜਨ ਦਾ ਸਾਧਨ ਹਨ ਪਰੰਤੂ ਇਨ੍ਹਾਂ ਵਿਚ ਸਮੇਂ ਅਨੁਸਾਰ ਬਦਲਾਵ ਦ੍ਰਿਸ਼ਟੀਗੋਚਰ ਹੋਏ ਹਨ। ਅਜੋਕੇ ਸਮੇਂ ਵਿਚ ਪੰਜਾਬ ਵਿਚ ਕਿਸ ਤਰ੍ਹਾਂ ਦੇ ਤਮਾਸ਼ੇ ਪ੍ਰਦਰਸ਼ਿਤ ਕੀਤੇ ਜਾਂਦੇ ਹਨ, ਉਨ੍ਹਾਂ ਦਾ ਵਰਗੀਕਰਨ ਨਿਮਨ ਅਨੁਸਾਰ ਹੈ :

**(ੳ) ਬਾਂਦਰ-ਬਾਂਦਰੀ ਦਾ ਤਮਾਸ਼ਾ** : ਪੰਜਾਬ ਦੇ ਖੇਤਰ ਵਿਚ ਬਾਂਦਰ-ਬਾਂਦਰੀ ਦਾ ਤਮਾਸ਼ਾ ਹੁਣ ਵੀ ਲੋਕ ਬੜੇ ਚਾਵਾਂ ਨਾਲ ਦੇਖਦੇ ਹਨ। ਲੋਕ ਭਾਵੇਂ ਕਿੰਨੀ ਹੀ ਦੁੱਖ ਭਰੀ ਜ਼ਿੰਦਗੀ ਜੀ ਰਹੇ ਹੁੰਦੇ ਹਨ ਪਰੰਤੂ ਜੇਕਰ ਰਾਹ ਜਾਂਦੇ ਸਮੇਂ ਕਿਸੇ ਮਦਾਰੀ ਨੂੰ ਤਮਾਸ਼ਾ ਕਰਦੇ ਹੋਏ ਦੇਖਦੇ ਹਨ ਤਾਂ ਆਪਣੇ ਸਾਰੇ ਕੰਮ ਧੰਦੇ ਛੱਡ ਕੇ ਤਮਾਸ਼ੇ ਦਾ ਆਨੰਦ ਮਾਣਦੇ ਹਨ। ਜਿਸ ਨਾਲ ਕੁਝ ਸਮੇਂ ਲਈ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਸਾਰੇ ਦੁੱਖ-ਦਰਦ ਭੁੱਲ ਜਾਂਦੇ ਹਨ ਅਤੇ ਉਨ੍ਹਾਂ ਦਾ ਮਨ ਤਰੋ-ਤਾਜ਼ਾ ਹੋ ਜਾਂਦਾ ਹੈ। ਖੇਤਰੀ ਖੋਜ-ਕਾਰਜ ਦੌਰਾਨ ਅਨੁਭਵ ਕੀਤਾ ਕਿ ਮਦਾਰੀ ਨੇ ਜਿੱਥੇ ਵੀ ਤਮਾਸ਼ਾ ਕਰਨਾ ਹੁੰਦਾ, ਉਥੇ ਹੀ ਡੁੱਗਡੁੱਗੀ ਵਜਾ ਕੇ ਆਸ-ਪਾਸ ਦੇ ਲੋਕਾਂ ਨੂੰ ਇੱਕਠੇ ਕਰ ਲੈਂਦਾ ਹੈ ਜਦੋਂ ਤਮਾਸ਼ਾ ਦੇਖਣ ਲਈ ਲੋਕ ਇਕੱਠੇ ਹੋ ਜਾਂਦੇ ਹਨ ਤਾਂ ਮਦਾਰੀ ਉਨ੍ਹਾਂ ਤੋਂ ਤਾੜੀ ਮਰਵਾਉਣ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਵਰਤਦਾ ਹੈ ਜਿਸ ਨਾਲ ਸਭ ਦਾ ਧਿਆਨ ਤਮਾਸ਼ੇ ਵੱਲ ਖਿੱਚਿਆ ਜਾਂਦਾ ਹੈ:

ਮਦਾਰੀ : ਨੀ ਆਜਾ ਕੁੜੀਏ ਨੱਚ ਕੇ ਵਿਖਾ।

ਬਾਂਦਰੀ : (ਨਾ ਵਿਚ ਸਿਰ ਹਿਲਾ ਦਿੰਦੀ ਹੈ)।

ਮਦਾਰੀ : ਕੀ ਗੱਲ ਤੂੰ ਨੱਚਕੇ ਕਿਉਂ ਨਹੀਂ ਵਿਖਾਉਂਦੀ?

ਬਾਂਦਰੀ : (ਮਦਾਰੀ ਦੇ ਕੰਨ ਕੋਲ ਜਾ ਕੇ ਗੱਲ ਦੱਸਣ ਦੀ ਨਕਲ ਕਰਦੀ ਹੈ)।

ਮਦਾਰੀ : (ਦਰਸ਼ਕਾਂ ਨੂੰ ਕਹਿੰਦਾ ਹੈ) ਲੈ ਬਈ ਕੁੜੀ ਤਾਂ ਅੰਗਰੇਜ਼ੀ ਵਿਚ ਗੱਲ ਕਰਦੀ ਹੈ ਕਹਿੰਦੀ ਹੈ ਕਿ ਤੁਸੀਂ ਕਲੈਪਿੰਗ ਨਹੀਂ ਕਰਦੇ ਇਸ ਲਈ ਮੈਂ ਨਹੀਂ ਨੱਚਦੀ।[3]

ਮਦਾਰੀ ਤਮਾਸ਼ਾ ਪ੍ਰਦਰਸ਼ਨ ਦੌਰਾਨ ਉਕਤ ਸੰਵਾਦ ਇੱਕ ਪਾਸੇ ਲੋਕ-ਪਿੜ੍ਹ ਵਿਚ ਨਾਚ-ਗਾਣੇ ਦਾ ਮਾਹੌਲ ਪੈਦਾ ਕਰਦੇ ਹਨ। ਦੂਜੇ ਪਾਸੇ ਪੇਂਡੂ ਖੇਤਰਾਂ ਦੇ ਲੋਕਾਂ ਦੀ ਬਦਲ ਰਹੀ ਜੀਵਨ-ਜਾਚ ਨੂੰ ਦ੍ਰਿਸ਼ਟਮਾਨ ਕਰਦੇ ਹਨ। ਮਦਾਰੀ ਦੇ ਬੋਲ 'ਨੀ ਆਜਾ ਕੁੜੀਏ ਨੱਚ ਕੇ ਵਿਖਾ' ਦੇ ਭਾਵ-ਅਰਥਾਂ ਦੀ ਇੱਕ ਕੜੀ ਪੰਜਾਬ-ਹਰਿਆਣਾ ਦੇ ਖੇਤਰੀ ਲੋਕ-ਨਾਚਾਂ ਦੀ ਪੇਸ਼ਕਾਰੀ ਨਾਲ ਜੁੜੀ ਹੋਈ ਹੈ। ਦੂਜੀ ਕੜੀ ਵੇਸ਼ਵਾ ਨ੍ਰਿਤ ਦੇ ਉਸ ਪ੍ਰਦਰਸ਼ਨ ਨੂੰ ਦ੍ਰਿਸ਼ਟੀਮਾਨ ਕਰਦੀ ਨਜ਼ਰ ਆਉਂਦੀ ਹੈ ਜੋ ਧਨਾਢ ਲੋਕ ਆਪਣੇ ਖੇਤਰਾਂ ਵਿਚ ਕਰਵਾਉਂਦੇ ਹਨ। ਇਉਂ ਹੀ ਬਾਂਦਰੀ ਦੇ ਬੋਲਾਂ (ਜੋ ਮਦਾਰੀ ਬੋਲਦਾ ਹੈ 'ਲੈ ਬਈ ਕੁੜੀ ਅੰਗਰੇਜ਼ੀ ਵਿਚ ਗੱਲ ਕਰਦੀ ਹੈ') ਦੇ ਭਾਵ-ਅਰਥ ਖੇਤਰੀ ਭਾਸ਼ਾਵਾਂ ਦੀ ਦਸ਼ਾ ਤੇ ਦਿਸ਼ਾ ਨੂੰ ਉਘਾੜ੍ਹਦੇ ਹਨ। ਖੇਤਰੀ ਖੋਜ-ਕਾਰਜ ਦੌਰਾਨ ਕੀਤੀ ਗਈ ਵੀਡੀਓਗ੍ਰਾਫੀ ਤੋਂ ਸਪਸ਼ਟ ਹੁੰਦਾ ਹੈ ਕਿ ਬਾਂਦਰ ਅਤੇ ਬਾਂਦਰੀ ਨੂੰ ਸਮਾਜਿਕ ਢਾਂਚੇ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਹੈ ਪਰੰਤੂ ਮਦਾਰੀ ਨੇ ਜਿਸ ਤਰ੍ਹਾਂ ਦਾ ਸਮਾਜਿਕ ਢਾਂਚਾ ਦੇਖਿਆ ਹੁੰਦਾ ਹੈ। ਉਸੇ ਤਰ੍ਹਾਂ ਬਾਂਦਰ ਅਤੇ ਬਾਂਦਰੀ ਨੂੰ ਸਿਖਾਇਆ ਜਾਂਦਾ ਹੈ। ਮਦਾਰੀ ਅਨਪੜ੍ਹ ਹੋਣ ਦੇ ਬਾਵਜੂਦ ਵੀ ਆਪਣੀ ਇੱਛਾ ਅਨੁਸਾਰ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਬਾਂਦਰ ਤੋਂ ਸਲਮਾਨ ਖਾਨ ਦੀ ਅਤੇ ਬਾਂਦਰੀ ਤੋਂ ਕੈਟਰੀਨਾ ਕੈਫ ਦੀ ਐਕਟਿੰਗ ਇਸ ਲਈ ਕਰਵਾਉਂਦਾ ਹੈ ਕਿਉਂਕਿ ਸਮਕਾਲੀ ਸਮੇਂ ਇਹ ਦੋਵੇਂ ਦਰਸ਼ਕਾਂ ਦੇ ਪਸੰਦੀਦਾ ਅਦਾਕਾਰ ਹਨ। ਇੱਥੋਂ ਤੱਕ ਕਿ ਜਦੋਂ ਮਦਾਰੀ ਬਾਂਦਰ ਤੋਂ ਉਸਦਾ ਨਾਂ ਪੁੱਛਦਾ ਹੈ ਤਾਂ ਉਹ ਆਪਣਾ ਨਾਂ ਵੀ ਸਲਮਾਨ ਖਾਨ ਦੱਸਦਾ ਹੈ :

ਮਦਾਰੀ : (ਬਾਂਦਰ ਨੂੰ) ਤੇਰਾ ਨਾਮ ਰਾਮਲਾਲ ਹੈ

ਬਾਂਦਰ : ਨਾ ਵਿਚ ਸਿਰ ਹਿਲਾਉਂਦਾ ਹੈ

ਮਦਾਰੀ : ਅੱਛਾ ਤੋਂ ਤੇਰਾ ਨਾਂ ਬਜਰੰਗੀ ਹੈ

ਬਾਂਦਰ : ਫਿਰ ਤੋਂ ਨਾ ਵਿਚ ਸਿਰ ਹਿਲਾਉਂਦਾ ਹੈ

ਮਦਾਰੀ : ਅੱਛਾ ਤੇਰਾ ਨਾਮ ਸਲਮਾਨ ਖਾਣ ਹੈ

ਬਾਂਦਰ : ਬਾਂਦਰ ਹਾਂ ਵਿਚ ਸਿਰ ਹਿਲਾਉਂਦਾ ਹੈ।[4]

ਉਕਤ ਸੰਵਾਦ ਲੋਕ-ਪਿੜ ਵਿਚ ਫਿਲਮੀ ਵਾਤਾਵਰਣ ਜਿਹਾ ਪ੍ਰਭਾਵ ਸਿਰਜਦੇ ਹੋਏ ਲੋਕ ਮਨੋਰੰਜਨ ਦੇ ਬਦਲ ਰਹੇ ਮੁਹਾਂਦਰੇ ਨੂੰ ਸਾਹਮਣੇ ਲਿਆਂਉਂਦੇ ਹਨ। ਜਿੱਥੇ ਪੁਰਾਣੇ ਸਮੇਂ ਆਮ ਲੋਕਾਂ ਦੇ ਮਨ-ਭਾਉਂਦੇ ਕਲਾਕਾਰ ਜਨ-ਜੀਵਨ ਵਿਚੋਂ ਸਾਧਾਰਨ ਲੋਕ ਹੀ ਹੁੰਦੇ ਸਨ ਉੱਥੇ ਹੁਣ ਲੋਕਾਂ ਦੇ ਪਸੰਦੀਦਾ ਕਲਾਕਾਰ ਫਿਲਮੀ ਅਦਾਕਾਰ ਹਨ। ਇਓ ਖੇਤਰੀ ਖੋਜ-ਕਾਰਜ ਦੌਰਾਨ ਦੇਖਣ ਵਿਚ ਆਇਆ ਹੈ ਕਿ ਜਿਸ ਉਮਰ ਦੇ ਦਰਸ਼ਕ ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਸ਼ਾਮਿਲ ਹੁੰਦੇ ਹਨ। ਮਦਾਰੀ ਬਾਂਦਰ-ਬਾਂਦਰੀ ਤੋਂ ਐਕਟਿੰਗ ਵੀ ਉਸੇ ਤਰ੍ਹਾਂ ਦੀ ਹੀ ਕਰਵਾਉਂਦਾ ਹੈ। ਬਾਂਦਰ-ਬਾਂਦਰੀ

ਦਾ ਤਮਾਸ਼ਾ ਕਰਵਾਉਣ ਵਾਲਾ ਵਿਅਕਤੀ ਸਾਡੇ ਸਮਾਜ ਦੀ ਸਥਿਤੀ ਨੂੰ ਸਮਝਦੇ ਹੋਏ ਬਾਂਦਰ-ਬਾਂਦਰੀ ਦੇ ਮਾਧਿਅਮ ਰਾਹੀਂ ਸਮਾਜਿਕ ਰਿਸਤਿਆਂ ਵਿਚਲੇ ਆਪਸੀ ਮਨ ਮੁਟਾਵ ਨੂੰ ਪੇਸ਼ ਕਰਦਾ ਹੈ। ਸਮਾਜ ਦੇ ਹਰ ਵਰਗ ਵਿਚਲੇ ਲੋਕਾਂ ਵਿਚ ਕਿਸੇ ਨਾ ਕਿਸੇ ਕਾਰਨ ਮਨ-ਮੁਟਾਵ ਹੁੰਦਾ ਰਹਿੰਦਾ ਹੈ। ਜਿਸ ਦਾ ਪ੍ਰਗਟਾਵਾ ਮਦਾਰੀ ਬਾਂਦਰ-ਬਾਂਦਰੀ ਦੇ ਤਮਾਸ਼ੇ ਰਾਹੀਂ ਕਰਦਾ ਹੈ ਕਿ ਕਿਸ ਤਰ੍ਹਾਂ ਪਿਆਰ ਦੀ ਭਾਵਨਾ ਨਾਲ ਲੋਕਾਂ ਵਿਚਲੇ ਵਿਤਕਰੇ ਦੂਰ ਹੋ ਸਕਦੇ ਹਨ ਅਤੇ ਗ੍ਰਹਿਸਥੀ ਜੀਵਨ ਸੁਖੀ ਬਣ ਸਕਦਾ ਹੈ।

**(ਅ) ਰੱਸੀ ਨਾਚ** : ਪੰਜਾਬ ਵਿਚ ਰੱਸੀ ਨਾਚ ਤਮਾਸ਼ਾ ਲੋਕ ਮਨੋਰੰਜਨ ਦਾ ਵਿਲੱਖਣ ਰੂਪ ਹੈ। ਇਹ ਤਮਾਸ਼ਾ ਵਧੇਰੇ ਇੱਕ ਨੱਟੀ ਦੁਆਰਾ ਕੀਤਾ ਜਾਂਦਾ ਹੈ। ਰੱਸੀ ਨਾਚ ਤਮਾਸ਼ਾ ਕਰਦੇ ਸਮੇਂ ਜੋ ਗੀਤ ਪੇਸ਼ ਕੀਤੇ ਜਾਂਦੇ ਹਨ ਉਹ ਗੀਤ ਰੱਸੀ ਤੇ ਚੱਲਣ ਵਾਲੀ ਨਟੀ ਨੂੰ ਰੱਸੀ ਉੱਤੇ ਨਾਚ ਕਰਦੇ ਸਮੇਂ ਉਤਸਾਹਿਤ ਕਰਦੇ ਹਨ। ਜਿਹੋ ਜਿਹਾ ਸਮਾਂ, ਸਥਾਨ ਅਤੇ ਮੌਕਾ ਹੁੰਦਾ ਹੈ ਰੱਸੀ ਨਾਚ ਸਮੇਂ ਉਹੋ ਜਿਹੇ ਹੀ ਗੀਤ ਪੇਸ਼ ਕੀਤੇ ਜਾਂਦੇ ਹਨ। ਇਸ ਤਰ੍ਹਾਂ ਦੇ ਜੋਖ਼ਿਮ ਭਰੇ ਤਮਾਸ਼ੇ ਕਰਨ ਦਾ ਅਭਿਆਸ ਉਹ ਬਚਪਨ ਤੋਂ ਹੀ ਸਿੱਖ ਲੈਂਦੇ ਹਨ। ਖੇਤਰੀ ਖੋਜ-ਕਾਰਜ ਦੌਰਾਨ ਰੱਸੀ-ਨਾਚ ਤਮਾਸ਼ਾ ਕਰਕੇ ਲੋਕਾਂ ਦਾ ਮਨੋਰੰਜਨ ਕਰਨ ਵਾਲੇ ਅਨੇਕਾਂ ਕਲਾਕਾਰਾਂ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਬਿਲਾਸਪੁਰ ਦੀ ਇਕ ਨਟੀ ਅਨੁਸਾਰ, *"ਉਨ੍ਹਾਂ ਦੇ ਕਬੀਲੇ ਵਿਚ ਕੁੜੀਆਂ ਨੂੰ ਰੱਸੀ ਉੱਤੇ ਚੱਲਣ ਦਾ ਅਭਿਆਸ 4-5 ਸਾਲ ਦੀ ਉਮਰ ਵਿਚ ਆਰੰਭ ਕਰਵਾ ਦਿੱਤਾ ਜਾਂਦਾ ਹੈ। ਪਹਿਲੋਂ ਰੱਸੀ ਨੀਵੀਂ ਜਿਹੀ ਬੰਨ ਕੇ ਸਿਖਾਉਣਾ ਸ਼ੁਰੂ ਕੀਤਾ ਜਾਂਦਾ ਹੈ। ਜਦੋਂ ਇਹ ਕੁੜੀਆਂ ਰੱਸੀ 'ਤੇ ਚੰਗੀ ਤਰ੍ਹਾਂ ਚਲਣਾ ਸਿੱਖ ਜਾਂਦੀਆਂ ਹਨ ਤਾਂ ਫਿਰ ਰੱਸੀ ਉੱਚੀ ਬੰਨ ਕੇ ਉਸ ਉੱਤੇ ਕਈ ਤਰ੍ਹਾਂ ਦੇ ਕਰਤਬ ਕਰਨੇ ਸਿਖਾਏ ਜਾਂਦੇ ਹਨ। ਵਿਆਹ ਤੋਂ ਬਾਅਦ ਕੁੜੀਆਂ ਇਹ ਕਰਤਬ ਨਹੀਂ ਕਰਦੀਆਂ। ਇਸ ਕਬੀਲੇ ਦੇ ਰੋਜ਼ਗਾਰ ਦਾ ਪ੍ਰਮੁੱਖ ਸਾਧਨ ਰੱਸੀ-ਨਾਚ ਤਮਾਸ਼ਾ ਹੀ ਹੁੰਦਾ ਹੈ। ਇਸ ਤੋਂ ਬਿਨਾਂ ਕੁੱਝ ਹੋਰ ਸਾਮਾਨ ਵੇਚ ਕੇ ਵੀ ਗੁਜ਼ਾਰਾ ਕੀਤਾ ਜਾਂਦਾ ਹੈ।"*[5] ਆਮ ਤੌਰ 'ਤੇ ਮੁੰਡਿਆਂ ਨਾਲੋਂ ਕੁੜੀਆਂ ਇਸ ਤਮਾਸ਼ੇ ਨੂੰ ਵਧੇਰੇ ਲਚਕ ਨਾਲ ਕਰਦੀਆਂ ਹਨ। ਖੇਤਰੀ ਖੋਜ-ਕਾਰਜ ਦੌਰਾਨ ਪੰਜਾਬ ਅਤੇ ਹਰਿਆਣਾ ਦੀਆਂ ਵੱਖ-ਵੱਖ ਰੱਸੀ-ਨਾਚ ਕਰਨ ਵਾਲੀਆਂ ਮੰਡਲੀਆਂ ਵਿਚ ਵਧੇਰੇ ਕਰਕੇ ਛੋਟੀ ਉਮਰ ਦੀਆਂ ਕਲਾਕਾਰ ਕੁੜੀਆਂ ਹੀ ਸ਼ਾਮਿਲ ਹੁੰਦੀਆਂ ਹਨ। ਇਹ ਕਲਾਕਾਰ ਕੁੜੀਆਂ ਆਪਣੇ ਪਰਿਵਾਰਿਕ ਮੈਂਬਰਾਂ ਦੀ ਮਦਦ ਨਾਲ ਆਪਣਾ ਮਨੋਰੰਜਨੀ ਪ੍ਰਦਰਸ਼ਨ ਕਰਕੇ ਆਪਣਾ ਤੇ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰਦੀਆਂ ਹਨ। ਸਮਕਾਲੀ ਸਮੇਂ ਰੱਸੀ-ਨਾਚ ਤਮਾਸ਼ਾ ਵਿਕਾਸ ਦੀਆਂ ਲੀਹਾਂ 'ਤੇ ਪਿਆ ਹੋਇਆ ਹੈ। ਇਨ੍ਹਾਂ ਦੀ ਕਲਾ ਲੋਕਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ ਜੇਕਰ ਮਨੁੱਖ ਵਿਚ ਲਗਨ ਦੀ ਭਾਵਨਾ ਹੈ ਤਾਂ ਮਨੁੱਖ ਲਈ ਕੁਝ ਵੀ ਅਸੰਭਵ ਨਹੀਂ ਹੈ ਅਤੇ ਉਸਨੂੰ ਮੰਜ਼ਿਲ ਵੱਲ ਜਾਣ ਤੋਂ ਕੋਈ ਵੀ ਨਹੀਂ ਰੋਕ ਸਕਦਾ।

**(ੲ) ਜਾਦੂ ਦਾ ਤਮਾਸ਼ਾ** : ਜਾਦੂਗਰ ਆਪਣੇ ਹੱਥ ਦੀ ਸਫ਼ਾਈ ਨਾਲ ਅਜਿਹੇ ਕਰਤਬ ਕਰਦਾ ਹੈ, ਜਿਸਨੂੰ ਆਮ ਲੋਕ ਜਾਦੂ ਸਮਝ ਲੈਂਦੇ ਹਨ। ਯਥਾਰਥਕ ਰੂਪ ਵਿਚ ਇਹ ਅਭਿਆਸ ਅਤੇ ਹੱਥ ਦੀ ਸਫ਼ਾਈ ਦਾ ਹੀ ਕਮਾਲ ਹੁੰਦਾ ਹੈ। ਖੇਤਰੀ ਖੋਜ-ਕਾਰਜ ਦੌਰਾਨ ਇਕੱਤਰ ਕੀਤੇ ਜਾਦੂ ਦੇ ਤਮਾਸ਼ਿਆਂ ਵਿਚ ਇਕ ਹਾਮਿਦ ਨਾਂ ਦਾ ਮਦਾਰੀ ਆਪਣੀ ਕਲਾਕਾਰੀ ਵਿਚ ਸੱਪਾਂ ਨੂੰ ਵੀ ਸ਼ਾਮਿਲ ਕਰਕੇ ਇਹ ਤਮਾਸ਼ਾ ਦਿਖਾਉਂਦਾ ਹੈ। ਉਹ ਬੱਚਿਆਂ ਤੋਂ ਤਾੜੀ ਮਰਵਾਉਣ ਲਈ ਇੱਕ ਜੁਗਤ ਵਰਤਦਾ ਹੈ ਕਿ *"ਜੋ ਬੱਚਾ ਤਾੜੀ ਨਹੀਂ ਬਜਾਏਗਾ ਉਸਕਾ ਬਾਪ ਰਾਤ ਕੇ ਗਿਆਰਾਂ ਬਜੇ ਬੁੱਢਾ ਹੋ ਜਾਏਗਾ।"* [6] ਜਿਸ ਨਾਲ ਸਾਰੇ ਬੱਚੇ ਤਾੜੀਆਂ ਵਜਾਉਣੀਆਂ ਆਰੰਭ ਕਰ ਦਿੰਦੇ ਹਨ ਕਿਉਂਕਿ ਕੋਈ ਵੀ ਬੱਚਾ ਨਹੀਂ ਚਾਹੁੰਦਾ ਕਿ ਉਸ ਦਾ ਬਾਪ ਬੁੱਢਾ ਹੋ ਜਾਵੇ। ਅਜਿਹੇ ਜਾਦੂ ਦੇ ਤਮਾਸ਼ੇ ਬਹੁਤ ਘੱਟ ਖੁੱਲੇ ਥਾਵਾਂ ਉੱਤੇ ਦਿਖਾਏ ਜਾਂਦੇ ਹਨ। ਜਿਸ ਰਾਹੀਂ ਹਰ ਮਨੁੱਖ ਮਨੋਰੰਜਨ ਕਰ ਸਕਦਾ ਹੈ ਅਤੇ ਆਪਣੀ ਮਰਜ਼ੀ ਮੁਤਾਬਕ ਮਦਾਰੀ (ਜਾਦੂਗਰ( ਨੂੰ ਭੇਟਾਂ ਕਰ ਦਿੱਤੀ ਜਾਂਦੀ ਹੈ। 'ਜਾਦੂ' ਦੇ ਤਮਾਸ਼ੇ ਵਿਚੋਂ ਲੋਕ-ਧਰਮ ਦੀ ਅਭਿਵਿਅਕਤੀ ਹੁੰਦੀ ਹੈ ਪਰੰਤੂ ਜਾਦੂਗਰ ਇਸ ਨੂੰ ਹੱਥ ਦੀ ਸਫ਼ਾਈ ਵਜੋਂ ਪੇਸ਼ ਕਰਦਾ ਹੈ।

**(ਸ) ਸੱਪਾਂ ਦਾ ਤਮਾਸ਼ਾ** : ਪੰਜਾਬ ਵਿਚ ਸੱਪਾਂ ਦਾ ਤਮਾਸ਼ਾ ਆਮ ਲੋਕਾਂ ਦੇ ਮਨੋਰੰਜਨ ਦਾ ਅਹਿਮ ਸਾਧਨ ਹੈ। ਪੰਜਾਬ ਵਿਚ ਗੁੱਗਾਪੀਰ ਦਾ ਵਿਸ਼ੇਸ਼ ਮਹੱਤਵ ਹੈ। ਸੱਪ ਦੇ ਕੰਨ ਨਹੀਂ ਹੁੰਦੇ ਹਨ। ਜਦੋਂ ਸਪੇਰਾ ਬੀਨ ਵਜਾਉਂਦਾ ਹੈ ਤਾਂ ਸੱਪ ਬੀਨ ਦੀ ਧਮਕ ਨਾਲ ਹੀ ਉਠ ਜਾਂਦਾ ਹੈ ਅਤੇ ਆਪਣਾ ਫੰਨ ਖੜ੍ਹਾ ਕਰਕੇ ਨੱਚਣ ਲਗ ਜਾਂਦਾ ਹੈ। ਸਪੇਰਾ ਜਿਸ ਪਾਸੇ ਨੂੰ ਬੀਨ ਘੁਮਾਉਂਦਾ ਹੈ ਸੱਪ ਉਸੇ ਪਾਸੇ ਵੱਲ ਹੀ ਜਾ ਕੇ ਨੱਚਦਾ ਹੈ। ਇਨ੍ਹਾਂ ਸੱਪਾਂ ਤੋਂ ਸਪੇਰੇ ਕਈ ਤਰ੍ਹਾਂ ਦੀਆਂ ਦਵਾਈਆਂ ਤਿਆਰ ਕਰ ਲੈਂਦੇ ਹਨ ਅਤੇ ਅੱਖਾਂ ਵਿਚ ਪਾਉਣ ਲਈ ਸੁਰਮਾ ਬਣਾ ਲੈਂਦੇ ਹਨ। ਇਸ ਤੋਂ ਬਿਨਾਂ ਸਪੇਰੇ ਸੱਪਾਂ ਤੋਂ ਕਈ ਤਰ੍ਹਾਂ ਦੇ ਤਮਾਸ਼ੇ ਕਰਵਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ। ਇਸ ਪ੍ਰਸੰਗ ਵਿਚ ਸੱਪਾਂ ਦਾ ਤਮਾਸ਼ਾ ਕਰਨ ਵਾਲੇ ਕਲਾਕਾਰ ਇੱਕ ਪਾਸੇ ਆਪਣੇ ਤਮਾਸ਼ੇ ਨੂੰ ਧਰਮ ਨਾਲ ਜੋੜਦੇ ਹਨ। ਦੂਜੇ ਪਾਸੇ ਲੋਕਾਂ ਨੂੰ ਸੱਪਾਂ ਤੋਂ ਡਰਨ ਦੀ ਪ੍ਰੇਰਨਾ ਦਿੰਦੇ ਹਨ ਕਿਉਂਕਿ ਆਮ ਲੋਕਾਂ ਵਿਚੋਂ ਪੈਦਾ ਹੋਏ ਕਲਾਕਾਰ ਆਪਣੀ ਕਲਾ ਨਾਲ ਜ਼ਹਿਰੀਲੇ ਜਾਨਵਰਾਂ ਤੋਂ ਕਰਤਬ ਕਰਵਾ ਕੇ ਆਪਣੀ ਰੋਜ਼ੀ-ਰੋਟੀ ਕਮਾਉਣ ਦੀ ਵਿਚਾਰਧਾਰਾ ਸਿਰਜਦੇ ਹਨ। ਖੇਤਰੀ ਖੋਜ-ਕਾਰਜ ਦੌਰਾਨ ਖੋਜੀ ਵੱਲੋਂ ਟੋਹਾਣਾ ਸ਼ਹਿਰ ਵਿਚ ਰੇਲਵੇ ਫਾਟਕ ਦੇ ਨਜ਼ਦੀਕ ਸਪੇਰਿਆਂ ਦੀ ਬਸਤੀ ਵਿਚ ਜਾ ਕੇ ਮੁਲਾਕਾਤ ਕੀਤੀ ਗਈ। ਸ਼ਾਮ ਦਾ ਸਮਾਂ ਸੀ। ਸਾਰੀ ਬਸਤੀ ਦੇ ਆਦਮੀ ਤੇ ਬੱਚੇ ਉਸ ਥਾਂ 'ਤੇ ਇਕੱਠੇ ਹੋ ਗਏ। ਖੋਜੀ ਵੱਲੋਂ ਪੁੱਛਣ ਤੇ ਉਮੇਸ਼ ਸਪੇਰੇ ਨੇ ਦੱਸਿਆ, *"ਅਸੀਂ ਹੁਣ ਸੱਪਾਂ ਦਾ ਤਮਾਸ਼ਾ ਸਿਰਫ਼ ਉਨ੍ਹਾਂ ਪਿੰਡਾਂ ਵਿਚ ਜਾ ਕੇ ਹੀ ਦਿਖਾਉਂਦੇ ਹਾਂ। ਜਿੱਥੇ ਸਾਨੂੰ ਵਿਸ਼ਵਾਸ ਹੁੰਦਾ ਹੈ ਕਿ ਇਸ ਪਿੰਡ ਦੇ ਲੋਕ ਪੁਲੀਸ ਕੋਲ ਸਾਡੀ ਸ਼ਿਕਾਅਤ ਨਹੀਂ ਕਰਨਗੇ। ਬਾਕੀ ਅਸੀਂ ਕਈ ਤਰ੍ਹਾਂ ਦੀਆਂ ਦਵਾਈਆਂ ਤਿਆਰ ਕਰਕੇ ਵੇਚਦੇ ਹਾਂ। ਪਹਿਲੋਂ ਅਸੀਂ ਸੱਪ ਅਤੇ ਨਿਓਲੇ ਦਾ ਤਮਾਸ਼ਾ ਵੀ ਦਿਖਾਉਂਦੇ ਸੀ ਪਰੰਤੂ ਹੁਣ ਸਿਰਫ਼*

*ਸੱਪਾਂ ਦਾ ਤਮਾਸ਼ਾ ਹੀ ਦਿਖਾਉਂਦੇ ਹਾਂ। ਭਾਵੇਂ ਸਰਕਾਰ ਨੇ ਇਸ ਤਮਾਸ਼ੇ 'ਤੇ ਪਾਬੰਦੀ ਲਗਾ ਦਿੱਤੀ ਹੈ। ਫਿਰ ਵੀ ਅਸੀਂ ਹਰ ਘਰ ਵਿਚ ਸੱਪ ਅਤੇ ਬੀਨ ਰੱਖਦੇ ਹਾਂ। ਸਾਡੀ ਬਿਰਾਦਰੀ ਵਿਚ ਰਿਵਾਜ ਹੈ ਕਿ ਵਿਆਹ ਸਮੇਂ ਅਸੀਂ ਲੜਕੀ ਨੂੰ ਦਹੇਜ ਵਿਚ ਇੱਕ ਸੱਪ ਅਤੇ ਇੱਕ ਬੀਨ ਜ਼ਰੂਰ ਦਿੰਦੇ ਹਾਂ।"* [7] ਖੇਤਰੀ ਖੋਜ-ਕਾਰਜ ਦੌਰਾਨ ਇਹ ਜਾਣਕਾਰੀ ਵੀ ਮਿਲੀ ਕਿ ਮਰੇ ਹੋਏ ਸੱਪ ਨੂੰ ਮਿੱਟੀ ਵਿਚ ਦਬਾ ਕੇ ਉਸ ਥਾਂ 'ਤੇ ਜੇਕਰ ਗੰਨਾ ਬੀਜ ਦਿੱਤਾ ਜਾਵੇ ਤਾਂ ਜਦੋਂ ਉਹ ਗੰਨਾ ਤਿਆਰ ਹੋ ਜਾਂਦਾ ਹੈ ਤਾਂ ਉਸਨੂੰ ਚੂਪਣ ਨਾਲ ਦਮੇ ਦੀ ਬਿਮਾਰੀ ਠੀਕ ਹੋ ਜਾਂਦੀ ਹੈ। ਖੇਤਰੀ ਖੋਜ-ਕਾਰਜ ਦੌਰਾਨ ਦੇਖਣ ਵਿਚ ਆਇਆ ਹੈ ਕਿ ਕਈ ਮਦਾਰੀ ਆਪਣੇ ਜਾਦੂ ਦੇ ਤਮਾਸ਼ੇ ਵਿਚ ਵੀ ਸੱਪਾਂ ਤੋਂ ਕਰਤਬ ਕਰਵਾਉਂਦੇ ਹਨ।

**(ਹ) ਸਾਈਕਲ ਸਰਕਸ** : ਪੰਜਾਬ ਵਿਚ 'ਸਾਈਕਲ ਪ੍ਰਦਰਸ਼ਨ' ਲੋਕ ਮਨੋਰੰਜਨ ਦਾ ਇੱਕ ਹੋਰ ਨਿਵੇਕਲਾ ਸਾਧਨ ਹੈ। ਸਾਈਕਲ ਸਰਕਸ ਅਸਲ ਵਿਚ ਬੜਾ ਜ਼ੋਖਿਮ ਭਰਿਆ ਤਮਾਸ਼ਾ ਹੁੰਦਾ ਹੈ। ਇਸ ਨੂੰ ਦਿਖਾਉਣ ਵਾਲੇ ਆਪਣੇ ਸਰੀਰ 'ਤੇ ਕਈ ਤਰ੍ਹਾਂ ਦੇ ਕਸ਼ਟ ਝਲਦੇ ਹਨ। ਸਾਈਕਲ ਕਲਾਕਾਰ ਦੀਪਕ ਅਨੁਸਾਰ ,*"ਸਾਈਕਲ ਚਲਾਉਣ ਵਾਲਾ ਕਲਾਕਾਰ ਵੱਧ ਤੋਂ ਵੱਧ ਬਾਰਾਂ ਘੰਟੇ ਤੱਕ ਮਿੱਟੀ ਵਿਚ ਦੱਬਿਆ ਰਹਿ ਸਕਦਾ ਹੈ ਇਹ ਕਲਾਕਾਰ ਸੱਤ ਦਿਨ ਤੱਕ ਅੰਨ ਨਹੀਂ ਖਾਂਦਾ ਸਿਰਫ਼ ਫਲ, ਚਾਹ, ਦੁੱਧ ਆਦਿ ਹੀ ਲੈਂਦਾ ਹੈ। ਸਾਰੇ ਕਲਾਕਾਰਾਂ ਦੁਆਰਾ ਵੱਧ ਤੋਂ ਵੱਧ ਖੌਫਨਾਕ ਕਰਤਬ ਦਿਖਾਏ ਜਾਂਦੇ ਹਨ। ਇਸ ਸਰਕਸ ਵਿਚ ਸਾਈਕਲ ਚਲਾਉਣ ਵਾਲਾ ਕਲਾਕਾਰ ਇੱਕ ਜਿੰਦਾ ਛਿਪਕਲੀ ਨਿਗਲ ਜਾਂਦਾ ਹੈ ਤੇ ਦਸ ਮਿੰਟ ਬਾਅਦ ਉਸਨੂੰ ਜਿੰਦਾ ਹੀ ਬਾਹਰ ਕੱਢ ਦਿੰਦਾ ਹੈ। ਲੋਹੇ ਦੇ ਸਰੀਏ ਨੂੰ ਮੋੜਨ ਵਾਲਾ ਕਰਤਬ ਦੋ ਕਲਾਕਾਰਾਂ ਦੁਆਰਾ ਕੀਤਾ ਜਾਂਦਾ ਹੈ। ਇਸ ਵਿਚ ਸੱਤ ਫੁੱਟ ਲੰਬੇ ਤੇ ਚਾਰ ਫੁੱਟ ਚੌੜੇ ਸਰੀਏ ਨੂੰ ਦੋ ਕਲਾਕਾਰ ਮੋੜ ਦਿੰਦੇ ਹਨ। ਇਕ ਕਲਾਕਾਰ ਸਰੀਏ ਦੇ ਇੱਕ ਸਿਰੇ ਨੂੰ ਆਪਣੀ ਛਾਤੀ ਨਾਲ ਲਗਾਉਂਦਾ ਹੈ ਤੇ ਦੂਜਾ ਕਲਾਕਾਰ ਸਰੀਏ ਦੇ ਦੂਜੇ ਸਿਰੇ ਨੂੰ ਆਪਣੀ ਅੱਖ ਤੇ ਲਗਾਉਂਦਾ ਹੈ। ਦੋਵੇਂ ਪਾਸਿਓ ਜ਼ੋਰ ਲਗਾ ਕੇ ਸਰੀਏ ਨੂੰ ਮੋੜ ਦਿੱਤਾ ਜਾਂਦਾ ਹੈ। ਇਹ ਸਾਰਾ ਕੁਝ ਉਹ ਪੇਟ ਦੀ ਖਾਤਰ ਕਰਦੇ ਹਨ। ਪੇਟ ਕੇ ਲੀਏ ਤੋ ਪੰਛੀ ਭੀ ਪਾਤਾਲ ਮੇਂ ਉਤਰ ਆਤੇ ਹੈ ਹਮ ਤੋਂ ਫਿਰ ਭੀ ਇਨਸਾਨ ਹੈ।"* [8] ਅਜਿਹੇ ਕਰਤਬ ਕਰਨ ਲਈ ਲੰਮੇ ਅਭਿਆਸ ਦੀ ਲੋੜ ਹੁੰਦੀ ਹੈ। ਸਾਈਕਲ ਸਰਕਸ ਦੀ ਪੇਸ਼ਕਾਰੀ ਦੌਰਾਨ ਜਿੱਥੇ ਸਾਈਕਲ ਕਲਾਕਾਰ ਇੱਕੋ ਸਾਈਕਲ ਉੱਤੇ ਤਿੰਨ-ਚਾਰ ਆਦਮੀ ਇੱਕ-ਦੂਜੇ ਦੇ ਮੋਢਿਆਂ 'ਤੇ ਬੈਠ ਕੇ ਪ੍ਰਦਰਸ਼ਨ ਕਰਦੇ ਹਨ ਉੱਥੇ ਉਹ ਲੋਕਾਂ ਨੂੰ ਫਿਲਮੀ ਦ੍ਰਿਸ਼ਾਂ ਜਿਹਾ ਆਨੰਦ ਦੇਣ ਲਈ ਹਿੰਦੀ ਗੀਤਾਂ ਦਾ ਵੀ ਸਹਾਰਾ ਵੀ ਲੈਂਦੇ ਹਨ। ਇਸ ਸਥਿਤੀ ਵਿਚ ਸਾਈਕਲ ਸਰਕਸ ਪ੍ਰਦਰਸ਼ਨ ਗੀਤ-ਸੰਗੀਤ, ਨਾਟਕੀ ਪ੍ਰਦਰਸ਼ਨ ਅਤੇ ਹਾਸ-ਰਸ ਦਾ ਅਨੂਠਾ ਸੰਗਮ ਬਣ ਜਾਂਦਾ ਹੈ। ਸਾਈਕਲ ਚਲਾਉਣ ਤੋਂ ਬਿਨਾਂ ਬਾਕੀ ਸਾਰੀ ਕਲਾਕਾਰੀ ਉਹ ਸ਼ਾਮ ਦੇ ਸਮੇਂ ਦਿਖਾਉਂਦੇ ਹਨ ਕਿਉਂਕਿ ਉਸ ਸਮੇਂ ਲੋਕ ਆਪਣੇ ਕੰਮਾਂ-ਕਾਰਾਂ ਤੋਂ ਵਿਹਲੇ ਹੁੰਦੇ ਹਨ। ਸ਼ਾਮ ਦੇ ਸਮੇਂ ਇਹ ਕਲਾਕਾਰ ਸਾਈਕਲ ਸਰਕਸ ਲਗਭਗ ਘੱਟ ਤੋਂ ਘੱਟ ਦੋ

ਘੰਟੇ ਤੱਕ ਦਿਖਾਉਂਦੇ ਹਨ। ਸਾਈਕਲ ਸਰਕਸ ਦੀ ਪੇਸ਼ਕਾਰੀ ਦੌਰਾਨ ਸਾਈਕਲ ਕਲਾਕਾਰ ਦਰਸ਼ਕਾਂ ਨੂੰ ਤਾੜੀ ਮਾਰਨ ਅਤੇ ਦਾਨ ਦੇਣ ਲਈ ਉਤਸਾਹਿਤ ਕਰਦੇ ਹਨ। ਇਸ ਸੰਬੰਧ ਵਿਚ ਹੇਠਲੇ ਸੰਵਾਦ ਵਿਚਾਰੇ ਜਾ ਸਕਦੇ ਹਨ:

ਲਓ ਜੀ ਚੌਦਵੇਂ ਨੰਬਰ ਪੇ ਤਾੜੀ ਲਗਾਓ ਜੀ

ਚੌਦਵਾਂ ਨੰਬਰ ਕਿਸ ਮੇਰੇ ਭਾਈ ਕਾ ਹੈ

ਕਿਸ ਮੇਰੀ ਮਾਤਾ ਬਹਨ ਕਾ ਹੈ?[9]

ਇਸ ਤਰ੍ਹਾਂ ਦੇ ਸੰਵਾਦ ਇੱਕ ਪਾਸੇ ਦਰਸ਼ਕਾਂ ਨੂੰ ਤਾੜੀ ਮਾਰਨ ਲਈ ਉਤਸਾਹਿਤ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਵੱਧ ਤੋਂ ਵੱਧ ਦਾਨ ਦੇਣ ਲਈ ਪ੍ਰੇਰਿਤ ਕਰਦੇ ਹਨ। ਇਸ ਸਰਕਸ ਵਿਚ ਇੱਕ ਹੀ ਆਦਮੀ ਦੁਆਰਾ ਲਗਾਤਾਰ ਛੇ ਦਿਨ ਸਾਇਕਲ ਚਲਾਉਣਾ ਬਹੁਤ ਹੀ ਔਖਾ ਕੰਮ ਹੈ ਜੋ ਮਨੁੱਖ ਨੂੰ ਆਪਣੇ ਕੰਮ ਪ੍ਰਤੀ ਲਗਨ ਪੈਦਾ ਕਰਨ ਲਈ ਸਹਾਇਕ ਹੁੰਦਾ ਹੈ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਮਨੁੱਖ ਆਪਣੀ ਜ਼ਿੰਦਗੀ ਵਿਚ ਲਗਨ ਅਤੇ ਮਿਹਨਤ ਸਦਕਾ ਕੋਈ ਵੀ ਸਫ਼ਲਤਾ ਹਾਸਿਲ ਕਰ ਸਕਦਾ ਹੈ।

**ਇੱਕਵੀਂ ਸਦੀ ਵਿਚ ਲੋਕ ਤਮਾਸ਼ਿਆਂ ਦੇ ਬਦਲਦੇ ਪਰਿਪੇਖ** : ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਮਦਾਰੀ ਬਾਂਦਰ ਅਤੇ ਬਾਂਦਰੀ ਤੋਂ ਜਿਹੜੀ ਐਕਟਿੰਗ ਕਰਵਾਉਂਦਾ ਹੈ ,ਉਸ ਵਿਚ ਸਮਾਜ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ।

1. ਲੋਕ ਤਮਾਸ਼ੇ ਭਾਵੇਂ ਕਿਸੇ ਵੀ ਇਲਾਕੇ ਵਿਚ ਹੁੰਦੇ ਹਨ। ਉਨ੍ਹਾਂ ਤਮਾਸ਼ਿਆਂ ਦੇ ਵਿਸ਼ੇ ਲਗਭਗ ਪਰੰਪਰਾਗਤ ਹੁੰਦੇ ਹਨ ਪਰੰਤੂ ਇਨ੍ਹਾਂ ਤਮਾਸ਼ਿਆਂ ਦੀ ਪੇਸ਼ਕਾਰੀ ਵਿਚ ਕਈ ਪੱਖਾਂ ਤੋਂ ਰੂਪਾਂਤਰਣ ਦੇਖਣ ਨੂੰ ਮਿਲਦਾ ਹੈ।

2. ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਪੋਸ਼ਾਕੀ ਬਦਲਾਵ ਨਜ਼ਰ ਆਏ ਹਨ। ਮਦਾਰੀ ਜਿੱਥੇ ਪਹਿਲੋਂ ਬਾਂਦਰ ਤੋਂ ਧੋਤੀ-ਕੁਰਤਾ ਪਾ ਕੇ ਤੁਰਨ ਦੀ ਐਕਟਿੰਗ ਕਰਵਾਉਂਦਾ ਸੀ। 21ਵੀਂ ਸਦੀ ਵਿਚ ਬਾਂਦਰ ਤੋਂ ਜੀਨਸਸ਼ਰਟ ਪਾ ਕੇ ਤੁਰਨ ਦੀ ਐਕਟਿੰਗ ਕਰਵਾਉਂਦਾ ਹੈ। ਇਸੇ ਤਰ੍ਹਾਂ ਮਦਾਰੀ ਜਿੱਥੇ ਪਹਿਲੋਂ ਬਾਂਦਰੀ ਤੋਂ ਘਗਰਾ ਪਾ ਕੇ ਤੁਰਨ ਦੀ ਐਕਟਿੰਗ ਕਰਵਾਉਂਦਾ ਸੀ। ਹੁਣ ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਬਾਂਦਰੀ ਤੋਂ ਜੀਨਸ-ਟੌਪ ਪਾ ਕੇ ਤੁਰਨ ਦੀ ਐਕਟਿੰਗ ਕਰਵਾਉਂਦਾ ਹੈ।

3. ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਕਿਰਦਾਰਾਂ ਦੀ ਪੇਸ਼ਕਾਰੀ ਵਿਚ ਬਦਲਾਵ ਆਇਆ ਹੈ। ਮਦਾਰੀ ਦੁਆਰਾ ਜਿੱਥੇ ਪਹਿਲੋਂ ਬਾਂਦਰ ਤੋਂ ਮਿਥੁਨ ਚੱਕਰਵਰਤੀ ਅਤੇ ਬਾਂਦਰੀ ਤੋਂ ਸ਼੍ਰੀ ਦੇਵੀ ਵਾਲਾ ਡਾਂਸ ਕਰਵਾਇਆ ਜਾਂਦਾ ਸੀ। ਵਰਤਮਾਨ ਸਮੇਂ ਵਿਚ ਬਾਂਦਰ ਤੋਂ

ਸਲਮਾਨ ਖਾਨ ਵਾਲਾ ਅਤੇ ਬਾਂਦਰੀ ਤੋਂ ਕੈਟਰੀਨਾ ਕੈਫ ਵਾਲਾ ਡਾਂਸ ਕਰਵਾਇਆ ਜਾਂਦਾ ਹੈ ਕਿਉਂਕਿ ਮਦਾਰੀ ਲੋਕ ਮਾਨਸਿਕਤਾ ਦੇ ਅਨੁਸਾਰ ਹੀ ਆਪਣੇ ਤਮਾਸ਼ੇ ਦੀ ਪੇਸ਼ਕਾਰੀ ਕਰਦਾ ਹੈ।

4. ਇੱਕਵੀਂ ਸਦੀ ਵਿਚ ਵੱਧ ਰਹੀ ਮਹਿੰਗਾਈ ਕਾਰਨ ਰੱਸੀ ਨਾਚ ਤਮਾਸ਼ੇ ਵਿਚ ਸੰਯੁਕਤਤਾ ਦੀ ਥਾਂ ਇਕਹਿਰਾਪਣ ਨਜ਼ਰ ਆਉਂਦਾ ਹੈ। ਰੱਸੀ-ਨਾਚ ਤਮਾਸ਼ੇ ਵਿਚ ਪਹਿਲਾਂ ਦੋ ਨੱਟੀਆਂ ਜਾਂ ਇਕ ਨੱਟੀ ਤੇ ਇਕ ਨੱਟ ਤਮਾਸ਼ਾ ਕਰਦੇ ਸਨ। ਹੁਣ ਆਰਥਿਕ ਤੰਗੀ ਕਾਰਨ ਇਕ ਨੱਟੀ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ। ਦੂਜੀ ਨੱਟੀ ਕਿਸੇ ਹੋਰ ਥਾਂ ਜਾ ਕੇ ਤਮਾਸ਼ਾ ਦਿਖਾਉਂਦੀ ਹੈ।

5. ਸੱਪਾਂ ਦਾ ਤਮਾਸ਼ਾ ਦਿਖਾਉਣ ਵਾਲੇ ਸਪੇਰੇ ਵਧੇਰੇ ਬੀਨ ਤੇ ਸੱਪਾਂ ਤੋਂ ਤਿਆਰ ਕੀਤੀਆਂ ਦਵਾਈਆਂ ਲੈ ਕੇ ਘੁਮਦੇ ਹੁੰਦੇ ਹਨ। ਵਰਤਮਾਨ ਵਿਚ ਬਹੁਤ ਘੱਟ ਸਪੇਰੇ ਸੱਪਾਂ ਦਾ ਤਮਾਸ਼ਾ ਦਿਖਾਉਂਦੇ ਹਨ।

6. ਇੱਕਵੀਂ ਸਦੀ ਵਿਚ ਸ਼ੋਸ਼ਲ ਮੀਡੀਆ ਦੀ ਭਰਪੂਰਤਾ ਕਰਕੇ ਲੋਕ ਰੋਮਾਂਚਕਤਾ ਨੂੰ ਦੇਖਣ ਦੇ ਆਦੀ ਹੋ ਗਏ ਹਨ। ਜਿਸ ਕਾਰਨ ਸਾਈਕਲ-ਸਰਕਸ ਕਰਨ ਵਾਲਿਆਂ ਨੇ ਲੋਕਾਂ ਦੀ ਬਦਲਦੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਵਿਚ ਵਧੇਰੇ ਖ਼ਤਰਨਾਕ ਕਰਤਬ ਸ਼ਾਮਿਲ ਕਰ ਲਏ ਹਨ। ਜਿਸ ਨਾਲ ਲੋਕਾਂ ਵਿਚ ਇਸ ਤਮਾਸ਼ੇ ਨੂੰ ਦੇਖਣ ਦੀ ਦਿਲਚਸਪੀ ਵੱਧ ਜਾਂਦੀ ਹੈ।

7. ਖੇਤਰੀ ਖੋਜ-ਕਾਰਜ ਦੌਰਾਨ ਦੇਖਣ ਵਿਚ ਆਇਆ ਹੈ ਕਿ ਹੱਥ ਦੀ ਸਫਾਈ ਵਰਗੇ ਲੋਕ ਤਮਾਸ਼ਿਆਂ ਵਿਚ ਵੀ ਬਦਲਾਵ ਆ ਗਿਆ ਹੈ। ਹੁਣ ਇਹ ਵਧੇਰੇ ਵੱਡੇ ਪੱਧਰ ਤੇ ਜਾਦੂਗਰਾਂ ਵੱਲੋਂ ਪੈਲੇਸ ਬੁੱਕ ਕਰਵਾ ਕੇ ਦਿਖਾਏ ਜਾਂਦੇ ਹਨ। ਇਹ ਜਾਦੂਗਰ ਆਪਣੀ ਮਰਜ਼ੀ ਅਨੁਸਾਰ ਟਿਕਟ ਨਿਸ਼ਚਿਤ ਕਰਦੇ ਹਨ। ਜਿਸ ਕਾਰਨ ਹੱਥ ਦੀ ਸਫ਼ਾਈ ਵਰਗੇ ਲੋਕ-ਤਮਾਸ਼ੇ ਹੁਣ ਸਪੈਸ਼ਲ ਸ਼ੋ ਦੇ ਰੂਪ ਵਿਚ ਰੂਪਾਂਤਰਿਤ ਹੋ ਗਏ ਹਨ।

8. ਜਿੱਥੇ ਦਰਸ਼ਕਾਂ ਦੀ ਗਿਣਤੀ ਵੱਧ ਹੁੰਦੀ ਹੈ ਤਮਾਸ਼ਾ ਕਰਨ ਵਾਲੇ ਉਸ ਥਾਂ 'ਤੇ ਮਾਈਕ ਦੀ ਵਰਤੋਂ ਕਰਦੇ ਹਨ।

9. ਜਿਹੜੇ ਲੋਕ ਜਾਨਵਰਾਂ ਨੂੰ ਫੜ੍ਹ ਕੇ ਉਨ੍ਹਾਂ ਨੂੰ ਆਪਣੇ ਢੰਗ ਨਾਲ ਸਿਖਲਾਈ ਦੇ ਕੇ ਦਰਸ਼ਕਾਂ ਨੂੰ ਤਮਾਸ਼ਾ ਦਿਖਾਉਂਦੇ ਸਨ ਅਤੇ ਆਪਣਾ ਰੋਜ਼ਗਾਰ ਚਲਾਉਂਦੇ ਸਨ। ਉਹ ਸਾਧਾਰਨ ਸਮੱਗਰੀ ਦੀ ਵਰਤੋਂ ਕਰਕੇ ਆਪਣਾ ਨਾਟਕੀ ਪ੍ਰਦਰਸ਼ਨ ਕਰਦੇ ਹਨ। ਜਿਵੇਂ ਸਰਕਾਰ ਵੱਲੋਂ ਜਦੋਂ ਤੋਂ ਜਾਨਵਰਾਂ ਨੂੰ ਟ੍ਰੇਨਿੰਗ ਦੇ ਕੇ ਤਮਾਸ਼ੇ ਦਿਖਾਉਣ ਤੇ ਸੈਕਸ਼ਨ 22

(11) The prevention of cruelty to Animals act, 1960 ਦੇ ਅਧੀਨ ਪਾਬੰਦੀ ਲਗਾਈ ਗਈ ਹੈ ਉਸ ਤੋਂ ਬਾਅਦ ਕਈ ਮਦਾਰੀਆਂ ਵੱਲੋਂ ਅਸਲੀ ਸੱਪ ਦੀ ਥਾਂ 'ਤੇ ਪਲਾਸਟਿਕ ਜਾਂ ਰਬੜ ਦੇ ਸੱਪ ਦੀ ਵਰਤੋਂ ਕੀਤੀ ਜਾਣ ਲੱਗੀ ਹੈ।

10. ਪਾਬੰਦੀ ਤੋਂ ਬਾਅਦ ਕੁਝ ਪੇਸ਼ਾਵਰ ਮਦਾਰੀ ਅੱਜ ਵੀ ਲੁੱਕ ਛਿਪ ਕੇ ਜਾਨਵਰਾਂ ਦੀ ਸਹਾਇਤਾ ਨਾਲ ਤਮਾਸ਼ਾ ਦਿਖਾਉਂਦੇ ਹਨ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇਕਰ ਉਨ੍ਹਾਂ ਦੁਆਰਾ ਕਰਵਾਏ ਤਮਾਸ਼ੇ ਵਿੱਚ ਜਾਨਵਰਾਂ ਦੀ ਸ਼ਮੂਲੀਅਤ ਦੀ ਖ਼ਬਰ ਸਰਕਾਰ ਤੱਕ ਪਹੁੰਚ ਗਈ ਤਾਂ ਉਨ੍ਹਾਂ ਦੇ ਜਾਨਵਰ ਖੋਹ ਲਏ ਜਾਣਗੇ ਅਤੇ ਉਨ੍ਹਾਂ ਨੂੰ ਸਜ਼ਾ ਦੇ ਭਾਗੀ ਵੀ ਬਣਨਾ ਪਵੇਗਾ। ਕਿਉਂਕਿ ਪੇਸ਼ੇਵਰ ਮਦਾਰੀਆਂ ਦਾ ਰੋਜ਼ਗਾਰ ਇਨ੍ਹਾਂ ਹੀ ਤਮਾਸ਼ਿਆਂ 'ਤੇ ਨਿਰਭਰ ਕਰਦਾ ਹੈ ਇਸ ਲਈ ਉਹ ਲੋਕ ਮਨੋਰੰਜਨ ਦੇ ਲਈ ਥਾਂ-ਥਾਂ ਜਾ ਕੇ ਜਾਨਵਰਾਂ ਦੀ ਸਹਾਇਤਾ ਨਾਲ ਆਪਣੇ ਤਮਾਸ਼ੇ ਦੀ ਪੇਸ਼ਕਾਰੀ ਕਰਦੇ ਹਨ ਪਰੰਤੂ ਹੁਣ ਬੇਫਿਕਰੀ ਅਤੇ ਆਜ਼ਾਦੀ ਨਾਲ ਉਹ ਇਨ੍ਹਾਂ ਤਮਾਸ਼ਿਆਂ ਦਾ ਪ੍ਰਦਰਸ਼ਨ ਨਹੀਂ ਕਰ ਪਾਉਂਦੇ।

11. ਖੇਤਰੀ ਖੋਜ-ਕਾਰਜ ਦੌਰਾਨ ਪੇਸ਼ੇਵਰ ਮਦਾਰੀਆਂ ਨਾਲ ਕੀਤੀ ਮੁਲਾਕਾਤ ਤੋਂ ਪਤਾ ਲੱਗਿਆ ਕਿ ਉਨ੍ਹਾਂ ਨੇ ਹੁਣ ਆਪਣੇ ਬੱਚਿਆਂ ਨੂੰ ਅਜਿਹੀਆਂ ਕਲਾਵਾਂ ਦੇ ਪ੍ਰਦਰਸ਼ਨ ਤੋਂ ਮੁਕਤ ਕਰਵਾਉਣ ਲਈ ਪੜ੍ਹਾ-ਲਿਖਾ ਕੇ ਨੌਕਰੀਆਂ ਉੱਤੇ ਲਗਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਰੋਜ਼ੀ-ਰੋਟੀ ਨਾਲ ਸੰਬੰਧਿਤ ਕਿਸੇ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

12. ਰੱਸੀ ਨਾਚ ਅਤੇ ਸਾਇਕਲ ਸਰਕਸ ਵਰਗੇ ਤਮਾਸ਼ਿਆਂ ਦਾ ਵਰਤਮਾਨ ਵਿਚ ਪ੍ਰਦਰਸ਼ਨ ਲੋਕ ਮੇਲਿਆਂ ਦੇ ਸਮੇਂ ਕੀਤਾ ਜਾਂਦਾ ਹੈ। ਆਮ ਜ਼ਿੰਦਗੀ ਵਿਚ ਲੋਕਾਂ ਕੋਲ ਇੰਟਰਨੈਟ ਦੀ ਹਰ ਥਾਂ ਉਪਲੱਬਧਤਾ ਕਰਕੇ, ਰੁਝੇਵਿਆਂ ਕਰਕੇ ਅਤੇ ਰੋਜ਼ੀ-ਰੋਟੀ ਦੀ ਹੋੜ ਕਰਕੇ ਇਨ੍ਹਾਂ ਸਮਾਂ ਨਹੀਂ ਹੁੰਦਾ ਕਿ ਉਹ ਅਜਿਹੇ ਲੋਕ ਤਮਾਸ਼ਿਆਂ ਦਾ ਆਨੰਦ ਮਾਣ ਸਕਣ।

13. ਜਿਨ੍ਹਾਂ ਲੋਕ ਤਮਾਸ਼ਿਆਂ ਦਾ ਪ੍ਰਦਰਸ਼ਨ ਲੋਕ ਮੇਲਿਆਂ ਸਮੇਂ ਕੀਤਾ ਜਾਂਦਾ ਹੈ। ਉਨ੍ਹਾਂ ਲਈ ਸਰਕਾਰ ਵੱਲੋਂ ਜਾਂ ਉਸ ਥਾਂ ਦੀ ਪੰਚਾਇਤ ਵੱਲੋਂ ਅੱਜ ਵੀ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ। ਤਮਾਸ਼ਾ ਦਿਖਾਉਣ ਵਾਲੇ ਭਾਵੇਂ ਕਿੰਨੀ ਮਰਜ਼ੀ ਗਰਮੀ ਵਿਚ ਤਮਾਸ਼ਾ ਦਿਖਾਉਣ ਪਰੰਤੂ ਸਰਕਾਰ ਵੱਲੋਂ ਇਨ੍ਹਾਂ ਲਈ ਕਿਸੇ ਵੀ ਤਰ੍ਹਾਂ ਦਾ ਟੈਂਟ ਨਹੀਂ ਲਗਾਇਆ ਜਾਂਦਾ। ਨਾ ਹੀ ਇਨ੍ਹਾਂ ਦੇ ਰਹਿਣ ਦਾ ਕੋਈ ਪ੍ਰਬੰਧ ਕੀਤਾ ਜਾਂਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇੱਕਵੀਂ ਸਦੀ ਵਿਚ ਲੋਕ-ਤਮਾਸ਼ਿਆਂ ਵਿਚ ਪੱਛਮੀ ਪਹਿਰਾਵੇ ਦਾ ਪ੍ਰਭਾਵ, ਨਵੀਆਂ ਤਕਨੀਕਾਂ ਦੀ ਆਮਦ, ਮਾਈਕ ਦੀ ਵਰਤੋਂ ਆਦਿ ਵਰਗੇ ਬਦਲਾਵ ਦੇਖਣ ਨੂੰ ਮਿਲਦੇ ਹਨ। ਲੋਕ ਤਮਾਸ਼ਿਆਂ ਦੇ ਘਰੇਲੂ ਵਿਸ਼ਿਆਂ ਵਿਚ

ਵਿਸ਼ੇਗਤ ਤੌਰ 'ਤੇ ਕੋਈ ਵੀ ਬਦਲਾਵ ਦ੍ਰਿਸ਼ਟੀਗੋਚਰ ਨਹੀਂ ਹੋਇਆ। ਇਨ੍ਹਾਂ ਤਮਾਸ਼ਿਆਂ ਵਿਚ ਔਰਤ ਦੀ ਸਥਿਤੀ 21ਵੀਂ ਸਦੀ ਵਿਚ ਵੀ ਘਰੇਲੂ ਔਰਤ ਦੇ ਤੌਰ 'ਤੇ ਹੀ ਪੇਸ਼ ਕੀਤੀ ਜਾਂਦੀ ਹੈ। ਜਿਵੇਂ ਕਿ ਬਾਂਦਰ-ਬਾਂਦਰੀ ਦੇ ਤਮਾਸ਼ੇ ਵਿਚ ਬਾਂਦਰੀ ਕਿਰਦਾਰ ਆਪ ਕਮਾਈ ਦੇ ਸਮਰਥ ਹੋਣ ਦੀ ਥਾਂ ਬਾਂਦਰ ਤੋਂ ਸੂਟ ਮੰਗਦੀ ਪ੍ਰਦਰਸ਼ਿਤ ਕੀਤੀ ਗਈ ਹੈ। ਬਾਂਦਰ ਉਸਨੂੰ ਸੂਟ ਲੈ ਕੇ ਦੇਣ ਦੀ ਥਾਂ 'ਤੇ ਡੰਡਾ ਚੁੱਕ ਕੇ ਦਿਖਾਇਆ ਗਿਆ ਹੈ।

## ਹਵਾਲੇ

1. ਪੰਜਾਬੀ ਕੋਸ਼, (ਜਿਲਦ ਤੀਜੀ), ਪੰਨਾ 173
2. ਮਹਾਨ ਕੋਸ਼, ਪੰਨਾ 576
3. ਮਿਤੀ 17-05-2019 ਨੂੰ ਪਿੰਡ ਅਰਨੋ, ਪਟਿਆਲਾ (ਪੰਜਾਬ) ਵਿਚ ਪੱਪੂ ਰਾਮ (ਮਦਾਰੀ) ਨਾਲ ਕੀਤੀ ਗਈ ਨਿੱਜੀ ਮੁਲਾਕਾਤ ਅਤੇ ਬਣਾਈ ਗਈ ਵੀਡੀਓਗ੍ਰਾਫੀ ਦੇ ਆਧਾਰ 'ਤੇ ਸੰਕਲਿਤ
4. ਮਿਤੀ 19-05-2018 ਨੂੰ ਪਿੰਡ ਜਮਾਲਪੁਰ, ਟੋਹਾਣਾ (ਹਰਿਆਣਾ) ਵਿਚ ਰਾਜਨੀਸ਼ (ਮਦਾਰੀ) ਨਾਲ ਕੀਤੀ ਗਈ ਨਿੱਜੀ ਮੁਲਾਕਾਤ ਅਤੇ ਬਣਾਈ ਗਈ ਵੀਡੀਓਗ੍ਰਾਫੀ ਦੇ ਆਧਾਰ 'ਤੇ ਸੰਕਲਿਤ
5. ਮਿਤੀ 18-10-2018 ਨੂੰ ਜੁਗਨੋ ਦੇਵੀ (ਗੰਗਾ ਨੱਟੀ ਦੀ ਮਾਂ) ਤੋਂ ਪਿੰਡ ਮਸਤੂਆਣਾ ਸਾਹਿਬ, ਸੰਗਰੂਰ (ਪੰਜਾਬ) ਦੇ ਮੇਲੇ ਵਿਚ ਰੱਸੀ ਨਾਚ ਤਮਾਸ਼ਾ ਦੇ ਪ੍ਰਦਰਸ਼ਨ ਸਮੇਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸੰਕਲਿਤ
6. ਮਿਤੀ 26-05-2018 ਨੂੰ ਹਾਮਿਦ (ਮਦਾਰੀ) ਨਾਲ ਕਸਬਾ ਖਨੌਰੀ, ਸੰਗਰੂਰ (ਪੰਜਾਬ) ਵਿਚ ਕੀਤੀ ਗਈ ਨਿੱਜੀ ਮੁਲਾਕਾਤ ਅਤੇ ਬਣਾਈ ਗਈ ਵੀਡੀਓਗ੍ਰਾਫੀ ਦੇ ਆਧਾਰ 'ਤੇ ਸੰਕਲਿਤ
7. ਮਿਤੀ 19-05-2018 ਨੂੰ ਉਮੇਸ਼ (ਸਪੇਰਾ) ਨਾਲ, ਮੂਣਕ (ਪੰਜਾਬ) ਵਿਚ ਕੀਤੀ ਗਈ ਨਿੱਜੀ ਮੁਲਾਕਾਤ ਦੇ ਆਧਾਰ 'ਤੇ ਸੰਕਲਿਤ
8. ਮਿਤੀ 8-10-2019 ਨੂੰ ਦੀਪਕ (ਸਾਈਕਲ ਕਲਾਕਾਰ) ਤੋਂ, ਜ਼ਾਖਲ (ਪੰਜਾਬ) ਵਿਚ ਮਿਲੀ ਜਾਣਕਾਰੀ ਦੇ ਆਧਾਰ 'ਤੇ ਸੰਕਲਿਤ
9. ਮਿਤੀ 8-10-2017 ਨੂੰ ਸ਼ਹਿਰ ਟੋਹਾਣਾ (ਹਰਿਆਣਾ) ਵਿਚ ਸਾਈਕਲ ਸਰਕਸ ਪ੍ਰਦਰਸ਼ਨ ਸਮੇਂ ਬੋਲੇ ਸੰਵਾਦਾਂ ਦੇ ਆਧਾਰ 'ਤੇ ਸੰਕਲਿਤ

**ਅਸਿਸਟੈਂਟ ਪ੍ਰੋਫ਼ੈਸਰ,**

**ਪੰਜਾਬੀ ਵਿਭਾਗ, ਗੰਗਾ ਡਿਗਰੀ ਕਾਲਜ,**

**ਢਾਬੀ ਗੁਜਰਾਂ, ਪਟਿਆਲਾ।**

# ਕਿੱਸਾ ਮਿਰਜ਼ਾ ਸਾਹਿਬਾਂ : ਸੱਭਿਆਚਾਰਕ ਅਧਿਅਨ

❑ ਡਾ. ਅਮਾਨਤ ਮਸੀਹ

ਪੰਜਾਬੀ ਸਾਹਿਤ ਵਿੱਚ ਕਿੱਸਾ ਕਾਵਿ-ਪਰੰਪਰਾ ਦਾ ਆਪਣਾ ਇੱਕ ਵਿਸ਼ੇਸ਼ ਸਥਾਨ ਹੈ। ਇਸ ਕਾਵਿ-ਪਰੰਪਰਾ ਵਿੱਚ ਇਸ਼ਕ ਦੇ ਵਰਣਨ ਦੀ ਭਰਮਾਰ ਹੋਣ ਦੇ ਨਾਲ-ਨਾਲ ਉਸ ਸਮੇਂ ਦੇ ਸਮਾਜ ਦੇ ਸਭਿਆਚਾਰਕ ਜੀਵਨ ਮੁੱਲ੍ਹਾਂ ਦਾ ਚਿਤਰਣ ਹੋਇਆ ਵੀ ਮਿਲਦਾ ਹੈ। ਇਸ ਤਰ੍ਹਾਂ ਕਿੱਸਾਕਾਰ ਪਰੰਪਰਾਗਤ ਰੂਪ ਵਿੱਚ ਇੱਕ ਜਾਣੀ-ਪਛਾਣੀ ਲੋਕ-ਕਹਾਣੀ ਨੂੰ ਕਿਸੇ ਖਾਸ ਸਮੇਂ ਦੇ ਸਮਾਜ ਅਤੇ ਸੱਭਿਆਚਾਰ ਨਾਲ ਜੋੜਦੇ ਰਹੇ ਹਨ। ਜਿੱਥੋਂ ਤੱਕ ਪੀਲੂ ਦੇ ਕਿੱਸੇ ਮਿਰਜ਼ਾ-ਸਹਿਬਾਂ ਵਿੱਚ ਸਮਾਜ ਤੇ ਸੱਭਿਆਚਾਰ ਦੀ ਗੱਲ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਕਿਉਂਕਿ ਇਹ ਕਿੱਸਾ ਅਧੂਰਾ ਅਤੇ ਢੇਰ ਕੱਟ-ਵੱਡ ਨਾਲ ਸਾਡੇ ਤੱਕ ਪਹੁੰਚਿਆ ਹੈ। ਇਹ ਵੀ ਯਕੀਨ ਹੋ ਚੁੱਕਾ ਹੈ ਕਿ ਇਸਦੇ ਪਾਠ ਵਿੱਚ ਬਹੁਤ ਸਾਰੀ ਦਖ਼ਲ-ਅੰਦਾਜੀ ਹੋਈ ਹੈ। ਇਹ ਰਚਨਾ ਮੌਖਿਕ ਰੂਪ ਵਿੱਚ ਮਿਲਣ ਕਰਕੇ ਵੀ ਅਧੂਰੀ ਹੈ ਜੋ ਗਵੱਈਆਂ ਕੋਲੋਂ ਸਾਡੇ ਤੱਕ ਪਹੁੰਚੀ ਹੈ ਅਤੇ ਗਵੱਈਏ ਉਹਨਾਂ ਹੀ ਹਿੱਸਿਆਂ ਨੂੰ ਯਾਦ ਰੱਖ ਸਕੇ ਜਿਹੜੇ ਆਸਾਨੀ ਨਾਲ ਯਾਦ ਕੀਤੇ ਜਾ ਸਕਦੇ ਸਨ। ਪੀਲੂ ਦੀ ਰਚਨਾ ਅੰਦਰ ਸਮਾਜ-ਸੱਭਿਆਚਾਰ ਦੇ ਜੋ ਸੰਕੇਤ ਮਿਲਦੇ ਹਨ ਉਹ ਪਾਤਰਾਂ ਦੀਆਂ ਗਤੀਵਿਧੀਆਂ ਨਾਲ ਜੁੜੇ ਹੋਏ ਕੁਝ ਵੇਰਵੇ ਹਨ। ਸੋ ਇਹਨਾਂ ਸੰਕੇਤਾਂ ਵਿੱਚ ਹੀ ਪੀਲੂ ਦੇ ਸਮੇਂ ਦੇ ਸਮਾਜ ਅਤੇ ਸੱਭਿਆਚਾਰ ਦੀ ਤਸਵੀਰ ਲੱਭਦੀ ਹੈ। ਡਾ. ਕਿਰਪਾਲ ਸਿੰਘ ਕਸੇਲ ਅਨੁਸਾਰ, "ਮਿਰਜ਼ਾ-ਸਹਿਬਾਂ" ਦਾ ਕਿੱਸਾ ਪੰਜਾਬ ਦੇ ਮੱਧ-ਕਾਲੀਨ ਸੱਭਿਆਚਾਰਕ ਇਤਿਹਾਸ ਦਾ ਇੱਕ ਸਾਕਾਰ ਰੂਪ ਦਾ ਚਿੱਤਰ ਹੈ। ਦੋ ਰਾਜਪੂਤ ਜੱਟ-ਜਾਤੀਆਂ ਦੇ ਪਰਸਪਰ ਵਿਰੋਧ ਰਾਹੀਂ ਉਸ ਸਮੇਂ ਦੇ ਸਮਾਜਕ ਜੀਵਨ ਤੇ ਕਾਫੀ ਪ੍ਰਕਾਸ਼ ਪੈਂਦਾ ਹੈ ਅਤੇ ਇਸ ਵਿਚ ਡੂਘੀ ਵਾਸਤਵਿਕਤਾ ਲੁਕੀ ਹੋਈ ਹੈ"।[1]

ਪੀਲੂ ਦੇ ਕਿੱਸੇ "ਮਿਰਜ਼ਾ ਸਾਹਿਬਾਂ" ਵਿੱਚ ਉਸ ਸਮੇਂ ਸਮਾਜ ਅਤੇ ਸੱਭਿਆਚਾਰ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਉਸ ਸਮੇਂ ਦਾ ਕਬਾਇਲੀ ਸਮਾਜ ਸੀ। ਹਰ ਕਬੀਲੇ ਦਾ ਸਰਦਾਰ ਹੁੰਦਾ ਸੀ। ਸਾਰੇ ਉਸਦੇ ਹੁਕਮ ਦੇ ਅਧੀਨ ਅਤੇ ਉਸਦੇ ਬਣਾਏ ਰੀਤੀ-ਰਿਵਾਜ਼ਾਂ ਦੇ ਅਨੁਸਾਰ ਹੀ ਚੱਲਦੇ ਸਨ। ਕਿੱਸੇ ਅੰਦਰ ਅਜਿਹੇ ਕਬੀਲੇ ਦਾ ਜ਼ਿਕਰ ਹੋਇਆ ਵੀ ਮਿਲਦਾ ਹੈ, ਜਿਵੇਂ, ਮਿਰਜ਼ੇ ਨੂੰ ਚੰਦੜ ਕਬੀਲੇ ਨਾਲ ਜਾਣਿਆ ਅਤੇ ਖਰਲਾਂ ਦਾ ਸਰਦਾਰ ਮੰਨਿਆ ਜਾਂਦਾ ਹੈ,

ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ

ਇਸੇ ਤਰ੍ਹਾਂ ਹੀ ਸਾਹਿਬਾਂ ਦੇ ਕਬੀਲੇ ਵਿੱਚ ਵੀ ਇਸੇ ਤਰ੍ਹਾਂ ਦੇ ਸਮਾਜ ਦਾ ਜ਼ਿਕਰ ਪੀਲੂ ਕਰਦਾ ਹੈ। ਬਾਕੀ ਦੇ ਸਮਾਜਾਂ 'ਤੇ ਇਹਨਾਂ ਦਾ ਅਸਰ ਨਹੀਂ ਸੀ ਹੁੰਦਾ। ਸਾਹਿਬਾਂ ਦਾ ਬਾਪ ਖੀਵਾ ਖਾਨ ਵੀ ਆਪਣੇ ਕਬੀਲੇ ਦਾ ਸਰਦਾਰ ਸੀ ਜੋ ਆਪਣੇ ਪਿੰਡਾਂ ਦੇ ਫੈਸਲੇ ਕਰਵਾਉਂਦਾ ਸੀ। ਇਸ ਤਰ੍ਹਾਂ ਇੱਥੇ ਇਸ ਕਿੱਸੇ ਵਿੱਚ ਇਹ ਵੀ ਸੰਕੇਤ ਮਿਲਦਾ ਹੈ ਕਿ ਕਬੀਲੇ ਦੇ ਸਰਦਾਰ ਆਪਣੇ ਅਧੀਨ ਸਮਾਜ ਦੇ ਲੜਾਈ ਝਗੜਿਆਂ ਦੇ ਫੈਸਲੇ ਕਰਦੇ ਸਨ ਅਤੇ ਕਚਹਿਰੀਆਂ ਲਗਾਈਆਂ ਜਾਂਦੀਆਂ ਸਨ। ਡਾ. ਗੁਰਪ੍ਰੀਤ ਕੌਰ ਅਨੁਸਾਰ, "ਪੀਲੂ ਦੇ ਕਿੱਸੇ ਵਿੱਚ ਉਸ ਸਮੇਂ ਦੇ ਸਮਾਜ ਅਤੇ ਸੱਭਿਆਚਾਰ ਦੀ ਪੇਸ਼ਕਾਰੀ ਬਹੁਤ ਵਧੀਆ ਕੀਤੀ ਗਈ ਹੈ। ਉਸ ਸਮੇਂ ਜਗੀਰਦਾਰੀ ਪ੍ਰਬੰਧ ਸੀ। ਪਰਿਵਾਰਕ ਰਿਸ਼ਤਿਆਂ ਦਾ ਕੇਂਦਰ-ਬਿੰਦੂ ਪਰਿਵਾਰ ਦੇ ਮੁਖੀ ਨੂੰ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਉਸ ਸਮੇਂ ਦੇ ਪਰਿਵਾਰਕ ਰਿਸ਼ਤਿਆਂ ਵਿਚ ਪਰਿਵਾਰ ਦੇ ਮੁਖੀ ਦਾ ਤਾਨਾਸ਼ਾਹੀ ਵਤੀਰਾ ਅਤੇ ਰਵਾਇਤਾਂ ਨਾਲ ਜੁੜੇ ਰਹਿਣ ਦੀ ਭਾਵਨਾ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਪ੍ਰਬਲ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ।"[2]

ਉਸ ਵਕਤ ਦਾ ਸਮਾਜ ਮਰਦ-ਪ੍ਰਧਾਨ ਸਮਾਜ ਸੀ। ਇਸ ਸਮਾਜ ਵਿੱਚ ਸਾਰੇ ਫੈਸਲੇ ਮਰਦਾਂ ਦੁਆਰਾ ਹੀ ਕੀਤੇ ਜਾਂਦੇ ਸਨ। ਪਰਿਵਾਰ ਵਿੱਚ ਬਜ਼ੁਰਗਾਂ ਦਾ ਹੁਕਮ ਚੱਲਦਾ ਸੀ। ਇਸ ਕਬਾਇਲੀ ਸਮਾਜ ਵਿੱਚ ਸਾਰਾ ਕਬੀਲਾ ਇੱਕ ਸਰਦਾਰ ਦੀ ਸਰਪ੍ਰਸਤੀ ਵਿਚ ਰਹਿੰਦਾ ਸੀ ਅਤੇ ਸਾਰਾ ਕਬੀਲਾ ਸਰਦਾਰ ਦੇ ਹੁਕਮ ਨੂੰ ਮੰਨਦਾ ਸੀ। ਇਸ ਮਰਦ-ਪ੍ਰਧਾਨ ਸਮਾਜ ਵਿੱਚ ਇਸਤਰੀ ਦੀ ਕੋਈ ਗੱਲ ਨਹੀਂ ਸੀ ਮੰਨੀ ਜਾਂਦੀ। ਔਰਤ ਦਾ ਸਥਾਨ ਬਹੁਤ ਨੀਵਾਂ ਸੀ। ਉਸ ਵੇਲੇ ਦੇ ਭਾਰਤੀ ਸਮਾਜ ਵਿੱਚ ਇਸਤਰੀ ਨੂੰ ਉਸਦਾ ਯੋਗ ਦਰਜਾ ਤੇ ਸਤਿਕਾਰ ਪ੍ਰਾਪਤ ਨਹੀਂ ਸੀ। ਇਸ ਕਰਕੇ ਹੀ ਕਿੱਸਾਕਾਰਾਂ ਨੇ ਇਸਤਰੀ ਨੂੰ ਅਤਿ ਦੀ ਧੋਖੇਬਾਜ, ਵਿਸ਼ਵਾਸਘਾਤਣ, ਨਿੰਦਣਯੋਗ ਅਤੇ ਗ਼ੈਰਜਿੰਮੇਵਾਰ ਘੋਸ਼ਿਤ ਕੀਤਾ ਹੋਇਆ ਸੀ। ਡਾ. ਅਮਰਜੀਤ ਸਿੰਘ ਕਾਂਗ ਅਨੁਸਾਰ, "ਦਰਅਸਲ ਪੰਜਾਬੀ ਕਿੱਸਾਕਾਰਾਂ ਨੇ ਅਚੇਤ ਜਾਂ ਸੁਚੇਤ ਰੂਪ ਵਿਚ ਹੀ ਇਹ ਅੰਤਰ-ਵਿਰੋਧ ਸਿਰਜਿਆ ਹੈ। ਦੂਜਾ ਜਾਗੀਰਦਾਰੀ ਸਿਸਟਮ ਵਿਚ ਮਰਦ ਨੇ ਕਦੀ ਔਰਤ ਨੂੰ ਬਰਾਬਰ ਦਾ ਦਰਜਾ ਨਹੀਂ ਦਿੱਤਾ। ਪੰਜਾਬੀ ਕਿੱਸਾਕਾਰ ਇੱਕ ਅਜੀਬ ਅੰਤਰ-ਵਿਰੋਧ ਦਾ ਸ਼ਿਕਾਰ ਹੋ ਗਿਆ ਹੈ। ਆਪਣੇ ਕਿੱਸੇ ਵਿਚ ਔਰਤ ਦਾ ਜੋ ਵਿਵਹਾਰ ਪੇਸ਼ ਕਰਦਾ ਹੈ, ਉਹ ਤਾਂ ਪ੍ਰਸੰਸਾਜਨਕ ਹੈ ਪਰ ਟਿੱਪਣੀਆਂ ਵਿਚ ਔਰਤ ਨੂੰ ਬੇਵਫ਼ਾ ਕਿਹਾ ਹੈ।"[3]

ਸਮਾਜ ਵਿੱਚ ਇਸਤਰੀ ਨੂੰ ਸੰਪਤੀ ਜਾਂ ਜਾਇਦਾਦ ਦੇ ਸਮਾਨ ਸਮਝਿਆ ਜਾਣ ਕਰਕੇ ਉਸ ਦੀਆਂ ਭਾਵਨਾਵਾਂ ਸੁਤੰਤਰ ਨਹੀਂ ਸਨ ਸਗੋਂ ਮਰਦ ਦੀ ਹਉਮੈਂ ਅਤੇ ਉਸ ਦੀ ਵਾਸ਼ਨਾ ਦੀ ਸੰਤੁਸ਼ਟੀ ਕਰਨ ਵਿੱਚ ਕੇਂਦਰੀਭੂਤ ਹੁੰਦੀਆਂ ਸਨ। ਇਸ਼ਕ ਵਿੱਚ ਵਾਪਰਦੇ ਦੁਖਾਂਤ ਦਾ ਮੂਲ ਕਾਰਨ ਪੰਜਾਬੀ-ਭਾਰਤੀ ਸਮਾਜ ਦਾ ਮਰਦ-ਪ੍ਰਧਾਨ ਸਮਾਜ ਹੋਣਾ ਸੀ। ਇਸ ਸਮਾਜ ਵਿੱਚ ਸਭ ਕੁਝ ਮਰਦ ਦੀ ਮਰਜ਼ੀ ਅਤੇ ਮਾਪਿਆਂ ਦੀਆਂ ਲੋੜਾਂ ਅਨੁਸਾਰ ਹੁੰਦਾ ਸੀ। ਪੀਲੂ ਨੇ ਇਸ ਕਿੱਸੇ ਵਿੱਚ

ਔਰਤ ਪ੍ਰਤੀ ਦ੍ਰਿਸ਼ਟੀਕੋਣ ਔਰਤ ਵਿਰੋਧੀ ਰੂਪ ਵਿੱਚ ਪੇਸ਼ ਕੀਤਾ ਹੈ। ਉਹ ਔਰਤਾਂ ਨੂੰ ਕਿਸੇ ਪੱਖੋਂ ਵੀ ਭਰੋਸੇਯੋਗ ਨਹੀਂ ਸਮਝਦਾ, ਔਰਤ ਜਾਤ ਨੂੰ ਉਸਨੇ ਵਿਸ਼ਵਾਸਘਾਤੀ, ਚੁਗਲਖੋਰ ਅਤੇ ਝੂਠੀ ਦੱਸਦਾ ਹੈ, ਜਿਵੇਂ :

ਬੁਰੇ ਸਿਆਲਾਂ ਦੇ ਮਾਮਲੇ ਬੁਰੀ ਸਿਆਲਾਂ ਦੀ ਰਾਹ,  
ਬੁਰੀਆਂ ਸਿਆਲਾਂ ਦੀਆਂ ਔਰਤਾਂ, ਲੈਂਦੀਆਂ ਯਾਦੂ ਪਾ।  
ਭੱਠ ਰੰਨਾ ਦੀ ਦੋਸਤੀ ਖੁਰੀਂ ਜਿਨਾਂ ਦੀ ਮੱਤ,  
ਹੱਸ ਕੇ ਲਾਉਂਦੀਆਂ ਯਾਰੀਆਂ, ਰੋ-ਰੋ ਦੇਂਦੀਆਂ ਦੱਸ।

ਔਰਤਾਂ ਕੋਲੋਂ ਵਫ਼ਾ ਦੀ ਆਸ ਨਾ ਰੱਖਣੀ ਅਤੇ ਸਾਰੀ ਔਰਤ ਜਾਤ ਨੂੰ ਇਸ ਪੱਖੋਂ ਨਿੰਦਣਾ ਉਸ ਸਮੇਂ ਦੇ ਲੋਕਾਂ ਦੀ ਔਰਤ ਸੋਚਣੀ ਦਾ ਸੂਚਕ ਹੈ। ਉਸ ਸਮੇਂ ਲੜਕੀ ਪੂਰਨ ਤੌਰ ਤੇ ਘਰ ਵਾਲਿਆਂ ’ਤੇ ਨਿਰਭਰ ਕਰਦੀ ਸੀ। ਉਸ ਨੂੰ ਆਪਣੇ ਮਾਪਿਆਂ ਅਤੇ ਭਰਾਵਾਂ ਦੀ ਮਾਣ ਅਤੇ ਇੱਜ਼ਤ ਰੱਖਣੀ ਪੈਂਦੀ ਸੀ। ਸਾਹਿਬਾਂ ਇਸੇ ਲਈ ਮਿਰਜ਼ੇ ਨੂੰ ਬਾਰ-ਬਾਰ ਦਾਨਾਬਾਦ ਚੱਲਣ ਲਈ ਆਖਦੀ ਹੈ। ਉਹ ਆਪਣੇ ਭਰਾਵਾਂ ਦੀ ਤਬਾਹੀ ਹੁੰਦੀ ਨਹੀਂ ਵੇਖ ਸਕਦੀ। ਇੱਕ ਪਾਸੇ ਭਰਾਵਾਂ ਦੀ ਹਮਦਰਦੀ ਹੈ ਅਤੇ ਦੂਜੇ ਪਾਸੇ ਪਿਆਰੇ ਦਾ ਪਿਆਰ। ਇਨ੍ਹਾਂ ਦੋਵਾਂ ਸਥਿਤੀਆਂ ਦੇ ਮੇਲ ਤੋਂ ਦੁਖਾਂਤ ਉਪਜਦਾ ਹੈ।

ਪੀਲੂ ਦੇ ਕਿੱਸੇ ਵਿੱਚ ਇਹ ਸਕੇਤ ਵੀ ਮਿਲਦਾ ਹੈ ਕਿ ਉਸ ਸਮੇਂ ਧਾਰਮਿਕ ਨੇਤਾ ਵੀ ਰਾਜਿਆਂ ਅਤੇ ਜਗੀਰਦਾਰਾਂ ਦੇ ਪੈਰੋਕਾਰ ਸਨ। ਉਸ ਸਮੇਂ ਦਾ ਸਮਾਜ ਇਸਲਾਮ ਅਧਾਰਿਤ ਸੀ। ਇਸ ਵਿੱਚ ਇਸਲਾਮ ਨਾਲ ਸੰਬੰਧਤ ਕਈ ਇਤਿਹਾਸਕ ਅਤੇ ਮਿਥਿਹਾਸਕ ਪਾਤਰਾਂ ਦਾ ਜ਼ਿਕਰ ਹੋਇਆ ਵੀ ਮਿਲਦਾ ਹੈ। ਗੁਨਾਹਗਾਰ ਨੂੰ ਮਾਰਨ ਦਾ ਸਕੇਤ ਵੀ ਮਿਲਦਾ ਹੈ ਜੋ ਕਿ ਖਾਸ ਤੌਰ ’ਤੇ ਇਸਲਾਮ ਨਾਲ ਸੰਬੰਧਤ ਹੈ। ਇਹ ਸੰਕੇਤ ਉਸ ਸਮੇਂ ਮਿਲਦਾ ਹੈ ਜਦੋਂ ਸਾਹਿਬਾਂ ਕਰਮੂੰ ਬਰਾਹਮਣ ਨੂੰ ਉਸ ਦੇ ਇਸ਼ਕ ਦੀ ਤਜ਼ਵੀਜ ਪੇਸ਼ ਕਰਨ ’ਤੇ ਕਹਿੰਦੀ ਹੈ ਕਿ ਜੇਕਰ ਇਸ ਗੱਲ ਦੀ ਖ਼ਬਰ ਪਿੰਡ ਦੇ ਮੁੰਡਿਆਂ ਨੂੰ ਹੋ ਗਈ ਤਾਂ ਉਹ ਉਸਨੂੰ ਢੀਮਾਂ ਮਾਰ-ਮਾਰ ਕੇ ਮਾਰ ਦੇਣਗੇ,

ਜੇ ਖ਼ਬਰ ਹੋ ਜਾਏ ਪਿੰਡ ਦੇ ਮੁੰਡਿਆਂ, ਕਰਨ ਢੀਮਾਂ ਦੀ ਮਾਰ,  
ਤੇ ਖ਼ਬਰ ਹੋ ਜਾਏ ਵੀਰ ਸ਼ਮੀਰ ਨੂੰ, ਤੈਨੂੰ ਕਰਹਿ ਮਾਰ।

ਸਮਾਜ ਵਿੱਚ ਜਾਤਪਾਤ, ਛੂਤਛਾਤ, ਊਚ-ਨੀਚ ਦਾ ਫ਼ਰਕ ਭਰਪੂਰ ਰੂਪ ਵਿੱਚ ਵਿਦਮਾਨ ਸੀ। ਨੀਵੀਂ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਾਂ ਵਿੱਚ ਬਹੁਤ ਅੰਤਰ ਸੀ। ਮਿਰਜ਼ਾ ਤੇ ਸਾਹਿਬਾਂ ਜੋ ਅਜਿਹੇ ਸਮਾਜ ਨੂੰ ਪਸੰਦ ਨਹੀਂ ਸੀ ਕਰਦੇ ਬਾਗ਼ੀ ਹੋ ਜਾਂਦੇ ਹਨ। ਮਿਰਜ਼ਾ ਆਪਣੀ ਮਾਂ, ਭੈਣ ਅਤੇ ਬਾਪ ਦੇ ਕਹਿਣ ’ਤੇ ਨਹੀਂ ਚੱਲਦਾ। ਸਾਹਿਬਾਂ ਆਪਣੇ ਮਾਂ-ਬਾਪ ਅਤੇ ਭਾਰਵਾਂ ਦੀ ਪ੍ਰਵਾਹ ਨਹੀਂ ਕਰਦੀ। ਇੰਦਰਜੀਤ ਸਿੰਘ ਵਾਸੂ ਅਨੁਸਾਰ, “ਪੀਲੂ ਦੇ ਕਿੱਸੇ ਵਿਚ ਉਸ ਸਮੇਂ ਦੀ

ਰਾਜਸੀ, ਧਾਰਮਿਕ, ਸਮਾਜਕ, ਆਰਥਿਕ ਤੇ ਭਾਈਚਾਰਕ ਹਾਲਾਤ ਦਾ ਸੁਚੱਜਾ ਚਿੱਤਰ ਮਿਲਦਾ ਹੈ।"[4]

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਇੱਕ ਵਾਰ ਕਿਸੇ ਦੀ ਬਾਂਹ ਫੜ ਲਈ ਜਾਵੇ ਭਾਵ ਕਿਸੇ ਨਾਲ ਪਿਆਰ ਪਾਇਆ ਜਾਵੇ ਤਾਂ ਪੂਰਾ ਨਿਭਾਉਣਾ ਚਾਹੀਦਾ ਹੈ ਨਹੀਂ ਤਾਂ ਜੋ ਆਪਣੇ ਪ੍ਰੀਤਮ ਨਾਲ ਧੋਖਾ ਕਰਦਾ ਹੈ ਅਜਿਹੇ ਬੰਦੇ ਨੂੰ ਰੱਬ ਦੀ ਦਰਗਾਹ ਵਿੱਚ ਜਗ੍ਹਾ ਨਹੀਂ ਮਿਲਦੀ। ਅਜਿਹਾ ਬੰਦਾ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ, ਜਿਵੇਂ :

ਜੇ ਨ ਸੀ ਤੋੜ ਨਿਭਾਉਣੀ, ਮੇਰੀ ਕਾਹਨੂੰ ਪਕੜੀ ਬਾਂਹ
ਬਚਾ ਕਰੇਂਦੇ ਆਸ਼ਕਾ, ਨ ਅੱਗੇ ਮਿਲਣਾ ਤੈਨੂੰ ਥਾਂ।

ਉਸ ਸਮੇਂ ਦੇ ਸਮਾਜ ਵਿੱਚ ਚੋਰੀ ਦੇ ਇਸ਼ਕ ਨੂੰ ਅਤਿ ਦਰਜੇ ਦਾ ਅਨੈਤਿਕ ਕਰਮ ਮੰਨਿਆ ਜਾਂਦਾ ਸੀ ਪਰ ਮਿਰਜ਼ਾ ਸਾਹਿਬਾਂ ਸਮਾਜਕ ਨੈਤਿਕਤਾ ਦੇ ਅਸੂਲਾਂ ਦੀ ਉਲੰਘਣਾ ਕਰਦੇ ਹਨ। ਪੀਲੂ ਨੇ ਅਜਿਹਾ ਵਿਚਾਰ ਹੀ ਪ੍ਰਗਟ ਕੀਤਾ ਹੈ। ਹੋਣੀ ਨੂੰ ਕਿਸਮਤ ਨਾਲ ਜੋੜ ਕੇ ਧੁਰੋਂ ਮੰਨਦਾ ਹੈ ਜੋ ਅਟੱਲ ਹੈ।

ਮੱਥੇ ਵਿਚ ਕਲਜੋਗਣਾ, ਫ਼ਤਹਿ ਨ ਦੇਂਦੀ ਹੋਣ,
ਲਿਖੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ।

ਉਸ ਸਮੇਂ ਦੇ ਲੋਕਾਂ ਨੂੰ ਅਣਖ ਬਹੁਤ ਪਿਆਰੀ ਸੀ। ਅਣਖ ਦੀ ਖਾਤਰ ਮਰ ਮਿਟ ਜਾਣਾ ਉਨ੍ਹਾਂ ਦੇ ਲਈ ਬਹਾਦਰੀ ਦਾ ਪ੍ਰਤੀਕ ਸੀ। ਉਸ ਸਮੇਂ ਦੇ ਲੋਕ ਅਣਖ ਦੀ ਖਾਤਿਰ ਮਰਨ-ਮਾਰਨ ’ਤੇ ਉੱਤਰ ਜਾਂਦੇ ਸਨ। ਇਸ ਕਿੱਸੇ ਵਿੱਚ ਸਮਾਜ ਦੇ ਇਸ ਪੱਖ ਦਾ ਵੀ ਬਹੁਤ ਹੀ ਵਧੀਆ ਚਿਤਰਣ ਹੋਇਆ ਹੈ। ਮਿਰਜ਼ਾ ਆਪਣੀ ਅਣਖ ਦੀ ਖ਼ਾਤਰ ਸਾਹਿਬਾਂ ਨੂੰ ਉਧਾਲਣ ਲਈ ਘਰੋਂ ਇਕੱਲਾ ਹੀ ਤੁਰ ਪੈਂਦਾ ਹੈ। ਆਪਣੇ ਕਬੀਲੇ ਦੀ ਅਖਣ ਖਾਤਰ ਉਹ ਜਾਨ ਦੀ ਵੀ ਪ੍ਰਵਾਹ ਨਹੀਂ ਕਰਦਾ। ਇਸ ਲਈ ਉਹ ਆਪਣੀ ਮਾਂ ਨੂੰ ਕਹਿੰਦਾ ਹੈ ਕਿ :

ਵਿਆਹੀ ਹੋਵੇ ਛੱਡ ਦੇਵਾਂ, ਮੰਗ ਨ ਛੱਡੀ ਜਾ,
ਜੇਕਰ ਮੰਗ ਮੈਂ ਛੱਡ ਦੇਵਾ, ਲੱਗੇ ਖਰਲਾਂ ਨੂੰ ਲਾਜ।

ਦੂਜੇ ਪਾਸੇ ਸਾਹਿਬਾਂ ਦੇ ਘਰ ਵਾਲੇ ਵੀ ਅਣਖ ਦੀ ਖਾਤਰ ਮਿਰਜ਼ੇ ਨੂੰ ਮਾਰਨ ਲਈ ਤੁਰ ਪੈਂਦੇ ਹਨ। ਜਦੋਂ ਮਿਰਜ਼ਾ ਸਾਹਿਬਾਂ ਨੂੰ ਕੱਢ ਕੇ ਲੈ ਜਾਂਦਾ ਹੈ ਤਾਂ ਸਿਆਲਾਂ ਦੀ ਅਣਖ ਨੂੰ ਸੱਟ ਵੱਜਦੀ ਹੈ, ਉਹ ਮਿਰਜ਼ੇ ਨੂੰ ਮਾਰ ਕੇ ਹੀ ਚੈਨ ਲੈਂਦੇ ਹਨ। ਇਸ ਤਰ੍ਹਾਂ ਪੀਲੂ ਨੇ ਉਸ ਸਮੇਂ ਦੇ ਸਮਾਜ ਵਿੱਚ ਅਣਖ-ਇੱਜ਼ਤ ਲਈ ਜੀਣ ਮਰਨ ਵਾਲੇ ਸਮਾਜ ਦੀ ਸਥਿਤੀ ਦੀ ਪੇਸ਼ਕਾਰੀ ਕੀਤੀ ਹੈ। ਡਾ. ਚਰਨਜੀਤ ਸਿੰਘ ਗੁੰਮਟਾਲਾ ਅਨੁਸਾਰ, "ਪੀਲੂ ਨੇ ਮਿਰਜ਼ੇ ਦਾ ਜਿਹੜਾ ਬਿੰਬ ਪੇਸ਼ ਕੀਤਾ ਹੈ, ਉਹ

ਉਸ ਸਮੇਂ ਦੇ ਕਬੀਲੇਦਾਰੀ ਦੇ ਯੁਗ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਵਿਚ ਪਿਆਰ ਨਾਲੋਂ ਅਣਖ ਦਾ ਜ਼ਜ਼ਬਾ ਵਧੇਰੇ ਕੰਮ ਕਰਦਾ ਹੈ।"[5]

ਅਣਖ ਲਈ ਜੀਣਾ ਮਰਨਾ ਉਸ ਸਮਾਜ ਦਾ ਯਥਾਰਥ ਹੈ ਜਿਸਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪੀਲੂ ਨੇ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਲੋਕਾਂ ਵਿੱਚ ਸੂਰਮਗਤੀ ਦਾ ਜ਼ਜ਼ਬਾ ਸੀ ਜੋ ਮਿਰਜ਼ੇ ਰਾਹੀਂ ਉਭਾਰ ਕੇ ਪੇਸ਼ ਕੀਤਾ ਗਿਆ ਹੈ।

ਉਸ ਸਮੇਂ ਦੇ ਸਮਾਜ ਵਿੱਚ ਹਿੰਦੂਆਂ ਦੀ ਹਾਲਤ ਬੜੀ ਹਾਸੋਹੀਣੀ ਪੇਸ਼ ਕੀਤੀ ਗਈ ਹੈ। ਇਸ ਕਿੱਸੇ ਅੰਦਰ ਹਿੰਦੂ ਸਮਾਜ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਹੋ ਸਕਦਾ ਹੈ ਕਿ ਪੀਲੂ ਨੇ ਇਸਨੂੰ ਪੇਸ਼ ਕਰਨ ਦੀ ਜ਼ਰੂਰਤ ਮਹਿਸੂਸ ਨਾ ਕੀਤੀ ਹੋਵੇ। ਇਸ ਕਿੱਸੇ ਵਿੱਚ ਪੀਲੂ ਨੇ ਕਰਮੂੰ ਬਰਾਹਮਣ ਰਾਹੀਂ ਹਿੰਦੂ ਸਮਾਜ ਵੱਲ ਸਕੇਤ ਕੀਤਾ ਹੈ। ਇਸ ਇਸਲਾਮਿਕ ਰਹਿਣੀ-ਬਹਿਣੀ ਵਾਲੇ ਸਮਾਜ ਵਿੱਚ ਹਿੰਦੂਆਂ ਦੀ ਹਾਲਤ ਵਧੇਰੇ ਬਿਹਤਰ ਨਹੀਂ ਸੀ। ਉਹਨਾਂ ਕੋਲੋਂ ਸੁਨੇਹੇ ਲਿਆਉਣ ਤੇ ਪਹੁੰਚਾਉਣ ਦਾ ਕੰਮ ਲਿਆ ਜਾਂਦਾ ਸੀ। ਇਸ ਕਿੱਸੇ ਅੰਦਰ ਸਾਹਿਬਾਂ ਅਤੇ ਕਰਮੂੰ ਦੇ ਸੰਵਾਦ ਰਾਹੀਂ ਅਜਿਹੀ ਸਥਿਤੀ ਪੇਸ਼ ਕੀਤੀ ਗਈ ਹੈ :

ਤੂੰ ਸੁਣ ਕਰਮੂੰ ਬਾਹਮਣਾ, ਕਦੀ ਨ ਆਇਓ ਕਾਮ,
ਘੋੜੀ ਦਿਆਂ ਤੇਰੇ ਚੜਨ ਨੂੰ, ਕਾਠੀ ਸਣੇ ਲਗਾਮ।

ਕਰਮੂੰ ਬਰਾਹਮਣ ਦੀ ਹਾਲਤ ਨਾ ਤਾਂ ਮਰਦ ਹੋਣ ਦੀ ਹਾਲਤ ਵਿੱਚ ਚੰਗੀ ਹੈ ਨਾ ਹੀ ਆਰਥਿਕ ਪੱਖੋਂ ਚੰਗੀ ਹੈ। ਉਸਦੀ ਆਰਥਿਕ ਹਾਲਤ ਵੱਲ ਸੰਕੇਤ ਵੀ ਮਿਲਦਾ ਹੈ। ਸਾਹਿਬਾਂ ਅੱਗੇ ਉਹ ਤਰਲੇ ਕੱਢਦਾ ਹੈ ਕਿ ਉਹ ਮੈਨੂੰ ਮੁਆਫ਼ ਕਰ ਦੇਵੇ ਤੇ ਮੇਰੇ ਗੁਨਾਹ ਨੂੰ ਬਖ਼ਸ਼ ਦੇਵੇ। ਉਹ ਕਹਿੰਦਾ ਹੈ ਕਿ ਮੈਂ ਗਰੀਬ ਹਾਂ, ਮੇਰੇ ਧੌਲਿਆਂ ਦੀ ਲਾਜ ਰੱਖ ਲੈ।

ਇਹ ਗੁਨਾਹ ਮੇਰਾ ਬਖ਼ਸ਼ ਲੈ, ਸਾਹਿਬਾਂ ਜਿੱਥੇ ਘੱਲੇ ਉਥੇ ਜਾ।
ਮੈਂ ਤਾਂ ਭੋਲਾ ਗਰੀਬ ਹਾਂ, ਮੇਰੀ ਰੱਖ ਧੋਲਿਆਂ ਦੀ ਰਾਹ।

ਉਸ ਵੇਲੇ ਬੱਚੇ ਨੂੰ ਮਸੀਤ ਵਿੱਚ ਹੀ ਧਾਰਮਿਕ ਵਿੱਦਿਆ ਦਿੱਤੀ ਜਾਂਦੀ ਸੀ। ਮੁੰਡੇ ਅਤੇ ਕੁੜੀਆਂ ਇਕੱਠੇ ਹੀ ਮਸੀਤਾਂ ਵਿੱਚ ਪੜ੍ਹਦੇ ਸਨ। ਕਾਜ਼ੀ ਹੀ ਇਨ੍ਹਾਂ ਨੂੰ ਵਿੱਦਿਆ ਦਿੰਦਾ ਸੀ। ਪਾਠਕ੍ਰਮ ਵਿੱਚ ਕੁਰਾਨ ਅਤੇ ਹੋਰ ਧਾਰਮਿਕ ਵਿੱਦਿਆ ਸ਼ਾਮਲ ਸੀ। ਜਿਵੇਂ:

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ,
ਵਿਚ ਮਸੀਤੇ ਲੱਗੀਆਂ ਜਾਣੇ ਕੁਲ ਜਹਾਨ।

ਇਸ ਤਰ੍ਹਾਂ ਪੀਲੂ ਨੇ ਉਸ ਸਮੇਂ ਵਿੱਚ ਵਿਦਿੱਅਕ ਪ੍ਰਬੰਧ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਇਸ ਇਸਲਾਮਿਕ ਸਮਾਜ ਵਿੱਚ ਵਿਦਿੱਅਕ ਪ੍ਰਬੰਧ ਵੀ ਇਸਲਾਮੀ ਨਿਯਮਾਂ ਅਨੁਸਾਰ ਹੀ ਸੀ।

ਪੀਲੂ ਨੇ ਆਪਣੀ ਰਚਨਾ ਵਿੱਚ ਤਰ੍ਹਾਂ-ਤਰ੍ਹਾਂ ਦੇ ਰਿਸ਼ਤਿਆਂ ਨੂੰ ਬਹੁਤ ਮਹੱਤਵ ਦਿੱਤਾ ਹੈ। ਇਸ ਮੱਧਕਾਲੀਨ ਸਮਾਜ ਵਿੱਚ ਮਨੁੱਖੀ ਸ਼ਕਤੀ ਦੀ ਲੋੜ ਸੀ। ਇਸ ਲਈ ਭਰਾਵਾਂ ਨੂੰ ਭਰਾਵਾਂ ਦੀਆਂ ਬਾਹਾਂ ਸਮਝਿਆ ਜਾਂਦਾ ਸੀ। ਉਸ ਸਮੇਂ ਭੈਣ-ਭਰਾ ਦਾ ਰਿਸ਼ਤਾ ਅਪਣੱਤ ਭਰਿਆ ਹੁੰਦਾ ਸੀ। ਭੈਣ ਨੂੰ ਆਪਣੇ ਭਰਾ 'ਤੇ ਮਾਣ ਸੀ। ਇਸ ਕਰਕੇ ਮਿਰਜ਼ੇ ਦੀ ਭੈਣ ਮਿਰਜ਼ੇ ਨੂੰ ਉਸਦਾ ਵਿਆਹ ਆਪਣੇ ਹੱਥੀਂ ਕਰਕੇ ਜਾਣ ਨੂੰ ਕਹਿੰਦੀ ਹੈ :

ਹਟ ਕੇ ਬੈਠੀਂ ਮਿਰਜ਼ਿਆ, ਘਰ ਵਿਚ ਕਰੀਂ ਸਲਾਹ।<br>
ਤੀ ਪਲੰਗ ਤੇ ਬਹਿ ਕੇ, ਮੇਰਾ ਹੱਥੀਂ ਕਾਜ ਸਵਾਰ।

ਸਾਹਿਬਾਂ ਨੇ ਆਪਣੇ ਭਰਾਵਾਂ ਨੂੰ ਬਚਾਉਣ ਲਈ ਆਪਣੇ ਆਸ਼ਕ ਨੂੰ ਮਰਵਾ ਦਿੱਤਾ। ਮੱਧਕਾਲੀ ਢਾਂਚੇ ਵਿੱਚ ਭਰਾਵਾਂ ਨੂੰ ਮਦਦਗਾਰ ਦੇ ਰੂਪ ਵਿੱਚ ਸ੍ਰੋਮਣੀ ਸਥਾਨ ਪ੍ਰਾਪਤ ਸੀ। ਮਿਰਜ਼ਾ ਆਪਣੀ ਮੌਤ ਆਉਂਦੀ ਵੇਖ ਕੇ ਭਰਾਵਾਂ ਦੀ ਘਾਟ ਮਹਿਸੂਸ ਕਰਦਾ ਹੈ। ਉਹ ਭਰਾਵਾਂ ਬਾਝੋਂ ਹੀ ਮਾਰਿਆ ਗਿਆ ਸੀ। ਜੇਕਰ ਉਸਦੇ ਭਰਾ ਉਸਦੇ ਨਾਲ ਹੁੰਦੇ ਤਾਂ ਉਹ ਸਿਆਲਾਂ ਦਾ ਟਾਕਰਾ ਜ਼ਰੂਰ ਕਰਦੇ। ਡਾ. ਕਿਰਪਾਲ ਸਿੰਘ ਕਸੇਲ ਅਨੁਸਾਰ, "'ਬਾਝ ਭਾਰਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਸੰਗ', ਦੀ ਕਰੁਣਾਮਈ ਧੁਨੀ ਉਜਾਗਰ ਕਰਕੇ ਮਿਰਜ਼ੇ ਨੇ ਜੱਟ ਸਭਿਅਤਾ ਦਾ ਚਿੱਤਰ ਪੇਸ਼ ਕਰ ਦਿੱਤਾ ਹੈ।"[6]

ਇਸ ਸਮੇਂ ਕਬਾਇਲੀ ਸਮਾਜ ਵਿੱਚ ਜਾਦੂ-ਟੂਣੇ ਤੇ ਕਈ ਤਰ੍ਹਾਂ ਦੇ ਲੋਕ ਵਿਸ਼ਵਾਸ ਪਾਏ ਜਾਂਦੇ ਸਨ। ਲੋਕ ਵਹਿਮਾ-ਭਰਮਾ, ਕਰਾਮਾਤਾਂ, ਅਦਭੁਤ ਘਟਨਾਵਾਂ, ਚੰਗੇ ਜਾਂ ਬੁਰੇ ਸ਼ਗਨਾ/ਅਪਸ਼ਗਨਾ ਵਿੱਚ ਵਿਸ਼ਵਾਸ ਰੱਖਦੇ ਸਨ। ਜਿਵੇਂ, ਪੱਲਾ ਅਟਕਣਾ, ਸ਼ਿੱਕ ਵੱਜਣੀ, ਹੋਣੀ ਵਿੱਚ ਵਿਸ਼ਵਾਸ ਹੋਣਾ ਆਦਿ। ਇਹਨਾਂ ਅੰਧ-ਵਿਸ਼ਵਾਸਾਂ ਦਾ ਜ਼ਿਕਰ ਥਾਂ-ਥਾਂ 'ਤੇ ਹੋਇਆ ਹੈ। ਜਿਵੇਂ:

- ਚੜਦੇ ਦਾ ਪੱਲਾ ਅਟਕਿਆ, ਛਿਨਕ ਸਾਹਮਣੇ ਆ।
- ਹੋਣੀ ਮਿਰਜ਼ੇ ਤੇ ਕੁਦ ਪਈ, ਰਲੀ ਸਿਆਲਾਂ ਦੇ ਨਾਲ।
- ਘਰ ਖੀਵੇ ਦੇ ਸਾਹਿਬਾਂ ਜੰਮੀ ਮੰਗਲਵਾਰ।
- ਬੁਰੀਆਂ ਸਿਆਲਾਂ ਦੀਆਂ ਔਰਤਾਂ ਲੈਂਦੀਆਂ ਜਾਦੂ ਪਾ।

ਇਸ ਤੋਂ ਇਲਾਵਾ ਮਿਰਜ਼ੇ ਦੇ ਕਰੜੇ ਵਾਰ ਜੰਮਣ ਦਾ ਜ਼ਿਕਰ ਵੀ ਮਿਲਦਾ ਹੈ। ਡਾ. ਇੰਦਰਜੀਤ ਵਾਸੂ ਅਨੁਸਾਰ, "ਜਾਗੀਰਦਾਰੀ ਯੁਗ ਵਿਚ ਲੋਕਾਂ ਦੇ ਆਪਣੇ ਅਧਿਕਾਰ ਨਹੀਂ ਹੁੰਦੇ ਤੇ ਉਹ ਜਗੀਰਦਾਰਾਂ ਵੱਲੋਂ ਕੀਤੇ ਜ਼ੁਲਮ ਸਹਿਜੇ ਹੀ ਬਰਦਾਸ਼ਤ ਕਰ ਲੈਂਦੇ ਸਨ। ਇਸ ਲਈ ਆਪਣੀ ਤਾਕਤ ਵਿਚ ਵਿਸ਼ਵਾਸ ਘੱਟ ਹੋਣ ਕਾਰਨ ਉਹ ਲੋਕ ਕਰਾਮਾਤਾਂ, ਵਹਿਮਾਂ-ਭਰਮਾ, ਅਦਭੁਤ ਘਟਨਾਵਾਂ, ਚੰਗੇ-ਬੁਰੇ ਸ਼ਗਨਾ ਆਦਿ ਵਿਚ ਵਿਸ਼ਵਾਸ ਰੱਖਦੇ ਸਨ।"[7]

ਜਨਮ ਨਾਲ ਸੰਬੰਧਤ ਵੀ ਕਈ ਤਰ੍ਹਾਂ ਦੇ ਰਸਮੋਂ-ਰਿਵਾਜ਼ ਕੀਤੇ ਜਾਂਦੇ ਸਨ। ਕੁੜੀਆਂ ਦੇ ਜੰਮਣ ਸਮੇਂ ਵੀ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ। ਪੀਲੂ ਦੇ ਕਿੱਸੇ ਵਿੱਚ ਸ਼ੁਰੂ ਵਿੱਚ ਸਾਹਿਬਾਂ ਦੇ ਜੰਮਣ 'ਤੇ ਲਾਗੀਆਂ ਵੱਲੋਂ ਉਸਦੇ ਮਾਂ-ਬਾਪ ਨੂੰ ਦਿੱਤੀਆਂ ਵਧਾਈਆਂ ਅਤੇ ਅਸੀਸਾਂ ਬਾਰੇ ਦੱਸਿਆ ਹੈ। ਉਸ ਸਮੇਂ ਮਰਾਸੀ, ਡੂਮ ਅਤੇ ਹੋਰ ਜਾਤਾਂ ਹੋਂਦ ਵਿੱਚ ਆ ਚੁਕੀਆਂ ਸਨ ਜਿਨ੍ਹਾਂ ਦਾ ਕੰਮ ਖੁਸ਼ੀ ਦੇ ਮੌਕੇ 'ਤੇ ਲਾਗ ਲੈਣਾ ਸੀ। ਜਿਵੇਂ :

ਘਰ ਖੀਵੇ ਖਾਨ ਦੇ ਸਾਹਿਬਾਂ ਜੰਮੀ ਮੰਗਲਵਾਰ,
ਡੂਮ ਸੋਹਲੇ ਗਾਵੰਦੇ ਖਾਨ ਖੀਵੇ ਦੇ ਬਾਰ,
ਰੱਜ ਦੁਆਈ ਦਿੱਤੀਆਂ ਸੋਹਣੇ ਪਰਿਵਾਰ।

ਸੱਭਿਆਚਾਰ ਵਿੱਚ ਕਿਸੇ ਸਮਾਜ ਦੇ ਜੀਵਨ ਢੰਗ, ਰੀਤੀ-ਰਿਵਾਜ਼ਾਂ, ਰਿਸ਼ਤਾ ਨਾਤਾ ਪ੍ਰਣਾਲੀ, ਕਾਨੂੰਨੀ ਪ੍ਰਬੰਧ ਉੱਥੋਂ ਦੇ ਪਰਿਵਾਰ ਤੇ ਗਹਿਣੇ ਆਦਿ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਪੀਲੂ ਦੇ ਇਸ ਕਿੱਸੇ ਅੰਦਰ ਵੀ ਉਸ ਸਮੇਂ ਗਹਿਣਿਆਂ ਅਤੇ ਪਹਿਰਵੇ ਦਾ ਸੰਕੇਤ ਵੀ ਮਿਲਦਾ ਹੈ। ਜਿਵੇਂ :

- ਗਹਿਣੇ ਸਣੇ ਪਟਾਰੀਆਂ, ਝਾਂਜਰ ਸਣੇ ਹਮੇਲ।
- ਨਾ ਫੜ੍ਹ ਬਾਹੀਆਂ ਘੁੱਟ ਕੇ ਵੰਗਾਂ ਜਾਂਦੀਆਂ ਟੁੱਟ।
- ਮੂੰਹ ਨਾਲ ਲਾਹੇ ਪਗੜੀਆਂ, ਫੱਟ ਕੇ ਸੁੱਟੇ ਅੰਜਾਣ।
- ਬੱਕੀ ਲਾਹੀਆਂ ਪਗੜੀਆਂ ਵੇਖੀ ਨਾ ਕਿਸੇ ਦੀ ਲਾਜ।
- ਸਾਲੂ ਦਾ ਪੱਲਾ ਅਟਕਿਆ ਰਤਾ ਕੁ ਬੱਕੀ ਨੂੰ ਫੇਰ।

ਇਸ ਸਮਾਜ ਅੰਦਰ ਆਵਾਜਾਈ ਦੇ ਸਾਧਨਾ ਦਾ ਜ਼ਿਕਰ ਵੀ ਮਿਲਦਾ ਹੈ। ਪਰ ਉਸ ਸਮੇਂ ਵਧੇਰੇ ਵਿਕਸਤ ਸਾਧਨ ਨਹੀਂ ਸਨ। ਆਵਾਜਾਈ ਦਾ ਮੁੱਖ ਸਾਧਨ ਘੋੜਾ ਸੀ। ਆਮ ਆਦਮੀ ਇਸ ਨੂੰ ਖ਼ਰੀਦ ਜਾਂ ਰੱਖ ਨਹੀਂ ਸਕਦਾ ਸੀ। ਮਿਰਜ਼ੇ ਕੋਲ ਵੀ ਇੱਕ ਕੀਮਤੀ ਘੋੜੀ ਦਾ ਜ਼ਿਕਰ ਮਿਲਦਾ ਹੈ। ਆਦਮੀ ਨਾਲੋਂ ਘੋੜੇ ਦੀ ਖੁਰਾਕ ਦਾ ਵਧੇਰੇ ਧਿਆਨ ਰੱਖਿਆ ਜਾਂਦਾ ਸੀ। ਘੋੜਾ ਰੱਖਣਾ ਆਮ ਆਦਮੀ ਦੀ ਪਹੁੰਚ 'ਚੋਂ ਬਾਹਰ ਸੀ ਅਤੇ ਅਮੀਰਾਂ ਦਾ ਸ਼ੌਂਕ ਮੰਨਿਆ ਜਾਂਦਾ ਸੀ।

ਪੀਲੂ ਦੇ ਇਸ ਕਿੱਸੇ ਅੰਦਰ ਉਸ ਸਮੇਂ ਦੀਆਂ ਖਾਣ-ਪੀਣ ਦੀਆਂ ਵਸਤਾਂ ਦਾ ਵੀ ਜ਼ਿਕਰ ਮਿਲਦਾ ਹੈ। ਜਿਵੇਂ, ਸ਼ਹਿਦ, ਦੁੱਧ, ਘਿਉ ਆਦਿ। ਨਸ਼ਿਆਂ ਦੀ ਇਸ ਸਮਾਜ ਅੰਦਰ ਵਰਤੋਂ ਵੀ ਦੱਸੀ ਗਈ ਹੈ। ਅਫ਼ੀਮ ਵਰਗੇ ਨਸ਼ੇ ਦਾ ਜ਼ਿਕਰ ਵੀ ਮਿਲਦਾ ਹੈ। ਕਰਮੋਂ, ਬਰਾਹਮਣ ਦੇ ਹਵਾਲੇ ਨਾਲ ਅਫ਼ੀਮ ਦਾ ਜ਼ਿਕਰ ਮਿਲਦਾ ਹੈ। ਜਿਵੇਂ :

ਡੋਰਾ ਲੱਗਾ ਅਫ਼ੀਮ ਦਾ, ਸਾਡੀ ਅਕਲ ਟਿਕਾਣੇ ਨਾਹ।

ਉਸ ਸਮੇਂ ਲੋਕ ਆਪਣੇ ਪਿੱਤਰਾਂ ਨਮਿੱਤ ਸ਼ਰਾਧ ਵੀ ਕਰਵਾਉਂਦੇ ਸਨ। ਸਿਆਲਾਂ ਦੀ ਬਰਾਦਰੀ ਨੂੰ ਮੁਸਲਮਾਨ ਬਣਿਆਂ ਅਜੇ ਥੋੜਾ ਚਿਰ ਹੀ ਹੋਇਆ ਸੀ। ਇਸ ਲਈ ਉਨ੍ਹਾਂ ਵਿੱਚ ਹਿੰਦੂ ਰਸਮਾ ਪ੍ਰਚਲਿਤ ਸਨ। ਪੰਡਿਤ ਸ਼ਰਾਧ ਕਰਵਾਉਂਦੇ ਸਨ। ਜਿਹੜੇ ਲੋਕ ਸ਼ਰਾਧ ਕਰਵਾਉਂਦੇ ਸਨ, ਉਹ ਬਾਕੀ ਲੋਕਾਂ ਨੂੰ ਆਪਣੇ ਘਰ ਸੱਦ ਕੇ ਭੋਜਨ ਕਰਵਾਉਂਦੇ ਸਨ।

ਕਿਸੇ ਸਮਾਜ ਅੰਦਰ ਪਾਏ ਜਾਂਦੇ ਕਿੱਤੇ ਉਸਦੇ ਸਮਾਜ ਸੱਭਿਆਚਾਰ ਦਾ ਅੰਗ ਹੁੰਦੇ ਹਨ। ਪੀਲੂ ਦੇ ਕਿੱਸੇ ਵਿੱਚ ਪਾਏ ਜਾਣ ਵਾਲੇ ਕਿੱਤਿਆਂ ਬਾਰੇ ਸੰਕੇਤ ਮਿਲਦਾ ਹੈ। ਮੱਧਕਾਲ ਦਾ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਇਸ ਕਿੱਤੇ ਬਾਰੇ ਸੰਕੇਤ ਵੀ ਮਿਲਦਾ ਹੈ। ਸਾਹਿਬਾਂ, ਕਰਮੂੰ ਬਰਾਹਮਣ ਨੂੰ ਮਿਰਜ਼ੇ ਪਾਸ ਭੇਜਣ ਲਈ ਹੋਰ ਵਸਤਾਂ ਦੇ ਨਾਲ-ਨਾਲ ਜ਼ਮੀਨ ਦਾ ਲਾਲਚ ਦਿੰਦੀ ਹੈ ਕਿਉਂਕਿ ਇਹ ਉਸ ਸਮਾਜ ਦਾ ਉੱਤਮ ਕਿੱਤਾ ਮੰਨਿਆ ਜਾਂਦਾ ਹੈ :

ਝੋਟੀ ਦਿਆਂ ਦੁਧ ਪੀਣ ਨੂੰ, ਹੱਲ ਦੀ ਜਿਮੀਂ ਇਨਾਮ।

ਇਸ ਸਮਾਜ ਵਿੱਚ ਪਰਿਵਾਰਕ ਰਿਸ਼ਤਿਆਂ ਤੋਂ ਇਲਾਵਾ ਵੀ ਕੁਝ ਧਰਮ ਦੇ ਰਿਸ਼ਤਿਆਂ ਦਾ ਜ਼ਿਕਰ ਵੀ ਆਇਆ ਹੈ। ਮਿਰਜ਼ਾ ਬੀਬੋ ਨੂੰ ਆਪਣੀ ਧਰਮ ਦੀ ਮਾਸੀ ਹੋਣ ਦੇ ਨਾਤੇ ਸਾਹਿਬਾਂ ਨੂੰ ਉਸ ਨਾਲ ਮਿਲਾਉਣ ਲਈ ਕਹਿੰਦਾ ਹੈ। ਇਸੇ ਤਰ੍ਹਾਂ ਜਾਮੂ ਲੁਹਾਰ ਨੂੰ ਧਰਮ ਦਾ ਭਾਈ ਮੰਨ ਕੇ ਮਿਰਜ਼ਾ ਉਸ ਕੋਲੋਂ ਆਪਣਾ ਕੰਮ ਕਰਵਾਉਂਦਾ ਹੈ ਤੇ ਉਸਨੂੰ ਬੜ੍ਹੇ ਮਾਣ ਨਾਲ ਸਾਹਿਬਾਂ ਨੂੰ ਨਾਲ ਤੋਰਨ ਲਈ ਹਹਿੰਦਾ ਹੈ :

ਜੇ ਤੂੰ ਮਾਸੀ ਧਰਮ ਦੀ, ਸਾਹਿਬਾਂ ਨੂੰ ਲਿਆ ਕੇ ਮਿਲਾ।
ਜੇ ਤੂੰ ਭਾਈ ਧਰਮ ਦਾ, ਸਾਹਿਬਾਂ ਟੋਰ ਨਾਲ।

ਇਸ ਤਰ੍ਹਾਂ ਦੇ ਸਮਾਜ ਵਿੱਚ ਕਚਹਿਰੀਆਂ ਲਗਾਈਆਂ ਜਾਂਦੀਆਂ ਸਨ। ਸਾਹਿਬਾਂ ਦਾ ਬਾਪ ਖੀਵਾ ਖਾਨ ਵੀ ਕਬੀਲੇ ਦਾ ਸਰਦਾਰ ਸੀ ਜੋ ਆਪਣੇ ਅਧੀਨ ਪਿੰਡਾਂ ਦੇ ਫੈਸਲੇ ਕਰਵਾਉਂਦਾ ਸੀ। ਦਿਵਾਨ ਸਜਾਉਣ ਤੇ ਮਜਲਸਾਂ ਦੇ ਲੱਗਣ ਦਾ ਵੀ ਜ਼ਿਕਰ ਮਿਲਦਾ ਹੈ। ਜਿਵੇਂ :

ਲੱਗੂ ਕਚਹਿਰੀ ਖੀਵੇ ਬਾਪ ਦੀ ਤੈਨੂੰ ਬੰਨ ਕੇ ਲਊ ਮੰਗਾ।

ਪੀਲੂ ਦੇ ਇਸ ਕਿੱਸੇ ਵਿੱਚੋਂ ਲੋਕ-ਧਾਰਨਾਵਾਂ ਨੂੰ ਅਭਿਵਿਅਕਤ ਕਰਨ ਵਾਲੀਆਂ ਸਤਰਾਂ ਵੀ ਮਿਲਦੀਆਂ ਹਨ ਜਿਹੜੀਆਂ ਜੀਵਨ ਦਾ ਕੌੜਾ ਸੱਚ ਆਪਣੇ ਵਿੱਚ ਸਮੋਈ ਬੈਠੀਆਂ ਹਨ। ਇਹਨਾਂ ਨੂੰ ਪੰਜਾਬੀ ਲੋਕ ਸਦੀਆਂ ਤੋਂ ਸੱਚ ਮੰਨਦੇ ਆਏ ਹਨ ਅਤੇ ਅੱਜ ਤੱਕ ਸੱਚ ਮੰਨੀਆਂ ਜਾਂਦੀਆਂ ਹਨ। ਅਜਿਹੀਆਂ ਸਤਰਾਂ ਕਈ ਵਾਰ ਮੁਹਾਵਰੇ ਅਤੇ ਅਖੌਤਾਂ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਉਸ ਸਮੇਂ ਦਾ ਸੱਚ ਝਲਕਾਂ ਮਾਰਦਾ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਪੀਲੂ ਦੀ ਇਹ ਰਚਨਾ ਅਜਿਹੀਆਂ ਲੋਕ-ਧਾਰਨਾਵਾਂ ਦਾ ਕੋਸ਼ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਜਿਵੇਂ :

- ਮੂਸਾ ਡਰਿਆ ਮੌਤ ਤੋਂ ਮੌਤ ਅੱਗੇ ਖਲੀ।
- ਲੱਭੀ ਹੱਥ ਨਾ ਆਵੰਦੀ, ਦਾਨਿਸ਼ਮੰਦਾਂ ਦੀ ਪੱਤ।
- ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
- ਲਿਖੀਆਂ ਢਾਡੇ ਰੱਬ ਦੀਆਂ, ਮੇਟਣ ਵਾਲਾ ਕੌਣ।
- ਇਸ਼ਕ ਲਿਤਾੜੇ ਆਦਮੀ ਬਰਫ਼ ਲਿਤਾੜੇ ਰੁੱਖ।
- ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਿਕ ਨਾ ਲੱਗਦੀ ਭੁੱਖ।

ਉਪਰੋਕਤ ਚਰਚਾ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਪੀਲੂ ਦੀ ਰਚਨਾ "ਮਿਰਜ਼ਾ ਸਾਹਿਬਾਂ" ਪੰਜਾਬੀ ਜੀਵਨ ਦੀ ਸਹੀ ਤਰਜ਼ਮਾਨੀ ਕਰਦੀ ਹੈ। ਭਾਵੇਂ ਕਿ ਪੀਲੂ ਦਾ ਕਿੱਸਾ ਅਧੂਰਾ ਹੈ ਫਿਰ ਵੀ ਇਸ ਵਿੱਚ ਮਿਲਦੇ ਸਮਾਜ ਸੱਭਿਆਚਾਰ ਦੀ ਭਰਮਾਰ ਝਲਕ ਵਿਖਾਈ ਦਿੰਦੀ ਹੈ। ਇਸ ਕਰਕੇ ਹੀ ਪੀਲੂ ਦੀ ਰਚਨਾ ਹਰਮਨ ਪਿਆਰੀ ਹੈ।

**ਹਵਾਲੇ :**


1. ਪੰਜਾਬੀ ਸਾਹਿਤ ਦੀ ੳਤਪਤੀ ਤੇ ਵਿਕਾਸ ਪਨਾ 170
2. ਪੀਲੂ ਰਚਿਤ ਮਿਰਜ਼ਾ ਸਾਹਿਬਾਂ, ਪੰਨਾ 52-53
3. ਕਿੱਸਾ ਸੰਸਾਰ, ਪੰਨਾ 70
4. ਮਿਰਜ਼ਾ ਸਾਹਿਬਾਂ ਦਾ ਤੁਲਨਾਤਮਕ ਅਧਿਐਨ, ਪੰਨਾ 167
5. ਮਿਰਜ਼ਾ ਸਾਹਿਬਾਂ, ਪੰਨਾ 60
6. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 172
7. ਮਿਰਜ਼ਾ ਸਾਹਿਬਾਂ ਦਾ ਤੁਲਨਾਤਮਿਕ ਅਧਿਐਨ, ਪੰਨਾ 175



**ਅਸਿਸਟੈਂਟ ਪ੍ਰੋਫ਼ੈਸਰ,**

**ਜੀ.ਐੱਨ.ਡੀ.ਯੂ. ਕਾਲਜ,**

**ਵੇਰਕਾ (ਅੰਮ੍ਰਿਤਸਰ)**

## ਪਰਵਾਸ ਦੇ ਸੁਪਨਮਈ ਸੰਸਾਰ ਦੇ ਭ੍ਰਮ ਦਾ ਕਥਾ ਪ੍ਰਵਚਨ : ਸੁਰਖ਼ ਸਾਜ਼

❑ ਡਾ. ਕਿਰਨ ਗਰਗ

ਪਰਵਾਸੀਕਰਨ ਦੀ ਰੁਚੀ ਦੇ ਅੰਤਰਗਤ ਪਰਵਾਸੀ ਪੰਜਾਬੀ ਸਾਹਿਤ ਅੰਤਰਰਾਸ਼ਟਰੀ ਸਾਹਿਤ ਦਾ ਸਥਾਨ ਗ੍ਰਹਿਣ ਕਰਨ ਦੇ ਸਮਰੱਥ ਹੋ ਗਿਆ ਹੈ। ਸਾਹਿਤ ਦੀ ਇਸ ਤਰ੍ਹਾਂ ਦੀ ਦ੍ਰਿਸ਼ਟੀ ਨੇ ਵਿਕਸਿਤ ਮੁਲਕਾਂ ਪ੍ਰਤੀ ਲੋਕਾਂ ਦੀ ਸਮਝ ਨੂੰ ਹੋਰ ਵਧਾਇਆ ਹੈ। ਆਧੁਨਿਕ ਯੁਗ ਵਿਗਿਆਨ ਦਾ ਯੁਗ ਹੈ। ਇਸ ਨੂੰ ਵਿਸ਼ਵੀਕਰਨ, ਕੰਪਿਊਟਰੀਕਰਨ ਅਤੇ ਇੰਟਰਨੈੱਟ ਜਿਹੇ ਵਰਤਾਰਿਆਂ ਨੇ ਆਪਣੀ ਲਪੇਟ ਵਿਚ ਲੈ ਲਿਆ ਹੈ। ਜਿੱਥੇ ਮਨੁੱਖ ਪਦਾਰਥਵਾਦੀ ਸੁਖ- ਸਹੂਲਤਾਂ ਨੂੰ ਮਾਣ ਰਿਹਾ ਹੈ ਉਥੇ ਨੈਤਿਕ ਕਦਰਾਂ ਕੀਮਤਾਂ ਤੋਂ ਵੀ ਕਿਨਾਰਾ ਕਰ ਚੁੱਕਾ ਹੈ। ਅਜੋਕਾ ਮਨੁੱਖ ਮਨੁੱਖਤਾ ਤੋਂ ਦੂਰ ਜਾ ਰਿਹਾ ਪ੍ਰਤੀਤ ਹੁੰਦਾ ਹੈ ਕਿਉਂਕਿ ਉਸਨੇ ਆਪਣੀਆਂ ਲਾਲਸਾਵਾਂ ਨੂੰ ਜ਼ਰੂਰਤਾਂ ਤੋਂ ਵਧਾ ਕੇ ਸਬਰ-ਸੰਤੋਖ, ਨੈਤਿਕਤਾ ਨੂੰ ਤਿਆਗ ਕੇ ਸੰਤੁਸ਼ਟੀ ਨੂੰ ਜੀਵਨ ਵਿਚੋਂ ਮਨਫੀ ਕਰ ਲਿਆ ਹੈ। ਇਸ ਰਾਹੀਂ ਪਰਵਾਸ ਦਾ ਵਰਤਾਰਾ ਹੋਰ ਜਟਿਲ ਤੇ ਗੁੰਜਲਦਾਰ ਹੋ ਗਿਆ ਪ੍ਰਤੀਤ ਹੁੰਦਾ ਹੈ। ਵਿਕਸਿਤ ਮੁਲਕਾਂ ਦੀ ਚਕਾਚੌਂਧਮਈ ਖਿੱਚ ਮਨੁੱਖ ਦੇ ਸਨਮੁਖ ਇੱਕ ਸੁਪਨ ਸੰਸਾਰ ਨੂੰ ਸਿਰਜ ਰਹੀ ਹੈ। ਇਥੇ ਬਾਹਰੀ ਸੱਭਿਅਕ ਦਿੱਸਦਾ ਮਨੁੱਖ ਇੱਕਲਤਾ, ਬੇਵਸੀ ਅਤੇ ਮਖੋਟਾਧਾਰੀ ਜੀਵਨ ਸ਼ੈਲੀ ਨੂੰ ਅਪਨਾਉਣ ਲਈ ਮਜ਼ਬੂਰ ਹੈ। ਉਹ ਮਨੁੱਖੀ ਰਿਸ਼ਤਿਆਂ ਦੀ ਤਿੜਕਬਾਜੀ ਦਾ ਸ਼ਿਕਾਰ ਕਿਸੇ ਹੋਣੀ ਜਾਂ ਸੰਤਾਪ ਨੂੰ ਹੰਢਾ ਰਿਹਾ ਹੈ। ਦਵੰਦ ਵਿਚ ਜਿਉਂਦਾ ਉਹ ਜਿੰਦਗੀ ਦੇ ਰਹੱਸ ਨੂੰ ਜਾਣਨ ਦੇ ਯਤਨ ਵਿਚ ਕਈ ਵਾਰ ਭੱਜਵਾਦ ਜਾਂ ਮੌਤ ਵਰਗੇ ਸੰਕਲਪ ਨੂੰ ਹੱਥ ਵਿਚ ਲੈ ਕੇ ਜ਼ਿੰਦਗੀ ਤੋਂ ਮੁਕਤ ਹੋਣਾ ਲੋਚਦਾ ਹੈ। ਉਸਨੂੰ ਆਪਣੀ ਜ਼ਿੰਦਗੀ ਬੋਝਲ ਜਿਹੀ ਪ੍ਰਤੀਤ ਹੋ ਗਈ ਹੈ। ਪਰਵਾਸੀ ਪੰਜਾਬੀ ਸਾਹਿਤ ਵਿੱਚ ਇਸ ਤਰ੍ਹਾਂ ਦੇ ਸੂਖਮ ਜਜ਼ਬੇ ਆਤੇ ਵਲਵਲਿਆਂ ਨੂੰ ਪੇਸ਼ ਕਰਨ ਦਾ ਭਰਪੂਰ ਯਤਨ ਹੋਇਆ ਹੈ। ਚੰਨ ਤੱਕ ਪੁਜ ਚੁਕੇ ਬੰਦੇ ਦੇ ਅੰਦਰੋਂ ਖੋਖਲੇਪਨ, ਰਿਸ਼ਤਿਆਂ ਦੀ ਨੇੜਲੀ ਨਿੱਘ ਦੇ ਅਹਿਸਾਸ ਤੋਂ ਕੋਰੇ ਮਨੁੱਖ, ਉਦਰੇਵੇਂ ਦੀ ਭਾਵੁਕ ਅਭਿਵਿਅਕਤੀ, ਪੂੰਜੀ ਦੇ ਪਦਾਰਥ ਦੇ ਮੋਹ ਦਾ ਚਿਤਰਣ, ਵਿਅਕਤੀਗਤ ਦੁਫਾੜ ਅਤੇ ਸਵਾਰਥਮਈ ਰੁਚੀ, ਪੀ.ਆਰ. ਹੋਣ ਲਈ ਵਰਤੇ ਗਏ ਇਲਲੀਗਲ ਤਰੀਕੇ, ਸੱਭਿਆਚਾਰਕ ਮੂਲਾਂ ਦਾ ਟੁੱਟਣਾ, ਪਰਿਵਾਰਾਂ ਵਿੱਚੋਂ ਕਮਿਊਨੀਕੇਸ਼ਨ ਅਤੇ ਇਮੋਸ਼ਨਲ ਬੋਂਡਿੰਗ ਦੀ ਘਾਟ, ਵਿਆਹ ਸੰਸਥਾ ਦਾ ਟੁੱਟਣਾ, ਬੱਚਿਆਂ ਵਿੱਚ ਅਸਵੇਦਨਸ਼ੀਲਤਾ ਅਤੇ ਨਿਰਮੋਹ ਦੀ ਭਾਵਨਾ ਅਤੇ ਮਨੁੱਖੀ ਅਵਚੇਤਨ ਵਿੱਚ ਟੁੱਟ - ਭੱਜ ਦੇ ਅਹਿਸਾਸ ਨੂੰ ਅਜੋਕਾ ਪਰਵਾਸੀ ਪੰਜਾਬੀ ਸਾਹਿਤ ਆਪਣੇ ਵਿਸ਼ੇ ਵਜੋਂ ਲੈ ਰਿਹਾ ਹੈ। ਅਜਿਹੇ ਜ਼ਿੰਦਗੀ ਪ੍ਰਤੀ ਹੰਢਾਏ ਅਹਿਸਾਸਾਂ-ਅਨੁਭਵਾਂ ਨੂੰ ਕਲਮਬੱਧ ਕਰਨ ਦਾ ਯਤਨ ਪੰਜਾਬੀ ਸਾਹਿਤ ਵਿਚ ਸਥਾਪਿਤ

ਸਾਹਿਤਕਾਰ ਜਸਵਿੰਦਰ ਸਿੰਘ ਨੇ ਆਪਣੇ ਨਾਵਲ ਸੁਰਖ਼ ਸਾਜ਼ ਰਾਹੀਂ ਵਿਲੱਖਣ ਤੇ ਨਿਵੇਕਲਾ ਯਤਨ ਕੀਤਾ ਹੈ। ਜ਼ਿੰਦਗੀ ਨੂੰ ਸੂਖਮ ਦ੍ਰਿਸ਼ਟੀ ਨਾਲ ਵੇਖਣ ਦੀ ਸਮਝ ਰੱਖਦੇ ਜਸਵਿੰਦਰ ਸਿੰਘ ਦੀ ਅਜਿਹੀ ਨੀਝ ਨਾਲ ਵੇਖਣ ਦੀ ਜਾਂਚ ਹੀ ਉਸਨੂੰ ਨਾਵਲ ਜਿਹੇ ਆਵੇਸ਼ਾਂ ਤੇ ਅਨੁਭਵ ਨਾਲ ਭਰਪੂਰ ਰੂਪਾਕਾਰ ਉਪਰ ਕਲਮ ਅਜ਼ਮਾਈ ਕਰਨ ਦਾ ਬਲ ਬਖਸ਼ਦੀ ਹੈ। ਉਸ ਨੇ ਪਰਵਾਸੀ ਪੰਜਾਬੀ ਜੀਵਨ ਨੂੰ ਸਮਝਣ ਤੇ ਘੋਖਣ ਦੀ ਨਵੀਂ ਅੰਤਰਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਅਸੀਂ ਆਪਣੇ ਖੋਜ ਪੇਪਰ ਦਾ ਵਿਸ਼ਾ ਸੁਰਖ਼ ਸਾਜ਼ ਨਾਵਲ ਦੇ ਪਰਵਾਸ ਦੇ ਸੁਪਨਮਈ ਸੰਸਾਰ ਦੇ ਭ੍ਰਮ ਨੂੰ ਤੋੜਨ ਦੇ ਜ਼ਿੰਦਗੀ ਦੇ ਨਿੱਕੇ-ਨਿੱਕੇ ਅਨੁਭਵਾਂ ਅਤੇ ਵਰਤਾਰਿਆਂ ਨੂੰ ਆਧਾਰ ਬਣਾਇਆ ਹੈ। ਸੂਖਮ ਅਹਿਸਾਸਾਂ ਤੇ ਪਰਵਾਸ ਵਿਚ ਡਾਲਰ ਬਣ ਚੁੱਕੀ ਮਨੁੱਖੀ ਜ਼ਿੰਦਗੀ ਦੇ ਕੌੜੇ ਅਨੁਭਵਾਂ ਤੇ ਤਜ਼ਰਬਿਆਂ ਨੂੰ ਡਾ. ਜਸਵਿੰਦਰ ਸਿੰਘ ਬੜੇ ਸ਼ਿੱਦਤ ਨਾਲ ਇਕ ਚਿਤਰਕਾਰ ਵਾਂਗ ਕਾਗਜ਼ 'ਤੇ ਉਤਾਰਦਾ ਹੈ। ਉਹ ਆਪਣੇ ਨਾਵਲ ਵਿਚ ਪਰਵਾਸ ਦੇ ਕੌੜੇ ਸਰੋਕਾਰਾਂ ਨਾਲ ਵਾਬਸਤਾ ਹੁੰਦਾ ਹੈ। ਉਹ ਆਰਥਿਕ-ਸਮਾਜਿਕ ਸਥਿਤੀਆਂ ਨੂੰ ਸੁੱਤੇ ਸਿੱਧ ਆਪਣੇ ਨਾਵਲ ਵਿਚ ਉਤਾਰਦਾ ਹੈ। ਜਿਵੇਂ ਕਿ ਸ਼ੇਖ ਫਰੀਦ ਜੀ ਨੇ ਕਿਹਾ ਸੀ :

"ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥"[1]

ਉਸੇ ਤਰ੍ਹਾਂ ਪੱਛਮੀ ਮੁਲਕਾਂ ਦੀ ਬਾਹਰੋਂ ਦਿਖਦੀ ਖਿੱਚ, ਚਕਾਚੌਂਧ ਤੇ ਤਲਿਸਮੀ ਦੁਨੀਆਂ ਵਿੱਚ ਫਸਿਆ ਮਨੁੱਖ ਅਸਹਾਇ, ਬੇਵੱਸ, ਲਾਚਾਰ ਅਤੇ ਵਿੱਚ ਮਨੁੱਖਾਂ ਦੀ ਭੀੜ ਵਿੱਚ ਵੀ ਇੱਕਲਾ ਰਹਿ ਜਾਂਦਾ ਹੈ।

ਗੈਰ ਪਰਵਾਸੀ ਸਾਹਿਤਕਾਰ ਵੱਲੋਂ ਪਰਵਾਸੀ ਜੀਵਨ ਉੱਤੇ ਰਚੀਆਂ ਨਾਵਲ ਸੁਰਖ਼ ਸਾਜ਼ ਵਿੱਚ ਲੇਖਕ ਦੇ ਸਮਰਪਣ ਵਿੱਚ ਪੇਸ਼ ਹੋਏ ਵਿਚਾਰ, "ਤੜਪਦੀ-ਤਪਦੀ ਲੋਕਾਈ ਦੇ ਸੱਚੇ-ਸੁੱਚੇ ਮਾਣ-ਤ੍ਰਾਣ ਦੇ ਨਾਂ, ਜੋ ਸੁਰਖ਼ ਹੋ ਕੇ ਵੀ ਸੁਰਬੱਧ ਸਾਜ਼ ਬਣੀ ਜੀਣ-ਬੀਣ ਦੇ ਆਹਰ ਵਿਚ ਹੈ"[2] ਇਸ ਦੀਆਂ ਨਵੀਆਂ ਸੰਭਾਵਨਾਵਾਂ ਵਲ ਸੰਕੇਤ ਕਰਦੇ ਹਨ। ਇਸ ਦਾ ਸਿਰਲੇਖ ਹੀ ਪਾਠਕ ਅੰਦਰ ਜਗਿਆਸਾ ਪੈਦਾ ਕਰਦਾ ਹੈ ਕਿ ਕਿਵੇਂ ਮਨੁੱਖ ਸੁਰਖ਼ ਹੋਏ ਲੋਹੇ ਵਾਂਗ ਤਪ ਰਹੇ ਕਠੋਰ ਜੀਵਨ ਸੰਘਰਸ਼ਾਂ ਵਿੱਚੋਂ ਵੀ ਜ਼ਿੰਦਗੀ ਨੂੰ ਸਾਜਮਈ ਗੀਤ ਵਾਂਗ ਕਲਮਬੱਧ ਕਰਦਾ ਹੋਇਆ ਜੀਵਨ ਦੇ ਆਹਰ ਵਿੱਚ ਰਹਿੰਦਾ ਹੈ। ਇਸ ਨਾਵਲ ਵਿੱਚ ਇਲਲੀਗਲ ਤਰੀਕੇ ਨਾਲ ਬਾਹਰ ਜਾਣ ਵਾਲੇ ਭਾਰਤੀਆਂ, ਉਥੇ ਪੀ.ਆਰ. ਹੋਣ ਲਈ ਵਰਤੇ ਜਾ ਰਹੇ ਤਰ੍ਹਾਂ -ਤਰ੍ਹਾਂ ਦੇ ਹੱਥਕੰਡੇ, ਠੇਕੇ ਦੇ ਵਿਆਹ, ਅਸਾਇਲਮ ਵਿੱਚ ਨਵੀਂ ਤੇ ਸੁਖੈਨ ਜ਼ਿੰਦਗੀ ਦੀ ਭਾਲ, ਰੁਜ਼ਗਾਰ ਦੀ ਤਲਾਸ਼, ਡਾਲਰ ਬਣੇ ਮਨੁੱਖ ਦੀ ਹੱਡ - ਭੱਨਵੀ ਮਿਹਨਤ ਮੁਸ਼ੱਕਤ, ਅਵਚੇਤਨ ਵਿੱਚ ਸੱਭਿਆਚਾਰਕ ਅਤੇ ਜਾਤੀਗਤ ਮੁਲਾਂ ਦੀ ਦੁਚਿੱਤੀ, ਹਉਮੈਂ ਤੇ ਸੁਆਰਥ ਵੱਸ ਵਿਆਹ ਸੰਸਥਾ ਦਾ ਟੁੱਟਣਾ, ਪਰਿਵਾਰ ਵਿੱਚ ਕਮਿਊਨੀਕੇਸ਼ਨ

ਅਤੇ ਇਮੋਸ਼ਨਲ ਬੋਂਡਿੰਗ ਦੀ ਘਾਟ, ਇਲੀਟ ਕਲਾਸ ਵਿੱਚ ਸ਼ਾਮਿਲ ਹੋਣ ਦੀ ਲਾਲਸਾ, ਵਿਕਸਿਤ ਮੁਲਕਾਂ ਦੀ ਜੀਵਨ-ਜਾਚ ਵਿੱਚ ਭਟਕਦਾ ਤੇ ਰੁਲਦਾ ਮਨੁੱਖ ਆਦਿ ਦ੍ਰਿਸ਼ਟੀਕੋਣਾਂ ਪ੍ਰਤੀ ਨਵੀ ਅੰਤਰਦ੍ਰਿਸ਼ਟੀ ਪੇਸ਼ ਹੋਈ ਹੈ। ਇਹ ਨਾਵਲ ਵਿਜੋਗੀ ਸੰਵੇਦਨਾ ਦਾ ਵਧਾਇਆ ਹੋਇਆ ਨਰੋਇਆ ਰੂਪ ਹੈ। ਇੱਥੇ ਡਾ. ਧਨਵੰਤ ਕੌਰ ਦੇ ਵਿਚਾਰ ਬਹੁਤ ਮਹੱਤਵਪੂਰਨ ਹਨ:

"ਪਰਵਾਸੀ ਇਕ ਪਾਸੇ ਆਪਣੇ ਵਤਨ ਤੋਂ, ਆਪਣੀ ਮਾਂ ਬੋਲੀ ਤੋਂ, ਆਪਣੇ ਭਾਈਚਾਰਕ ਮਾਣਾਂ ਤ੍ਰਾਣਾਂ ਤੋਂ ਮਿਲਣ ਵਾਲੀਆਂ ਜਨਮਾਂਤਰੀ ਸੁਰਖਿਆਵਾਂ ਤੋਂ, ਸੁਖਦ ਅਹਿਸਾਸਾਂ ਤੋਂ ਵਾਂਝਾ ਹੋ ਜਾਂਦਾ ਹੈ ਅਤੇ ਦੂਜੇ ਪਾਸੇ ਪਰਦੇਸੀ, ਅਣਪਛਾਤੀਆਂ ਜੀਵਨ ਜਾਚਾਂ ਅਤੇ ਵੱਖਰੀਆਂ ਜੀਵਨ ਦ੍ਰਿਸ਼ਟੀਆਂ ਦੇ ਰੂਬਰੂ ਹੁੰਦਾ ਹੈ। ਅਜਿਹੀ ਸਥਿਤੀ ਵਿਚ ਦਰ ਬਦਰ ਹੋਈ ਮਨੁੱਖੀ ਹੋਂਦ ਆਪਣੀ ਮੂਲ ਸਭਿਆਚਾਰਕ ਪਛਾਣ ਵੱਲ ਹੀ ਨਹੀਂ ਅਹੁਲਦੀ ਆਪਣੀ ਚੇਤਨੀ ਅਵਚੇਤਨੀ ਸੰਸਕਾਰਗਤ ਵਿਰਾਸਤ ਨਾਲ ਧੁਰ ਅੰਦਰ ਇਕ ਅਸਤਿਤਵਿਕ ਪੁਜ਼ੀਸ਼ਨ ਵੀ ਲੈਂਦੀ ਹੈ।"[3]

ਸੁਰਖ਼ ਸਾਜ਼ ਨਾਵਲ ਪਰਵਾਸ ਦੌਰਾਨ ਪ੍ਰਾਪਤ ਵਿੱਚੋਂ ਬਹੁਤ ਕੁਝ ਖੁਸਣ ਅਤੇ ਬਹੁਤ ਕੁਝ ਨਵੇਂ ਦੀ ਤਲਾਸ਼ ਦਾ ਵਰਤਾਰਾ ਹੈ। ਡਾ. ਜਸਵਿੰਦਰ ਸਿੰਘ ਨੂੰ ਜਿੰਦਗੀ ਦੇ ਅਨੁਭਵ ਅਤੇ ਖਾਹਿਸ਼ਾਂ ਨੂੰ ਬਰਾਬਰ ਅਨੁਪਾਤ ਵਿੱਚ ਗੁੰਨ ਕੇ ਪੇਸ਼ ਕਰਨ ਦੀ ਪੂਰੀ ਜਾਂਚ ਹਾਸਿਲ ਹੈ। ਉਹ ਕੇਵਲ ਵਾਪਰ ਰਹੇ ਵਰਤਾਰੇ ਜਾਂ ਘਟਨਾਵਾਂ ਦੀ ਹੀ ਜਾਣਕਾਰੀ ਨਹੀਂ ਦਿੰਦਾ ਸਗੋਂ ਉਸ ਵਰਤਾਰੇ ਪਿੱਛੇ ਕਾਰਨਾਂ ਨੂੰ ਖੋਜਣ ਵੱਲ ਵੀ ਯਤਨਸ਼ੀਲ ਹੈ। ਉਹ ਪਰਵਾਸ ਦੀਆਂ ਮਾਰੂ ਅਤੇ ਉਸਾਰੂ ਦੋਵੇਂ ਪਰਿਸਥਿਤੀਆਂ ਨੂੰ ਵਿਵੇਕਮਈ ਢੰਗ ਨਾਲ ਨਿਖੇੜਦਾ ਹੈ। ਪਰਵਾਸ ਦੇ ਆਕਰਸ਼ਣ ਭਰੇ ਅਤੇ ਸੁਪਨਮਈ ਸੰਸਾਰ ਦੇ ਭ੍ਰਮ ਨੂੰ ਤੋੜਦਾ, ਚਮਕ - ਦਮਕ ਮਗਰਲੀ ਕੌੜੀ ਵਾਸਤਵਿਕਤਾ ਦੀਆਂ ਪਰਤਾਂ ਖੋਲਦਾ, ਉਸ ਵਿੱਚ ਸੰਤੁਲਨ ਸਥਾਪਿਤ ਕਰਦੇ ਹੋਏ ਮਨੁੱਖ ਨੂੰ ਸੁਚੇਤ ਕਰਦਾ ਹੈ। ਪੱਛਮੀ ਮੁਲਕਾਂ ਦੀ ਬਾਹਰੀ ਖਿੱਚ, ਚਕਾਚੌਂਧ ਅਤੇ ਤਲਿਸਮ ਵੱਲੋਂ ਸੁਚੇਤ ਨਾ ਹੋਇਆ ਮਨੁੱਖ ਅਸਹਾਇ, ਬੇਵਸ, ਲਾਚਾਰ ਅਤੇ ਮਨੁੱਖਤਾ ਦੀ ਭੀੜ ਵਿੱਚ ਘਿਰੇ ਹੋਣ ਦੇ ਬਾਵਜੂਦ ਸਭ ਕੁਝ ਗਵਾਅ ਕਿ ਇਕੱਲਾ ਰਹਿ ਜਾਂਦਾ ਹੈ। ਪਰਵਾਸ ਦਾ ਜੀਵਨ ਅਤਿ ਕਠੋਰ ਅਤੇ ਚੁਨੌਤੀਆਂ ਭਰਪੂਰ ਹੈ। ਇਸ ਬਾਰੇ ਨਾਵਲ ਵਿਚਲੇ ਸੰਬੋਧਨੀ ਸ਼ਬਦਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਜਦੋਂ ਕਬੱਡੀ ਮੈਚ ਤੋਂ ਮਗਰੋਂ ਪ੍ਰਬੰਧਕ ਟੀਮ ਵੱਲੋਂ ਇੱਕ ਮੁੰਡਾ ਹਰੀਪਾਲ ਨੂੰ ਸੋਚਾਂ ਵਿੱਚ ਪਇਆ ਵੇਖ ਕੇ ਪੈਗ ਆਫਰ ਕਰਦਾ ਮੁਖਾਤਿਬ ਹੋਇਆ, "ਸੁਹਣਿਆ ਬੜੀ ਜ਼ਾਲਮ ਧਰਤੀ ਆ... ਆਹੀ ਚਾਰ ਪਲ... ਚੱਲ ਚੱਕ।"[4]

ਨਾਵਲ ਦਾ ਸਿਰਲੇਖ ਸੁਰਖ਼ ਸਾਜ਼ ਬਹੁਤ ਖਿੱਚ ਭਰਪੂਰ ਹੈ। ਇਹ ਪਾਠਕਾਂ ਅੰਦਰ ਜਗਿਆਸਾ ਪੈਦਾ ਕਰਦੇ ਹੋਏ ਇੱਕ contradictory ਪ੍ਰਭਾਵ ਪਾਉਂਦਾ ਹੈ। ਸੁਰਖ਼ ਤੋਂ ਭਾਵ ਲੋਹੇ ਵਾਂਗ ਤਪਣਾ, ਸੰਘਰਸ਼ਾਂ, ਕਠਿਨਾਈਆਂ ਅਤੇ ਮੁਸੀਬਤਾਂ ਵਿੱਚ ਤੜਪਦੀ ਜ਼ਿੰਦਗੀ ਅਤੇ ਸਾਜ਼ ਤੋਂ

ਭਾਵ ਸ਼ਾਂਤੀ, ਸਕੂਨ, ਆਨੰਦ ਜੋ ਮਨੁੱਖ ਨੂੰ ਮਾਨਸਿਕ ਖੁਸ਼ੀ ਅਤੇ ਖੇੜਾ ਪ੍ਰਦਾਨ ਕਰ ਨੱਚਣ ਲਈ ਆਪ ਮੁਹਾਰੇ ਹੀ ਨਵੀਂ ਊਰਜਾ ਨਾਲ ਭਰ ਦਿੰਦਾ ਹੈ। ਮਨੁੱਖ ਵਿਪਰੀਤ ਪਰਿਸਥਿਤੀਆਂ ਵਿੱਚ ਵੀ ਜੀਵਨ ਪ੍ਰਤੀ ਆਸਵੰਦ ਰਹਿੰਦਾ ਹੈ। ਇਹੀ ਸਾਹਿਤ ਦੀ ਪ੍ਰਾਪਤੀ ਹੈ ਜੋ ਮਨੁੱਖ ਨੂੰ ਨਿਰਾਸ਼ਾ ਵਿੱਚ ਵੀ ਆਸ਼ਾ ਦੀ ਕਿਰਨ ਵਿਖਾਉਂਦੀ ਹੈ। ਨਾਵਲ ਵਿੱਚ ਜੇਪੀ ਯਾਦਵ ਬੁੜਾਪੇ ਵਿੱਚ ਇਕੱਲਾ ਰਹਿਣ ਜਾਣ ਮਗਰੋਂ ਕਹਿੰਦਾ ਹੈ ਕਿ 62 ਸਾਲ ਦੀ ਉਮਰ ਤੋਂ ਹੁਣ ਤੱਕ ਹਰ ਸਾਲ ਵੱਖ-ਵੱਖ ਮੁਲਕਾਂ ਦੀ ਯਾਤਰਾ ਕਰਨਾ ਮੇਰਾ ਆਨੰਦ ਬਣ ਚੁੱਕਿਆ ਹੈ। ਉਸਦੇ ਬੋਲਾਂ ਵਿੱਚੋਂ ਘੋਰ ਇਕੱਲਤਾ ਵਿਖਾਈ ਦਿੰਦੀ ਹੈ। ਜੇਕਰ ਪਰਵਾਸ ਦੀ ਜ਼ਿੰਦਗੀ ਇਨੀ ਹੀ ਚੁਣੌਤੀਆਂ ਪੂਰਨ ਅਤੇ ਦੁਖਦਾਈ ਹੈ ਤਾਂ ਲੋਕ ਧੜਾਧੜ ਇਸ ਪਾਸੇ ਵੱਲ ਕਿਉਂ ਭੱਜੇ ਆ ਰਹੇ ਹਨ। ਸਭ ਦੇ ਮਨ ਵਿੱਚ ਇਹੀ ਇੱਛਾ ਹੁੰਦੀ ਹੈ ਕਿ ਲੀਗਲ ਜਾਂ ਇਲਲੀਗਲ ਕਿਸੇ ਵੀ ਢੰਗ ਨਾਲ ਵਿਕਸਿਤ ਮੁਲਕਾਂ ਵਿੱਚ ਪਹੁੰਚ ਜਾਈਏ। ਨਾਵਲ ਅਨੁਸਾਰ ਬਹੁਤੇ ਲੋਕਾਂ ਦੀ ਅਜਿਹੀ ਸੋਚ ਵਿਕਸਿਤ ਹੋਣ ਦਾ ਮਗਰਲਾ ਕਾਰਨ ਸਾਡੇ ਦੇਸ਼ ਵਿਚਲਾ ਸਿਆਸੀ - ਆਰਥਿਕ ਅਤੇ ਨਿਆਂਇਕ ਭ੍ਰਿਸ਼ਟਾਚਾਰ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਬਹੁਤ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਸਿਆਸਤਦਾਨ ਕੋਈ ਸਾਰਥਕ ਨੀਤੀਆਂ ਪ੍ਰਤੀ ਵਿਉਤਬੰਦੀ ਕਰਨ ਦੀ ਥਾਂ ਵੋਟ ਰਾਜਨੀਤੀ ਵਿੱਚ ਉਲਝੇ ਹੋਏ ਹਨ। ਅਜਿਹੇ ਹਾਲਾਤ ਆਮ ਲੋਕਾਂ ਵਿੱਚ ਤਨਾਓ ਪੈਦਾ ਕਰਦੇ ਹਨ। ਦੁਖੀ ਅਤੇ ਨਿਰਾਸ਼ ਮਨੁੱਖ ਪਰਵਾਸ ਧਾਰਨ ਕਰਨ ਵੱਲ ਅਹੁਲਦਾ ਹੈ। ਪਾਵਰਫੁਲ ਪੋਸਟ ਉਤੇ ਬੈਠਾ ਵਿਅਕਤੀ ਆਪਣੇ ਅਨੁਸਾਰ ਸਭ ਕਾਨੂੰਨਾਂ ਨੂੰ ਤੋੜ – ਮੋੜ ਕੇ ਉਲਟਾ ਉਸਦਾ ਨਿਜੀ ਫਾਇਦਾ ਚੁੱਕਦਾ ਹੈ। ਆਪਣੇ ਆਪ ਵਿੱਚ ਤਾਨਾਸ਼ਾਹ ਬਣਿਆ ਸਰਕਾਰੀ ਸੰਪੱਤੀ ਨੂੰ ਆਪਣੀ ਨਿਜੀ ਵਿਰਾਸਤ ਵਾਂਗ ਵਰਤਦਾ ਹੈ। ਸਮਾਨਤਾ ਅਤੇ ਸੁਤੰਤਰਤਾ ਦੇ ਦਾਅਵੇ ਮੂਕ ਬਣੇ ਸਿਧਾਂਤਾਂ ਤੱਕ ਹੀ ਸੀਮਿਤ ਰਹਿ ਜਾਂਦੇ ਹਨ। ਪੁਲਿਸ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਘਟਨਾਵਾਂ ਨਾਵਲ ਵਿੱਚ ਇਸ ਤਰ੍ਹਾਂ ਪੇਸ਼ ਹੋਈਆਂ ਹਨ ਕਿ ਹਰੀਪਾਲ ਨੂੰ ਸਿਮਰ ਦੇ ਝੂਠੇ ਕਤਲ ਕੇਸ ਵਿੱਚ ਫਸਾਉਣ ਦੀਆਂ ਸਾਜਿਸ਼ਾਂ ਹੁੰਦੀਆਂ ਹਨ :

"ਸਿਮਰ ਦੇ ਪਿਤਾ ਅਤੇ ਜੀਜੇ ਨੇ ਐਸ ਐਚ ਓ ਨਕੋਦਰ ਨੂੰ ਮੋਟੀ ਵੱਢੀ ਦੇ ਗੰਢ-ਤੁਪ ਕੀਤੀ। ਮੇਰੇ ਉੱਤੇ ਸਿਮਰ ਨੂੰ ਉਧਾਲ ਕਿਸੇ ਅਣਜਾਣ ਜਗ੍ਹਾ 'ਤੇ ਲੁਕਾਉਣ ਦਾ ਦੋਸ਼ ਲਾ ਝੂਠਾ ਕੇਸ ਠੋਕ ਦਿੱਤਾ। ਪੁਲਸੀਏ ਮਾਂਗਟ ਹਸਪਤਾਲ ਵਿਚ ਦਾਦੀ ਦੇ ਟੁੱਟ ਗਏ ਚੂਲੇ ਦੇ ਅਪਰੇਸ਼ਨ ਲਈ ਬੈਠੇ ਸਾਨੂੰ ਦੋਹਾਂ ਪਿਓ ਪੁੱਤ ਨੂੰ ਚੁੱਕ ਠਾਣੇ ਲੈ ਗਏ। ਸਾਡੀ ਸੁਣਨ ਦੀ ਥਾਂ ਉਹਨਾਂ ਸਾਨੂੰ ਥਾਣੇਦਾਰ ਸਾਹਮਣੇ ਜਾ ਖੜਾਇਆ। ਉਹ ਮੈਨੂੰ ਤੇ ਮੇਰੇ ਪਿਤਾ ਨੂੰ ਗਾਲਾਂ ਕੱਢਣ, ਡਰਾਵੇ ਦੇਣ ਲੱਗਾ।"[5]

ਪੁਲਿਸ ਦੀ ਧੱਕਾਸ਼ਾਹੀ ਦੀ ਦੂਜੀ ਘਟਨਾ ਉਸ ਸਮੇਂ ਸਾਹਮਣੇ ਆਉਂਦੀ ਹੈ ਜਦੋਂ ਹਰੀਪਾਲ ਦੀ ਭੈਣ ਰਮਨ ਦੇ ਸੁਹਰੇ ਦੀ ਮੌਤ ਉਤੇ ਹਰੀਪਾਲ ਦਾ ਜੀਜਾ ਦੱਸਦਾ ਹੈ ਕਿ ਭਰਾਵਾਂ ਨੇ ਜਮੀਨ ਵੰਡ ਦੇ ਰੋਲੇ ਵਿੱਚ ਪੁਲਿਸ ਨੂੰ ਝੂਠੀ ਰਿਪੋਰਟ ਲਿਖਾ ਦਿੱਤੀ ਤੇ ਪੁਲਿਸ ਉਸਨੂੰ ਉਸ ਦੇ ਸਕੂਲ

ਵਿੱਚੋਂ ਚੁੱਕ ਕੇ ਲੈ ਜਾਂਦੀ ਹੈ ਅਤੇ ਫਿਰ ਸਮਝੌਤੇ ਦਾ ਦਬਾਅ ਪਾਉਂਦੀ ਹੈ। ਮਨਾ ਕਰਨ ਉਤੇ ਉਸਨੂੰ ਬੇਕਸੂਰ ਨੂੰ ਹਵਾਲਾਤ ਵਿੱਚ ਬੰਦ ਕਰ ਦਿੰਦੀ ਹੈ। ਭ੍ਰਿਸ਼ਟਾਚਾਰ ਦੀ ਅਗਲੀ ਘਟਨਾ ਸ਼ੂਗਰ ਮਿੱਲ ਨਾਲ ਸੰਬੰਧਿਤ ਹੈ ਜਦੋਂ ਹਰੀਪਾਲ ਦੀਸ਼ੇ ਤੋਂ ਬੰਦ ਪਈ ਸ਼ੂਗਰ ਮਿੱਲ ਦੇ ਬਾਰੇ ਪੁੱਛਦਾ ਹੈ ਤਾਂ ਦੀਸ਼ੇ ਦੇ ਬੋਲ ਪੁਲਿਸ ਦੀ ਧੱਕੇਸ਼ਾਹੀ ਨੂੰ ਉਜਾਗਰ ਕਰਦੇ ਹਨ, "ਲੈ ਹੋਰ ਸੁਣ... ਤੂੰ ਕਹਿੰਨਾ, ਬੰਦ ਪਈ ਆ... ਹੋਰ ਕਿੱਥੇ ਭੱਜ ਜਾਂਦੀ ਤੇਰੇ ਆਂਗੂ... ਉਪਰੋਂ ਜ਼ੋਰ ਪਵਾ ਇਕ ਜਨਾਬ ਬਾਜਵਾ ਆ ਲਗਿਆ, ਜੀ ਐਮ... ਉਤੋਂ ਅਤਿਵਾਦ ਦਾ ਜ਼ੋਰ ... ਏਸ ਮਿੱਲੋਂ ਗੰਨੇ ਦੀਆਂ ਪਰਚੀਆਂ ਘੱਟ ਨਿਕਲਣ, ਧਮਕੀਆਂ ਦੀਆਂ ਪਰਚੀਆਂ ਵਧ। ਗੰਨਿਆਂ ਦੀਆਂ ਪਰਚੀਆਂ ਜਾ ਨਿਕਲਣ ਬਾਜਵੇ ਦੇ 'ਲਾਕੇ... ਤਕੜੇ ਹੱਥ ਰੰਗੇ... ਜਦੋਂ ਅਤਿਵਾਦੀਆਂ ਪੰਜ-ਸੱਤ ਪੁਲਸੀਏ ਰੇੜ੍ਹੇ, ਫੇ ਪੁਲੀਸ ਨੇ ਖਾਧਾ ਵੱਟ ਰੇਡ 'ਤੇ ਰੇਡ ਲਾ ਬੋਹੜ ਸੂੰਹ ਵਰਗੇ ਚੁੱਕੇ ਅੰਦਰੋਂ... ਕਿਸੇ ਦਾ ਕਿਤੇ, ਕਿਸੇ ਦਾ ਕਿਤੇ ਇਨਕਾਊਂਟਰ।"[6] ਅਜਿਹੇ ਹਾਲਾਤਾਂ ਕਾਰਨ ਮਨੁੱਖ ਦਾ ਆਪਣੀ ਧਰਤੀ ਤੋਂ ਮੋਹ ਭੰਗ ਹੁੰਦਾ ਹੈ।

ਅਗਲੀ ਮੁੱਖ ਸਮੱਸਿਆ ਪੱਛਮੀ ਮੁਲਕਾਂ ਵਿੱਚ ਪਹੁੰਚ ਕੇ ਅਸਾਇਲਮ ਰਾਹੀਂ ਉੱਥੇ ਪੀ.ਆਰ. ਪ੍ਰਾਪਤ ਕਰਨਾ ਅਤੇ ਸੁਖੈਨ ਜ਼ਿੰਦਗੀ ਦੀ ਆਸ ਹੈ। ਮਨੁੱਖ ਆਪਣੇ ਆਪ ਨੂੰ ਸ਼ਰਨਾਰਥੀ ਵਿਖਾ ਕੇ, ਆਪਣੇ ਸੱਭਿਆਚਾਰ ਤੋਂ ਟੁੱਟ ਕੇ ਸੁਖੈਨ ਜ਼ਿੰਦਗੀ ਦੀ ਭਾਲ ਕਿਵੇਂ ਕਰ ਸਕਦਾ ਹੈ ? ਮਨੁੱਖ ਆਪਣੀ ਮਾਤਭੂਮੀ ਅਤੇ ਆਪਣੇ ਵੱਡੇ - ਵਡੇਰਿਆਂ ਦੇ ਨਿੱਘ ਤੋਂ ਵਾਂਝਾ ਹੋ ਆਪਣੇ ਅਵਚੇਤਨ ਵਿੱਚ ਇੱਕ ਖਲਾਅ ਨੂੰ ਸੱਦਾ ਦਿੰਦਾ ਹੈ। ਉਹਨਾਂ ਮੁਲਕਾਂ ਨੂੰ ਕਿੰਨਾ ਵੀ ਮਨੁੱਖੀ ਅਧਿਕਾਰਾਂ ਦੇ ਰਾਖੇ ਕਹਿਏ ਪਰ ਸ਼ਰਨ ਲੈ ਕੇ ਪੱਕਾ ਹੋਇਆ ਬਾਹਰੀ ਮਨੁੱਖ ਦੂਜੇ ਦਰਜੇ ਦਾ ਨਾਗਰਿਕ ਹੀ ਕਹਿਲਾਉਂਦਾ ਹੈ। ਪੀ.ਆਰ. ਪ੍ਰਾਪਤ ਕਰਨ ਦਾ ਅਗਲਾ ਹੱਥਕੰਡਾ ਠੇਕੇ ਦੇ ਵਿਆਹ ਹਨ। ਠੇਕੇ ਦੇ ਵਿਆਹ ਦੀ ਅਤੇ ਇਸਦੇ ਨ -ਪੱਖੀ ਪ੍ਰਭਾਵ ਜਿੰਨ੍ਹੇ ਸਪੱਸ਼ਟ ਢੰਗ ਨਾਲ ਇਸ ਨਾਵਲ ਵਿੱਚ ਦਰਸ਼ਾਏ ਗਏ ਹਨ। ਅਜਿਹੇ ਢੰਗ ਨਾਲ ਕਿਸੇ ਹੋਰ ਰਚਨਾ ਵਿੱਚ ਘੱਟ ਹੀ ਉਭਰੇਦੇ ਹਨ। ਜਿਹਨਾਂ ਵਿਆਹਾਂ ਦੀ ਨੀਂਹ ਝੂਠ ਅਤੇ ਕਿਰਾਏ ਉੱਤੇ ਟਿਕੀ ਹੋਵੇ ਤਾਂ ਉਹਨਾਂ ਵਿੱਚੋਂ ਪਿਆਰ ਦੇ ਅਹਿਸਾਸ ਨੂੰ ਖੋਜਣਾ ਹੀ ਮੂਰਖਤਾ ਹੋਵੇਗੀ। ਕਬੱਡੀ ਮੈਚ ਦੀ ਮੇਜ਼ਬਾਨੀ ਕਰਦੇ ਪ੍ਰਬੰਧਕਾਂ ਵਿੱਚੋਂ ਕੈਪਟਨ ਗੁਰਲਾਲ ਅਤੇ ਹਰੀਪਾਲ ਨਾਲ ਵਾਰਤਾਲਾਪ ਕਰਦੇ ਪੱਕੇ ਹੋਣ ਦੇ ਟਿਪਸ ਦਿੰਦੇ ਮੁੰਡਿਆਂ ਵਿੱਚੋਂ ਇੱਕ ਮੁੰਡਾ ਜਿਹੜਾ ਠੇਕੇ ਦੇ ਵਿਆਹ ਦੇ ਬੁਰੇ ਅਨੁਭਵ ਨੂੰ ਹੰਡਾ ਚੁੱਕਿਆ ਹੈ ਕਹਿੰਦਾ ਹੈ, "ਠੇਕਾ ਸ਼ਾਦੀ 'ਚ ਐਸੀ ਲੰਡੀ ਚਿੜੀ ਟੱਕਰੀ… ਸ਼ਾਦੀ ਤੋਂ ਦਿਲ ਉਚਾਟ ਹੋ ਗਿਆ…।"[7] ਇਸੇ ਤਰ੍ਹਾਂ ਹਰੀਪਾਲ ਨੂੰ ਗਿੰਦਰ ਬਾਰੇ ਦੱਸਦਾ ਹੋਇਆ ਦਰਸ਼ਨ ਕਹਿੰਦਾ ਹੈ ਕਿ ਗਿੰਦਰ ਵੀ ਠੇਕੇ ਦੇ ਵਿਆਹ ਤੋਂ ਮਸਾਂ ਹੀ ਆਜ਼ਾਦ ਹੋਇਆ ਹੈ। ਠੇਕੇ ਦਾ ਵਿਆਹ ਇਕ ਤਰ੍ਹਾਂ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਅਤੇ ਤਸ਼ੱਦਦ ਹੈ, ਜਿਹੜਾ ਲੋਕਾਂ ਲਈ ਬਿਜ਼ਨਸ ਵੀ ਬਣ ਗਿਆ ਹੈ।

ਨਾਵਲ ਵਿੱਚ ਮਾਈ ਲਾਈਫ ਮਾਈ ਵੇਅ ਕੋਟ ਮਹੱਤਵਪੂਰਨ ਅਰਥਾਂ ਦਾ ਸੰਚਾਰ ਕਰਦੀ ਹੈ। ਅਜਿਹੀ ਸੋਚ ਵਿਕਸਿਤ ਪੱਛਮੀ ਮੁਲਕਾਂ ਦੇ ਬੱਚਿਆਂ ਦੀ ਜ਼ਿੰਦਗੀ ਨੂੰ ਸਵਾਰਨ ਦੇ ਬਜਾਏ

ਬੁਰੀ ਤਰ੍ਹਾਂ ਤਹਿਸ - ਨਹਿਸ ਕਰ ਰਹੀ ਹੈ। ਇਹ ਆਪਹੁਦਰੀਆਂ ਕਰਨ ਵਾਲੇ ਬੱਚਿਆਂ ਵੱਲੋਂ ਆਪਣੇ ਕੀਤੇ ਕਿਸੇ ਵੀ ਮਾੜੇ ਚੰਗੇ ਕੰਮ ਨੂੰ ਉਚਿਤ ਠਹਿਰਾਉਣ ਲਈ ਵਰਤਿਆ ਗਿਆ ਸਟੈਪ ਹੈ। ਨਾਵਲ ਵਿੱਚ ਹਰੀਪਾਲ ਦੀ ਧੀ ਜਸਲੀਨ ਨੂੰ ਉਸ ਦੀ ਮੰਮੀ ਜਾਂ ਦਾਦੀ ਕੋਈ ਵੀ ਮੱਤ ਦਿੰਦੀਆਂ ਹਨ ਤਾਂ ਉਹਨਾਂ ਦੀ ਗੱਲ ਮੰਨਣ ਤੋਂ ਜਸਲੀਨ ਇੰਕਾਰੀ ਹੋ ਕੇ ਕਹਿੰਦੀ ਹੈ ਕਿ 'ਮਾਈ ਲਾਈਫ ਮਾਈ ਵੇਅ'। ਇਹ ਸੋਚ ਅਧੀਨ ਹੀ ਬੱਚੇ ਅੜੀਅਲ, ਨਿਰਮੋਹੇ ਅਤੇ ਅਸੰਵੇਦਨਸ਼ੀਲ ਬਣ ਜਾਂਦੇ ਹਨ। ਜਸਲੀਨ ਆਪਣਾ ਵਿਆਹ ਖ਼ੁਦ ਹੀ ਫਿਕਸ ਕਰ ਆਪਣੇ ਪਿਤਾ ਹੈਰੀ ਨੂੰ ਫੋਨ ਕਰਦੀ ਹੋਈ ਕਹਿੰਦੀ ਹੈ ਕਿ 21 ਫਰਵਰੀ ਨੂੰ ਆਪਣੇ ਬੁਆਏਫਰੈਂਡ ਦੇ ਜਨਮਦਿਨ ਵਾਲੇ ਦਿਨ ਉਸ ਨਾਲ ਵਿਆਹ ਕਰਾ ਰਹੀ ਹਾਂ। ਬੱਚਿਆਂ ਦਾ ਇਸ ਤਰ੍ਹਾਂ ਦਾ ਵਿਵਹਾਰ ਪਰਿਵਾਰਾਂ ਵਿੱਚੋਂ ਇਮੋਸ਼ਨਲ ਬੋਡਿੰਗ ਅਤੇ ਕਮਿਊਨੀਕੇਸ਼ਨ ਦੀ ਘਾਟ ਅਤੇ ਪੈਸੇ ਵਿੱਚ ਭਜਦੇ ਹੋਏ ਰੁਝੇਵਿਆਂ ਕਾਰਨ ਪਰਿਵਾਰ ਦੀ ਅਣਦੇਖੀ ਵੀ ਹੈ। ਨਾਵਲ ਦਾ ਬਿਰਤਾਂਤ ਇਸ ਗੱਲ ਦੀ ਪੁਸ਼ਟੀ ਕਰਦਾ ਹੈ, "ਆਪਾਂ ਬੱਚਿਆਂ ਨੂੰ ਸਮੁੰਦਰ 'ਚ ਵਾੜ ਕੇ, ਭਿਜਿਓ ਨਾ, ਦਾ ਉਪਦੇਸ਼ ਦਿੰਨੇ ਆਂ!"[8] ਵਿਕਸਿਤ ਪੱਛਮੀ ਮੁਲਕਾਂ ਵਿੱਚ ਪਹੁੰਚ ਅਸੀਂ ਡਾਲਰਾਂ ਦੀ ਅੰਨ੍ਹੀ ਦੋੜ ਵਿੱਚ ਇਸ ਤਰ੍ਹਾਂ ਗੁਆਚੇ ਕਿ ਪਰਿਵਾਰ ਅਤੇ ਬੱਚਿਆਂ ਤੋਂ ਇੱਕ ਮਾਨਸਿਕ ਦੂਰੀ ਬਣਦੀ ਗਈ। ਇਸ ਕਾਰਨ ਬੱਚਿਆਂ ਨੂੰ ਕੋਈ ਉਚਿਤ ਮਾਰਗਦਰਸ਼ਨ ਨਹੀਂ ਮਿਲਿਆ। ਇਹ ਵਰਤਾਰਾ ਇੰਨੇ ਸੂਖਮ ਢੰਗ ਅਤੇ ਤੇਜ਼ ਗਤੀ ਨਾਲ ਵਾਪਰਦਾ ਹੈ ਕਿ ਮਨੁੱਖ ਨੂੰ ਨਾ ਹੀ ਕੋਈ ਸਮਝ ਆਉਂਦੀ ਅਤੇ ਨਾ ਹੀ ਇਸਨੂੰ ਕੰਟਰੋਲ ਕਰ ਸਕਦਾ ਹੈ। ਇਲੀਟ ਕਲਾਸ ਵਿੱਚ ਸ਼ਾਮਿਲ ਹੋਣ ਦੀ ਲਾਲਸਾ ਭਾਰਤੀ ਲੋਕਾਂ ਵਿੱਚ ਵੀ ਵਧੇਰੇ ਵੇਖਣ ਨੂੰ ਮਿਲਦੀ ਹੈ। ਇਹਨਾਂ ਘੋਰ ਲਾਲਸਾਵਾਂ ਕਾਰਨ ਹੀ ਉਹ ਆਪਣੀ ਜ਼ਿੰਦਗੀ ਨੂੰ ਹੋਰ ਮੁਹਾਲ ਬਣਾ ਲੈਂਦੇ ਹਨ। ਨਾਵਲ ਵਿੱਚ ਹਰੀਪਾਲ ਅਤੇ ਉਸ ਦੀ ਵਹੁਟੀ ਜਸ਼ਨਜੋਤ ਆਪਣੀ ਡਰੀਮ ਹਾਊਸ ਨੂੰ ਖਰੀਦਣ ਲਈ ਮੋਟੀ ਦਰ ਉਤੇ ਲੋਨ ਲੈਂਦੇ ਹਨ। ਬਾਅਦ ਵਿੱਚ ਉਸ ਲੋਣ ਨੂੰ ਉਤਾਰਨ ਲਈ ਦਿਨ-ਰਾਤ ਮਿਹਨਤ ਕਰਦੇ ਹੋਏ ਉਹ ਆਪਣੇ ਡਰੀਮ ਹਾਊਸ ਵਿੱਚ ਕਦੇ ਵੀ ਨਹੀਂ ਰਹਿ ਪਾਉਂਦੇ। ਹੈਰੀ ਦੀ ਮਾਂ ਸੋਚਦੀ ਹੈ :

"ਆਹ ਏਡੇ ਮਹੱਲ 'ਚ ਬਹਿਣ ਸੌਣ ਦੀ ਨਾ ਤੇਰੇ ਕੋ ਫੁਰਸਤ, ਨਾ ਤੇਰੀ ਬਹੂ ਕੋ। ਟੱਪ-ਟੱਪ ਜੇਅੜੇ ਹਿਰਨ ਟਰਕੀਆਂ ਵਲੈਂਦੀ ਸੀ, ਹੁਣ ਕਦੇ ਵੇਖਿਆ ਉਹਨਾਂ ਵੱਲੀਂ ਮਹਾਰਾਣੀ ਨੇ! ਬਾਗ਼ ਬਗੀਚਾ ਸੁੱਕ ਜੇ, ਸੜ ਜੇ...। ਮੇਰੀ ਕਿਸਮਤ ਮਾੜੀ ਨਕਰਮੀ ਨੂੰ ਲਿਆ ਬਹਾਇਆ ਉਜਾੜ 'ਚ।"[9]

ਸਮੁੱਚੇ ਰੂਪ ਵਿੱਚ ਸੁਰਖ਼ ਸਾਜ਼ ਵਿੱਚ ਡਾ. ਜਸਵਿੰਦਰ ਸਿੰਘ ਨੇ ਅਜਿਹਾ ਪਰਿਪੇਖ ਉਸਾਰਿਆ ਹੈ ਜਿੱਥੇ ਇੱਕ ਪਾਸੇ ਸਾਡੇ ਪੰਜਾਬੀ ਸਭਿਆਚਾਰ ਦਾ ਕਦਰਾਂ - ਕੀਮਤਾਂ ਵਾਲਾ ਸੰਦਰਭ ਪੱਛਮੀ ਜੀਵਨ ਜਾਚ ਵਿੱਚ ਸੰਘਰਸ਼ਾਂ ਕਾਰਨ ਤਣਾਓ ਅਤੇ ਦਬਾਓ ਭੋਗਦਾ ਹੈ ਅਤੇ ਦੂਜੇ ਪਾਸੇ ਪੱਛਮੀ ਖਪਤ ਸਭਿਆਚਾਰ ਵਿਚਲਾ ਘੋਰ ਵਿਅਕਤੀਵਾਦੀ ਰਵੱਈਆ ਉਨ੍ਹਾਂ ਲਈ ਰਿਸ਼ਤਿਆਂ ਵਿੱਚ ਗਹਿਰੇ ਸੰਕਟ ਦਾ ਦੁਖਾਂਤ ਲੈ ਕੇ ਉਭਰਦਾ ਹੈ। ਪੈਸਿਆਂ ਦੀ ਅੰਨ੍ਹੀ ਦੋੜ ਪਰਵਾਸੀ ਪੰਜਾਬੀਆਂ

ਲਈ ਗਹਿਰੇ ਸੰਕਟ ਨੂੰ ਜਨਮ ਦੇ ਰਹੀ ਹੈ। ਆਪਣੀ ਪਰੰਪਰਕ ਸੋਚ ਨੂੰ ਲੈ ਕੇ ਜਦੋਂ ਉਹ ਵਿਕਸਿਤ ਮੁਲਕਾਂ ਵਿੱਚ ਪ੍ਰਵੇਸ਼ ਕਰਦੇ ਹਾਂ ਤਾਂ ਉੱਥੇ ਤਾਲਮੇਲ ਬਿਠਾਉਣਾ ਉਹਨਾਂ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਪਰੰਤੂ ਫਿਰ ਵੀ ਉਹ ਪਰਿਸਥਿਤੀਆਂ ਅੱਗੇ ਹਾਰ ਮੰਨਣ ਲਈ ਤਿਆਰ ਨਹੀਂ ਹੁੰਦੇ ਅਤੇ ਜ਼ਿੰਦਗੀ ਪ੍ਰਤੀ ਆਸਾਵੰਦ ਰਹਿੰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਪੰਨਾ -1378
2. ਡਾ. ਜਸਵਿੰਦਰ ਸਿੰਘ, **ਸੁਰਖ਼ ਸਾਜ਼** , ਸਮਰਪਣ
3. ਡਾ. ਧਨਵੰਤ ਕੌਰ, **ਪੰਜਾਬੀ ਕਹਾਣੀ ਸ਼ਾਸਤਰ**, ਪੰਨਾ – 87
4. ਡਾ. ਜਸਵਿੰਦਰ ਸਿੰਘ, **ਸੁਰਖ਼ ਸਾਜ਼** ,ਪੰਨਾ – 15
5. ਉਹੀ, ਪੰਨਾ – 59
6. ਉਹੀ, ਪੰਨਾ – 182
7. ਉਹੀ, ਪੰਨਾ – 15
8. ਉਹੀ, ਪੰਨਾ – 197
9. ਉਹੀ, ਪੰਨਾ – 167



**ਅਸਿਸਟੈਂਟ ਪ੍ਰੋਫ਼ੈਸਰ**

**ਗੌਰਮਿੰਟ ਕਾਲਜ, ਚੰਮੂ ਕਲਾਂ,**

**ਇਸਮਾਈਲਾਬਾਦ ਕੁਰੂਕਸ਼ੇਤਰ**

# ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਅਤੇ ਸ਼ਹਾਦਤ

❑ ਡਾ. ਪਰਮਜੀਤ ਕੌਰ

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਪੰਜਾਬ ਵਿਚ ਬਾਬਾ ਬੰਦਾ ਸਿੰਘ ਬਹਾਦਰ ਉਹ ਮਹਾਨ ਸੂਰਬੀਰ ਤੇ ਦਲੇਰ ਜਰਨੈਲ ਸੀ ਜਿਸ ਦੇ ਆਗਮਨ ਨਾਲ ਮੁਗ਼ਲ ਹਾਕਮਾਂ ਦੇ ਰੌਂਗਟੇ ਖੜ੍ਹੇ ਹੋ ਗਏ। ਸਿੱਖ ਇਤਿਹਾਸ ਵਿਚ ਆਪ ਜੀ ਨੂੰ ਤਿੰਨ ਨਾਮਾਂ ਨਾਲ ਜਾਣਿਆ ਜਾਂਦਾ ਹੈ- ੧) ਲਛਮਣ ਦਾਸ, ੨) ਮਾਧੋ ਦਾਸ, ੩) ਬੰਦਾ ਸਿੰਘ ਬਹਾਦਰ। ਆਪ ਦਾ ਜਨਮ ੧੬੭੦ ਵਿਚ ਜੰਮੂ-ਕਸ਼ਮੀਰ ਦੇ ਪਿੰਡ ਰਜੌਰੀ ਵਿਚ ਹੋਇਆ। ਪਿਤਾ ਦਾ ਨਾਮ ਰਾਮਦੇਵ ਸੀ ਜੋ ਇਕ ਰਾਜਪੂਤ ਕਿਸਾਨ ਸਨ। ਆਪ ਨੂੰ ਬਚਪਨ ਵਿਚ ਹੀ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇਕ ਦਿਨ ਸ਼ਿਕਾਰ ਖੇਡਦੇ ਆਪ ਦੇ ਹੱਥੋਂ ਇਕ ਗਰਭਵਤੀ ਹਿਰਨੀ ਮਾਰੀ ਗਈ ਜਿਸ ਦੇ ਢਿੱਡ ਵਿਚ ਬੱਚੇ ਸਨ ਜੋ ਵੇਖਦਿਆਂ-ਵੇਖਦਿਆਂ ਮਰ ਗਏ। ਇਸ ਦਰਦਨਾਕ ਦ੍ਰਿਸ਼ ਨੂੰ ਵੇਖਦੇ ਹੀ ਆਪ ਜੀ ਦੇ ਅੰਦਰ ਵੈਰਾਗ ਦੀ ਭਾਵਨਾ ਉਤਪੰਨ ਹੋ ਗਈ। ਵੈਰਾਗੀ ਬਣ ਕੇ ਆਪ ਨੇ ਘਰ ਬਾਰ ਤਿਆਗ ਦਿੱਤਾ। ਵੈਰਾਗੀ ਬਣਦੇ ਹੀ ਆਪ ਸਾਧੂ ਜਾਨਕੀ ਪ੍ਰਸ਼ਾਦ ਜੋ ਵੈਸ਼ਨਵ ਮਤ ਦੇ ਧਾਰਨੀ ਸਨ, ਦੇ ਪ੍ਰਭਾਵ ਹੇਠ ਆ ਕੇ ਵੈਸ਼ਨਵ ਭਗਤੀ ਵਿਚ ਲੀਨ ਹੋ ਗਏ। ਬੇਸ਼ੱਕ ੧੫ ਸਾਲ ਆਪ ਜਾਨਕੀ ਪ੍ਰਸ਼ਾਦ ਕੋਲ ਵੈਰਾਗੀ ਬਣੇ ਰਹੇ ਪਰੰਤੂ ਆਪ ਦੇ ਮਨ ਨੂੰ ਚੈਨ ਨਹੀਂ ਮਿਲਿਆ। ਸੰਨ ੧੬੯੧ ਵਿਚ ਆਪ ਦਾ ਮੇਲ ਇਕ ਜੋਗੀ ਜਿਸ ਦਾ ਨਾਂ ਔਗੜ੍ਹਨਾਥ ਸੀ ਜੋ ਯੋਗ-ਸਾਧਨਾ ਖਾਸ ਕਰਕੇ ਹਠ-ਯੋਗ ਵਿਚ ਮਾਹਿਰ ਸੀ, ਨਾਲ ਰਹਿ ਕੇ ਤੰਤਰ-ਮੰਤਰ ਰਿੱਧੀਆਂ ਸਿੱਧੀਆਂ ਦੇ ਮਾਲਕ ਬਣੇ। ਆਪਣੇ ਮਨ ਦੀ ਭਟਕਣ ਨੂੰ ਦੂਰ ਕਰਨ ਲਈ ਕਦੇ ਉਹ ਵੈਰਾਗੀ, ਕਦੇ ਵੈਸ਼ਨਵ ਤੇ ਕਦੇ ਜੋਗੀ ਬਣੇ ਪਰ ਉਸ ਦਾ ਮਨ ਹਮੇਸ਼ਾ ਦ੍ਰਵਿਤ ਰਹਿੰਦਾ। ਆਪ ਜੀਵਨ ਦੇ ੩੬ ਸਾਲ ਮਾਨਸਿਕ ਭਟਕਣਾਂ ਤੋਂ ਬਾਅਦ ੧੭੦੮ ਵਿਚ ਆਪ ਦੀ ਮੁਲਾਕਾਤ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਹੋਈ। ਇਸ ਬਾਰੇ ਕੇਸਰ ਸਿੰਘ ਛਿੱਬਰ ਆਪਣੇ ਇਤਿਹਾਸਕ ਗ੍ਰੰਥ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਲਿਖਦੇ ਹਨ, "ਸਾਹਿਬ ਬੈਠੇ ਤਿਸ ਉਪਰ ਜਾਇ॥ ਉਹ ਭੀ ਦੂਰੋਂ ਦੇਖਕੇ ਪਹੁਤਾ ਆਇ॥ ਪਕੜਾ ਹੱਥ ਉਸ ਦਾ ਸਾਹਿਬ ਆਪਣੇ ਪਾਸ ਬੈਠਾਇਆ॥ ਸੋ ਪਾਸ ਨਾ ਬੈਠਾ ਤਿਨ ਤਲੇ ਆਸਨ ਲਾਇਆ॥ ਸਾਹਿਬ ਪਾਸੋਂ ਆਦਮੀ ਕਹਿ ਦਿੱਤੇ ਦੂਰ॥ ਦੋਹਾਂ ਗੱਲਾਂ ਕੀਤੀਆਂ ਆਪਸ ਵਿਚ ਬੈਠਕੇ ਮਸ਼ਕੂਰ॥[1]

ਬੰਦਾ ਸਿੰਘ ਬਹਾਦਰ ਬਾਰੇ ਕੇਸਰ ਸਿੰਘ ਛਿੱਬਰ ਇਕ ਹੋਰ ਗੱਲ ਦੱਸਦੇ ਹਨ ਜਦੋਂ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਜਾ ਰਹੇ ਸਨ ਤਾਂ ਰਸਤੇ ਵਿਚ ਉਸ ਨੂੰ ਕੁਝ ਵਪਾਰੀਆਂ ਦਾ ਟੋਲਾ ਮਿਲਦਾ ਹੈ ਜੋ ਬਹੁਰੂਪੀਏ ਦੇ ਭੇਖ ਵਿਚ ਹੁੰਦਾ ਹੈ। ਉਹ ਬਹੁਰੂਪੀਏ ਹਾਲਾਤ ਤੋਂ ਡਰ ਕੇ ਆਪਣਾ ਭੇਖ ਬਦਲ ਲੈਂਦੇ ਹਨ। ਬੰਦਾ ਸਿੰਘ ਦੇ ਪੁੱਛਣ ਤੇ ਉਹ ਕੌਣ ਹਨ ਤਾਂ ਉਹ ਸੱਚ-ਸੱਚ ਦੱਸ ਦਿੰਦੇ

ਹਨ। ਬੰਦਾ ਸਿੰਘ ਨੇ ਉਨ੍ਹਾਂ ਨੂੰ ਕਿਹਾ ਉਹ ਕਿਹੋ ਜਿਹੇ ਸਿੱਖ ਹਨ ਜੋ ਆਪਣੇ ਗੁਰੂ ਨਾਲ ਹੋਏ ਜ਼ੁਲਮਾਂ ਦਾ ਬਦਲਾ ਨਹੀਂ ਲੈ ਸਕਦੇ। ਉਹ ਸਿੱਖ ਬੰਦਾ ਬਹਾਦਰ ਅੱਗੇ ਹੱਥ ਜੋੜ ਕੇ ਬੇਨਤੀ ਕਰਦੇ ਹਨ।

ਤਿਨ ਕਹਿਆ! ਜੀ ਹਮ ਹੈ ਨਿੰਬਲ, ਤੁਰਕ ਹੈ ਭਾਰੀ,
ਤਿਨ ਕਹਿਆ! ਬੰਦਾ ਹੈ ਨਾਲ ਕਰੇਗਾ ਸਵਾਰੀ?
ਤਿਨ ਕਹਿਆ! ਜੀ ਹਮ ਮਾਲ ਬੇਚ ਚਰਨਾ ਪਾਸ ਜਾਣੋ ਆਏ,
ਤਿਨ ਕਹਿਆ! ਜਾਓ ਹਥਿਆਰ ਖਰੀਦ ਕਰਿ ਪਹੁੰਚੋ ਧਾਇ।[੨]

ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਬਾਰੇ ਇਕ ਹੋਰ ਨੁਕਤਾ ਜੋ ਬਹੁਤ ਅਹਿਮ ਹੈ। ਕਿਹਾ ਜਾਂਦਾ ਹੈ ਕਿ ਬਾਬਾ ਬੰਦਾ ਜਿਸ ਦਾ ਮਨ ਹੰਕਾਰੀ ਹੁੰਦਾ ਹੈ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਆਤਮਾ ਸਾਹਮਣੇ ਉਸਦਾ ਹੰਕਾਰ ਟੁੱਟ ਜਾਂਦਾ ਹੈ। ਉਹ ਨਿਮਰਤਾ ਵਿਚ ਆ ਕੇ ਗੁਰੂ ਸਾਹਿਬ ਅੱਗੇ ਹੱਥ ਜੋੜ ਕੇ ਪੁੱਛਣ ਲੱਗਦਾ ਹੈ:

ਮਾਧੋ ਦਾਸ: 'ਆਪ ਕੌਣ ਹੋ? (ਮਹਾਰਾਜ)'
ਗੁਰੂ ਸਾਹਿਬ: 'ਜਿਸ ਨੂੰ ਤੂੰ ਜਾਣਦਾ ਹੈਂ।'
ਮਾਧੋ ਦਾਸ: 'ਮੈਂ ਕੀ ਜਾਣਦਾ ਹਾਂ?'
ਗੁਰੂ ਸਾਹਿਬ: 'ਆਪਣੇ ਮਨ ਵਿਚ ਚੰਗੀ ਤਰ੍ਹਾਂ ਸੋਚ।'
ਮਾਧੋ ਦਾਸ: 'ਆਪ ਗੁਰੂ ਗੋਬਿੰਦ ਸਿੰਘ ਹੋ?'
ਗੁਰੂ ਸਾਹਿਬ: 'ਹਾਂ!'
ਮਾਧੋ ਦਾਸ: 'ਆਪ ਇੱਥੇ ਕਿਸ ਤਰ੍ਹਾਂ ਪਧਾਰੇ ਹੋ?'
ਗੁਰੂ ਸਾਹਿਬ: 'ਮੈਂ ਇਸ ਲਈ ਆਇਆ ਹਾਂ ਕਿ ਤੈਨੂੰ ਆਪਣਾ ਸਿੰਘ ਸਜਾਵਾਂ।'
ਮਾਧੋ ਦਾਸ: 'ਮੈਂ ਹਾਜ਼ਰ ਹਾਂ ਹਜ਼ੂਰ ਮੈਂ ਤੇ ਆਪ ਦਾ ਬੰਦਾ (ਗੁਲਾਮ) ਹਾਂ।[੩]

ਬੰਦਾ ਸਿੰਘ ਬਹਾਦਰ ਸਿਰਫ਼ ਇਕ ਮਹੀਨਾ ਹੀ ਗੁਰੂ ਗੋਬਿੰਦ ਸਿੰਘ ਦੀ ਹਜ਼ੂਰੀ ਵਿਚ ਰਹੇ ਸਨ। ਲੇਕਿਨ ਇਸ ਇਕ ਮਹੀਨੇ ਵਿਚ ਹੀ ਉਹ ਆਤਮਕ ਤੌਰ 'ਤੇ ਬਲਵਾਨ ਬਣ ਚੁੱਕੇ ਸਨ। ਉਹ ਗਰੀਬ ਲੋਕਾਂ ਦੀ ਰੱਖਿਆ ਕਰਦਾ ਸੀ। ਜਿਹੜੇ ਲੋਕੀਂ ਬੰਦਾ ਸਿੰਘ ਕੋਲ ਫਰਿਆਦ ਲੈ ਕੇ ਆਉਂਦੇ ਉਹ ਉਨ੍ਹਾਂ ਦੀ ਮਦਦ ਕਰਦਾ। ਬੰਦਾ ਬਹਾਦਰ ਜਿਹੜੇ ਹੁਕਮਨਾਮੇ ਗੁਰੂ ਸਿੱਖਾਂ ਦੇ ਨਾਂ ਭੇਜਦੇ ਉਸ ਨਾਲ ਧਰਮ ਯੁੱਧਾਂ ਵਿਚ ਹਿੱਸੇ ਲੈਣ ਲੱਗ ਪਏ। ਇਕ ਥਾਂ ਡਾ.ਗੰਡਾ ਸਿੰਘ ਅੰਕ ੬ ਉੱਪਰ ਰਤਨ ਸਿੰਘ ਭੰਗੂ ਦੇ ਹਵਾਲੇ ਨਾਲ ਲਿਖਦਾ ਹੈ:

ਐਸੀ ਭੇਜੀ ਲਿਖ ਅਰਦਾਸ। ਭੇਜੀ ਖਾਲਸਾ ਪਾਸ।
ਸੋ ਸੁਨ ਖਾਲਸੇ ਤਿ ਸਰ ਪਰ ਧਰੀ। ਤੁਰਤ ਚਲਨ ਕੀ ਤਿਆਰੀ ਕਰੀ।
ਜਿਸ ਸਿਖ ਪਹਿ ਖਰਚ ਨ ਹੋਇ। ਬਿਨਾ ਖਰਚ ਬੰਡ ਖਾਵੈ ਸੋਇ।
ਅਸਿਖ ਸਿਖਨ ਦੇਵੈ ਸੁ ਨਾਹੀ। ਕਹੈ ਸਿਖ ਸਭ ਉਹਾ ਮਰਾਹੀ।[੪]

ਇਕ ਥਾਂ ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ ਬੰਦਾ ਬਹਾਦਰ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਬੰਦਾ ਬਹਾਦਰ ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਮੰਨਿਆ। ਉਸ ਨੇ ਜਿਹੜੇ ਮੋਹਰ ਤੇ ਸਿੱਕੇ ਜਾਰੀ ਕੀਤੇ ਉਹ ਵੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਜਾਰੀ ਕੀਤੇ। ਉਹਨਾਂ ਮੋਹਰਾਂ ਤੇ ਇਹ ਸ਼ਬਦ ਵੀ ਉਕਰੇ ਹੋਏ ਸਨ:

ਦੇਗੋ ਤੇਗੋ ਫ਼ਤਹਿ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ[੫]

ਬੰਦਾ ਸਿੰਘ ਬਹਾਦਰ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਸਿੱਖਾਂ ਨੂੰ ਲਿਖਦਾ ਹੈ ਕਿ ਉਹ ਗੁਰੂ ਘਰ ਦਾ ਹੁੰਦਾ ਹੈ। ਉਹ ਲੋਕਾਂ ਨੂੰ ਸਿੱਖਿਆ ਦਿੰਦਾ ਹੈ ਕਿ ਗੁਰੂ ਦੀ ਕਾਰ ਕਰਦਿਆਂ ਜਿਹੜੇ ਜਿਉਂਦੇ ਰਹਿਣਗੇ ਉਹ ਰਾਜ ਕਰਨਗੇ ਅਤੇ ਜਿਹੜੇ ਸ਼ਹੀਦ ਹੋ ਜਾਣਗੇ ਸ਼ਹੀਦ ਹੋ ਜਾਣਗੇ ਉਹ ਸਵਰਗ ਲੋਕ ਨੂੰ ਪ੍ਰਾਪਤ ਹੋਣਗੇ-

ਜੋ ਜਗ ਜੀਵਤ ਰਾਜ ਕਰੇਗਾ
ਮਰ ਹੈ ਗੁਰ ਲੋਕ ਸੂਰੇ ਪੁਰਪਾਈ।[੬]

ਬੰਦਾ ਬਹਾਦਰ ਹਮੇਸ਼ਾ ਰਹਿਮਦਿਲ ਇੰਸਾਨ ਰਿਹਾ ਹੈ। ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ ਕਿ ਪੈਸੇ ਤੋਂ ਬਿਨ੍ਹਾਂ ਕਦੇ ਵੀ ਲੜਾਈ ਨਹੀਂ ਲੜੀ ਜਾ ਸਕਦੀ। ਇਸ ਲਈ ਉਸ ਨੇ ਜੀਵਨ ਵਿਚ ਜਿੰਨੀ ਵਾਰੀ ਵੀ ਲੁੱਟਮਾਰ ਕੀਤੀ ਉਹ ਪੈਸੇ ਕਦੇ ਵੀ ਆਪਣੇ ਕੋਲ ਨਹੀਂ ਰੱਖੇ ਬਲਕਿ ਸਿੱਖਾਂ ਨੂੰ ਵੰਡ ਦਿੱਤੇ ਤਾਂ ਕਿ ਉਹ ਆਪਣੇ ਘਰਾਂ ਵਿਚ ਦੇ ਆਉਣ। ਇਸ ਬਾਰੇ ਗਿਆਨ ਸਿੰਘ ਆਪਣੇ ਪੰਥ ਪ੍ਰਕਾਸ਼ ਵਿਚ ਹਵਾਲੇ ਦਿੰਦੇ ਹਨ:

ਏਕ ਲਾਖ ਤੈ ਉਪਰੈ ਹਥ ਲਗਬੋ ਰੁਪਈਆ
ਸ਼ਗਨ ਭਯੋ ਸੁਭ ਸੁਭ ਕਹੇ ਜਨ ਸ਼ਾਹੀ ਲਈਆ।
ਬੰਦੇ ਨੇ ਨਿਜ ਹਾਜ ਸੈ ਸਭ ਕੋ ਸਮ ਦੀਓ
ਆਪ ਨਹੀਂ ਕੁਛ ਰਾਖਯੋ ਇਸ ਤੈ ਜਗ ਥੀਓ।[੭]

ਬੰਦਾ ਬਹਾਦਰ ਨੇ ਆਪਣੇ ਜੀਵਨ-ਕਾਲ ਵਿਚ ਬਹੁਤ ਸਾਰੀਆਂ ਲੜਾਈਆਂ ਲੜੀਆਂ। ਸਰਹਿੰਦ ਤੇ ਹਮਲਾ ਕਰਨ ਤੋਂ ਪਹਿਲਾਂ ਸਮਾਣੇ, ਘੁੜਾਮ, ਕਪੂਰੀ, ਸ਼ਾਹਬਾਦ, ਮੁਸਤਫ਼ਾਬਾਦ, ਸਢੌਰਾ ਆਦਿ ਇਲਾਕਿਆਂ ਤੇ ਆਪਣੀ ਧਾਕ ਜਮਾ ਲਈ ਸੀ।

ਸਾਹਿਬਜ਼ਾਦਿਆਂ ਦੇ ਕਾਤਲ ਵਜੀਦ ਖ਼ਾਨ ਤੇ ਜਿਸ ਤਰ੍ਹਾਂ ਬਦਲਾ ਲਿਆ ਉਸ ਨਾਲ ਸਿੱਖਾਂ ਦੇ ਮਨਾਂ ਵਿਚ ਬੰਦੇ ਦਾ ਸਤਿਕਾਰ ਹਮੇਸ਼ਾ ਬਣਿਆ ਰਹੇਗਾ। ਗਿਆਨੀ ਗਿਆਨ ਸਿੰਘ ਆਪਣੇ ਪੰਥ ਪ੍ਰਕਾਸ਼ ਵਿਚ ਇਸ ਦਾ ਹਵਾਲਾ ਦਿੱਤਾ ਹੈ:

ਬੰਦੇ ਕਾ ਡਰ ਪਰਿਓ ਐਸੇ
ਮਿਰਗ ਡਰਤ ਕੇਹਰ ਤੇ ਜੈਸੇ

ਬੰਦੇ ਪਕਰ ਵਜੀਦੇ ਤਾਂਈਂ
ਬੈਲਨ ਗੈਲ ਘਸੀਟ ਕਰਾਈ
ਫਿਰ ਜੀਵਤ ਹੀ ਅਗਨੀ ਬੀਚ
ਸਾੜਯੋ ਪਾਇ ਵਜੀਦਾ ਨੀਚ
ਕਰ ਕਾਫਰ ਮਾਰਿਯੋ ਦੁਖ ਦੈ ਕੇ
ਸਿੰਘਨ ਜੈ ਜੈ ਕਾਰ ਗਜੈ ਕੇ।[੮]

ਜਿਥੋਂ ਤੱਕ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਸਵਾਲ ਹੈ ਤਾਂ ਉਹਨਾਂ ਦੀ ਆਖਰੀ ਲੜਾਈ ਗੁਰਦਾਸ ਨੰਗਲ ਦੇ ਸਥਾਨ ਤੋਂ ਹੋਈ। ਡਾ. ਹਰਬੰਸ ਕੌਰ ਸਾਗੂ ਨੇ ਆਪਣੇ ਇੱਕ ਲੇਖ ਵਿਚ ਜ਼ਿਕਰ ਕੀਤਾ ਹੈ ਕਿ ਜਦੋਂ ਬੰਦਾ ਬਹਾਦਰ ਪੰਜਾਬ ਦੇ ਗ਼ਦਰ ਦੀ ਖ਼ਬਰ ਸੁਣ ਕੇ ਟੁਰਨ ਲੱਗੇ ਤਾਂ ਆਪ ਦੀਆਂ ਦੋਵੇਂ ਧਰਮ ਸੁਪਤਨੀਆਂ ਬੀਬੀ ਸੁਸ਼ੀਲ ਕੌਰ ਤੇ ਬੀਬੀ ਸਾਹਿਬ ਕੌਰ ਵੀ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਸਾਹਿਬ ਕੌਰ ਦੇ ਉਦਰ ਵਿਚ ਬਾਲਕ ਸੀ ਇਸ ਲਈ ਉਸ ਨੂੰ ਡੇਰਾ ਸਾਹਿਬ ਹੀ ਰਹਿਣ ਦਿੱਤਾ ਗਿਆ ਪਰ ਬੀਬੀ ਸੁਸ਼ੀਲ ਕੌਰ ਤੇ ਅਜੈ ਸਿੰਘ ਆਪਣੇ ਆਪ ਦੇ ਨਾਲ ਹੀ ਗੁਰਦਾਸ ਨੰਗਲ ਨੂੰ ਗਏ।[੯]

੧੭੧੫ ਈ: ਨੂੰ ਅਬਦੁਸ ਸਮਦ ਖਾਨ ਨੇ ਬੰਦਾ ਸਿੰਘ ਬਹਾਦਰ ਤੇ ਹਮਲਾ ਕਰ ਦਿੱਤਾ। ਬੰਦਾ ਸਿੰਘ ਬਹਾਦਰ ਨੇ ਭਾਈ ਦੁਨੀ ਚੰਦ ਦੀ ਹਵੇਲੀ ਨੂੰ ਆਪਣਾ ਟਿਕਾਣਾ ਬਣਾਇਆ। ਦੁਸ਼ਮਣਾਂ ਨੇ ਗੜ੍ਹੀ ਦੇ ਚਾਰੋਂ ਪਾਸੇ ਘੇਰਾ ਪਾ ਲਿਆ। ਸਿੰਘਾਂ ਕੋਲ ਕੁਝ ਖਾਣ ਨੂੰ ਨਹੀਂ ਸੀ, ਭੁੱਖ ਦੇ ਮਾਰੇ ਉਹ ਜਾਨਵਰ ਮਾਰ ਕੇ ਖਾਣ ਲੱਗ ਪਏ। ਬਹੁਤ ਸਾਰੇ ਭੁੱਖ ਕਾਰਨ ਮਾਰੇ ਵੀ ਗਏ। ਸਿੰਘਾਂ ਨੇ ਜੰਗਲਾਂ ਤੋਂ ਰੁੱਖਾਂ ਦੇ ਪੱਤੇ ਉਬਾਲ ਕੇ ਖਾਣੇ ਸ਼ੁਰੂ ਕਰ ਦਿੱਤੇ। ਬੀਬੀ ਸੁਸ਼ੀਲ ਕੌਰ ਅਤੇ ਅਜੈ ਸਿੰਘ ਨੇ ਵੀ ਇਹ ਸਾਰੇ ਕਸ਼ਟ ਸਿਦਕ ਨਾਲ ਸਹੇ। ਮੁਹੰਮਦ ਹਰੀਸੀ ਨੇ ਆਪਣੇ ਇਬਰਤਨਾਮਾ ਵਿਚ ਸਿੰਘਾਂ ਬਾਰੇ ਲਿਖਿਆ ਹੈ:

ਸਿੱਖਾਂ ਦੀ ਬਹਾਦਰੀ ਤੇ ਦਲੇਰੀ ਭਰੇ ਕਾਰਨਾਮੇ ਹੈਰਾਨਕੁੰਨ ਸਨ... ਇਨ੍ਹਾਂ ਲੋਕਾਂ ਦਾ ਇਤਨਾ ਭੈਅ ਤੇ ਸਹਿਮ ਪਿਆ ਹੋਇਆ ਸੀ ਅਤੇ ਇਨ੍ਹਾਂ ਦੇ ਜਰਨੈਲ (ਬੰਦਾ ਬਹਾਦਰ) ਤੋਂ ਸ਼ਾਹੀ ਫੌਜ ਦੇ ਕਮਾਂਡਰ ਇਤਨਾ ਡਰਦੇ ਸਨ ਕਿ ਉਹ ਹਰ ਵੇਲੇ ਦੁਆ ਕਰਦੇ ਕਿ ਖ਼ੁਦਾ ਕੋਈ ਕਿਹੋ ਜਿਹਾ ਢੋ ਢੁਕਾਏ ਕਿ ਬੰਦਾ ਗੜ੍ਹੀ ਵਿਚੋਂ ਬਾਹਰ ਨਿਕਲ ਜਾਏ।[੧੦]

ਇਸ ਦਰਦਨਾਕ ਲੜਾਈ ਵਿਚ ਲਗਭਗ ਅੱਠ ਹਜ਼ਾਰ ਸਿੰਘਾਂ ਦਾ ਕਤਲ ਕੀਤਾ ਗਿਆ। ਬੰਦਾ ਬਹਾਦਰ ਨੂੰ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਡੱਕਿਆ ਗਿਆ। ਉਸ ਦੀ ਪਤਨੀ ਸੁਸ਼ੀ.ਲ ਕੌਰ ਤੇ ਪੁੱਤਰ ਅਜੈ ਸਿੰਘ ਦਾ ਵੀ ਲਹੌਰ ਸ਼ਹਿਰ ਦੇ ਬਾਜ਼ਾਰ ਵਿਚ ਜਲੂਸ ਕੱਢਿਆ ਗਿਆ। ਦੁਸ਼ਮਣ ਨੇ ਸਿੱਖਾਂ ਦੇ ਵਾਲ ਬਾਂਸਾਂ ਨਾਲ ਬੰਨ੍ਹ ਕੇ ਟੰਗ ਦਿੱਤਾ। ਬੰਦਾ ਬਹਾਦਰ ਦਾ ਮਖ਼ੌਲ ਉਡਾਉਣ ਲਈ ਉਸ ਨੂੰ ਇਕ ਹਾਥੀ ਉੱਤੇ ਬਿਠਾਇਆ ਹੋਇਆ ਸੀ ਅਤੇ ਪਿੱਛੇ ਸਾਰੇ ਸਿੱਖ ਕੈਦੀ ਊਠਾਂ ਉੱਤੇ ਲੱਦੇ ਹੋਏ ਸਨ। ਬੰਦਾ ਬਹਾਦਰ ਏਨਾ ਨਿਡਰ ਸੀ ਜਿਸ ਦੇ ਸਿਰ 'ਤੇ ਭਾਵੇਂ ਮੌਤ ਨੱਚ ਰਹੀ ਸੀ ਪਰੰਤੂ ਉਹ ਆਪਣੇ ਵਿਚ ਮਸਤ ਹੋਇਆ ਵਾਹਿਗੁਰੂ ਦਾ ਨਾਮ ਜਪ ਰਿਹਾ ਸੀ। ਇਬਰਤਨਾਮਾ ਵਿਚ ਮੁਹੰਮਦ ਹਰੀਸੀ ਲਿਖਦਾ ਹੈ:

ਦਿੱਲੀ ਦੀਆਂ ਗਲੀਆਂ ਬਾਜ਼ਾਰਾਂ ਵਿਚ ਇਤਨਾ ਵੱਡਾ ਜਲੂਸ ਕਦੀ ਕਿਸੇ ਨਹੀਂ ਸੀ ਵੇਖਿਆ। ਮੁਸਲਮਾਨ ਖ਼ੁਸ਼ੀ ਨਾਲ ਫੁੱਲੇ ਨਹੀਂ ਸਨ ਸਮਾਉਂਦੇ। ਇਸ ਦੁਰਦਸ਼ਾ ਦੇ ਸ਼ਿਕਾਰ ਹੋਏ ਸਿੱਖ ਅਜੇ ਵੀ ਅਨੰਦ ਪ੍ਰਸੰਨ ਸਨ, ਉਨ੍ਹਾਂ ਦੇ ਚਿਹਰਿਆਂ ਤੋਂ ਉਦਾਸੀ ਵਿਖਾਈ ਨਹੀਂ ਸੀ ਦਿੰਦੀ। ਜੇ ਕੋਈ ਉਨ੍ਹਾਂ ਨੂੰ ਕਹਿੰਦਾ ਕਿ ਤੁਸੀਂ ਕਤਲ ਕਰ ਦਿੱਤੇ ਜਾਓਗੇ ਤਾਂ ਉਹ ਭੜਕ ਕੇ ਕਹਿੰਦੇ ਕਿ ਸਾਨੂੰ ਬੇਸ਼ੱਕ ਕਤਲ ਕਰ ਦਿਓ ਅਸੀਂ ਮੌਤ ਤੋਂ ਕਦੋਂ ਡਰਦੇ ਹਾਂ? ਜੇਕਰ ਅਸੀਂ ਮੌਤ ਤੋਂ ਡਰਦੇ ਤਾਂ ਤੁਹਾਡੇ ਨਾਲ ਇੰਨੇ ਯੁੱਧ ਕਿਵੇਂ ਕਰਦੇ।[੧੧]

ਇਸ ਦਰਦਨਾਕ ਲੜਾਈ ਵਿਚ ਇਕ ਘਟਨਾ ਦਾ ਬਿਆਨ ਨਹੀਂ ਕੀਤੀ। ਇਸਦਾ ਬਿਆਨ ਮੁਸਲਮਾਨ ਲੇਖਕ ਖ਼ਾਫ਼ੀ ਖ਼ਾਨ ਮੁਤਖ਼ਾਬ ਉਲ ਲੁਬਾਬ ਵਿਚ ਲਿਖਦਾ ਹੈ- ਜਦੋਂ ਸਿੱਖ ਕੈਦੀਆਂ ਦੇ ਕਤਲ ਦੀ ਗੱਲ ਚੱਲ ਰਹੀ ਸੀ ਤਾਂ ਇਕ ਸਿੰਘ ਦੀ ਮਾਂ ਆਪਣੇ ਪੁੱਤਰ ਦੀ ਰਿਹਾਈ ਵਾਸਤੇ ਉਸਨੂੰ ਸਿੱਖ ਨਾਂ ਦੱਸਦੇ ਹੋਏ ਹਿੰਦੂ ਦੱਸਦੀ ਹੋਈ ਆਪਣੇ ਪੁੱਤਰ ਦੀ ਜਾਨ ਬਖ਼ਸ਼ੀ ਦੇ ਹੁਕਮ ਲੈ ਕੇ ਆਉਂਦੀ ਹੈ। ਜਦੋਂ ਹੁਕਮ ਕੋਤਵਾਲ ਪਾਸ ਪਹੁੰਚਦਾ ਹੈ ਤਾਂ ਉਹ ਨੌਜੁਆਨ ਨੂੰ ਕਹਿੰਦਾ ਹੈ- 'ਤੂੰ ਖੁਸ਼ਕਿਸਮਤ ਹੈਂ ਜਿਹੜਾ ਮੌਤ ਤੋਂ ਬਚ ਗਿਆ ਹੈਂ। ਜਾਹ ਤੈਨੂੰ ਰਿਹਾਅ ਕੀਤਾ ਜਾਂਦਾ ਹੈ। ਔਹ ਸਾਹਮਣੇ ਤੇਰੀ ਮਾਂ ਖੜ੍ਹੀ ਹੈ, ਉਸ ਨੇ ਤੇਰੀ ਰਿਹਾਈ ਦਾ ਹੁਕਮ ਲਿਆਂਦਾ ਹੈ। ਇਹ ਸੁਣ ਕੇ ਨੌਜੁਆਨ ਲੋਹਾ-ਲਾਖਾ ਹੋਇਆ ਤੇ ਕਹਿਣ ਲੱਗਾ ਕਿ ਉਹ ਮੇਰੀ ਮਾਂ ਨਹੀਂ ਹੈ। ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹਾਂ, ਮੇਰੇ ਸਾਥੀ ਆਪਣੇ ਗੁਰੁ ਦੇ ਚਰਨਾਂ ਵਿਚ ਜਾ ਬੈਠੇ ਹਨ, ਮੈਨੂੰ ਵੀ ਛੇਤੀ ਮਾਰ ਤਾਂ ਕਿ ਮੈਂ ਵੀ ਉਨ੍ਹਾਂ ਨਾਲ ਰਲ ਜਾਵਾਂ। ਮੈਂ ਜਿਉਣਾ ਨਹੀਂ ਚਾਹੁੰਦਾ।[੧੨]

ਜਦੋਂ ਬੰਦਾ ਬਹਾਦਰ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਤਾਂ ਨਾ ਕਰਨ 'ਤੇ ਉਸਦੇ ਪੁੱਤਰ ਅਜੈ ਸਿੰਘ ਨੂੰ ਬਾਂਹ ਤੋਂ ਫੜ ਕੇ ਉਸਦੇ ਪੱਟ 'ਤੇ ਲਿਟਾ ਕੇ ਆਪਣੇ ਹੱਥੀਂ ਕਤਲ ਕਰਨ ਲਈ ਕਿਹਾ ਗਿਆ। ਦੁਸ਼ਮਣਾਂ ਨੇ ਬੰਦਾ ਬਹਾਦਰ ਦੀ ਗੋਦੀ ਵਿਚ ਛੁਰੀ ਨਾਲ ਅਜੈ ਸਿੰਘ ਨੂੰ ਕੋਹ ਸੁੱਟਿਆ। ਉਸ ਦੇ ਕੋਮਲ ਸਰੀਰ ਦੇ ਛੋਟੇ-ਛੋਟੇ ਟੁਕੜੇ ਕਰਕੇ ਪਿਤਾ ਦੇ ਮੂੰਹ ਤੇ ਮਾਰੇ ਗਏ। ਉਸ ਦੇ ਪੁੱਤਰ ਦਾ ਕਲੇਜਾ ਕੱਢ ਕੇ ਉਸ ਦੇ ਮੂੰਹ ਵਿਚ ਪਾਇਆ ਗਿਆ। ਬੰਦਾ ਬਹਾਦਰ ਦੇ ਮੂੰਹੋਂ ਇਕ ਵੀ ਸ਼ਬਦ ਨਹੀਂ ਨਿਕਲਿਆ। ਪੁੱਤਰ ਤੋਂ ਬਾਅਦ ਦੁਸ਼ਮਣਾਂ ਨੇ ਬੰਦਾ ਬਹਾਦਰ ਦੀ ਪਹਿਲਾਂ ਸੱਜੀ ਤੇ ਫਿਰ ਖੱਬੀ ਅੱਖ ਕੱਢੀ। ਇਸ ਸੂਰਮੇ ਦੇ ਸਰੀਰ ਦੇ ਤਲਵਾਰ ਨਾਲ ਹਜ਼ਾਰਾਂ ਟੋਟੇ ਕੀਤੇ ਗਏ। ਆਖਰ ੨੦ ਜੂਨ ੧੭੧੬ ਨੂੰ ਇਸ ਸੂਰਮੇ ਨੇ ਸ਼ਹੀਦੀ ਪਾਈ। ਡਾ. ਜਸਪਾਲ ਸਿੰਘ ਲਿਖਦੇ ਹਨ:

ਬੰਦਾ ਸਿੰਘ ਬਹਾਦਰ ਤੇ ਗੁਰੂ ਕੀ ਅਪਾਰ ਕਿਰਪਾ ਸੀ। ਉਸ ਦੀ ਅਤੇ ਉਸ ਦੇ ਸਾਥੀਆਂ ਦੀ ਸਿੱਖੀ ਕੇਸਾਂ ਨਾਲ ਨਿਭੀ ਹੈ, ਸਿੱਖੀ ਛੱਡ ਕੇ, ਸੰਘਰਸ਼ ਛੱਡ ਕੇ ਉਹ ਬਹੁਤ ਕੁਝ ਹਾਸਿਲ ਕਰ ਸਕਦਾ ਸੀ ਪਰ ਇਹ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਤੋਂ ਸੰਭਵ ਨਹੀਂ ਸੀ। ਅਗਰ ਬੰਦਾ ਸਿੰਘ ਮੌਤ ਹੱਸ ਕੇ ਨਾ ਸਹੇੜਦੇ, ਜੇ ਉਹ ਡੋਲ ਜਾਂਦੇ, ਜੇ ਉਹ ਸਿੱਖੀ ਆਖਰੀ ਕੇਸਾਂ ਸੁਆਸਾਂ ਤੱਕ ਨਾ ਨਿਭਾਉਂਦੇ, ਜੇ ਉਹ ਦੁਨੀਆ ਦੇ ਲਾਲਚਾਂ ਵਿਚ ਆ ਜਾਂਦੇ ਤਾਂ ਉਨ੍ਹਾਂ ਤੇ ਕੋਈ ਕਿੰਤੂ ਕਰ ਸਕਦਾ ਸੀ। ਜੇਕਰ ਕੋਈ ਉਨ੍ਹਾਂ ਦੇ ਵਿਅਕਤੀਤਵ ਉੱਤੇ ਕਿੰਤੂ-ਪਰੰਤੂ ਕਰਦਾ ਹੈ ਤਾਂ

ਉਹ ਸੱਚਾਈ ਨੂੰ ਅੱਖੋਂ ਉਹਲੇ ਕਰਦਾ ਹੈ ਅਤੇ ਜ਼ਰੂਰ ਉਸ ਵਿਚ ਕੋਈ ਸਵਾਰਥ ਜਾਂ ਨਫ਼ਰਤ ਦੀ ਭਾਵਨਾ ਹੋਵੇਗੀ।[੧੩]

ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਅਤੇ ਉਸਦਾ ਇਕ ਵੀ ਸਾਥੀ ਸਿੱਖ ਧਰਮ ਤੋਂ ਨਹੀਂ ਡੋਲਦਾ ਸਗੋਂ ਆਪਣੇ ਪਿੱਛੇ ਸਿੱਖਾਂ ਲਈ ਮਿਸਾਲ ਕਾਇਮ ਕਰਦੇ ਹਨ। ਇਹੋ ਜਿਹੇ ਕਰਮਯੋਗੀ ਸੰਤ ਸਿਪਾਹੀ ਨੂੰ ਮੇਰਾ ਪ੍ਰਣਾਮ ਹੈ।

## ਹਵਾਲੇ ਅਤੇ ਟਿੱਪਣੀਆਂ


੧. ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ, ਦਸਾਂ ਪਾਤਸ਼ਾਹੀਆਂ, ਪੰਨਾ ੧੮੪
੨. ਉਹੀ, ਪੰਨਾ ੧੯੭
੩. ਡਾ.ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੦, ਪੰਨਾ ੭
੪. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ੧੮੩੮
੫. ਕਰਮ ਸਿੰਘ ਹਿਸਟੋਰੀਅਨ, ਬੰਦਾ ਬਹਾਦਰ ਅਤੇ ਬੰਦਾ ਬਹਾਦਰ ਕੌਣ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੯੮
੬. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪੰਨਾ ੪੨੨
੭. ਉਹੀ, ਪੰਨਾ ੩੬
੮. ਉਹੀ, ਪੰਨਾ ੩੮੭
੯. ਡਾ. ਹਰਬੰਸ ਕੌਰ ਸਾਗੂ, ਬਾਬਾ ਬੰਦਾ ਸਿੰਘ ਬਹਾਦਰ ਜੀਵਨ ਅਤੇ ਪ੍ਰਾਪਤੀਆਂ, ੨੦੧੨, ਪੰਨਾ ੩੦੯
੧੦. ਉਹੀ, ਪੰਨਾ ੩੧੦
੧੧. ਇਬਰਤਨਾਮਾ, ਮੁਹੰਮਦ ਹਰੀਸੀ, ਹਵਾਲਾ ਡਾ. ਹਰਬੰਸ ਕੌਰ ਸਾਗੂ, ਬਾਬਾ ਬੰਦਾ ਬਹਾਦਰ ਜੀਵਨ ਅਤੇ ਪ੍ਰਾਪਤੀਆਂ
੧੨. ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ ੧੩੪
੧੩. ਡਾ. ਜਸਪਾਲ ਸਿੰਘ, ਸਿੱਖ ਧਰਮ ਤੇ ਰਾਜਨੀਤੀ


**ਗੁਰੂ ਤੇਗ ਬਹਾਦਰ ਖਾਲਸਾ ਕਾਲਜ,**
**ਦਿੱਲੀ ਯੂਨੀਵਰਸਿਟੀ।**

# ਭਾਈ ਵੀਰ ਸਿੰਘ ਕਾਵਿ ਵਿੱਚ ਕਸ਼ਮੀਰ

## (ਮਟਕ ਹੁਲਾਰੇ ਦੇ ਵਿਸ਼ੇਸ਼ ਸੰਦਰਭ ਵਿੱਚ)

❑ ਮੋਨਿਕਾ (ਖੋਜਾਰਥੀ)

❑ ਡਾ. ਪ੍ਰੀਤਮ ਸਿੰਘ (ਨਿਗਰਾਨ)

1.

ਭਾਈ ਵੀਰ ਸਿੰਘ ਜੀ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਕਿਹਾ ਜਾਂਦਾ ਹੈ। ਉਹ ਵੀਹਵੀਂ ਸਦੀ ਦੇ ਸਭ ਤੋਂ ਉੱਘੇ ਤੇ ਮਹਾਨ ਪੰਜਾਬੀ ਸਾਹਿਤਕਾਰ ਸਨ ਅਤੇ ਉਨ੍ਹਾਂ ਨੇ ਆਪਣੀ ਉਮਰ ਦਾ ਵਡੇਰਾ ਭਾਗ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੀ ਅਣਥੱਕ ਸੇਵਾ ਕਰਨ ਵਿੱਚ ਬਤੀਤ ਕੀਤਾ। ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ: ਨੂੰ ਅੰਮ੍ਰਿਤਸਰ ਵਿਖੇ ਡਾਕਟਰ ਚਰਨ ਸਿੰਘ ਦੇ ਘਰ ਹੋਇਆਂ ਇਹ ਪਰਿਵਾਰ ਇੱਕ ਇਤਿਹਾਸਿਕ ਅਤੇ ਸਾਹਿਤਕ ਪਿਛੋਕੜ ਵਾਲਾਂ ਸੀ। ਇਨ੍ਹਾਂ ਦਾ ਬਾਬਾ ਭਾਈ ਕਾਹਨ ਸਿੰਘ ਤੇ ਪਿਤਾ ਡਾ. ਚਰਨ ਸਿੰਘ ਬ੍ਰਜ ਭਾਸ਼ਾ ਤੇ ਪੰਜਾਬੀ ਦੇ ਪ੍ਰਸਿੱਧ ਲੇਖਕ ਸਨ। ਜਨਮ ਤੋਂ ਹੀ ਆਪ ਸਿੱਖੀ ਜੀਵਨ ਦੇ ਆਦਰਸ਼ਾਂ ਨੂੰ ਆਪਣੇ ਜਨਮ ਸੰਸਕਾਰਾਂ ਦੇ ਰੂਪ ਵਿੱਚ ਗ੍ਰਹਿਣ ਕਰ ਚੁੱਕੇ ਸਨ। ਸਿੱਖੀ ਜੀਵਨ ਆਦਰਸ਼ ਉਨ੍ਹਾਂ ਦੇ ਮਨ , ਆਤਮਾ ਅਤੇ ਖ਼ੂਨ ਵਿੱਚ ਹੀ ਵਿਦਮਾਨ ਸੀ। ਇਸੇ ਅੰਤਰੀਵ ਲਗਨ ਤੇ ਪ੍ਰੇਰਨਾ ਵਿੱਚੋਂ ਉਨ੍ਹਾਂ ਦੀ ਸਾਹਿਤਕ ਘਾਲਣਾ ਤੇ ਸਿਰਜਨਾ ਨੇ ਇੱਕ ਵਿਸ਼ੇਸ਼ ਦਿਸ਼ਾ ਨੂੰ ਧਾਰਨ ਕੀਤਾ। ਆਪਣੇ ਨਾਨਕਾ ਪਰਿਵਾਰ ਵੱਲੋਂ ਉਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਵੀ ਇੱਕ ਸੁਯੋਗ ਵਿਦਵਾਨ ਲੇਖਕ , ਟੀਕਾਕਾਰ ਅਤੇ ਅਨੁਵਾਦਕ ਸਨ। ਭਾਈ ਵੀਰ ਸਿੰਘ ਜੀ ਦੇ ਦਾਦਾ ਜੀ ਤੇ ਪਿਤਾ ਡਾ. ਚਰਨ ਸਿੰਘ ਦੁਆਰਾ ਕਰਵਾਏ ਗਏ ਪ੍ਰਥਮ ਅਭਿਆਸਾਂ ਨੇ ਭਾਈ ਵੀਰ ਸਿੰਘ ਜੀ ਨੂੰ ਉੱਘੇ ਪੰਜਾਬੀ ਕਵੀ ਅਤੇ ਗਦਕਾਰ ਦੇ ਰੂਪ ਵਿੱਚ ਉਭਾਰਨ ਲਈ ਵੱਡੀ ਭੂਮਿਕਾ ਨਿਭਾਈ ਹੈ। ਭਾਈ ਵੀਰ ਸਿੰਘ ਨਵੀਨ ਪੰਜਾਬੀ ਸਾਹਿਤ ਦੇ ਮੋਢੀ ਹੋਣ ਦੇ ਨਾਲ-ਨਾਲ ਆਧੁਨਿਕ ਪੰਜਾਬੀ ਸਾਹਿਤ ਦੀਆਂ ਕਈ ਵੱਖ-ਵੱਖ ਵਿਧਾਵਾਂ ਦੇ ਸੰਚਾਲਕ ਵੀ ਰਹੇ। ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਠੀਕ ਤਰ੍ਹਾਂ ਸਮਝਣ ਲਈ 19 ਵੀ ਸਦੀ ਦੇ ਪਿਛਲੇ ਅੱਧ ਦੀ ਪੰਜਾਬੀ ਦੀ ਸਮੁੱਚੀ ਸਥਿਤੀ ਤੇ ਝਾਤ ਮਾਰਨੀ ਜਰੂਰੀ ਹੈ।

ਮਾਰਚ 1848 ਵਿੱਚ ਅੰਗਰੇਜ਼ਾਂ ਦਾ ਪੰਜਾਬ ਉੱਤੇ ਪੂਰਨ ਅਧਿਕਾਰ ਹੋ ਗਿਆ ਸੀ। ਇਹ ਗੱਲ ਜਗ ਜ਼ਾਹਿਰ ਸੀ ਕਿ ਉਨ੍ਹਾਂ ਨੇ ਪੰਜਾਬ ਨੂੰ ਨਿਰੋਲ ਤਾਕਤ ਨਾਲ ਨਹੀਂ ਸੀ ਹਰਾਇਆ। ਇਸ ਕਰਕੇ ਬ੍ਰਿਟਿਸ਼ ਹਕੂਮਤ ਨੂੰ ਇੱਥੋਂ ਦੇ ਲੋਕਾਂ ਤੋਂ ਬਗਾਵਤ ਦਾ ਵਧੇਰੇ ਖਤਰਾ ਸੀ। ਜਿਸ ਲਈ

ਅੰਗਰੇਜ਼ੀ ਰਾਜ ਦੀ ਪੱਕੀ ਸਥਾਪਤੀ ਲਈ ਸਾਹਿਤ ਦਾ ਸਹਾਰਾ ਲਿਆ ਗਿਆ ਅਤੇ ਉਨ੍ਹਾਂ ਦੇ ਮਨ ਅੰਦਰ ਧਰਮ ਦਾ ਪ੍ਰਚਾਰ ਕਰਨ ਦਾ ਖਿਆਲ ਆਇਆ। ਸਭ ਤੋਂ ਪਹਿਲਾਂ ਬਾਈਬਲ ਦਾ ਅਨੁਵਾਦ ਕਰਨ ਉੱਪਰ ਜ਼ੋਰ ਦਿੱਤਾ ਗਿਆ , ਇਹ ਕੰਮ 1837 ਈ. ਵਿੱਚ ਲੁਧਿਆਣਾ ਮਿਸ਼ਨ ਨੇ ਸੰਭਾਲਿਆ। ਮਿਸ਼ਨ ਚਾਹੁੰਦਾ ਸੀ ਕਿ ਆਮ ਲੋਕਾਂ ਨੂੰ ਪੜਨ ਲਈ ਬਾਈਬਲ ਦਿੱਤੀ ਜਾਏ, ਤਾਂ ਜੋ ਉਹ ਵੱਧ ਤੋਂ ਵੱਧ ਈਸਾਈ ਧਰਮ ਵੱਲ ਆਕਰਸ਼ਿਤ ਹੋ ਜਾਣ। ਜਿਸ ਦੇ ਚੱਲਦੇ ਈਸਾਈ ਮਿਸ਼ਨਰੀਆਂ ਨੇ ਪੰਜਾਬ ਵਿੱਚ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਸਿੱਖਾਂ ਨੇ ਮੁਗਲਾਂ ਨਾਲ ਸੰਘਰਸ਼ ਕੀਤਾ ਫਿਰ ਅਫ਼ਗਾਨਾ ਨਾਲ ਯੁੱਧ ਕਰਦੇ ਰਹੇ, ਇਹ ਉਹ ਸਮਾਂ ਸੀ ਜਦੋਂ ਸਿੱਖ ਕੌਮ ਸਮਾਜਿਕ ਕੁਰੀਤੀਆਂ ਤੋਂ ਕੋਹਾਂ ਦੂਰ ਸੀ, ਪਰ ਰਾਜਸੀ ਤਾਕਤਾਂ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਸਮਾਜ ਵਿੱਚ ਬੜੀ ਗਿਰਾਵਟ ਆਂ ਗਈ। ਇੰਗਲੈਂਡ ਦੀ ਚਰਚ ਮਿਸ਼ਨਰੀ ਸੁਸਾਇਟੀ ਨੇ ਅਮ੍ਰਿਤਸਰ ਅਤੇ ਲਾਹੌਰ ਦੇ ਨੇੜੇ ਨੇੜੇ ਕਈ ਕੇਂਦਰ ਬਣਾ ਲਏ ਸਨ। ਅਮ੍ਰਿਤਸਰ ਵਿੱਚ ਮਿਸ਼ਨ ਸਕੂਲ ਚਰਚ ਮਿਸ਼ਨਰੀ ਸੁਸਾਇਟੀ ਨੇ 1853 ਈ. ਵਿੱਚ ਖੋਲਿਆ, ਇਸੇ ਸਾਲ ਹੀ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਇਆ ਗਿਆ। ਈਸਾਈ ਮਤ ਦੇ ਪ੍ਰਚਾਰ ਹੇਠ ਅਮ੍ਰਿਤਸਰ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਹੋ ਜਾਣ ਦਾ ਐਲਾਨ ਕਰ ਦਿੱਤਾ। ਸਿੱਖਾਂ ਦੇ ਧਾਰਮਿਕ ਕੇਂਦਰ ਵਿੱਚ ਸਿੱਖੀ ਨੂੰ ਢਾਹ ਲੱਗਦੀ ਦੇਖ ਕੇ ਸਿੱਖ ਲੀਡਰਾਂ ਨੂੰ ਬਹੁਤ ਫ਼ੀਕਰ ਹੋਇਆਂ ਜਿਸ ਦੇ ਸਦਕੇ 1873 ਈ. ਵਿੱਚ ਸਿੰਘ ਸਭਾ ਸਥਾਪਿਤ ਕੀਤੀ ਗਈ।

ਭਾਈ ਵੀਰ ਸਿੰਘ ਜੀ ਨੇ ਜਦੋਂ ਹੋਸ਼ ਸੰਭਾਲੀ ਤਾਂ ਸਿੱਖ ਨਾ ਕੇਵਲ ਆਪਸ ਵਿੱਚ ਲੜ ਰਹੇ ਸਨ ਸਗੋਂ ਸਿੱਖਾਂ ਤੇ ਈਸਾਈਆਂ ਅਤੇ ਆਰੀਆਂ ਸਮਾਜੀਆਂ ਦੇ ਵੱਲੋਂ ਵੀ ਹਮਲੇ ਹੋ ਰਹੇ ਸਨ ਜਿਸ ਦੇ ਜਰੀਏ ਸਿੱਖ ਧਰਮ ਨੂੰ ਨੀਵਾਂ ਦਰਸਾਇਆਂ ਜਾਂ ਰਿਹਾ ਸੀ। ਅਜਿਹੇ ਨਾਜ਼ੁਕ ਹਲਾਤਾਂ ਵਿੱਚ ਭਾਈ ਵੀਰ ਸਿੰਘ ਨੇ ਆਪਣੀ ਕਲਮ ਨੂੰ ਹਥਿਆਰ ਬਣਾਇਆ। ਜਿਸ ਦਾ ਮੁੱਖ ਨਿਸ਼ਾਨਾ ਸਿੱਖ ਧਰਮ ਦੇ ਆਦਰਸ਼ਕ ਰੂਪ ਨੂੰ ਪੇਸ਼ ਕਰਨਾ ਸੀ ਤਾਂ ਜੋ ਸਿੱਖ ਧਰਮ ਵਿੱਚ ਜੋ ਕੁਰੀਤੀਆਂ ਘਰ ਕਰ ਗਈਆਂ ਸਨ ਉਨ੍ਹਾਂ ਨੂੰ ਖਤਮ ਕੀਤਾ ਜਾਂ ਸਕੇ। ਇਸ ਲਈ ਭਾਈ ਵੀਰ ਸਿੰਘ ਨੇ ਅਜਿਹੇ ਸਾਹਿਤ ਦੀ ਰਚਨਾ ਕੀਤੀ ਜਿਸ ਨਾਲ ਸਿੱਖ ਪੰਥ ਨੂੰ ਮਜਬੂਤੀ ਪ੍ਰਦਾਨ ਕੀਤੀ ਜਾਂ ਸਕੇ। 18 ਵੀ ਸਦੀ ਸਿੱਖ ਇਤਿਹਾਸ ਲਈ ਬਹੁਤ ਅਹਿਮ ਸਮਾਂ ਹੈ। ਕਿਉ ਕਿ ਇਹ ਸਮਾਂ ਸਿੱਖ ਪੰਥ ਲਈ ਸੰਘਰਸ਼ ਤੇ ਕੁਰਬਾਨੀਆਂ ਭਰਿਆਂ ਸੀ ਤੇ ਇਸੇ ਸਦੀ ਦੀ ਜੀਵਨ ਰੇਖਾ ਨੂੰ ਆਧਾਰ ਬਣਾ ਕਿ 20 ਵੀ ਸਦੀ ਵਿੱਚ ਵਾਪਰ ਰਹੀਆਂ ਧਾਰਮਿਕ ਕੁਰੀਤੀਆਂ ਨੂੰ ਰੋਕਿਆ ਜਾਂ ਸਕਦਾ ਸੀ। ਇਸ ਲਈ ਨੰਗੇ ਧੜ ਸਾਹਿਤ ਪੈਦਾ ਕਰਨ ਦਾ ਆਪ ਨੇ ਬੀੜਾਂ ਚੁੱਕ ਲਿਆ। ਅਜੇ ਆਪ ਮੈਟ੍ਰਿਕ ਵਿੱਚ ਹੀ ਪੜਦੇ ਸਨ ਕਿ ਇੱਕ ਪੁਰਾਤਨ ਗੀਤ ਦੇ ਅਧਾਰ ਤੇ ਇੱਕ ਸਿੱਖ ਬੀਬੀ ਸੁੰਦਰੀ ਦੇ ਧਰਮ ਦੀ ਵਾਰਤਾ ਬੜੇ ਰੌਚਕ ਢੰਗ ਵਿੱਚ ਆਪ ਨੇ ਲਿਖੀ , ਇਹ ਆਪਣੇ ਸਾਹਿਤ ਦਾ ਸ਼ੁਭ ਆਰੰਭ ਸੀ।

ਸੁੰਦਰੀ ਨਾਵਲ ਕਿਸੇ ਇੱਕ ਇਤਿਹਾਸਕ ਘਟਨਾ ਉੱਪਰ ਅਧਾਰਿਤ ਨਾ ਹੋ ਕਿ 18 ਵੀ ਸਦੀ ਦੇ ਇਤਿਹਾਸ ਨੂੰ ਪੇਸ਼ ਕਰਨ ਦਾ ਕਾਰਜ ਕਰਦਾ ਹੈ।

ਭਾਈ ਵੀਰ ਸਿੰਘ ਜੀ ਨੇ ਨਾਵਲ ਤੋਂ ਇਲਾਵਾ ਨਾਟਕ, ਜੀਵਨੀ ਸਾਹਿਤ, ਟੀਕੇ, ਸੰਪਾਦਨ ਅਤੇ ਕਵਿਤਾ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਅਗਰ ਅਸੀ ਇਨ੍ਹਾਂ ਦੀਆ ਕਾਵਿਕ ਰਚਨਾਵਾਂ, ਦੀ ਗੱਲ ਕਰੀਏ ਤਾਂ ਭਾਈ ਵੀਰ ਸਿੰਘ ਜੀ ਦੀ ਪਹਿਲੀ ਕਾਵਿ ਰਚਨਾ '**ਨਿਨਾਣ ਭਰਜਾਈ**' ਸੀ ਜੋ (1900) ਈ. ਵਿੱਚ ਪ੍ਰਕਾਸ਼ਿਤ ਹੋਈ ਇਹ ਰਚਨਾ ਸਮਾਜ ਸੁਧਾਰ ਦੇ ਮਕਸਦ ਨਾਲ ਲਿਖੀ ਗਈ ਸੀ। '**ਰਾਣਾ ਸੂਰਤ ਸਿੰਘ**' ਇਹ ਮਹਾਕਾਵਿ 1919 ਵਿੱਚ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਹੋਇਆਂ। '**ਦਿਲ ਤਰੰਗ**' (1920), '**ਤ੍ਰੇਲ ਤੁਪਕਾ**' (1921), **ਲਹਿਰਾ ਦੇ ਹਾਰ** (1921), **ਮਟਕ ਹੁਲਾਰੇ** (1922) , **ਬਿਜਲੀਆਂ ਦੇ ਹਾਰ** (1927), **ਪ੍ਰੀਤ ਵੀਣਾ, (**1929), **ਮੇਰੇ ਸਾਂਈਆ ਜੀਓ** (1953), **ਕੰਬਦੀ ਕਲਾਈ** (1933) **, ਨਿੱਕੀ ਗੋਦ ਵਿੱਚ , ਕੰਤ ਮਹੇਲੀ - ਬਾਰਾਮਾਹ (**1950) ਹਨ। ਹੱਥਲੇ ਖੋਜ ਪੱਤਰ ਵਿੱਚ ਭਾਈ ਵੀਰ ਸਿੰਘ ਦੀ ਕਾਵਿ ਰਚਨਾ **ਮਟਕ ਹੁਲਾਰੇ** ਵਿੱਚ ਕਸ਼ਮੀਰ ਦੇ ਪ੍ਰਕਿਰਤਿਕ ਚਿੱਤਰਨ ਦੇ ਸੰਦਰਭ ਵਿੱਚ ਚਰਚਾ ਕੀਤੀ ਗਈ ਹੈ।

**2.**

**"ਮਟਕ ਹੁਲਾਰੇ' ਕਾਵਿ ਸੰਗ੍ਰਹਿ 1922 ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਭਾਈ ਵੀਰ ਸਿੰਘ ਜੀ ਵੱਲੋਂ ਆਪਣੀ ਕਸ਼ਮੀਰ ਯਾਤਰਾ ਸਮੇਂ ਲਿਖੀਆਂ ਕਵਿਤਾਵਾਂ ਸੰਕਲਿਤ ਹਨ। ਇਸ ਸੰਗ੍ਰਹਿ ਦੀਆਂ ਛੋਟੀਆਂ ਕਵਿਤਾਵਾਂ ਨੂੰ ਤਿੰਨ ਭਾਗਾਂ ਵਿੱਚ ਵਿਭਾਜਿਤ ਕੀਤੀਆਂ ਗਈਆਂ ਹਨ। : ਰਸ-ਰੰਗ-ਛੁਹ, ਪੱਥਰ-ਕੰਬਣੀਆਂ ਅਤੇ ਕਸ਼ਮੀਰ ਨਜ਼ਾਰੇ। ਇਨ੍ਹਾਂ ਤੋਂ ਇਲਾਵਾ ਚਾਰ ਲੰਬੀਆਂ ਕਵਿਤਾਵਾਂ ਲੱਲੀ , ਨਿਸ਼ਾਤ ਬਾਗ਼ , ਨੂਰਜਹਾਂ ,ਫਰਮੁਰਜ਼ ਦੀ ਵਿਲਕਣੀ ਅੰਕਿਤ ਹਨ।"** [1] ਇਹ ਕਵਿਤਾਵਾਂ ਕਸ਼ਮੀਰ ਦੇ ਸਭਿਆਚਾਰ ,ਖ਼ੂਬਸੂਰਤ ਪ੍ਰਾਕ੍ਰਿਤਿਕ ਦ੍ਰਿਸ਼ਾਂ ਅਤੇ ਨਜ਼ਾਰਿਆਂ ਨਾਲ ਸੰਬੰਧਿਤ ਹਨ। ਪ੍ਰਕ੍ਰਿਤੀ ਚਿਤ੍ਰਣ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਨਿਰਾਲੀ ਵਿਸ਼ੇਸ਼ਤਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਕਈ ਇਤਿਹਾਸਕ ਅਤੇ ਮਿਥਿਹਾਸਕ ਸੰਕੇਤ ਵੀ ਮਿਲਦੇ ਹਨ। '**ਮਟਕ ਹੁਲਾਰੇ** ' ਕਾਵਿ ਸੰਗ੍ਰਹਿ ਭਾਈ ਵੀਰ ਸਿੰਘ ਦੀ ਕਾਵਿ ਸਿਰਜਣਾ ਵਿੱਚ ਅਹਿਮ ਸਥਾਨ ਰੱਖਦਾ ਹੈ। ਮੁੱਖ ਰੂਪ ਵਿੱਚ ਇਹ ਬੇਨਜ਼ੀਰ ਕਸ਼ਮੀਰ ਦੀ ਪ੍ਰਕ੍ਰਿਤਿਕ ਸੁਹਜ ਦਾ ਹੀ ਕਲਾਤਮਕ ਚਿਤਰਨ ਹੈ।

**3.**

ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਭਾਈ ਵੀਰ ਸਿੰਘ ਇਕ ਪ੍ਰਤਿਭਾਵਾਨ ਕਵੀ ਸਨ। ਉਨ੍ਹਾਂ ਦੀ ਕਵਿਤਾ ਵਿੱਚ ਰਹੱਸਵਾਦ ਤੇ ਪ੍ਰਕਿਰਤੀਵਾਦ ਦੋ ਅਜਿਹੀਆਂ ਪ੍ਰਵਿਰਤੀਆਂ ਹਨ

ਜਿਹੜੀਆਂ ਬਹੁਤ ਉਘੜ ਕੇ ਸਾਹਮਣੇ ਆਉਂਦੀਆਂ ਹਨ। ਭਾਈ ਸਾਹਿਬ ਮੂਲ ਰੂਪ ਵਿੱਚ ਰਹੱਸਵਾਦੀ ਕਵੀ ਸਨ । ਰੱਬ ਦੇ ਕਰਤਾਰੀ ਗੁਣ ਅਤੇ ਸਰਬ ਸ਼ਕਤੀਮਾਨਤਾ ਵਿੱਚ ਉਨ੍ਹਾਂ ਨੂੰ ਪੂਰਨ ਨਿਸ਼ਚਾ ਸੀ । ਰੱਬੀ ਪਿਆਰ ਉਨ੍ਹਾਂ ਦਾ ਅਧਾਰ ਵੀ ਸੀ ਅਤੇ ਲਕਸ਼ ਵੀ, ਭਾਈ ਵੀਰ ਸਿੰਘ ਦੀ ਸਖਸ਼ੀਅਤ ਦੀ ਮੂਲ ਪ੍ਰਵਿਰਤੀ ਭਗਤੀ ਕਾਲ ਦੇ ਸੰਤਾ ਤੇ ਉਨ੍ਹਾਂ ਦੀਆਂ ਰਚਨਾਵਾਂ ਵਰਗੀ ਹੈ। ਸੰਤ ਕਵਿਤਾ ਵਿੱਚ ਪ੍ਰਮਾਤਮਾ ਨੂੰ ਪਾਉਣ ਦੀ ਜੋ ਵਿਆਖਿਆਂ ਸੰਤ ਕਵੀ ਕਰਦੇ ਹਨ , ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਉਹੀ ਵਿਆਖਿਆਂ ਨਜ਼ਰ ਆਉਂਦੀ ਹੈ। ਭਾਈ ਸਾਹਿਬ ਦੀ ਕਵਿਤਾ ਦੀ ਸੁਰ ਪ੍ਰੀਤਮ (ਪ੍ਰਮਾਤਮਾ) ਦੇ ਵਿਛੋੜੇ ਵਿੱਚ ਰੋਸ ਜਾਂ ਸ਼ਿਕਾਇਤ ਪ੍ਰਗਟ ਕਰਨ ਵਾਲੀ ਨਹੀਂ ਬਲਕਿ ਪੂਰੀ ਤਰ੍ਹਾਂ ਨਾਲ ਸਮਰਪਣ ਅਤੇ ਦ੍ਰਿੜ੍ਹ ਭਵਨਾ ਹੈ। **"ਪਰਮ ਤੱਤ ਦਾ ਖੋਜੀ ਕਵੀ ਪ੍ਰਕਿਰਤੀ ਅਤੇ ਮਨੁੱਖ ਦੋਹਾਂ ਅੰਦਰ ਇੱਕੋ ਸ਼ਕਤੀ ਨੂੰ ਦੇਖਦਾ ਹੋਇਆਂ ਪ੍ਰਕਿਰਤੀ ਵਿੱਚੋਂ ਪਰਮ-ਆਤਮਾ ਦੀ ਝਲਕ ਦੇਖਦਾ ਹੈ।"** [2]

ਇਸੇ ਤਰ੍ਹਾਂ ਭਾਵੇਂ ਭਾਰਤੀ ਕਵਿਤਾ ਵਿੱਚ ਪ੍ਰਾਚੀਨ ਕਾਲ ਤੋਂ ਪ੍ਰਕਿਰਤੀ ਦਾ ਕਲਾਤਮਕ ਵਰਣਨ ਅਤੇ ਇਸ ਦਾ ਸੁਹਜਾਤਮਕ ਚਿਤਰਨ ਕਵੀਆਂ ਦੀ ਰਚਨਾ ਦਾ ਵਿਸ਼ੇਸ਼ ਅੰਗ ਰਿਹਾ ਹੈ , ਪਰ ਜਿਸ ਉਚੇਰੇ ਸੰਦਰਭ ਵਿੱਚ ਪ੍ਰਕਿਰਤੀ ਪ੍ਰੇਮ ਆਧੁਨਿਕ ਕਵੀਆਂ ਦੀ ਰਚਨਾ ਦਾ ਮੁਲਵਾਨ ਅੰਗ ਬਣਿਆ , ਉਸ ਵਿੱਚ ਪੱਛਮੀ ਕਵਿਤਾ ਵਿਸ਼ੇਸ਼ ਕਰਕੇ 18 ਵੀਂ ਸਦੀ ਦੀ ਰੁਮਾਂਟਿਕ ਕਵਿਤਾ ਦੇ ਪ੍ਰਭਾਵਾਂ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ। ਸ਼ਿੰਗਾਰ ਕਾਵਿ ਵਿੱਚ ਪ੍ਰਕਿਰਤੀ ਚਿਤਰਨ ਕਵੀਆਂ ਦੀਆਂ ਰਚਨਾਵਾਂ ਦਾ ਪ੍ਰਮੁੱਖ ਅੰਗ ਰਿਹਾ ਹੈ। "ਮਨੁੱਖ, ਪ੍ਰਕਿਰਤੀ ਅਤੇ ਪ੍ਰਭੂ ਦੇ ਰਿਸ਼ਤੇ ਨੂੰ ਪ੍ਰਕਿਰਤੀ ਦੁਆਰਾ ਕਵੀ ਵਧੇਰੇ ਪ੍ਰਤੀਕਾਤਮਕ ਜਾਂ ਸੰਜੀਵ ਰੂਪ ਦਿੰਦੇ ਆਏ ਹਨ। ਬਨਸਪਤੀ ਜਗਤ ਦੀ ਅਦਭੁਤ ਲੀਲਾ, ਉਸਦੇ ਪਿਛੋਕੜ ਵਿੱਚ ਪਰਬਤਾਂ, ਨਦੀਆਂ, ਘਾਟੀਆਂ, ਸਾਗਰ ਤੱਟਾਂ ਦੀ ਵਿਸ਼ਾਲ ਵਿਵਧਤਾ, ਫੁੱਲਾਂ, ਫਲਾਂ ਦੇ ਗੰਧ ਰਸ, ਕੁਦਰਤੀ ਦ੍ਰਿਸ਼ ਮਨੁੱਖੀ ਦਿਲਾਂ ਨੂੰ ਸਦਾ ਆਕਰਸ਼ਿਤ ਕਰਦੇ ਰਹੇ ਹਨ ਅਤੇ ਕਵੀਆਂ ਦੀ ਕਲਪਨਾ ਨੂੰ ਟੁੰਬਦੇ ਆਏ ਹਨ। ਕਾਦਰ ਦਾ ਕੁਦਰਤ ਵਿੱਚ ਵਾਸ ਜਾਂ ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤ ਨਾ ਜਾਈ ਲਿਖਿਆ' (ਆਸਾ ਦੀ ਵਾਰ) ਦਾ ਸਿਧਾਂਤ ਭਾਰਤੀ ਅਧਿਆਤਮਕ ਕਵਿਤਾ ਦਾ ਵੀ ਬਲਵਾਨ ਅੰਗ ਰਿਹਾ ਹੈ, ਜਿਸ ਵਿੱਚ ਕਵੀ ਪਰਮਾਤਮਾ ਦੇ ਪਰਮ ਸੁੰਦਰ ਸਰੂਪ ਨੂੰ ਪ੍ਰਕਿਰਤੀ ਦੇ ਸੁਹਜ ਦ੍ਰਿਸ਼ਾਂ ਰਾਹੀਂ ਨਿਹਾਰਦੇ ਆਏ ਹਨ।" ਪ੍ਰਕਿਰਤੀ ਨੂੰ ਪਰਮਾਤਮਾ ਦੇ ਆਤਮਾ ਦੇ ਪ੍ਰਤੀਕ ਜਾਂ ਕਵੀ ਦੇ ਨਿਜ ਦੇ ਮਾਨਵੀਕ੍ਰਿਤ ਸਰੂਪ ਵਜੋਂ ਚਿਤਰਨ ਦੀ ਪਰੰਪਰਾ ਬਹੁਤ ਪੁਰਾਣੀ ਹੈ। ਹਰ ਕਵੀ ਕਿਉਂਜੋ ਸੂਖਮ ਭਾਵੀ ਸੁਹਿਰਦ ਵਿਅਕਤੀ ਹੁੰਦਾ ਹੈ। ਉਹ ਪ੍ਰੇਮ ਤੇ ਕਰੁਣਾ ਦੇ ਅਮੁੱਕ ਭੰਡਾਰ ਆਪਣੇ ਦਿਲ ਵਿੱਚ ਲਈ ਬੈਠਾ ਹੁੰਦਾ ਹੈ। ਪ੍ਰਕਿਰਤੀ ਦੀ ਸੁੰਦਰਤਾ ਉਸ ਦੇ ਮਨ ਨੂੰ ਮੋਹਦੀ ਹੈ ਅਤੇ ਉਸ ਦੀ ਕਵਿਤਾ ਦਾ ਸ਼ਿੰਗਾਰ ਬਣਦੀ ਹੈ।

ਭਾਈ ਵੀਰ ਸਿੰਘ ਦਾ ਮੂਲ ਵਿਸ਼ਵਾਸ ਪਰਮਾਤਮਾ ਦੀ ਹੋਂਦ ਵਿੱਚ ਸੀ ਅਤੇ ਉਹ ਉਸ ਪਰਮਾਤਮਾ ਦੀ ਸੁੰਦਰਤਾ ਤੇ ਮੋਹਿਤ ਸਨ। ਉਨ੍ਹਾਂ ਨੂੰ ਪ੍ਰੀਤਮ ਦਾ ਹੁਸਨ ਪ੍ਰਕਿਰਤੀ ਦੇ ਕਣ-ਕਣ

ਵਿੱਚ ਦਿਖਾਈ ਦਿੰਦਾ ਸੀ। ਭਾਈ ਸਾਹਿਬ ਦਾ ਪ੍ਰਕਿਰਤੀ ਲਈ ਪਿਆਰ ਜਮਾਂਦਰੂ ਸੀ। ਅਸਲ ਵਿੱਚ ਪ੍ਰਕਿਰਤੀ ਜਿੱਥੇ ਦਾਰਸ਼ਨਿਕ ਤੇ ਅਧਿਆਤਮਕ ਰਹੱਸ ਨੂੰ ਸਪਸ਼ਟ ਕਰਦੀ ਹੈ, ਉੱਥੇ ਪ੍ਰਕਿਰਤੀ ਦੀ ਸੁੰਦਰਤਾ ਆਪਣੇ ਆਪ ਹੀ ਸ਼ਾਤ ਤੇ ਇਕਾਂਤ ਵਾਯੂ ਮੰਡਲ ਪੈਦਾ ਕਰਕੇ ਮਾਨਵ ਨੂੰ ਕੀਲ ਕੇ ਆਤਮਕ ਤੌਰ ਤੇ ਉਤੇਜਿਤ ਕਰਨ ਦੀ ਸ਼ਕਤੀ ਰੱਖਦੀ ਹੈ। ਇਸ ਲਈ ਹਰੇਕ ਕੋਮਲ ਭਾਵੀ ਅਤੇ ਸੂਖਮ ਬ੍ਰਿਤੀ ਵਾਲਾਂ ਮਨੁੱਖ ਪ੍ਰਕਿਰਤੀ ਵੱਲ ਆਪੇ ਖਿੱਚਿਆਂ ਜਾਂਦਾ ਹੈ। ਭਾਈ ਸਾਹਿਬ ਦੇ ਮੁੱਢਲੇ ਸਭਿਆਚਾਰਸ਼ੀਲ, ਸੁਹਿਰਦ ਅਤੇ ਰਸਿਕ ਘਰੋਗੀ ਵਾਯੂਮੰਡਲ ਨੇ ਸ਼ੁਰੂ ਤੋਂ ਹੀ ਉਨ੍ਹਾਂ ਦੀਆਂ ਸੂਖਮ ਬਿਰਤੀਆਂ ਨੂੰ ਟੁੰਬ ਕੇ ਪ੍ਰਕਿਰਤੀ ਪ੍ਰੇਮ ਲਈ ਜਗਾਂ ਦਿੱਤਾ ਸੀ। ਵੱਡੇ ਹੋ ਕਿ ਉਹ ਜਿੱਥੇ-ਜਿੱਥੇ ਰਹੇ ਸਨ , ਉਨ੍ਹਾਂ ਨੇ ਪ੍ਰਕਿਰਤੀ ਦੇ ਸਾਥ ਨੂੰ ਕੋਲੋਂ ਮਾਣਨ ਲਈ ਆਪਣੇ ਨਿਵਾਸ ਅਸਥਾਨਾਂ ਨੂੰ ਕੁਦਰਤ ਦੀਆਂ ਰੰਗੀਨੀਆਂ ਨਾਲ ਸ਼ਿੰਗਾਰ ਕੇ ਰੱਖਿਆਂ ਸੀ। ਇਸ ਦੇ ਨਾਲ ਆਰਥਿਕ ਵਸੀਲੇ ਸੰਤੋਖ ਜਨਕ ਹੋਣ ਕਰਕੇ ਪ੍ਰਕਿਰਤੀ ਦੀ ਸੁੰਦਰਤਾ ਨੂੰ ਭਰਪੂਰ ਰੂਪ ਵਿੱਚ ਮਾਣਨ ਲਈ ਤੇ ਸਾਹਿਤਕ ਕਾਰਜ ਨੂੰ ਸੰਤੁਸ਼ਟ ਕਰਨ ਲਈ ਉਹ ਕਸ਼ਮੀਰ, ਨੈਨੀਤਾਲ, ਕਸੌਲੀ, ਸ਼ਿਮਲੇ, ਮਸੂਰੀ ਆਦਿ ਪਹਾੜਾਂ ਤੇ ਆਮ ਜਾਂਦੇ ਸਨ। ਇਸ ਲਈ ਉਨ੍ਹਾਂ ਨੂੰ ਪ੍ਰਕਿਰਤੀ ਦੇ ਤਨ ਮਨ ਦਾ ਸਹਿਜ ਗਿਆਨ ਸੀ ਅਤੇ ਪ੍ਰਕਿਰਤੀ ਦੀ ਧੜਕਨ ਨੂੰ ਉਹ ਚੰਗੀ ਤਰ੍ਹਾਂ ਅਨੁਭਵ ਕਰ ਸਕਦੇ ਸਨ। ਉਹ ਸਮਝਦੇ ਸਨ ਕਿ ਕੁਦਰਤ ਅਤੇ ਮਨੁੱਖ ਦਾ ਆਪਸੀ ਸੰਪਰਕ ਇੱਕ ਖੁਸ਼ੀ ਦਾ ਅਹਿਸਾਸ ਪੈਦਾ ਕਰਦਾ ਹੈ, ਜੋ ਜੀਵਨ ਵਿੱਚ ਕੋਮਲਤਾ ਲਿਆਉਣ ਲਈ ਬੜਾ ਲਾਭਦਾਇਕ ਹੈ।

**4.**

ਜੋਕਿ ਭਾਈ ਸਾਹਿਬ ਦਾ ਕੁਦਰਤ ਨਾਲ ਐਨਾ ਪਿਆਰ ਸੀ , ਇਸ ਲਈ ਪ੍ਰਕਿਰਤੀ ਦਾ ਪੂਰਨ ਚਿਤਰਨ ਉਨ੍ਹਾਂ ਦੇ ਕਾਵਿ ਵਿੱਚ ਹੋਣਾ ਸੁਭਾਵਿਕ ਹੈ। ਇਸੇ ਅਵਸਥਾ ਨੂੰ ਭਾਈ ਸਾਹਿਬ ਨੇ ਆਪਣੇ ਕਾਵਿ ਸੰਗ੍ਰਹਿ '**ਮਟਕ ਹੁਲਾਰੇ**' ਵਿੱਚ ਪੇਸ਼ ਕਰਦੇ ਹੋਏ ਕਸ਼ਮੀਰ ਦੀ ਪ੍ਰਕਿਰਤਕ ਸੁੰਦਰਤਾ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ :-

1) ਵੈਰੀ ਨਾਗ ! ਤੇਰਾ ਪਹਿਲਾ ਝਲਕਾ (ਮਟਕ ਹੁਲਾਰੇ, 65)
ਜਦ ਅਖੀਆਂ ਵਿੱਚ ਵਜਦਾ ,
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇੱਕ ਸਿਜਦਾ , ......

ਇਸ ਕਵਿਤਾ ਵਿੱਚ ਭਾਈ ਵੀਰ ਸਿੰਘ ਜੀ ਨੇ ਵੈਰੀ ਨਾਗ ਚਸ਼ਮੇ ਦਾ ਹਵਾਲਾ ਦੇ ਕਿ ਸਾਨੂੰ ਪ੍ਰਮਾਤਮਾਂ ਅਤੇ ਕੁਦਰਤ ਦੀ ਬੇਅੰਤਤਾਂ ਅੱਗੇ ਸਿਰ ਝੁਕਾਉਣ ਦਾ ਸੰਦੇਸ਼ ਦਿੱਤਾ ਹੈ। ਵੈਰੀ ਨਾਗ ਦਾ ਚਸ਼ਮਾ ਅਦਭੁਤ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਜਿਸ ਨੂੰ ਦੇਖ ਕਿ ਕਵੀ ਦਾ ਸਿਰ ਸਿੰਜਦੇ ਵਿੱਚ ਝੁਕ ਜਾਂਦਾ ਹੈ। ਕਵੀ ਕਹਿੰਦਾ ਹੈ ਕਿ ਚਸ਼ਮੇ ਦੀ ਇਹ ਜੋ ਗੰਭੀਰ ਅਤੇ ਅਡੋਲ

ਅਵਸਥਾ ਹੈ ਉਹ ਉਸ ਨੂੰ ਕਠਿਨ ਸਾਧਨਾ ਤੋਂ ਪ੍ਰਾਪਤ ਹੋਈ ਜਾਪਦੀ ਹੈ। ਭਾਈ ਵੀਰ ਸਿੰਘ ਅਨੁਸਾਰ ਬ੍ਰਹਮ ਸਮਸਤ ਦ੍ਰਿਸ਼ਟ ਜਗਤ ਦੀ ਅਸਲੀਅਤ ਹੈ , ਅਤੇ ਸ੍ਰਿਸ਼ਟੀ ਦਾ ਉਤਪਾਦਕ ਅਤੇ ਪਾਲਕ ਹੈ। ਇਸ ਦੀ ਸਿਰਜਨਾ ਕਰਕੇ ਇਸ ਦੇ ਵਿੱਚ ਹੀ ਵਸਦਾ ਹੈ ਪਰ ਫੇਰ ਵੀ ਉਹ ਇਸ ਤੋਂ ਨਿਰਲੇਪ ਰਹਿ ਕੇ ਸਦਾ ਅਡੋਲ ਅਤੇ ਪੂਰਨ ਆਨੰਦ ਦੀ ਅਵਸਥਾ ਵਿੱਚ ਸਥਿਰ ਰਹਿੰਦਾ ਹੈ, ਉਸ ਦੀ ਰਚਨਾ ਵਿੱਚ ਹੀ ਉਸ ਨੂੰ ਵੇਖਿਆ ਜਾਂ ਸਕਦਾ ਹੈ। ਕਿਉਕਿ ਉਹ ਸਰਬ ਵਿਆਪਕ ਹੈ ਅਤੇ ਪ੍ਰਕਿਰਤੀ ਦੇ ਕਣ-ਕਣ ਵਿੱਚ ਸਮਾਇਆ ਹੋਇਆਂ ਹੈ। 'ਕਸ਼ਮੀਰ ਦੇ ਨਜ਼ਾਰਿਆ' ਦੇ ਪ੍ਰਕਿਰਤਿਕ ਚਿਤਰਨ ਰਾਹੀ ਭਾਈ ਵੀਰ ਸਿੰਘ ਨੇ ਆਪਣੀ ਕਵਿਤਾ ਨੂੰ ਵਿਸ਼ੇਸ਼ ਰੂਪ ਵਿੱਚ ਪੇਸ਼ ਕੀਤਾ ਹੈ। ਭਾਈ ਸਾਹਿਬ ਨੇ ਪ੍ਰਕਿਰਤੀ ਨੂੰ ਸਿਰਫ਼ ਕਥਾ ਦੇ ਆਧਾਰ ਜਾਂ ਪਿੱਠ ਭੂਮੀ ਦੇ ਰੂਪ ਵਿੱਚ ਹੀ ਨਹੀਂ ਵਰਤਿਆ ਸਗੋਂ ਇੱਥੇ ਪ੍ਰਕਿਰਤੀ ਅਤੇ ਜੀਵਨ ਇੱਕ ਦੂਸਰੇ ਵਿੱਚ ਸਮੋਏ ਹੋਏ ਮਿਲਦੇ ਹਨ। ਜਿਵੇਕਿ **'ਨਿਸ਼ਾਂਤ ਬਾਗ ਤੇ ਨੂਰ ਜਹਾਂ'** ਕਵਿਤਾ ਦੇ ਹਵਾਲੇ ਨਾਲ ਭਾਈ ਵੀਰ ਸਿੰਘ ਜੀ ਨੇ ਪ੍ਰਭੂ ਪ੍ਰੇਮ ਵਿੱਚ ਲੀਨ ਉਸ ਰੂਹ ਦਾ ਦੁਖ ਬਿਆਨ ਕੀਤਾ ਹੈ ਜੋ ਆਪਣੇ ਪ੍ਰੇਮੀ (ਪ੍ਰਮਾਤਮਾ) ਤੋਂ ਵਿਛੜ ਕੇ ਸੋਗੀ ਅਵਸਥਾ ਵਿੱਚ ਚਲੀ ਗਈ ਹੈ। ਹੇਠਲੀਆਂ ਸਤਰਾਂ ਵਿੱਚ ਭਾਈ ਸਾਹਿਬ ਨੇ ਮਹਾਰਾਣੀ ਨੂਰ ਜਹਾਂ ਦਾ ਜ਼ਿਕਰ ਕਰਦੇ ਹੋਏ ਨਿਸ਼ਾਂਤ ਬਾਗ਼ ਦੀ ਉਦਾਸੀ ਨੂੰ ਰੂਪਮਾਨ ਕੀਤਾ ਹੈ:-

2) ਖੇੜੇ ਸੁਹਜ ਸੁੰਦਰਤਾ ਸਾਰੇ (ਮਟਕ ਹੁਲਾਰੇ. 95,96)
ਹੋ ਕੱਠੇ ਰੰਗ ਲਾਵਨ।
ਪਰ ਨਿਸ਼ਾਂਤ ਤੇਰੇ ਵਿੱਚ ਕੁੱਝ ਕੁੱਝ
ਨਜ਼ਰ ਉਦਾਸੀਆਂ ਆਵਨ ,
ਇਤਨਾ ਮਾਲ ਹੁਸਨ ਦਾ ਪਾਕੇ
ਕਿਉਂ ਦਿਲਗਿਰੀਆਂ ਛਾਵਨ ?

ਭਾਈ ਵੀਰ ਸਿੰਘ ਨੇ ਇਤਿਹਾਸਿਕ ਸਥਾਨਾਂ ਰਾਹੀਂ ਵੀ ਪ੍ਰਕਿਰਤੀ ਪ੍ਰੇਮ ਦਰਸ਼ਨ ਨੂੰ ਉਲੀਕਿਆਂ ਹੈ ਜਿਵੇ '**ਨਿਸ਼ਾਂਤ ਬਾਗ਼ ਦੀ ਨੂਰ ਜਹਾਂ ਲਈ ਵਿਲਕਣੀ'।** ਉਨ੍ਹਾਂ ਨੇ ਪ੍ਰੇਮ ਦੀ ਅਵਸਥਾ ਨੂੰ ਬਾਗ਼ ਦੇ ਚਿੱਤਰ ਰਾਹੀਂ ਪੇਸ਼ ਕੀਤਾ ਹੈ। ਪ੍ਰੇਮ ਅੰਦਰਲੇ ਹੁਸਨ ਅਹਿਸਾਸ ਨੂੰ ਜਾਗ੍ਰਿਤ ਕਰਕੇ ਇੱਕ ਕੰਬਣੀ ਛੇੜ ਦਿੰਦਾ ਹੈ , ਜੋ ਕਿ ਖੇੜੇ ਵਿੱਚ ਬਦਲ ਜਾਂਦਾ ਹੈ। ਕਵੀ ਆਖਦਾ ਹੈ ਕਿ ਜਿਵੇ ਪ੍ਰੇਮੀ(ਪ੍ਰਭੂ ) ਤੋਂ ਵਿਛੜੀ ਆਤਮਾ ਜੀਵਨ ਦੇ ਸਾਰੇ ਸੁੱਖਾ ਨੂੰ ਪ੍ਰਾਪਤ ਕਰਕੇ ਵੀ ਚੈਨ ਨਹੀਂ ਪਾਉਂਦੀ ਤੇ ਹਮੇਸ਼ਾ ਭਟਕਣ ਵਿੱਚ ਹੀ ਆਪਣਾ ਜੀਵਨ ਗੁਜ਼ਾਰ ਦਿੰਦੀ ਹੈ। ਨਿਸ਼ਾਂਤ ਬਾਗ਼ ਦੀ ਵਿਲਕਣੀ ਇਸੇ ਅਵਸਥਾ ਨੂੰ ਪ੍ਰਗਟ ਕਰਦੀ ਹੈ। ਕਵੀ ਨੇ ਕੁਦਰਤ ਨੂੰ ਬਿਆਨ ਕਰਦਿਆਂ ਉਸ ਦੇ ਸੂਖਮ ਤੋਂ ਸੂਖਮ ਭਾਵ ਨੂੰ ਸਥੂਲ ਢੰਗ ਨਾਲ ਪ੍ਰਗਟਾਉਣ ਦਾ ਸਫਲ ਜਤਨ ਕੀਤਾ ਹੈ। ਭਾਈ ਵੀਰ ਸਿੰਘ ਦਾ ਰਹੱਸਵਾਦੀ ਕਵੀ ਹੋਣ ਕਰਕੇ ਉਨ੍ਹਾਂ ਦੀ ਹਰ ਕਵਿਤਾ ਵਿੱਚ ਪ੍ਰਕਿਰਤੀ ਚਿਤਰਨ ਦੇ ਵਿੱਚ ਪ੍ਰਭੂ ਮਿਲਾਪ ਜਾਂ ਵਿਛੋੜੇ ਦੀ ਅਵਸਥਾ ਨੂੰ ਬਿਆਨ ਕੀਤਾ ਗਿਆ ਹੈ ਜਿਵੇ **'ਇੱਛਾਬਲ ਤੇ**

**ਡੂੰਘੀਆਂ ਸ਼ਾਮਾਂ**, **'ਅਨੰਤ ਨਾਗ**, **'ਗੁਲਮਰਗ**, **'ਟੁਕੜੀ ਜਗ ਤੋਂ ਨਿਆਰੀ'**, **'ਸ਼ਾਲਾਮਾਰ'**, ਆਦਿ ਭਾਈ ਵੀਰ ਸਿੰਘ ਦੇ ਪ੍ਰਕਿਰਤੀ ਚਿਤਰਨ ਦੀਆਂ ਵਧੀਆਂ ਉਦਹਾਰਣਾ ਹਨ।

**'ਇੱਛਾਬਲ ਤੇ ਡੂੰਘੀਆਂ ਸ਼ਾਮਾਂ'** ਕਵਿਤਾ ਵਿੱਚ ਜਿੱਥੇ ਭਾਈ ਸਾਹਿਬ ਨੇ ਕਸ਼ਮੀਰ ਦਾ ਪ੍ਰਕਿਰਤੀ ਚਿਤਰਨ ਕਰਦੇ ਹੋਏ ਪ੍ਰਮਾਤਮਾ ਨਾਲ ਮਿਲਾਪ ਦੀ ਇੱਛਾ ਜ਼ਾਹਿਰ ਕੀਤੀ ਹੈ ਉੱਥੇ ਉਨ੍ਹਾਂ ਨੇ ਮਨੁੱਖ ਨੂੰ ਹਮੇਸ਼ਾ ਗਤੀਸ਼ੀਲ ਰਹਿਣ ਦਾ ਵੀ ਉਪਦੇਸ਼ ਦਿੱਤਾ ਹੈ। ਇਸ ਕਵਿਤਾ ਵਿੱਚ ਕਵੀ ਇੱਛਾਬਲ ਚਸ਼ਮੇ ਨੂੰ ਪ੍ਰਸ਼ਨ ਪੁੱਛਦਾ ਹੈ ਕਿ ..

3) ਸੰਝ ਹੋਈ ਪਰਛਾਂਵੇ ਛੁਪ ਗਏ ( ਮਟਕ ਹੁਲਾਰੇ 63, 64 )
ਕਿਉਂ ਇੱਛਾ ਬਲ ਤੂੰ ਜਾਰੀ ?

ਕਵੀ ਚਸ਼ਮੇ ਨੂੰ ਪ੍ਰਸ਼ਨ ਪੁੱਛਦਾ ਹੋਇਆਂ ਆਖਦਾ ਹੈ ਕਿ ਸ਼ਾਮਾਂ ਪੈ ਗਈਆਂ ਹਨ ਦਿਨ ਢਲ ਰਿਹਾ ਹੈ ਪਰ ਹੇ ਇੱਛਾ ਬਲ ਤੂੰ ਹਜ਼ੇ ਵੀ ਉਸੇ ਚਾਲ ਨਾਲ ਚੱਲ ਰਿਹਾ ਹੈ, ਅਤੇ ਤੇਰੀ ਜਲ ਧਾਰਾ ਉਸੇ ਤਰ੍ਹਾਂ ਸੰਗੀਤ ਅਲਾਪ ਰਹੀ ਹੈ ਤੇ ਤੁਰਨੋਂ ਵੀ ਨਹੀਂ ਥੱਕੀ ਭਾਵ ਚਸ਼ਮਾ ਨਿਰੰਤਰ ਇੱਕੋ ਚਾਲ ਵਿੱਚ ਚੱਲ ਰਿਹਾ ਹੈ। ਕਵੀ ਕਹਿੰਦਾ ਹੈ ਕਿ ਸ਼ਾਮ ਪੈਣ ਤੇ ਸਾਰੀ ਕੁਦਰਤ ਟਿਕ ਗਈ ਹੈ। ਚਾਰੋਂ ਪਾਸੇ ਇੱਕ ਆਨੰਦ ਭਰੀ ਚੁੱਪ ਦਾ ਪਸਾਰਾ ਫੈਲਿਆਂ ਹੋਇਆਂ ਹੈ। ਪਰ ਤੂੰ ਨਿਰੰਤਰ ਚੱਲ ਰਿਹਾ ਹੈ ਆਖਿਰ ਇਸ ਦਾ ਕੀ ਕਾਰਣ ਹੈ। ਇਸ ਪ੍ਰਸ਼ਨ ਦੇ ਉੱਤਰ ਵਿੱਚ ਚਸ਼ਮਾ ਆਖਦਾ ਹੈ ..

ਸੀਨੇ ਖਿੱਚ ਜਿਨ੍ਹਾਂ ਦੇ ਖਾਧੀ (ਮਟਕ ਹੁਲਾਰੇ 64)
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁ ਵਾਲੇ ਨੈਣਾ ਕੀ ਨੀਂਦਰ ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲੱਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ ,
ਵਸਲੋਂ ਉਰੇ ਮੁਕਾਮ ਨ ਕੋਈ ,
ਸੋ ਚਾਲ ਪਏ ਨਿਤ ਰਹਿੰਦੇ।

ਚਸ਼ਮਾ ਕਵੀ ਦੇ ਪ੍ਰਸ਼ਨ ਦਾ ਉੱਤਰ ਦਿੰਦਾ ਹੋਇਆਂ ਆਖਦਾ ਹੈ ਕਿ ਜਿਨ੍ਹਾਂ ਨੂੰ ਕਿਸੇ ਨਾਲ ਪਿਆਰ ਹੁੰਦਾ ਹੈ ਉਹ ਕਦੀ ਵੀ ਅਰਾਮ ਨਾਲ ਨਹੀਂ ਬੈਠ ਸਕਦੇ ਇੱਥੇ ਚਸ਼ਮਾ ਪ੍ਰਮਾਤਮਾ ਨਾਲ ਪਿਆਰ ਕਰਨ ਦੀ ਗੱਲ ਕਰ ਰਿਹਾ ਹੈ। ਕਿ ਜਦੋਂ ਉਸ ਪ੍ਰਮਾਤਮਾ ਨਾਲ ਲਗਨ ਲੱਗ ਜਾਂਦੀ ਹੈ ਤਾਂ ਨੈਨਾਂ ਵਿੱਚ ਨੀਂਦ ਵੀ ਨਹੀਂ ਰਹਿੰਦੀ ਕਿਉ ਕਿ ਉਸ ਦੀਆਂ ਅੱਖਾਂ ਵਿੱਚ ਪ੍ਰਭੂ ਦਾ ਪਿਆਰ ਵਸਿਆਂ ਹੋਇਆਂ ਹੈ, ਅਤੇ ਉਹ ਹਮੇਸ਼ਾ ਤੱਕਦਾ ਰਹਿੰਦਾ ਹੈ ਕਿ ਕਦੋਂ ਉਸ ਨੂੰ ਪ੍ਰਭੂ ਨਜ਼ਰ ਆਵੇ। ਪ੍ਰਮਾਤਮਾ ਦੇ ਮਿਲਾਪ ਤੋਂ ਪਹਿਲਾਂ ਉਸ ਦੀ ਜਿੰਦਗੀ ਵਿੱਚ ਕੋਈ ਮੰਜ਼ਿਲ ਨਹੀਂ ਅਤੇ ਇਸੇ ਮਿਲਾਪ ਲਈ ਉਹ

ਪੂਰੀ ਉਮਰ ਚੱਲਦਾ ਰਹਿਣਾ ਚਾਹੁੰਦਾ ਹੈ। ਭਾਈ ਸਾਹਿਬ ਨੇ ਚਸ਼ਮੇ ਦਾ ਮਾਨਵੀਕਰਨ ਕਰਕੇ ਮਨੁੱਖ ਨੂੰ ਹਮੇਸ਼ਾ ਗਤੀਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ ਹੈ।

ਆਪ ਦੀਆਂ ਰਚਨਾਵਾਂ ਕਸ਼ਮੀਰ ਦੇ ਦਰਿਆਵਾਂ , ਪਹਾੜਾਂ ਦੇ ਨਜ਼ਾਰਿਆਂ ਨਾਲ ਸਨੇਹ ਪੈਦਾ ਕਰਦੀ ਹੈ। ਜਿੱਥੇ ਭਾਈ ਸਾਹਿਬ ਨੇ ਕਸ਼ਮੀਰ ਦੀ ਪ੍ਰਕਿਰਤੀ ਨੂੰ ਆਪਣੀਆਂ ਕਵਿਤਾਵਾਂ ਵਿੱਚ ਜੀਅ ਭਰ ਕੇ ਵਡਿਆਇਆਂ ਹੈ ਉੱਥੇ ਹੀ ਉਨ੍ਹਾਂ ਨੇ ਕਸ਼ਮੀਰ ਦੇ ਇਤਿਹਾਸਕ ਸਥਾਨਾਂ ਦੇ ਤਹਿਸ ਨਹਿਸ ਹੋ ਜਾਨ ਦੇ ਦੁਖ ਨੂੰ **'ਅਵਾਂਤੀ ਪੁਰੋਂ ਦੇ ਖੰਡਰ'**, **'ਮੰਦਰ ਮਾਰਤੰਡ ਦੇ ਖੰਡਰ'**, **'ਕੰਬਦੇ ਪੱਥਰ'** ਵਿੱਚ ਪੇਸ਼ ਕਰਦੇ ਹੋਏ ਭਾਰਤ ਦੀ ਗੁਲਾਮੀ ਅਤੇ ਮੁਗ਼ਲਾਂ ਦੇ ਜ਼ੁਲਮਾ ਵੱਲ ਇਸ ਤਰ੍ਹਾਂ ਸੰਕੇਤ ਕੀਤਾ ਹੈ।

4) ਆਵਾਂਤੀ ਪੁਰਾ ਕੀ ਰਹਿ ਗਯਾ ਬਾਕੀ, (ਮਟਕ ਹੁਲਾਰੇ 48, 49)
ਦੋ ਮੰਦਰਾਂ ਦੇ ਢੇਰ ,
ਬੀਤ ਚੁਕੀ ਸਭਯਤਾ ਦੇ ਖੰਡਰ
ਦਸਦੇ ਸਮੇਂ ਦੇ ਫੇਰ,

5) ਮਾਰ ਪਈ ਜਦ ਮਾਰਤੰਡ ਨੂੰ (ਮਟਕ ਹੁਲਾਰੇ 49)
ਪੱਥਰ ਰੋ ਕੁਰਲਾਣੇ :-
ਪੱਥਰ ਤੋੜੇਂ ? ਦਿਲ ਪਏ ਟੁੱਟਦੇ !
ਦਿਲ ਕਾਬਾ ਰੱਬਾਣੇ

6) ਹਾਇ ਹੁਨਰ ਤੇ ਹਾਏ ਵਿਦਯਾ (ਮਟਕ ਹੁਲਾਰੇ 50)
ਹਾਇ ਦੇਸ਼ ਦੀ ਤਾਕਤ !
"ਹਾਇ ਹਿੰਦ ਫਲ ਫਾੜੀਆਂ ਵਾਲੇ"
ਹਰ ਸਿਲ ਕਹਿੰਦੀ ਰੋਈ।

ਇਨ੍ਹਾਂ ਕਾਵਿ ਟੋਟਿਆਂ ਵਿੱਚ ਕਵੀ ਨੂੰ **"ਮਾਰਤੰਡ ਦੇ ਪੱਥਰਾਂ ਦੇ ਰੋਣ ਦੀਆਂ ਆਵਾਜ਼ਾਂ ਹੁਣ ਵੀ ਪ੍ਰਤੱਖ ਤੌਰ ਤੇ ਮਹਿਸੂਸ ਹੁੰਦੀਆਂ ਹਨ।"**[3] ਕਵੀ ਇਸ ਗੱਲ ਉੱਪਰ ਦੁੱਖ ਪ੍ਰਗਟ ਕਰਦਾ ਹੋਇਆਂ ਆਖਦਾ ਹੈ, ਕਿ ਅਜਿਹੇ ਦੇਸ਼ ਦੀ ਹੋਣੀ ਕੀ ਹੋਵੇਗੀ ਜਿਸ ਦੀ ਵਿੱਦਿਆਂ ਅਤੇ ਤਾਕਤ ਵੀ ਮਿਲ ਕਿ ਆਪਣੀ ਸਭਿਅਤਾਂ ਤੇ ਹੁਨਰ ਨੂੰ ਦੇਸ਼ ਦੀ ਫੁਟ ਕਾਰਨ ਬਚਾ ਨਾ ਸਕਣ। ਇੱਥੇ ਕਵੀ ਦਾ ਕਲਾ ਪ੍ਰਤਿ ਪ੍ਰੇਮ ਦੇਖਣ ਵਾਲਾਂ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇ ਭਾਈ ਸਾਹਿਬ ,ਕਲਾ ਨੂੰ ਜੀਵਨ ਦਾ ਵਿਕਲਪ ਮੰਨਦੇ ਹਨ। **"ਭਾਈ ਸਾਹਿਬ ਦੇ ਮਨ ਵਿੱਚ ਦੇਸ਼ ਦੇ ਹੁਨਰ ਦੀ ਬੜੀ ਕੀਮਤ ਤੇ ਕਦਰ ਹੈ। ਕਸ਼ਮੀਰ ਦੇ ਪੁਰਾਤਨ ਹੁਨਰ ਦਾ ਵਿਕਾਸ ਹੋਇਆਂ ਵੇਖ ਕੇ ਬਿਹਬਲ ਹੋ ਉਠਦੇ ਹਨ।"**[4] ਇਸ ਲਈ ਜਦੋਂ ਉਹ ਕਸ਼ਮੀਰ ਦੇ ਪ੍ਰਕਿਰਤਿਕ ਨਜ਼ਾਰੇ ਦੇਖ ਕੇ ਗਦ ਗਦ ਹੋ ਉੱਠਦੇ ਹਨ

, ਉੱਥੇ ਹੀ ਦੂਜੇ ਪਾਸੇ ਜਦੋਂ ਉਹ ਕਸ਼ਮੀਰ ਦੇ ਇਤਿਹਾਸਕ ਸਥਾਨਾਂ ਦੀ ਮੁਗ਼ਲਾਂ ਦੁਆਰਾ ਕੀਤੀ ਦੁਰਗਤੀ ਦੇਖਦੇ ਹਨ ਤਾਂ ਉਸ ਦਾ ਰੋਣਾ 'ਅਵਾਂਤੀ ਪੁਰੇ ਦੇ ਖੰਡਰ' ਕਵਿਤਾ ਵਿੱਚ ਰੋਂਦੇ ਹਨ। ਉਨ੍ਹਾਂ ਦੀ ਮਜ਼੍ਹਬੀ ਕੱਟੜਤਾ ਦੀ ਨੀਤੀ ਨੇ ਹੁਨਰ ਦੀ ਬਿਲਕੁੱਲ ਕਦਰ ਨਾ ਕੀਤੀ। ਮੂਰਤੀ ਪੂਜਾ ਖਤਮ ਕਰਨ ਲਈ ਬੇਸ਼ਕੀਮਤੀ ਹੁਨਰ ਨੂੰ ਨਾਸ਼ ਕਰ ਦਿੱਤਾ ਗਿਆ । ਹੁਨਰ ਵਰਗੀ ਅਨਮੋਲ ਵਸਤੂ ਜੋ ਕਈ ਸਦੀਆਂ ਦੀ ਕਾਰੀਗਰੀ -ਸੂਝ ਦਾ ਸਿੱਟਾ ਸੀ ਉਸ ਨੂੰ ਕਸ਼ਮੀਰ ਵਿੱਚੋਂ ਅਲੋਪ ਹੋਣ ਵਿੱਚ ਸਮਾਂ ਨਾ ਲੱਗਿਆਂ। ਮੂਰਤੀ ਪੂਜਾ ਤਾਂ ਬੰਦ ਨਾ ਹੋਈ ਪਰ ਹੁਨਰ ਹਮੇਸ਼ਾਂ ਲਈ ਨਸ਼ਟ ਹੋ ਗਿਆ। **"ਮਾਰਤੰਡ ਦੇ ਪੱਥਰ ਨਾਂ ਦੀ ਕਵਿਤਾ ਵਿੱਚ ਕਵੀ ਨੇ ਇੱਕ ਇਤਿਹਾਸਿਕ ਥੇਹ ਨੂੰ ਦੇਖ ਕੇ ਭੂਤ ਵਰਤਮਾਨ ਤੇ ਭਵਿਖਤ ਉੱਤੇ ਨਜ਼ਰ ਮਾਰੀ ਹੈ ਤੇ ਇਸ ਸਪਾਟ ਦ੍ਰਿਸ਼ਟੀ ਵਿੱਚੋਂ ਹੁਨਰ ਬਾਰੇ ਇੱਕ ਅਟੱਲ ਸਚਾਈ ਦਾ ਵਰਣਨ ਕੀਤਾ ਹੈ। "**[5]

**5.**

**"ਭਾਈ ਵੀਰ ਸਿੰਘ ਨੇ ਕਾਵਿ ਰਚਨਾ ਇਸ ਕਰਕੇ ਨਹੀਂ ਕੀਤੀ ਕਿ ਉਨ੍ਹਾਂ ਨੇ ਕਿਸੇ ਵਿਸ਼ੇਸ਼ ਕਲਾ ਨੂੰ ਅਭਿਵਿਅਕਤ ਕਰਨਾ ਹੈ। ਆਪ ਦੀਆਂ ਕਵਿਤਾਵਾਂ ਵਿੱਚ ਮਨ ਨੂੰ ਵਿਸਮਾਦ ਵਿੱਚ ਲਿਆਉਣ ਲਈ ਕੁਦਰਤ ਦੀਆਂ ਵਿਸ਼ੇਸ਼ ਵਸਤੂਆਂ ਨੂੰ ਸਾਧਨ ਵਜੋਂ ਵਰਤਿਆਂ ਗਿਆ ਹੈ। ਇਹ ਵੀ ਕਹਿ ਸਕਦੇ ਹਾਂ ਕਿ ਆਪ ਲਈ ਡੱਲ , ਨਸੀਮ ਬਾਗ਼ , ਸ਼ਾਲਾਮਾਰ , ਇੱਛਾਬਲ ਆਦਿ ਬੇਅੰਤ ਨਜ਼ਾਰੇ ਕਿਸੇ ਅਜਿਹੇ ਅਨੁਭਵ ਦੀ ਉਪਜ ਨਹੀਂ ਜਿਨ੍ਹਾਂ ਤੋਂ ਵਿਸ਼ੇਸ਼ ਵਸਤੂਆਂ ਦਾ ਪਿਆਰ ਪੈਦਾ ਹੋਏ। ਸਗੋਂ ਇਹ ਸਾਰੇ ਦ੍ਰਿਸ਼ ਇੱਕ ਕਤਾਰ ਵਿੱਚ ਖੜ੍ਹੇ ਦਿਖਾਈ ਦਿੰਦੇ ਹਨ ਅਤੇ ਮਨ, ਅਨੁਭਵ ਅਤੇ ਵਸਤੂ-ਵਿਸ਼ੇ ਸਾਰੇ ਹੀ ਜੁੜ ਕੇ ਇੱਕੋ ਜੋਤਿ ਦਾ ਪ੍ਰਕਾਸ਼ ਹੋ ਜਾਂਦੇ ਹਨ ਜਿੱਥੇ ਹੋਰ ਕੋਈ ਅੰਤਰ ਨਹੀਂ ਰਹਿੰਦਾ ਅਤੇ ਪੂਰਨ ਖੇੜਾ ਪ੍ਰਾਪਤ ਹੁੰਦਾ ਹੈ।"**[6]

ਭਾਈ ਵੀਰ ਸਿੰਘ ਆਪਣੀ ਸਮੁੱਚੀ ਹਯਾਤੀ ਦੌਰਾਨ ਆਪਣੇ ਸਾਹਿਤਕ ਕਾਰਜਾਂ ਪ੍ਰਤੀ ਪੂਰੀ ਤਰ੍ਹਾਂ ਨਿਸ਼ਠਾਵਾਨ ਅਤੇ ਪ੍ਰਤੀਬੱਧ ਰਹੇ। ਉਨ੍ਹਾਂ ਦੀ ਇਸੇ ਪ੍ਰਤੀਬੱਧਤਾ ਕਰਕੇ ਹੀ ਪ੍ਰੋ. ਪੂਰਨ ਸਿੰਘ ਉਨ੍ਹਾਂ ਨੂੰ ਯੁੱਗ ਦੀ ਉਪਾਧੀ ਨਾਲ ਵਡਿਆਉਂਦੇ ਹਨ। ਉਹ ਭਾਈ ਵੀਰ ਸਿੰਘ ਜੀ ਦੀ ਕਵਿਤਾ ਦੇ ਵਿਚਾਰਧਾਰਕ, ਸੁਹਜਾਤਮਕ ਅਤੇ ਉਦੇਸ਼ਾਤਮਿਕ ਆਧਰਾਂ ਦੇ ਮੂਲ ਪ੍ਰਸ਼ਨਾਂ ਨੂੰ ਭਾਈ ਵੀਰ ਸਿੰਘ ਦੀ ਕਾਵਿ ਪ੍ਰਤਿਭਾ ਅਤੇ ਪ੍ਰਤੀਬੱਧਤਾ ਦੇ ਪ੍ਰਸੰਗ 'ਚ ਕੁੱਝ ਇਸ ਤਰ੍ਹਾਂ ਸਮਝਦੇ ਹਨ , ਉਨ੍ਹਾਂ ਅਨੁਸਾਰ :

ਭਾਈ ਵੀਰ ਸਿੰਘ ਆਪਣੇ ਆਪ ਵਿੱਚ ਇੱਕ ਯੁੱਗ ਹੈ। ਉਸ ਨਾਲ ਪੰਜਾਬੀ ਭਾਸ਼ਾ ਦਾ ਆਧੁਨਿਕਤਮ ਸਰੂਪ ਆਰੰਭ ਹੁੰਦਾ ਹੈ। ਉਹ ਇਸ ਨੂੰ ਨਵੀਂ ਸ਼ੈਲੀ , ਨਵੇ ਤਾਲ ਤੇ ਨਵੀਂ ਰਵਾਨੀ ਪ੍ਰਦਾਨ ਕਰਦਾ ਹੈ। ਉਹ ਸੱਚਾ ਪ੍ਰਤਿਭਾਸ਼ਾਲੀ ਕਵੀ ਹੈ ਜਿਹੜਾ ਹਾਲੀ ਵੀ ਏਸ਼ੀਆਈ ਕਲਾ , ਦਰਸ਼ਨ ਅਤੇ ਧਰਮ ਦਾ ਅਨੁਯਾਈ ਹੈ। ਕਵੀ ਦੇ ਤੌਰ 'ਤੇ ਭਾਈ ਵੀਰ ਸਿੰਘ ਉਹ ਸ਼ਾਹ ਸਵਾਰ

ਹੈ , ਜਿਸ ਦਾ ਉੱਡਣਾ ਘੋੜਾ ਭੂਤ ਤੇ ਭਵਿੱਖ ਨੂੰ ਉਤਾਂਹਾਂ ਹੇਠਾਂ ਲੱਦੀ ਲਿਜਾ ਰਿਹਾ ਹੈ। ਉਹ ਉਨ੍ਹਾਂ ਲੋਕਾਂ ਨਾਲ ਟਕਰਾਉਂਦਾ ਹੈ , ਜਿਹੜੇ ਹੋ ਚੁੱਕੇ ਹਨ ਅਤੇ ਉਨ੍ਹਾਂ ਨਾਲ ਗੱਲਬਾਤ ਕਰਦਾ ਹੈ , ਜਿਨ੍ਹਾਂ ਹਾਲੀ ਆਉਣਾ ਹੈ ਅਤੇ ਇਉਂ ਉਹ ਆਗਾਮੀ ਸਦੀਆਂ ਨਾਲ ਸਾਂਝ ਪਾ ਲੈਂਦਾਂ ਹੈ।

## ਹਵਾਲੇ


1. ਬ੍ਰਹਮਜਗਦੀਸ਼ ਸਿੰਘ , **ਭਾਈ ਵੀਰ ਸਿੰਘ ਦਾ ਕਾਵਿ ਲੋਕ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਿਡ ਲੁਧਿਆਣਾ, 1989, ਪੰਨਾ-15,
2. ਖੋਜ ਪੱਤ੍ਰਿਕਾ **ਭਾਈ ਵੀਰ ਸਿੰਘ ਵਿਸ਼ੇਸ਼ ਅੰਕ** ਪੰਜਾਬੀ ਯੂਨੀਵਰਸਿਟੀ,1975, ਪਟਿਆਲਾ ਪੰਨਾ-82
3. ਡਾ. ਗੁਰਚਰਨ ਸਿੰਘ (ਸੰਪਾ) , **ਭਾਈ ਵੀਰ ਸਿੰਘ ਦੀ ਸਾਹਿਤਕ ਪ੍ਰਤਿਭਾ**, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ,1989, ਪੰਨਾ-101
4. ਉਹੀ ਪੰਨਾ-102
5. ਸੁਰਿੰਦਰ ਸਿੰਘ ਨਰੂਲਾ , **ਭਾਈ ਵੀਰ ਸਿੰਘ ( ਇਕ ਸਾਹਿਤਕ ਅਧਯਨ** ),ਲਾਹੌਰ ਬੁਕ ਸ਼ਾਪ ਘੰਟਾ ਘਰ, ਲੁਧਿਆਣਾ ਪੰਨਾ-62
6. ਬ੍ਰਹਮਜਗਦੀਸ਼ ਸਿੰਘ , **ਭਾਈ ਵੀਰ ਸਿੰਘ ਦਾ ਕਾਵਿ ਲੋਕ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਿਡ ਲੁਧਿਆਣਾ, 1989, ਪੰਨਾ-163


## ਸਹਾਇਕ ਪੁਸਤਕਾਂ


1. ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਹਰਨਾਮ ਸਿੰਘ ਸ਼ਾਨ (ਸੰਪਾ.)**ਭਾਈ ਵੀਰ ਸਿੰਘ ਜੀਵਨ ,ਸਮਾਂ ਤੇ ਰਚਨਾ** ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਚੰਡੀਗੜ੍ਹ
2. ਡਾ. ਕਿਰਪਾਲ ਸਿੰਘ (ਸੰਪਾ.), **ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ** ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974
3. ਡਾ. ਬਲਦੇਵ ਸਿੰਘ ਧਾਲੀਵਾਲ, **ਭਾਈ ਵੀਰ ਸਿੰਘ ਦੀ ਕਾਵਿ-ਦ੍ਰਿਸ਼ਟੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007
4. ਸਤਿੰਦਰ ਸਿੰਘ, **ਭਾਈ ਵੀਰ ਸਿੰਘ: ਜੀਵਨ ਤੇ ਰਚਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982
5. ਡਾ. ਅਮ੍ਰਿਤਪਾਲ ਕੌਰ (ਸੰਪਾ.), ਭਾਈ ਵੀਰ ਸਿੰਘ ਚਿੰਤਨ ਸਮਕਾਲੀਨ ਪ੍ਰਸੰਗਿਕਤਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ**

# ਚੰਦਨ ਨੇਗੀ ਦੇ ਨਾਵਲ 'ਅੰਧ ਕੂਪ' ਵਿਚ ਪੇਸ਼ ਹੋਈ ਨਾਰੀਵਾਦੀ ਦ੍ਰਿਸ਼ਟੀ

❑ ਗੁਰਦੀਪ ਕੌਰ

ਚੰਦਨ ਨੇਗੀ ਨੇ ਜੰਮੂ ਦੇ ਸ਼ਹਿਰੀ ਮੱਧ ਵਰਗੀ ਔਰਤ ਦੇ ਜੀਵਨ ਚਿਤਰਣ ਰਾਹੀਂ ਇੱਕ ਕਹਾਣੀਕਾਰਾ ਅਤੇ ਨਾਵਲਕਾਰਾ ਵਜੋਂ ਚੰਗੀ ਪਹਿਚਾਣ ਬਣਾਈ ਹੈ। ਉਸ ਨੇ ਨਾਰੀ ਦੇ ਅੰਤਕਰਨ ਦੀ ਪੀੜਾ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉਸਨੇ ਨਾਰੀ ਪ੍ਰਤੀ ਸਮਾਜ ਦੀ ਵਿਤਕਰੇ ਪੂਰਨ ਨੀਤੀ ਨੂੰ ਪੇਸ਼ ਕੀਤਾ ਹੈ। ਉਸਨੇ ਨਾਰੀ ਦੀ ਵਿਦਰੋਹੀ ਸੁਰ ਨੂੰ ਵੀ ਉਘਾੜਿਆ ਹੈ , ਜੋ ਆਪਣੀ ਖੰਡਿਤ ਹੋ ਚੁੱਕੀ ਹੋਂਦ ਪ੍ਰਤੀ ਚੇਤੰਨ ਹੈ। ਉਸਨੇ ਆਪਣੇ ਜੀਵਨ ਵਿੱਚ ਔਰਤ ਦੇ ਦੁਖਾਂਤਾਂ ਨੂੰ ਮਹਿਸੂਸ ਕਰਕੇ ਆਪਣੇ ਨਾਵਲਾਂ ਅਤੇ ਕਹਾਣੀਆਂ ਵਿੱਚ ਬੇਝਿਜਕ ਬਿਆਨ ਕੀਤਾ ਹੈ। ਡਾਕਟਰ ਹਰਭਜਨ ਸਿੰਘ ਭਾਟੀਆ ਚੰਦਨ ਨੇਗੀ ਜੀ ਬਾਰੇ ਲਿਖਦੇ ਹਨ:

**"ਨੇਗੀ ਨੇ ਔਰਤ ਨੂੰ ਮੁਖਾਤਲਿਫ ਰੂਪਾਂ ਜਿਵੇਂ ਧੀ, ਮਾਂ, ਸੁਹਾਗਣ, ਵਿਧਵਾ ਤੇ ਪੁਨਰ – ਸੁਹਾਗਣ ਆਦਿ ਰੂਪਾਂ ਵਿੱਚ ਚਿਤਰਿਆ ਹੈ। ਪਰ ਕਿਧਰੇ ਵੀ ਉਸਦੀ ਜ਼ਿੰਦਗੀ ਸੁਖਮਈ ਨਹੀਂ। ਜਾਂ ਤਾਂ ਉਹ ਮੁਕੰਮਲ ਦੁਖਾਂਤਕ ਅਵਸਥਾ ਵਿੱਚ ਘਿਰੀ ਰਹਿੰਦੀ ਹੈ ਜਾਂ ਫਿਰ ਕਿਸੇ ਦੁਖਾਂਤਕ ਘਟਨਾ ਦੇ ਵਾਪਰਨ ਦਾ ਡਰ ਉਸਦੀ ਮਾਨਸਿਕਤਾ ਉੱਪਰ ਛਾਇਆ ਰਹਿੰਦਾ ਹੈ।"**[1]

ਚੰਦਨ ਨੇਗੀ ਨੇ ਨਾਵਲ **ਅੰਧ ਕੂਪ** ਦੇ ਬਿਰਤਾਂਤ ਰਾਹੀਂ ਸਮਾਜ ਦੀਆਂ ਫਿਰਕਾ-ਪ੍ਰਸਤ ਅਤੇ ਸੱਤਾਵਾਨ ਸ਼ਕਤੀਆਂ ਵੱਲੋਂ ਮਨੁੱਖੀ ਮੁੱਲਾਂ ਦੇ ਕਤਲੇਆਮ ਦਾ ਯਥਾਰਥ ਪੇਸ਼ ਕੀਤਾ ਹੈ। ਕਬਾਇਲੀਆਂ ਦੁਆਰਾ ਕਸ਼ਮੀਰ ਤੇ ਕੀਤੇ ਗਏ ਹਮਲੇ ਦਾ ਬੜੀ ਮਾਰਮਿਕਤਾ ਨਾਲ ਜ਼ਿਕਰ ਕੀਤਾ ਹੈ। ਇਸ ਹਮਲੇ ਵਿੱਚ ਔਰਤਾਂ ਨਾਲ ਭਿਆਨਕ ਦਰਿੰਦਗੀ ਉਹਨਾਂ ਦੁਆਰਾ ਭੋਗੇ ਸੰਤਾਪ ਦਾ ਬੜੀ ਕਰੁਣਾਮਈ ਚਿੱਤਰ ਪੇਸ਼ ਕਰਦੀ ਹੈ। ਜਾਗੀਰਦਾਰੀ ਸਮਾਜ ਵਿੱਚ ਬਾਲ ਵਿਆਹ ਦੀ ਪ੍ਰਥਾ ਪ੍ਰਚਲਤ ਸੀ । ਪਰ ਜੇਕਰ ਕੋਈ ਬਾਲ- ਵਿਧਵਾ ਹੋ ਜਾਂਦੀ ਤਾਂ ਉਸਦੀ ਹਾਲਤ ਬਹੁਤ ਹੀ ਤਰਸਯੋਗ ਹੁੰਦੀ ਸੀ । ਬਾਲ ਵਿਧਵਾ ਨੂੰ ਨਾ ਵਿਆਹ ਦੀ ਸੁਰਤ ਹੁੰਦੀ ਸੀ ਤੇ ਨਾ ਹੀ ਵਿਧਵਾ ਹੋਣ ਦੀ। ਉਸਦੀਆਂ ਭਾਵਨਾਵਾਂ ਨੂੰ ਦੱਬਿਆ ਕੁਚਲਿਆ ਜਾਂਦਾ ਰਿਹਾ। ਚੰਦਨ ਨੇਗੀ ਨੇ ਆਪਣੇ ਪਾਤਰ ਦਾਦੀ ਮਾਸੀ ਜੋ ਇੱਕ ਬਾਲ ਵਿਧਵਾ ਹੈ, ਦੀ ਤਰਾਸਦੀ ਨੂੰ ਬੜੀ ਮਾਰਮਿਕਤਾ ਨਾਲ ਪੇਸ਼ ਕੀਤਾ ਹੈ। ਦਾਦੀ ਮਾਸੀ ਨੂੰ ਨਾ ਵਿਆਹ ਦੀ ਖੁਸ਼ੀ ਹੋਈ ਤੇ ਨਾ ਹੀ ਵਿਧਵਾ ਹੋਣ ਦਾ ਦੁੱਖ ਜਦੋਂ ਉਸਦਾ ਪਤੀ ਮਰ ਜਾਂਦਾ ਹੈ ਤਾਂ ਉਸਦੀ ਮਾਂ ਉਸਨੂੰ ਵਰਜਦੀ ਕਹਿੰਦੀ ਹੈ :

**"ਹੁਣ ਤੂੰ ਹਿਨਾ ਕਾਲੇ ਸ਼ਾਹ ਵਾਲਾਂ ਦੀ ਗੁੱਤ ਨਾ ਕਰਿਆ ਕਰ। ਕਸ ਕੇ ਵਾਲਾਂ ਦਾ ਜੂੜਾ ਬਣਾ ਲਿਆ ਕਰ। ਦੰਦਾਸਾ ਵੀ ਨਹੀਂ ਕਰਨਾ। ਹੋਂਠ ਰੰਗੇ ਜਾਂਦੇ ਨੇ। ਨਿੰਮ ਦੀ ਦਾਤਣ ਕਰ। ਦੰਦ ਚੰਗੇ ਲਿਸ਼ਕ ਜਾਂਦੇ ਨੇ।"[2]**

ਵਿਧਵਾ ਔਰਤ ਨੂੰ ਸਮਾਜ ਦੇ ਕਠੋਰ ਬੰਧਨਾਂ ਵਿੱਚ ਕੈਦ ਕਰ ਲਿਆ ਜਾਂਦਾ ਹੈ। ਨਾ ਉਹ ਆਪਣਾ ਮਨ ਪਸੰਦ ਖਾਣਾ ਖਾ ਸਕਦੀ ਹੈ ਤੇ ਨਾ ਹੀ ਪਹਿਰਾਵਾ ਪਹਿਨ ਸਕਦੀ ਹੈ। ਕਿਸੇ ਸ਼ੁੱਭ ਕਾਰਜ ਸਮੇਂ ਉਸਦਾ ਹੋਣਾ ਅਸ਼ੁੱਭ ਮੰਨਿਆ ਜਾਂਦਾ ਹੈ। ਚੰਦਨ ਨੇਗੀ ਦੇ ਨਾਵਲ **ਅੰਧ ਕੂਪ** ਵਿੱਚ ਵਿਧਵਾ ਦੇ ਸੰਤਾਪ ਦਾ ਬਿਰਤਾਂਤ ਇਉਂ ਪੇਸ਼ ਕੀਤਾ ਗਿਆ ਹੈ।

**"ਵਿਧਵਾ ਆਸਤੇ ਤਾਂ ਸਾਰੇ ਰਸਤੇ ਮੋਟੇ -ਮੋਟੇ ਜੰਦਰਿਆਂ ਨਾਲ ਬੰਦ ਹੋ ਜਾਂਦੇ ਨੇ ਤੇ ਇਹ ਚਾਬੀਆਂ ਸਮਾਜ ਦੇ ਖੀਸੇ ਵਿੱਚ ਹੁੰਦੀਆਂ ਨੇ।"[3]**

ਸਮਾਜ ਵਿੱਚ ਜਿੱਥੇ ਮਾਂ ਨੂੰ ਰੱਬ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ , ਉੱਥੇ ਮਾਂ ਦੇ ਹੰਸਲੇ ਸਲੇ ਦੀ ਤਾਰੀਫ਼ ਵੀ ਕੀਤੀ ਜਾਂਦੀ ਹੈ। ਜੋ ਕਿਸੇ ਦੁੱਖ ਨੂੰ ਨਾ ਜਰਦੇ ਹੋਏ ਆਪਣਾ ਤਨ ਦਾ ਟੁਕੜਾ ਉਹਨਾਂ ਨੂੰ ਦੇ ਦਿੰਦੀ ਹੈ, ਜੋ ਬੇਔਲਾਦ ਹਨ। ਨਾਵਲ ਦੀ ਪਾਤਰ ਬੰਸੀ ਵੀ ਆਪਣੀ ਧੀ ਪਾਸ਼ ਨੂੰ ਜੀਤਾਂ ਦੀ ਝੋਲੀ ਵਿੱਚ ਪਾ ਦਿੰਦੀ ਹੈ ਕਿਉਂਕਿ ਉਸਦੀ ਆਪਣੀ ਕੋਈ ਔਲਾਦ ਨਹੀਂ ਸੀ। ਉਹ ਨਾ ਸਿਰਫ ਆਪਣੀ ਬੱਚਾ ਉਹਨਾਂ ਨੂੰ ਦਿੰਦੀ ਹੈ ਸਗੋਂ ਜੀਤਾ ਤੇ ਗੁਰਮੁਖ ਸਿੰਘ ਨਾਲ ਡੂੰਘੀ ਸਾਂਝ ਵੀ ਬਣਾਉਂਦੀ ਹੈ। ਆਪਣੀ ਪਾਸ਼ ਨੂੰ ਜੀਤਾਂ ਨਾਲ ਘੁਲ -ਮਿਲ ਕੇ ਰਹਿੰਦਿਆਂ ਦੇਖ ਉਹ ਬਹੁਤ ਖੁਸ਼ ਹੁੰਦੀ ਹੈ। ਇੱਕ ਔਰਤ ਦੇ ਅਜਿਹੇ ਬੁਲੰਦ ਹੌਂਸਲੇ ਦੀ ਤਾਰੀਫ਼ ਤਾਂ ਸਮਾਜ ਨੇ ਕੀ ਕਰਨੀ ਸਗੋਂ ਉਸਨੂੰ ਤਾਨੇ–ਮਿਹਣੇ ਦਿੱਤੇ ਜਾਂਦੇ ਹਨ।

**"ਕੁੜੇ ਕੋਈ ਆਪਣੇ ਤਨ ਦਾ ਟੁਕੜਾ ਵੀ ਦੂਸਰਿਆਂ ਗੀ ਦੇਈ ਛੋੜ ਦੈ। ਹਾਏ ਮੈਂ ਮਰ ਗਈ। ਤੁਗੀ ਜਰਾ ਮਲਾਲ ਨਾ ਆਇਆ। ਤੈਡੈਂ ਹੌਂਸਲੇ ਦੀ ਦਾਦ ਐ। ਮੈਂ ਤੇ ਮਰ ਜਾ। ਆਪਣੀ ਔਲਾਦ ਨੂੰ ਅੱਖੀ ਭਰ ਵੇਖਣ ਨਾ ਦਿਆ ਕਿਸੀ ਹੋਰੇ ਗੀ।"[4]**

ਚੰਦਨ ਨੇਗੀ ਇੱਕ ਬਹੁਤ ਹੀ ਸੰਵੇਦਨਸ਼ੀਲ ਨਾਵਲਕਾਰਾ ਹੈ। ਸੰਵੇਦਨਸ਼ੀਲ ਮੁੱਦਿਆਂ ਉੱਤੇ ਉਸਦਾ ਦਿਲ ਧੜਕਦਾ ਹੈ ਤੇ ਉਹ ਬੜੀ ਗਹਿਰਾਈ ਨਾਲ ਅੱਖੀ ਦੇਖੇ ਤੇ ਹੰਡਾਏ ਸੰਤਾਪ ਨੂੰ ਆਪਣੀ ਲਿਖਤ ਵਿੱਚ ਪੇਸ਼ ਕਰਦੀ ਹੈ। ਨੇਗੀ ਅਨੁਸਾਰ ਔਰਤ ਨੂੰ ਇੱਕ ਇਨਸਾਨ ਦੇ ਰੂਪ ਵਿੱਚ ਨਹੀਂ ਵੇਖਿਆ ਜਾਂਦਾ। ਉਸ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕੀਤੀ ਜਾਂਦੀ। ਜੇਕਰ ਔਰਤ ਆਪਣੀ ਪਸੰਦ ਦੇ ਲੜਕੇ ਨਾਲ ਰਹਿਣ ਲੱਗਦੀ ਹੈ ਤਾਂ ਸਮਾਜ ਉਸਨੂੰ ਬਦਚਲਣ ਕਹਿੰਦਾ ਹੈ। ਜਦਕਿ ਮਰਦ ਦੂਜਾ ਵਿਆਹ ਵੀ ਕਰਵਾ ਲਵੇ ਤਾਂ ਇਹੀ ਸਮਾਜ ਚੁੱਪ ਰਹਿੰਦਾ ਹੈ। ਜੇਕਰ ਵਿਆਹੀ ਔਰਤ ਆਪਣੇ ਪਤੀ ਨੂੰ ਛੱਡ ਕੇ ਆਪਣੀ ਪਸੰਦ ਦੇ ਲੜਕੇ ਨਾਲ ਰਹਿਣ ਲੱਗਦੀ ਹੈ ਤਾਂ ਉਸਨੂੰ ਸਹੁਰਿਆਂ ਤੇ ਪੇਕਿਆਂ ਦੇ ਨਾਲ- ਨਾਲ ਪੂਰੇ ਸਮਾਜ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਜਿਹੀ ਔਰਤ ਦੇ ਬੱਚਿਆਂ ਨੂੰ ਵੀ ਮਾੜੀ ਨਜ਼ਰ ਨਾਲ ਤੱਕਿਆ ਜਾਂਦਾ ਹੈ। ਮਾਂ ਦੇ ਕੀਤੇ ਗਲਤ ਕੰਮਾਂ ਦੀ ਸਜ਼ਾ ਬੱਚਿਆਂ ਨੂੰ ਦਿੰਦਾ ਹੈ। ਨਾਵਲ ਦੀ ਪਾਤਰ ਸੂਰੀ ਵੀ ਇੱਕ ਅਜਿਹੀ ਲੜਕੀ ਹੈ ਜਿਸ ਦੀ ਮਾਂ ਅਜ਼ੀਜ਼ਾਂ ਆਪਣੇ ਪ੍ਰੇਮੀ ਨਾਲ ਰਹਿਣ ਲੱਗ ਜਾਂਦੀ ਹੈ। ਸਮਾਜ ਦੀਆਂ ਲੋਕਾਂ ਦੀ ਨਜ਼ਰਾਂ ਵਿੱਚ ਸੂਰੀ ਇੱਕ ਬਦਚਲਣ ਮਾਂ ਦੀ ਔਲਾਦ ਹੈ ਤੇ ਲੋਕ ਉਸਨੂੰ ਸੂਰੀ-ਸੂਰੀ ਕਹਿੰਦੇ ਹਨ:

**"ਮੈਨੂੰ ਦੱਸ, ਤੂੰ ਕਦੀ ਕਿਸੇ ਕੁੜੀ ਨੂੰ ਸੂਰੀ ਨਾਲ ਗੱਲ ਕਰਦੇ ਜਾਂ ਬੈਠਦੇ ਉਠਦੇ ਵੇਖਿਆ। ਮੈਨੂੰ ਤਾਂ ਆਪ ਉਸ ਵਿਚਾਰੀ ਤੇ ਬੜਾ ਤਰਸ ਆਉਂਦਾ। ਮਾਂ ਦੀਆਂ ਕਰਤੂਤਾਂ ਦਾ ਖਮਿਆਜ਼ਾ ਵਿਚਾਰੀ ਬੱਚੀ ਭੁਗਤ ਰਹੀ ਹੈ।"[5]**

ਦੇਸ਼ ਉੱਤੇ ਕੋਈ ਵੀ ਬਿਪਤਾ ਪਈ ਹੋਵੇ ,ਉਸਦਾ ਖਮਿਆਜ਼ਾ ਔਰਤ ਨੇ ਜਿਆਦਾ ਭੁਗਤਿਆ ਹੈ। ਦੇਸ਼ ਵੰਡ ਦੇ ਦੁਖਾਂਤ ਨੂੰ ਵੀ ਨੇਗੀ ਨੇ ਬੜੀ ਸੁਹਿਰਦਤਾ ਨਾਲ ਪੇਸ਼ ਕੀਤਾ ਹੈ। ਸਾਡੇ ਸਮਾਜ ਵਿੱਚ ਇਸਤਰੀ ਪ੍ਰਤਿ ਰਵੱਈਆਂ ਪਰੰਪਰਾਗਤ ਹੀ ਹੈ ਅਤੇ ਇਸ ਪਰੰਪਰਾਗਤ ਰਵੱਈਏ ਸਦਕਾ ਹੀ ਉਸ ਦੀ ਸੁਤੰਤਰ ਹੋਂਦ ਨੂੰ ਨਹੀਂ ਪਛਾਣਿਆ ਜਾਂਦਾ। ਇਸਤਰੀ ਨੂੰ ਵੇਖਣ ਲਈ ਸਾਡੇ ਪਾਸ ਇਕਾਂਗੀ ਵੇਖਣ ਦੀ ਦ੍ਰਿਸ਼ਟੀ ਹੀ ਹੈ ਅਤੇ ਉਹ ਹੈ ਪ੍ਰੇਮਿਕਾ, ਮਾਸ਼ੂਕ ਜਾਂ ਕਾਮ ਵਸਤੂ ਵਜੋਂ ਹੀ ਹੈ। ਨੇਗੀ ਅਨੁਸਾਰ ਕੰਮਕਾਜੀ ਤੇ ਪੜ੍ਹੀ-ਲਿਖੀ ਔਰਤ ਲਈ ਵੀ ਮਾਹੌਲ ਖੁਸ਼ਗੁਆਰ ਨਹੀਂ ਹੈ। ਉਸ ਨੂੰ ਕਈ ਕਿਸਮ ਦੀਆਂ ਤੋਹਮਤਾਂ ਨੂੰ ਸਹਿਣਾ ਪੈਂਦਾ ਹੈ। ਉਸ ਦੇ ਚਰਿੱਤਰ-ਮੁਲਾਂਕਣ ਵੇਲੇ ਸਮਾਜ ਦਾ ਪ੍ਰਚਲਿਤ ਵਿਹਾਰ ਹਮੇਸ਼ਾ ਨਾਂਹ-ਪੱਖੀ ਵਤੀਰਾ ਹੀ ਅਪਨਾਉਂਦਾ ਹੈ। ਆਲੇ-ਦੁਆਲੇ ਦੇ ਅਣਸੁਖਾਵੇਂ ਵਾਤਾਵਰਨ ਅਤੇ ਵਿਆਪਕ ਦੂਸ਼ਿਤ ਸੱਭਿਆਚਾਰਕ ਹਵਾ ਉਸ ਅੰਦਰ ਇਕ ਅਜੀਬ ਕਿਸਮ ਦੀ ਹੁੰਮਸ ਤੇ ਤਨਾਉ ਨੂੰ ਜਨਮ ਦਿੰਦੀ ਹੈ। ਇਹ ਵਿਆਪਕ ਦੂਸ਼ਿਤ ਸੱਭਿਆਚਾਰਕ ਹਵਾ ਔਰਤ ਲਈ ਦੂਸ਼ਿਤ ਹੀ ਨਹੀਂ ਬਲਕਿ ਹਰ ਸੰਕਟ ਤੇ ਤਨਾਉ ਦਾ ਕਾਰਨ ਹੈ। ਖਾਸ ਕਰਕੇ ਉਸ ਸਥਿਤੀ ਵਿੱਚ ਵਧੇਰੇ ਜਦੋਂ ਉਹ ਲੇਖਿਕਾ ਵੀ ਹੋਵੇ। ਮਰਦ ਤਾਂ ਇੱਕ ਵਾਰ ਮਰਦਾ ਹੈ , ਪਰ ਔਰਤ ਪਹਿਲਾਂ ਮਾਨਸਿਕ ਤੌਰ ਤੇ ਮਰਦੀ ਹੈ ਤੇ ਫਿਰ ਸਰੀਰਕ ਤੌਰ ਤੇ। ਪਹਿਲਾਂ ਉਸ ਨੂੰ ਜਬਰ - ਜਿਨਾਹ ਸਹਿਣਾ ਪੈਂਦਾ ਹੈ, ਫਿਰ ਜਾਣ ਤੋਂ ਹੱਥ ਧੋਣੇ ਪੈਂਦੇ ਹਨ। ਚੰਦਨ ਨੇਗੀ ਔਰਤ ਦੇ ਦੁਖਾਂਤ ਨੂੰ ਚਿਤਰਦੀ ਹੋਈ ਲਿਖਦੀ ਹੈ:

**"ਔਰਤ ਹਮੇਸ਼ਾ ਲੁੱਟੀ ਜਾਂਦੀ ਰਹੀ। ਚਾਹੇ ਉਹ ਹਿੰਦੂ ਹੋਵੇ, ਮੁਸਲਮਾਨ ਜਾਂ ਸਿੱਖ। ਔਰਤ ਹੀ ਵਿਧਵਾ ਹੁੰਦੀ ਹੈ, ਔਰਤ ਦੀ ਕੁੱਖ ਉੱਜੜਦੀ ਹੈ, ਉਹ ਔਤਰੀ ਹੁੰਦੀ ਹੈ, ਉਸਦੀ ਪਿੱਠ ਟੁੱਟਦੀ ਹੈ, ਔਰਤ ਯਤੀਮ ਹੁੰਦੀ ਹੈ। ਉਹ ਪਿਤਾ, ਪੁੱਤਰ, ਪਤੀ, ਭਰਾ ਤੋਂ ਵਾਂਝੀ ਹੁੰਦੀ ਹੈ ਉਸਦਾ ਘਰ- ਘਾਟ ਉਜੜਦਾ ਹੈ। ਤਨ ਮਨ ਵਲੂੰਧਰਿਆ ਜਾਂਦਾ ਹੈ। "[6]**

ਸੰਤਾਲੀ ਦੇ ਫਸਾਦਾਂ ਵਿੱਚ ਮਰਦਾਂ ਨੇ ਔਰਤਾਂ ਨੂੰ ਆਪਣੀ ਵਹਿਸ਼ਤ ਦਾ ਸ਼ਿਕਾਰ ਬਣਾਇਆ। ਸਾਂਝੀਆਂ ਭਾਈਚਾਰਕ ਕੀਮਤਾਂ ਦਾ ਨਾਸ਼ ਹੋ ਗਿਆ। ਔਰਤ ਦਾ ਸੱਤ ਭੰਗ ਕੀਤਾ ਗਿਆ

ਤੇ ਉਹਨਾਂ ਨੂੰ ਵੇਚਿਆ ਗਿਆ ਉਹਨਾਂ ਨੂੰ ਸਰੀਰਕ ਯਾਤਨਾਵਾਂ ਦੇ ਨਾਲ - ਨਾਲ ਮਾਨਸਿਕ ਪੀੜਾਂ ਵਿੱਚੋਂ ਵੀ ਲੰਘਣਾ ਪਿਆ। ਪ੍ਰੋ: ਅਤਰ ਸਿੰਘ ਦੇ ਸ਼ਬਦਾਂ ਵਿੱਚ:

**"ਹੱਲੇ ਗੁੱਲਿਆਂ ਵਿੱਚ ਹਮੇਸ਼ਾ ਇਸਤਰੀ ਜਿਹੜੀ ਕਿ ਮਨੁੱਖਤਾ ਦੀ ਮਾਂ ਅਤੇ ਸੋਹਜ ਤੇ ਕੋਮਲਤਾ ਦੀ ਪ੍ਰਤੀਕ ਹੈ, ਨੂੰ ਮਨੁੱਖ ਦੀ ਵਹਿਸ਼ਤ ਦਾ ਨਿਸ਼ਾਨਾ ਬਣਨਾ ਪੈਂਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਜਾਬਰ ਮਨੁੱਖ ਨੂੰ ਅਜਿਹੇ ਸਮੇਂ ਆਪਣੇ ਹੈਵਾਨੀ ਸੁਭਾਅ ਤੇ ਲੱਗੀਆਂ ਪਾਬੰਦੀਆਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਮੌਕਾ ਮਿਲ ਜਾਂਦਾ ਹੈ। "**[7]

ਜੰਮੂ ਦੇ ਕਬਾਇਲੀ ਹਮਲਿਆਂ ਵਿੱਚ ਮਰਦ ਨੇ ਔਰਤ ਦਾ ਤ੍ਰਿਸਕਾਰ ਕੀਤਾ। ਬਜ਼ੁਰਗ ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਨਾਵਲ ਦੀ ਨਾਇਕਾ ਪਾਸ਼ ਜੋ ਇੱਕ 13 ਸਾਲ ਦੀ ਬੱਚੀ ਸੀ ਦੇ ਨਾਲ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਪਾਰ ਕੀਤੀਆਂ ਜਾਂਦੀਆਂ ਹਨ। ਕਬਾਇਲੀਆਂ ਦੇ ਉਸਦੇ ਸਰੀਰ ਉੱਤੇ ਦਿੱਤੇ ਜਖ਼ਮ ਸਾਰੀ ਉਮਰ ਨਹੀਂ ਭਰਦੇ। ਨਾਵਲ ਦੇ ਬਿਰਤਾਂਤ ਉਸਦੇ ਜਖ਼ਮਾਂ ਦੀ ਤਰਜ਼ਮਾਨੀ ਕਰਦੇ ਹਨ, **"ਪਾਸ਼ ਨੇ ਇੱਕ ਅੱਖ ਅੱਧ ਜਿਹੀ ਖੋਲੀ। ਹਾਏ ਬੜੀ ਦਰਦ ਏ। ਹੌਲੀ ਹੌਲੀ ਪੇਟ ਵੱਲ ਹੱਥ ਸਰਕਾਇਆ। ਪਾਸ਼ ਨੇ ਨੀਮ ਬੇਹੋਸ਼ੀ ਵਿੱਚ ਵੇਖਿਆ ਖਾਲ ਮ ਖਾਲੀ ਖਲੋਤੀਆਂ ਕੰਧਾਂ ਇੱਕ ਚੀਜ਼ ਨਿਕਲੀ ਹੂ ਮਾਂ ਮੈਂ ਹਿਲ ਵੀ ਨਹੀਂ ਸਕਦੀ। ਲੱਤਾਂ ਪੱਥਰ ਦੀਆਂ ਹੋ ਗਈਆਂ ਨੇ। ਕਮਰ ਟੁੱਟ ਗਈ ਏ ਲਹੂ ਕਿਉਂ ਰਿਸ ਰਿਹਾ ਹੈ ਮੇਰੀ ਛਾਤੀ ਤੇ ਗਰਦਨ ਚੋਂ। ਹਾਏ ਸਭ ਗਿੱਲਾ ਗਿੱਲਾ। ਗੱਲਾਂ ਉੱਤੇ ਜਖ਼ਮ ਜਿਵੇਂ ਹਲਕਾਏ ਕੁੱਤਿਆਂ ਨੇ ਵੱਡਿਆ ਹੋਵੇ। ਪੇਟ ਵਿੱਚੋਂ ਛੁਰੀਆਂ ਨਾਲ ਮਾਸ ਕਤਰਿੰਦਾ ਪਿਆ ਏ। ਬੋਟੀ- ਬੋਟੀ ਕੋਈ ਵੱਢ ਰਿਹਾ। "**[8] ਕਬਾਇਲੀ ਦੰਗਿਆਂ ਦੀਆਂ ਸ਼ਿਕਾਰ ਔਰਤਾਂ ਨਾਲ ਹੋਈ ਦਰਿੰਦਗੀ ਦਾ ਸੰਤਾਪ ਉਹਨਾਂ ਨੂੰ ਝੱਲਣਾ ਹੀ ਪਿਆ ਪਰ ਜਦੋਂ ਉਹਨਾਂ ਦੇ ਮਾਂ -ਬਾਪ ਦੁਆਰਾ ਉਹਨਾਂ ਨੂੰ ਸਵੀਕਾਰ ਨਾ ਕੀਤਾ ਗਿਆ ਤਾਂ ਉਹਨਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ। ਉਹ ਨਾ ਘਰ ਦੀਆਂ ਰਹੀਆਂ ਤੇ ਨਾ ਘਾਟ ਦੀਆਂ। ਕਈਆਂ ਨੇ ਆਤਮ-ਹੱਤਿਆ ਕਰ ਲਈ ਅਤੇ ਕਈਆਂ ਨੇ ਵੇਸਵਾਗਮਨੀ ਦੇ ਧੰਦੇ ਅਪਣਾ ਲਏ। ਚੰਦਨ ਨੇਗੀ ਸਮਾਜ ਦੀ ਇਸ ਘਟੀਆ ਰਾਜਨੀਤੀ ਤੇ ਵਿਅੰਗ ਕਰਦੀ ਲਿਖਦੀ ਹੈ:

**"ਮੈਂ ਸੋਚਦੀ ਹਾਂ ਆਜ਼ਾਦ ਭਾਰਤ ਕਿ ਬਰਬਾਦ ਭਾਰਤ। ਕੀ ਰਹਿ ਗਈ ਹੈ ਉਹਨਾਂ ਕੁੜੀਆਂ ਦੀ ਇੱਜ਼ਤ ਜਿਹੜੀ ਦੂਜਿਆਂ ਤੋਂ ਬੇਇੱਜਤ ਹੋ ਕੇ ਵੀ ਆਪਣਿਆਂ ਤੋਂ ਮਾਣ- ਇੱਜ਼ਤ ਤੇ ਸਾਥ ਲਈ ਤਰਸਦੀਆਂ ਰਹੀਆਂ। ਆਪਣਿਆਂ ਨੇ ਮੂੰਹ ਫੇਰ ਲਿਆ। ਪਿੱਠ ਕਰ ਲਈ। ਕਿੰਨੀਆਂ ਯਾਤਨਾਵਾਂ ਵਿੱਚੋਂ ਲੰਘੀਆਂ। ਆਪਣੇ ਸਰੀਰਾਂ ਨੂੰ ਪਿੰਜਵਾ ਕੇ ਪੱਤ ਲੁਹਾਈ। ਕਿਵੇਂ ਸਹਾਰਿਆ ਇੰਨਾ ਦੁੱਖ ਤੇ ਤਸ਼ੱਦਦ। ਕੀ ਅਸੀਂ ਜਾਣ ਕੇ ਮਲੀਨ- ਪਲੀਤ ਹੋਈਆਂ ਸਾਂ।"**[9]

ਇਹਨਾਂ ਸਭ ਹੋਣ ਦੇ ਬਾਵਜੂਦ ਵੀ ਔਰਤ ਨੇ ਹਿੰਮਤ ਨਹੀਂ ਹਾਰੀ। ਉਹ ਆਪਣੇ ਆਤਮ -ਸਨਮਾਨ ਤੇ ਆਪਣੀ ਰੱਖਿਆ ਦੇ ਲਈ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ । ਹਜ਼ਾਰਾਂ ਸਕੂਲਾਂ - ਕਾਲਜਾਂ ਦੀਆਂ ਕੁੜੀਆਂ ਸਵੈ ਰੱਖਿਆ ਲਈ ਟਰੇਨਿੰਗ ਲੈਣ ਲਈ ਤਿਆਰ ਹੋ ਗਈਆਂ। ਜੰਮੂ ਵਿੱਚ ਵੀ ਵਿਗੜੇ ਹਾਲਾਤਾਂ ਨੂੰ ਵੇਖ ਕੇ ਔਰਤਾਂ ਨੇ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਨਾਰੀ ਨੇ ਹੁਣ ਸਬਲਾ ਬਣਨ ਦੇ ਰਾਹ ਤੇ ਕਦਮ ਵਧਾ ਦਿੱਤੇ । ਉਹਨਾਂ ਦਾ ਉਤਸ਼ਾਹ ਹੋਰ ਵੱਧ ਗਿਆ । ਉਹ ਆਪਣੀ ਆਤਮ ਰੱਖਿਆ ਦੇ ਲਈ ਤਿਆਰ ਸਨ , **" ਇੱਕ ਅੱਧ ਨੂੰ ਮਾਰ ਕੇ ਮਰਾਂਗੇ। ਕੋਈ ਹੱਥ ਤਾਂ ਲਗਾ ਕੇ ਵੇਖੇ। ਸ਼ੇਰਨੀਆਂ ਵਾਂਗ ਦਹਾੜਨ ਲੱਗੀਆਂ ਮਿਲਟਰੀ ਦੀ ਸਿਖਲਾਈ ਲੈਂਦੀਆਂ ਕੁੜੀਆਂ।"**[10]

ਚੰਦਨ ਨੇਗੀ ਦਾ ਨਾਵਲ **ਅੰਧ ਕੂਪ** ਔਰਤਾਂ ਦੀ ਜ਼ਿੰਦਗੀ ਦੀਆਂ ਵੇਦਨਾਵਾਂ, ਸੰਵੇਦਨਾਵਾਂ, ਦੁੱਖਾਂ ਤਰਾਸਦੀਆਂ ਨੂੰ ਅਨੇਕਾਂ ਪਹਿਲੂਆਂ ਵਿੱਚ ਚਿਤਰਦਾ ਹੈ। ਇਹ ਨਾਵਲ 1947 ਦੇ ਦੰਗਿਆਂ ਤੇ ਜੰਮੂ ਦੇ ਕਬਾਇਲੀ ਹਮਲਿਆਂ ਦੌਰਾਨ ਰਾਜਨੀਤਿਕ ਤੇ ਪ੍ਰਸ਼ਾਸਨਿਕ ਸੰਕਟ ਦਾ ਵੀ ਬਿਆਨ ਕਰਦਾ ਹੈ। ਮਨੁੱਖੀ ਕਦਰਾਂ-ਕੀਮਤਾਂ ਦੇ ਘਾਣ ਦਾ ਯਥਾਰਥਕ ਰੂਪ ਪੇਸ਼ ਕਰਦਾ ਹੈ। ਨਾਵਲਕਾਰਾ ਔਰਤ ਤਰਾਸਦੀ ਦੇ ਪੱਖਾਂ ਨੂੰ ਬੇਬਾਕ ਹੋ ਕੇ ਪ੍ਰਗਟਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਹਰਭਜਨ ਸਿੰਘ ਭਾਟੀਆ, **ਪੰਜਾਬੀ ਗਲਪ**, ਪੰਨਾ- 37
2. ਚੰਦਨ ਨੇਗੀ, **ਅੰਧ ਕੂਪ** , ਪੰਨਾ -96
3. ਉਹੀ, ਪੰਨਾ- 96
4. ਉਹੀ, ਪੰਨਾ- 105
5. ਉਹੀ, ਪੰਨਾ-56
6. ਉਹੀ, ਪੰਨਾ -165
7. ਅਤਰ ਸਿੰਘ, **ਕਾਵਿ ਅਧਿਐਨ**, ਪੰਨਾ- 96
8. ਚੰਦਨ ਨੇਗੀ, **ਅੰਧ ਕੂਪ**, ਪੰਨੇ- 150-151
9. ਉਹੀ, ਪੰਨਾ -226
10. ਉਹੀ, ਪੰਨਾ- 131



**ਆਫ਼ਿਸ ਟੀ.ਜੀ.ਟੀ. ਪੰਜਾਬੀ,**

**ਸਰਵੋਦਿਆ ਵਿਦਿਆਲਿਆ, ਸੈਕਟਰ-7,**

**ਰੋਹਿਣੀ, ਦਿੱਲੀ -110085**

# ਅਨਾਰਕਲੀ

❑ ਸੁਰਿੰਦਰ ਕੌਰ ਨੀਰ

ਬਾਹਰ ਸ਼ੋਰ ਅਜੇ ਵੀ ਸਿਖਰਾਂ 'ਤੇ ਸੀ। ਗੋਲੀਆਂ ਦੀ ਕੰਨ ਪਾੜਵੀਂ ਠਾਹ-ਠਾਹ। ਲੋਕਾਂ ਦੀ ਭੱਜ-ਨੱਠ ਤੇ ਹਾਇ-ਵਾਇ ਦਾ ਚੀਖ-ਚਿਹਾੜਾ। ਤੇ ਫਿਰ ਕੁਝ ਦੇਰ ਬਾਦ ਚਾਰੇ ਪਾਸੇ ਪਸਰ ਗਿਆ ਸੰਨਾਟਾ। ਬਾਕੀ ਸਭ ਆਵਾਜ਼ਾਂ ਖਾਮੋਸ਼। ਸਾਰੇ ਸ਼ਹਿਰ ਨੂੰ ਸੱਨਾਟੇ ਨੇ ਨਿਗਲ ਲਿਆ ਸੀ।

ਉਹ ਇਸ ਸ਼ਹਿਰ ਵਿਚ ਇਕ ਅਜਨਬੀ ਸੀ, ਜੋ ਡੂੰਘੇ ਪਾਣੀਆਂ ਦੀ ਹਿੱਕ ਉੱਤੇ ਖੜੀ ਹਾਊਸਬੋਟਾਂ ਦੀ ਲੰਮੀ ਕਤਾਰ 'ਚੋਂ ਆਖਰੀ ਹਾਊਸਬੋਟ ਦੇ ਮੂਹਰਲੇ ਕਮਰੇ ਵਿਚ ਭਖਦੀ ਬੁਖਾਰੀ ਦੇ ਬਿਲਕੁਲ ਨੇੜੇ ਦੁਬਕਿਆ ਇਸ ਸੰਨਾਟੇ ਤੇ ਸੱਨਾਟੇ ਨੂੰ ਰਹਿ-ਰਹਿ ਕੇ ਚੀਰ ਦੇਂਦੀ ਠਾਹ-ਠਾਹ ਬਾਰੇ ਸੋਚ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਹ ਸਭ ਕੀ ਤੇ ਕਿਉਂ ਹੋ ਰਿਹਾ ਸੀ।

ਉਹ ਕਿਸੇ ਦੂਰ ਦੇਸ਼ ਤੋਂ ਇੱਥੋਂ ਦੇ ਜੰਗਲਾਂ 'ਚੋਂ ਕੁਝ ਦੁਰਲੱਭ ਜੜੀ-ਬੂਟੀਆਂ ਦੀ ਖੋਜ ਵਿਚ ਆਇਆ ਸੀ, ਜਿਨ੍ਹਾਂ ਤੋਂ ਬੇਸ਼ਕੀਮਤੀ ਦਵਾਈਆਂ ਬਣਾਈਆਂ ਜਾਣੀਆਂ ਸਨ। ਇਹ ਜੜ੍ਹੀ-ਬੂਟੀਆਂ ਵੱਡੇ ਤੋਂ ਵੱਡੇ ਲਾਇਲਾਜ ਮਰਜ਼ ਲਈ ਸੰਜੀਵਨੀ ਸਨ ਜਿਸ ਦੀ ਜਾਣਕਾਰੀ ਉਸ ਨੂੰ ਉਸ ਦੇ ਗੁਰੂ ਵਲੋਂ ਦਿੱਤੇ ਇਕ ਪੁਰਾਤਨ ਗ੍ਰੰਥ 'ਚੋਂ ਮਿਲੀ ਸੀ। ਇਸ ਗ੍ਰੰਥ ਵਿਚ ਭਾਰਤੀ ਦਰਸ਼ਨ ਅਤੇ ਆਯੁਰਵੇਦ ਦਾ ਬਹੁਤ ਮਹੱਤਵ ਦੱਸਿਆ ਗਿਆ ਸੀ। ਉਸਨੇ ਸਾਰੀ ਉਮਰ ਦੁਨੀਆ ਭਰ ਦੇ ਜੰਗਲਾਂ 'ਚੋਂ ਅਜੇਹੀਆਂ ਜੜੀ-ਬੂਟੀਆਂ ਦੀ ਤਲਾਸ਼ ਕਰਨ ਵਿਚ ਲਗਾ ਦਿੱਤੀ ਸੀ, ਜਿਸ ਨਾਲ ਮਨੁੱਖਤਾ ਦੀ ਪੀੜ ਜੇਕਰ ਖਤਮ ਨਹੀਂ ਤਾਂ ਘੱਟੋ-ਘੱਟ ਘਟਾਈ ਜਾ ਸਕੇ। ਆਪਣੇ ਇਸੇ ਜਨੂੰਨ ਵਿਚ ਤਨ ਮਨ ਨਾਲ ਰੁੱਝੇ ਰਹਿਣ ਕਾਰਨ ਹੀ ਸ਼ਾਇਦ ਉਹ ਦੁਨੀਆ ਵਿਚ ਵਾਪਰ ਰਹੇ ਸਿਆਸੀ, ਸਮਾਜੀ ਤੇ ਹੋਰ ਤਰ੍ਹਾਂ ਦੇ ਵਰਤਾਰਿਆਂ ਵੱਲ ਬਹੁਤਾ ਧਿਆਨ ਨਹੀਂ ਸੀ ਦੇਂਦਾ। ਪਰ ਇਥੇ ਆ ਕੇ ਉਸਨੇ ਜੋ ਕੁਝ ਤੱਕਿਆ, ਜੋ ਮਹਿਸੂਸ ਕੀਤਾ ਉਸ ਤੋਂ ਉਹ ਧੁਰ ਅੰਦਰ ਤਕ ਹਲੂਣਿਆ ਗਿਆ। ਉਸਨੂੰ ਲੱਗਾ ਜਿਵੇਂ ਇਹ ਸਾਰੀ ਧਰਤ ਹੀ ਜ਼ਖ਼ਮਾਂ ਨਾਲ ਭਰੁੱਚੀ ਹੋਵੇ। ਥਾਂ-ਥਾਂ ਲਹੂ ਰਿਸ ਰਿਹਾ ਸੀ ਤੇ ਪੀੜ ਕਾਰਨ ਧਰਤੀ ਦਾ ਚੱਪਾ-ਚੱਪਾ ਕਰਾਹ ਰਿਹਾ ਸੀ। ਰੋਗਾਂ ਤੇ ਜ਼ਖ਼ਮਾਂ ਦੇ ਇਲਾਜ

ਕਰਨ ਵਾਲੇ ਵੈਦ ਹਕੀਮ ਤਾਂ ਆਪ ਇਥੇ ਹਾਏ-ਵਾਏ ਦੇ ਹੌਕੇ ਭਰ ਰਹੇ ਸਨ। ਐਸੇ ਟੂਣੇਹਾਰੇ ਮਾਹੌਲ ਵਿਚ ਕੌਣ ਕਿਸ ਦਾ ਦਵਾ ਦਾਰੂ ਕਰੇ ?

ਉਸਨੂੰ ਚਾਰੇ ਪਾਸੇ ਮੌਤ ਦਾ ਤਾਂਡਵ ਨੱਚਿਆ ਜਾਂਦਾ ਦਿੱਸਿਆ। ਮੌਤ ਦੇ ਤਾਂਡਵ ਲਈ ਉਸਦੇ ਜ਼ਿਹਨ ਵਿਚ ਆਪ ਮੁਹਾਰੇ ਇਕ ਲਫਜ਼ ਆ ਗਿਆ 'Dance of Death' ਪਰ ਉਹ ਇਹ ਨਹੀਂ ਸੀ ਸਮਝ ਪਾ ਰਿਹਾ ਕਿ ਇਹ ਨਾਚ ਨੱਚ ਕੌਣ ਰਿਹਾ ਸੀ ਤੇ ਨਚਾ ਕੌਣ ਰਿਹਾ ਸੀ। ਉਸਦਾ ਜੀਅ ਕੀਤਾ ਕਿ ਕਮਰੇ ਤੋਂ ਬਾਹਰ ਨਿਕਲ ਕੇ ਉਹ ਵੇਖਣ ਦੀ ਕੋਸ਼ਿਸ਼ ਕਰੇ ਕਿ ਡੁੱਗਡੁੱਗੀ ਕਿਸ ਦੇ ਹੱਥ ਵਿਚ ਹੈ। ਪਰ ਉਹ ਬਾਹਰ ਨਿਕਲਣ ਦੀ ਹਿੰਮਤ ਨਾ ਕਰ ਸਕਿਆ।

ਬੁਖਾਰੀ ਦਾ ਸੇਕ ਉਸਦੇ ਜ਼ਿਹਨ ਨੂੰ ਤਪਾਣ ਲੱਗ ਪਿਆ। ਤਦੇ ਉਸਦੀ ਨਜ਼ਰ ਸਾਹਮਣੇ ਰਸੋਈ ਵਿਚਲੀ ਘੜਵੰਜੀ ਉੱਤੇ ਪਈ ਜਿਸ ਉੱਤੇ ਤਿੰਨ-ਚਾਰ ਰਾਂਗਲੇ ਘੜੇ ਟਿਕਾਏ ਹੋਏ ਸਨ। ਜ਼ਰੂਰ ਇਹ ਘੜੇ ਪਾਣੀ ਨਾਲ ਹੀ ਭਰੇ ਰੱਖੇ ਗਏ ਸਨ। ਉਸਦਾ ਜੀਅ ਕੀਤਾ ਕਿ ਕੋਈ ਇਕ ਘੜਾ ਚੁੱਕ ਕੇ ਉਹ ਪਾਣੀ ਇਸ ਬੁਖਾਰੀ ਵਿਚ ਡੋਲ ਦੇਵੇ ਤਾਂ ਜੁ ਇਸ ਅੰਦਰਲੀ ਅੱਗ ਸ਼ਾਂਤ ਹੋ ਜਾਵੇ। ਫਿਰ ਉਹ ਆਪ ਹੀ ਠਿਠਕ ਗਿਆ। ਇਹ ਸੋਚ ਕੇ ਕਿ ਅਗਰ ਪਾਣੀ ਦੀ ਥਾਂ ਇਨ੍ਹਾਂ ਘੜਿਆਂ ਵਿਚ ਮਿੱਟੀ ਦਾ ਤੇਲ ਹੋਇਆ ਤਾਂ ਕੀ ਹੋਵੇਗਾ ? ਅੱਗ ਬੁਝਾਉਣ ਦੇ ਚੱਕਰ ਵਿਚ ਕਿਧਰੇ ਅੱਗ ਹੋਰ ਹੀ ਨਾ ਭੜਕ ਜਾਵੇ। ਉਸਨੂੰ ਜਾਪਿਆ ਜਿਵੇਂ ਹਾਊਸਬੋਟ ਹਿਚਕੋਲੇ ਖਾ ਰਹੀ ਸੀ। ਉਹ ਦੀਵਾਰ ਦੇ ਨਾਲ ਲੱਗਾ ਘਬਰਾਹਟ ਵਿਚ ਚੀਖ ਪਿਆ- "ਆਹਦ ਜੂ... ਆਹਦ ਜੂ...।"

ਹਾਊਸਬੋਟ ਦਾ ਮਾਲਕ ਆਹਦ ਜੂ ਭੱਜਦਾ ਹੋਇਆ ਸਾਹਮਣੇ ਆ ਗਿਆ।

"ਕੀ ਗੱਲ ਹਜ਼ਰਤ ? ਖੈਰੀਅਤ ਹੈ ? ਕੁਝ ਚਾਹੀਦਾ ਹੈ ਕੀ ?"

"ਆਹਦ ਜੂ ਇਹ ਹਾਊਸਬੋਟ ਬੁਰੀ ਤਰ੍ਹਾਂ ਹਿਲ ਰਹੀ ਹੈ।"

ਅਜਨਬੀ ਦੀ ਗੱਲ ਸੁਣ ਆਹਦ ਜੂ ਨੇ ਖਿੜਕੀ ਵਿਚੋਂ ਦੂਰ ਨਜ਼ਰ ਮਾਰੀ। ਪਹਾੜਾਂ ਉੱਤੇ ਕੁਦਰਤ ਨੇ ਕਾਲੇ ਕੰਬਲ ਦਾ ਘੁੰਡ ਮਾਰ ਰੱਖਿਆ ਸੀ ਤੇ ਉਸਦਾ ਇਹ ਲਿਬਾਦਾ ਇਸ ਸ਼ਹਿਰ ਨੂੰ ਵੀ ਹੌਲੀ-ਹੌਲੀ ਆਪਣੀ ਬੁੱਕਲ ਵਿਚ ਭਰ ਰਿਹਾ ਸੀ। ਆਹਦ ਜੂ ਅਜਨਬੀ ਵੱਲ ਵੇਖ ਬੋਲਿਆ, "ਨਹੀਂ ਹਜ਼ਰਤ ਹਾਊਸਬੋਟ ਤਾਂ ਆਪਣੀ ਹੀ ਜਗ੍ਹਾ ਖੜੀ ਹੈ, ਪਰ ਅਸਲ ਵਿਚ ਪਾਣੀ ਕੰਬ ਰਿਹਾ ਹੈ।"

"ਪਾਣੀ ਕੰਬ ਰਿਹਾ ? ਪਾਣੀ ਤਾਂ ਹਿਲਦਾ ਹੈ। ਕੰਬਣ ਦਾ ਕੀ ਮਤਲਬ ?"

"ਨਾ-ਨਾ ਹਜ਼ਰਤ, ਤੁਸੀਂ ਸਮਝੇ ਨਹੀਂ। ਇਹ ਡਲ ਝੀਲ ਹੀ ਸਾਰੀ ਕੰਬ ਰਹੀ ਹੈ। ਹੁਣ ਮੈਂ... ਕਿਵੇਂ ਸਮਝਾਵਾਂ ਤੁਹਾਨੂੰ...ਦਰਅਸਲ ਜਦ ਬਹੁਤ ਸਾਰੀਆਂ ਲਾਸ਼ਾਂ ਡਲ ਦੇ ਪਾਣੀਆਂ ਵਿਚ ਡਿਗਦੀਆਂ ਹਨ ਤਾਂ ਤਲਾਤੁਮ ਪੈਦਾ ਹੋ ਜਾਂਦਾ ਹੈ। ਉਸੇ ਤਲਾਤੁਮ ਨਾਲ ਪਾਣੀ ਕੰਬਦੇ ਤੇ ਕਸ਼ਤੀਆਂ ਡੋਲਦੀਆਂ ਹਨ। ਵੈਸੇ ਤੁਸੀਂ ਫਿਕਰ ਨਾ ਕਰੋ ਹਜ਼ਰਤ। ਕੁਝ ਦੇਰ ਬਾਦ ਸਭ ਸਹਿਜ ਹੋ ਜਾਵੇਗਾ।"

ਅਜਨਬੀ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਜਿਸ ਸ਼ਹਿਰ ਵਿਚ ਉਸ ਦੀਆਂ ਅੱਖਾਂ ਸਾਹਮਣੇ ਗੋਲੀਆਂ ਚੱਲ ਰਹੀਆਂ ਹੋਣ, ਪਾਣੀਆਂ ਵਿਚ ਲਾਸ਼ਾਂ ਤੈਰ ਰਹੀਆਂ ਹੋਣ ਤੇ ਕਸ਼ਤੀਆਂ ਡੋਲਣ ਲੱਗ ਪੈਣ, ਉਥੇ ਸਭ ਕੁਝ ਸਹਿਜ ਕਿਵੇਂ ਹੋ ਸਕਦਾ ਸੀ? ਪਰ ਆਹਦ ਜੂ ਨੇ ਸੱਚ ਹੀ ਕਿਹਾ ਸੀ। ਕੁਝ ਦੇਰ ਦੇ ਸੱਨਾਟੇ ਬਾਦ ਲੋਕੀ ਹੌਲੀ-ਹੌਲੀ ਫਿਰ ਤੁਰਦੇ-ਫਿਰਦੇ ਨਜ਼ਰ ਆਣ ਲੱਗ ਪਏ ਸਨ।

"ਆਹਦ ਜੂ ਇਹ ਸਭ ਕੀ ਤੇ ਕਿਉਂ ਹੋ ਰਿਹਾ ਹੈ? ਇਹ ਮਾਰਕੁੱਟ, ਵੱਢ-ਟੁੱਕ, ਖ਼ੂਨ ਖ਼ਰਾਬਾ ਕਿਸ ਲਈ? ਕੀ ਚਾਹੀਦਾ ਹੈ ਇਨ੍ਹਾਂ ਮੌਤ ਦੇ ਸੌਦਾਗਰਾਂ ਨੂੰ?' ਅਜਨਬੀ ਦਾ ਸੁਆਲ ਸੁਣ ਆਹਦ ਜੂ ਲੰਮਾ ਹੌਕਾ ਭਰਦਾ ਬੋਲਿਆ, "ਹਜ਼ਰਤ ਕਾਹਵਾ ਬਣਾਵਾਂ? ਪੀਓਗੇ ਤੁਸੀਂ?"

ਜੁਆਬ ਉਡੀਕੇ ਬਿਨਾਂ ਹੀ ਉਹ ਰਸੋਈ 'ਚੋਂ ਤਾਂਬੇ ਦਾ ਨੱਕਾਸ਼ੀਦਾਰ ਸਮਾਵਾਰ ਚੁੱਕ ਲਿਆਇਆ। ਬੁਖਾਰੀ 'ਚੋਂ ਚਿਮਟੇ ਨਾਲ ਚਾਰ-ਪੰਜ ਭਖਦੇ ਅੰਗਾਰ ਚੁੱਕ ਉਸ ਸਮਾਵਾਰ ਦੀ ਅੰਦਰਲੀ ਨਲੀ ਵਿਚ ਪਾਏ। ਪਾਣੀ ਦੇ ਦੋ ਕੁ ਕੱਪ ਪਾ ਕੇ ਵਿਚ ਖੰਡ, ਨਿੱਕੀ ਇਲਾਇਚੀ ਤੇ ਦਾਲਚੀਨੀ ਪਾ ਕੇ ਢੱਕਣ ਬੰਦ ਕਰ ਦਿੱਤਾ। ਕੁਝ ਹੀ ਦੇਰ ਬਾਦ ਜ਼ਾਫਰਾਨ ਦੀਆਂ ਦੋ-ਦੋ, ਚਾਰ-ਚਾਰ ਸਿੰਧੂਰੀ ਤੁਰੀਆਂ ਤੇ ਕੁੱਟੇ ਹੋਏ ਬਦਾਮ ਚੀਨੀ ਪਿਆਲਿਆਂ ਵਿਚ ਪਾ ਕੇ ਉਪਰ ਸੁਗੰਧਤ ਖੌਲਦਾ ਪਾਣੀ ਪਾ ਦਿੱਤਾ। ਜ਼ਾਫਰਾਨੀ ਕਾਹਵੇ ਦੀ ਖੁਸ਼ਬੋ ਨੇ ਕਮਰੇ ਵਿਚ ਪਸਰਿਆ ਭਾਰਾਪਨ ਅਤੇ ਅਜਨਬੀ ਦੀ ਉਦਾਸੀ ਨੂੰ ਤਾਜ਼ਗੀ ਵਿਚ ਬਦਲ ਦਿੱਤਾ। ਹਾਲਾਂਕਿ ਉਹ ਅਜੇ ਵੀ ਉਨ੍ਹਾਂ ਹੀ ਉਲਝਣਾਂ ਵਿਚ ਉਲਝਿਆ ਸੀ ਪਰ ਹੁਣ ਉਸ ਦਾ ਰਓਂ ਪਹਿਲਾਂ ਵਰਗਾ ਉਦਾਸ ਤੇ ਰੋਣਹਾਕਾ ਨਹੀਂ ਸੀ, ਸਗੋਂ ਹੁਣ ਉਹ ਕਿਸੇ ਖੋਜੀ ਵਾਂਗ ਆਹਦ ਜੂ ਤੋਂ ਬਹੁਤ ਕੁਝ ਜਾਣਨਾ ਚਾਹੁੰਦਾ ਸੀ।

"ਇਥੇ ਤਾਂ ਸਭ ਇਕੋ ਜਹੇ ਰੰਗ-ਰੂਪ, ਸ਼ਕਲ-ਸੂਰਤ ਅਤੇ ਇਕੋ ਜਹੀ ਹੀ ਭਾਸ਼ਾ ਬੋਲਣ ਵਾਲੇ ਬਾਸ਼ਿੰਦੇ ਵਸਦੇ ਹਨ ਤਾਂ ਫਿਰ ਝਗੜਾ ਕਿਸ ਗੱਲ ਦਾ ਹੈ?" ਕਾਹਵੇ ਦੇ ਘੁਟ ਭਰਦਿਆਂ ਅਜਨਬੀ ਨੇ ਮੁੜ ਉਹੀ ਸਿਰਾ ਫੜ ਲਿਆ। ਆਹਦ ਜੂ ਨੇ ਖਿੜਕੀ ਖੋਲ੍ਹ ਕੇ

ਬਾਹਰ ਵੇਖਿਆ, ਸੰਨਾਟਾ ਉਵੇਂ ਹੀ ਕਿਸੇ ਅਜ਼ਗਰ ਵਾਂਗ ਕੁੰਡਲੀ ਮਾਰ ਕੇ ਬੈਠਾ ਸੀ। ਚੰਨ ਵੀ ਹਨੇਰਿਆਂ ਵਿਚ ਦੁਬਕ ਕੇ ਛੁਪ ਗਿਆ ਸੀ।

"ਅੱਜ ਅਗਰ ਇਹ ਗੋਲੀਆਂ ਦਾ ਤਾਂਡਵ ਨਾ ਹੋਇਆ ਹੁੰਦਾ ਤਾਂ ਸਾਰੀ ਝੀਲ ਕਿਸੇ ਨਵ ਵਿਆਹੀ ਦੁਲਹਨ ਵਾਂਗ ਰੋਸ਼ਨੀਆਂ ਦੇ ਰੰਗ-ਬਿਰੰਗੇ ਗਹਿਣਿਆਂ ਨਾਲ ਚਮਕਦੀ ਨਜ਼ਰ ਆ ਰਹੀ ਹੁੰਦੀ। ਝੀਲ ਦੇ ਇਸ ਹਿੱਸੇ ਨੂੰ 'ਗੋਲਡਨ ਲੇਕ' ਕਿਹਾ ਜਾਂਦਾ ਹੈ ਪਰ ਗੋਲੀਆਂ ਤੇ ਬੰਬਾਂ ਨੇ ਇਸ ਗੋਲਡਨ ਲੇਕ ਨੂੰ ਬਲੈਕ ਵਾਟਰ ਵਿਚ ਤਬਦੀਲ ਕਰ ਦਿੱਤਾ ਹੈ। ਇਹੀ ਤਾਂ ਸਾਡੀ ਰੋਜ਼ੀ ਰੋਟੀ ਹੈ। ਪਰ...।"

"ਤੁਸੀਂ ਹਮੇਸ਼ਾ ਇਨ੍ਹਾਂ ਪਾਣੀਆਂ ਵਿਚ ਹੀ ਰਹਿੰਦੇ ਹੋ ਆਹਦ ਜੂ ? ਤੁਹਾਡੇ ਬੱਚੇ, ਘਰ ਪਰਿਵਾਰ, ਤੁਹਾਡੇ ਵਿਆਹ ਸ਼ਾਦੀਆਂ, ਖੇਤੀਬਾੜੀ...।"

"ਸਾਡਾ ਸਭ ਕੁਝ ਇਹੀ ਪਾਣੀ ਤੇ ਇਹ ਹਾਊਸਬੋਟ ਨੇ ਹਜ਼ਰਤ, ਇਥੇ ਹੀ ਸਾਡਾ ਜੀਣਾ ਤੇ ਇਥੇ ਹੀ ਮਰਨਾ। ਇਹੀ ਸਾਡੀ ਵਿਰਾਸਤ ਹੈ। ਮੇਰੇ ਅੱਬਾ ਮਰਹੂਮ ਨੇ ਇਹ 'ਦਿਲਆਵੇਜ਼' ਹਾਊਸਬੋਟ ਮੈਨੂੰ ਦੇ ਕੇ ਆਪ ਜੱਨਤ ਵਿਚ ਜਾ ਕੇ ਪਨਾਹ ਲੈ ਲਈ ਸੀ। ਹੁਣ ਮੈਂ ਅੱਗੇ ਆਪਣੇ ਪੁੱਤਰ ਦੇ ਹਵਾਲੇ ਕਰਕੇ ਚਲਾ ਜਾਵਾਂਗਾ। ਅਸੀਂ ਵੀ ਸਦੀਆਂ ਪਹਿਲਾਂ ਤੁਹਾਡੇ ਵਾਂਗ ਹੀ ਪਰਦੇਸ਼ਾਂ 'ਚੋਂ ਆ ਕੇ ਇਥੇ ਵਸੇ ਹਾਂ।

"ਤੇ ਹੁਣ ਇਹੀ ਸਾਡੀ ਸ਼ਨਾਖ਼ਤ ਹੈ। ਅਸੀਂ ਇਨ੍ਹਾਂ ਪਾਣੀਆਂ 'ਤੇ ਹੀ ਜੀਉਂਦੇ ਤੇ ਇਨ੍ਹਾਂ 'ਤੇ ਹੀ ਮਰ ਜਾਂਦੇ ਹਾਂ। ਸਾਡੀ ਜ਼ਿੰਦਗੀ ਹਨ ਇਹ ਪਾਣੀ।"

"ਇਨ੍ਹਾਂ ਪਾਣੀਆਂ ਵਿਚ ਫਿਰ ਲਹੂ ਕਿਵੇਂ ਰਲ ਗਿਆ ਆਹਦ ਜੂ ?" ਅਜਨਬੀ ਨੇ ਫਿਰ ਆਪਣੀ ਬੇਚੈਨੀ ਨੂੰ ਸੁਆਲ ਬਣਾ ਕੇ ਪੁੱਛ ਲਿਆ। ਆਹਦ ਜੂ ਨੇ ਖਾਲੀ ਹੋ ਗਏ ਕਾਹਵੇ ਦਾ ਕੱਪ ਹੇਠਾਂ ਰੱਖਿਆ ਤੇ ਦੂਜੇ ਕਮਰੇ 'ਚੋਂ ਪਿੱਤਲ ਦੀ ਜਜੀਰੀ (ਹੁੱਕਾ) ਚੁੱਕ ਲਿਆਇਆ। ਚਿਲਮ ਵਿਚ ਤਾਜ਼ੇ ਤੰਬਾਕੂ ਦੀਆਂ ਕੁਝ ਪੱਤੀਆਂ ਮਸਲ ਕੇ ਪਾਈਆਂ ਤੇ ਹੁੱਕਾ ਸੁਲਘਾ ਕੇ ਉਸਦੀ ਨੜੀ ਮੂੰਹ ਨਾਲ ਲਗਾ ਲਈ। ਕੁਝ ਚਿਰ ਤਕ ਗੁੜ-ਗੁੜ ਕਰਦੇ ਰਹਿਣ ਬਾਦ ਉਸਨੇ ਜਿਵੇਂ ਕੋਈ ਡੂੰਘੀ ਗੱਲ ਕਹੀ, "ਹਜ਼ਰਤ ਤੁਸਾਂ ਉਸ ਔਰਤ ਦੀ ਕਹਾਣੀ ਸੁਣੀ ਹੋਈ ਹੈ ਜਿਸਦੇ ਦੋ ਆਸ਼ਕ ਉਸਨੂੰ ਹਾਸਲ ਕਰਨ ਲਈ ਆਪਸ ਵਿਚ ਲੜ-ਲੜ ਕੇ ਮਰ ਗਏ, ਪਰ ਹਾਸਲ ਕੋਈ ਵੀ ਨਾ ਕਰ ਸਕਿਆ। ਔਰਤ ਨੂੰ ਜਦ ਉਨ੍ਹਾਂ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਹ ਤਨਜ਼ ਨਾਲ ਹੱਸਦੀ ਬੋਲੀ ਕਿ ਮੂਰਖ ਸਨ ਉਹ ਦੋਵੇਂ ਜਿਹੜੇ ਖਾਹਮਖਾਹ ਹੀ ਇਕ ਦੂਜੇ ਨਾਲ ਲੜਦੇ ਮਰ ਗਏ। ਪਰ ਕਦੀ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਸ ਔਰਤ ਪਿੱਛੇ ਉਹ ਲੜ ਰਹੇ ਹਨ ਕੀ ਉਹ ਵੀ ਉਨ੍ਹਾਂ ਨੂੰ ਚਾਹੁੰਦੀ ਜਾਂ ਉਨ੍ਹਾਂ ਨਾਲ

ਰਹਿਣ ਲਈ ਰਾਜ਼ੀ ਹੈ ? ਉਹ ਤਾਂ ਆਪਣੀ ਤਾਕਤ ਦੇ ਨਸ਼ੇ ਵਿਚ ਹੰਕਾਰੇ ਹੋਏ ਜ਼ਬਰਦਸਤੀ ਉਸ ਉੱਤੇ ਕਬਜ਼ਾ ਜਮਾਉਣ ਲਈ ਲੜ ਮਰੇ...।"

"ਹੂੰ...ਅ...। ਤਾਂ ਇਸ ਦਾ ਮਤਲਬ ਇਥੇ ਵੀ ਕਹਾਣੀ ਕਿਸੇ ਔਰਤ ਦੀ ਹੀ ਹੈ।" ਅਜਨਬੀ ਨੇ ਜੇਬ 'ਚੋਂ ਸਿਗਰੇਟ ਦੀ ਡੱਬੀ ਕੱਢ, ਇਕ ਸਿਗਰੇਟ ਮੂੰਹ ਵਿਚ ਪਾ ਕੇ ਸੁਲਘਾ ਲਈ। ਡੂੰਘਾ ਕਸ਼ ਲੈਂਦਿਆਂ ਉਸਨੇ ਗੌਰ ਨਾਲ ਆਹਦ ਜੂ ਵੱਲ ਵੇਖਿਆ ਜੋ ਲਗਾਤਾਰ ਹੁੱਕਾ ਗੁੜਗੁੜਾ ਰਿਹਾ ਸੀ।

"ਹਾਂ ਹਜ਼ਰਤ! ਔਰਤ ਵੀ ਉਹ, ਜੋ ਸਦੀਆਂ-ਸਦੀਆਂ ਤੋਂ ਅਜਿਹੇ ਹੀ ਮੂਰਖ ਤੇ ਘੁਮੰਡੀ ਤਾਕਤਵਰਾਂ ਦੇ ਹੱਥੋਂ ਆਪਣੀ ਆਬਰੂ ਲੁਟਾਉਂਦੀ ਰਹੀ ਹੈ। ਸਮੇਂ-ਸਮੇਂ ਭਾਵੇਂ ਲੁੱਟਣ ਵਾਲਿਆਂ ਦੇ ਚਿਹਰੇ ਤੇ ਰੰਗ-ਰੂਪ ਬੇਸ਼ੱਕ ਬਦਲਦੇ ਰਹੇ ਪਰ ਲੁੱਟੀ ਜਾਣ ਵਾਲੀ ਉਹੀ ਹੈ। ਇਹ ਜੋ ਵੈਣ, ਰੁਦਨ ਤੇ ਪੀੜਾਂ ਭਰੀਆਂ ਸਿਸਕੀਆਂ ਤੁਸੀਂ ਸੁਣ ਰਹੇ ਹੋ, ਇਹ ਉਸੇ ਔਰਤ ਦੀਆਂ ਹਨ। ਤੁਸੀਂ ਫੁੱਲਾਂ ਲੱਦੇ ਬਾਗਾਂ ਵਿਚ ਚਲੇ ਜਾਓ, ਫਲਦਾਰ ਰੁੱਖਾਂ ਕੋਲ ਖੜੋਵੋ, ਜੰਗਲਾਂ, ਪਹਾੜਾਂ, ਝਰਨਿਆਂ, ਆਬਸ਼ਾਰਾਂ ਕੋਲ ਜਾ ਕੇ ਉਨ੍ਹਾਂ ਦੀ ਚੁੱਪੀ ਨੂੰ ਸੁਣੋ, ਚੁਪਾਸੀਂ ਤੁਹਾਨੂੰ, ਹੌਕੇ ਤੇ ਕੀਰਨੇ ਹੀ ਸੁਣਾਈ ਦੇਣਗੇ, ਜੋ ਸਦੀਆਂ ਤੋਂ ਅਸੀਂ ਸੁਣਦੇ ਆ ਰਹੇ ਹਾਂ।"

ਆਹਦ ਜੂ ਦੀਆਂ ਅੱਖਾਂ ਵਿਚ ਪਾਣੀ ਭਰ ਆਇਆ। ਉਸਨੇ ਉੱਠ ਕੇ ਅਲਾਵ ਦੀ ਅੱਗ ਨੂੰ ਥੋੜ੍ਹਾ ਤੇਜ਼ ਕੀਤਾ ਤੇ ਫਿਰ ਆਪਣੀ ਥਾਂ ਆ ਕੇ ਬੈਠ ਹੁੱਕਾ ਗੁੜਗੁੜਾਣ ਲੱਗ ਪਿਆ। ਉਸਦੀ ਬੇਚੈਨੀ ਸਾਫ ਮਹਿਸੂਸ ਕੀਤੀ ਜਾ ਸਕਦੀ ਸੀ। ਅਜਨਬੀ ਚੁੱਪਚਾਪ ਉਸਨੂੰ ਸੁਣਨਾ ਚਾਹ ਰਿਹਾ ਸੀ।

"ਹਜ਼ਰਤ, ਇਸ ਔਰਤ ਦੀ ਵੀ ਬੜੀ ਦਰਦਨਾਕ ਕਹਾਣੀ ਹੈ। ਜਿਤਨੀ ਖ਼ੂਬਸੂਰਤ ਸ਼ਕਲ ਓਨੇ ਹੀ ਮਾੜੇ ਨਸੀਬ।"

"ਤੂੰ ਕਹਾਣੀ ਸੁਣਾ ਆਹਦ ਜੂ। ਸੋਹਣੀਆਂ ਔਰਤਾਂ ਦਾ ਦਰਦ ਵੈਸੇ ਵੀ ਬਹੁਤ ਡੂੰਘਾ ਧਸਦਾ ਹੈ ਸੀਨੇ ਅੰਦਰ ਤੇ ਉਨ੍ਹਾਂ ਬਾਰੇ ਜਾਣਨ ਦੀ ਜਗਿਆਸਾ ਵੀ ਤੀਬਰ ਹੋ ਜਾਂਦੀ ਹੈ। ਮੈਂ ਵੀ ਸੁਣਨਾ ਚਾਹੁੰਦਾ ਹਾਂ ਇਸ ਖ਼ੂਬਸੂਰਤ ਤ੍ਰਾਸਦੀ ਬਾਰੇ।"

"ਹਜ਼ਰਤ ਇਸ ਔਰਤ ਬਾਰੇ ਇਥੋਂ ਦੇ ਹਿੰਦੂ ਦਾਅਵਾ ਕਰਦੇ ਹਨ ਕਿ ਉਹ ਉਨ੍ਹਾਂ ਦੀ ਹਿੰਦੂਆਣੀ ਸੀ ਜਿਸ ਨੂੰ ਮੁਸਲਮਾਨਾਂ ਨੇ ਜ਼ੋਰ-ਜ਼ਬਰਦਸਤੀ ਧਰਮ ਪਰਿਵਰਤਨ ਕਰਕੇ ਇਸਲਾਮ ਵਿਚ ਲੈ ਆਂਦਾ ਤੇ ਆਪਣੇ ਕਬਜ਼ੇ ਵਿਚ ਕਰ ਲਿਆ। ਜਦ ਕਿ ਮੁਸਲਮਾਨ ਆਖਦੇ ਹਨ ਕਿ ਇਸਨੂੰ ਨਾ ਹੀ ਜ਼ੋਰ-ਜ਼ਬਰਦਸਤੀ ਮੁਸਲਮਾਨ ਬਣਾਇਆ ਤੇ ਨਾ ਹੀ ਡਰਾ

ਧਮਕਾ ਕੇ। ਸਗੋਂ ਉਹ ਆਪ ਆਪਣੀ ਮਰਜ਼ੀ ਨਾਲ ਇਸਲਾਮ ਦੀ ਸ਼ਰਨ ਵਿਚ ਆਈ ਸੀ ਤਾਂ ਜੁ ਉਸ ਦੀ ਆਕਬਤ ਸੰਵਰ ਜਾਏ ਤੇ ਉਸਨੂੰ ਜੱਨਤ ਨਸੀਬ ਹੋਵੇ।"

"ਤੇ ਸੱਚ ਕੀ ਹੈ ?" ਅਜਨਬੀ ਨੇ ਸਿਗਰੇਟ ਦੀ ਰਾਖ ਐਸ਼ਟ੍ਰੇਅ ਵਿਚ ਝਾੜੀ ਤੇ ਖਿੜਕੀ 'ਚੋਂ ਡੂੰਘੀ ਝੀਲ ਦੇ ਸ਼ਾਂਤ ਪਾਣੀਆਂ ਨੂੰ ਨੀਝ ਨਾਲ ਵੇਖਦੇ ਕਿਹਾ, "ਤੈਨੂੰ ਵੀ ਤਾਂ ਇਸ ਕਹਾਣੀ ਦੀ ਕੁਝ ਸੱਚਾਈ ਪਤਾ ਹੀ ਹੋਵੇਗੀ, ਤੂੰ ਹੀ ਸੁਣਾ ਦੇ ਅਸਲੀ ਸੱਚ।"

ਅਜਨਬੀ ਨੂੰ ਵੀ ਸੋਹਣੀ ਔਰਤ ਦੀ ਕਹਾਣੀ ਦਿਲਚਸਪ ਤੇ ਉਤੇਜਕ ਲੱਗਣ ਲੱਗ ਪਈ ਸੀ। ਆਹਦ ਜੂ ਤਕੀਏ ਦੇ ਸਹਾਰੇ ਕਾਲੀਨ 'ਤੇ ਬੈਠਾ ਅਜੇ ਵੀ ਹੁੱਕਾ ਗੁੜਗੁੜਾ ਰਿਹਾ ਸੀ। ਦੋ-ਚਾਰ ਲੰਮੇ ਕਸ਼ ਮਾਰ ਉਸਨੇ ਹੁੱਕੇ ਦੀ ਨੜੀ ਪਰ੍ਹਾਂ ਕਰਦਿਆਂ ਗੱਲ ਸ਼ੁਰੂ ਕੀਤੀ, ਸ਼ਾਇਦ ਇਸੇ ਬਹਾਨੇ ਉਹ ਆਪਣੇ ਪੁਰਖਿਆਂ ਦੇ ਪਿਛੋਕੜ ਦੇ ਵੀ ਵਰਕੇ ਫਰੋਲਣ ਲੱਗ ਪਿਆ ਸੀ।

"ਸੱਚ ਤਾਂ ਇਹ ਹੈ ਹਜ਼ਰਤ ਕਿ ਇਹ ਔਰਤ ਸੱਚਮੁੱਚ ਹੀ ਇਕ ਹਿੰਦੂ ਰਾਜੇ ਦੀ ਧੀ ਸੀ। ਬੇਹੱਦ ਖ਼ੂਬਸੂਰਤ ਹੋਣ ਕਰਕੇ ਹਰ ਕਿਸੇ ਦੀ ਅੱਖ ਸੀ ਉਸ ਉੱਤੇ। ਹਰ ਕੋਈ ਉਸਨੂੰ ਹਥਿਆਉਣਾ ਚਾਹੁੰਦਾ ਸੀ। ਰਾਜਾ ਇਹ ਗੱਲ ਸਮਝਦਾ ਸੀ। ਉਹ ਚਾਹੁੰਦਾ ਸੀ ਕਿ ਰਾਜਕੁਮਾਰੀ ਲਈ ਕੋਈ ਯੋਗ ਵਰ ਮਿਲੇ ਜੋ ਰਾਜਕੁਮਾਰੀ ਨਾਲ ਵਿਆਹ ਕਰਕੇ ਉਸਨੂੰ ਹਮੇਸ਼ਾ-ਹਮੇਸ਼ਾ ਲਈ ਆਪਣਾ ਬਣਾ ਲਵੇ। ਉੱਧਰ ਰਾਜਕੁਮਾਰੀ ਆਪ ਚਾਹੁੰਦੀ ਸੀ ਕਿ ਉਸਨੂੰ ਕੋਈ ਮੁਹੱਬਤ ਤੇ ਇੱਜ਼ਤ ਨਾਲ ਆਪਣੀ ਬਣਾਵੇ, ਨਾ ਕਿ ਤਾਕਤ ਦੇ ਪ੍ਰਦਰਸ਼ਨ ਅਤੇ ਘੁਮੰਡ ਨਾਲ। ਦਿਨੋ-ਦਿਨ ਉਸਦੀ ਸੁੰਦਰਤਾ ਦੇ ਚਰਚਿਆਂ ਕਾਰਨ ਬਦਨੀਅਤ ਪੁਰਸ਼ਾਂ ਦੀਆਂ ਲਾਲਸਾਂ ਭਰੀਆਂ ਨਜ਼ਰਾਂ ਤੋਂ ਰਾਜਕੁਮਾਰੀ ਨੂੰ ਬਚਾਅ ਕੇ ਰੱਖਣਾ ਔਖਾ ਹੋ ਗਿਆ। ਰਾਜੇ ਦੇ ਆਪਣੇ ਹੀ ਵਜ਼ੀਰ, ਦਰਬਾਰੀ, ਅਧਿਕਾਰੀ ਇਥੋਂ ਤੱਕ ਕਿ ਉਸਦੇ ਮਿੱਤਰ ਰਾਜੇ ਤੇ ਉਨ੍ਹਾਂ ਦੇ ਰਾਜਕੁਮਾਰ, ਸਭ ਦੀਆਂ ਲਾਲਚੀ ਨਜ਼ਰਾਂ ਰਾਜਕੁਮਾਰੀ ਨੂੰ ਹਾਸਲ ਕਰਨ ਲਈ ਲਲਚਾਉਣ ਲੱਗ ਪਈਆਂ। ਨਿੱਤ ਨਵੀਆਂ ਸਾਜ਼ਿਸ਼ਾਂ ਹੋਣ ਲੱਗ ਪਈਆਂ। ਇਕ ਦੂਜੇ ਦਾ ਕਤਲ, ਖ਼ੂਨ-ਖਰਾਬਾ, ਮਾਰ-ਕੁਟ। ਰਾਜ ਕੁਮਾਰੀ ਸਭ ਵੇਖ ਰਹੀ ਸੀ ਪਰ ਉਸ ਨੂੰ ਉਮੀਦ ਸੀ ਕਿ ਕੋਈ ਸੱਚਾ ਪਿਆਰ ਕਰਨ ਵਾਲਾ ਜ਼ਰੂਰ ਉਸਨੂੰ ਆ ਕੇ ਆਪਣੀ ਬਣਾ ਲਵੇਗਾ।"

"ਰਾਜੇ ਦਾ ਇਕ ਗੂੜਾ ਮਿੱਤਰ ਦੂਜੇ ਦੇਸ਼ ਦਾ ਰਾਜਾ ਆਪਣੇ ਵਿਸ਼ਵਾਸਪਾਤਰ ਵਜ਼ੀਰ ਨਾਲ ਸਾਜ਼ਿਸ਼ ਰਚਕੇ ਰਾਜਕੁਮਾਰੀ ਦਾ ਅਪਹਰਣ ਕਰਕੇ ਉਸਨੂੰ ਲੈ ਕੇ ਭੱਜ ਗਿਆ। ਪਰ ਅਜੇ ਉਹ ਮਹਿਲਾਂ ਤੋਂ ਬਾਹਰੇ ਵੀ ਨਹੀਂ ਸੀ ਨਿਕਲ ਸਕਿਆ ਕਿ ਰਾਜਕੁਮਾਰੀ ਦੇ ਪਿਤਾ ਨੇ ਸੈਨਾਪਤੀ ਨੂੰ ਇਨ੍ਹਾਂ ਪਿੱਛੇ ਭੇਜ ਦਿੱਤਾ। ਸੈਨਾਪਤੀ ਨੇ ਚੋਰ ਰਾਜੇ ਨੂੰ ਮਾਰ ਕੇ ਰਾਜਕੁਮਾਰੀ

ਨੂੰ ਛੁਡਾ ਲਿਆਂਦਾ। ਰਾਜੇ ਨੇ ਖੁਸ਼ ਹੋ ਕੇ ਸੈਨਾਪਤੀ ਨੂੰ ਇਨਾਮ ਦੇਣਾ ਚਾਹਿਆ ਪਰ ਉਸਨੇ ਤਾਂ ਇਨਾਮ ਦੀ ਥਾਂ ਰਾਜਕੁਮਾਰੀ ਹੀ ਮੰਗ ਲਈ। ਰਾਜੇ ਦੇ ਇਨਕਾਰ ਕਰਨ 'ਤੇ ਸੈਨਾਪਤੀ ਨੇ ਰਾਜੇ ਦੀ ਹੱਤਿਆ ਕਰ ਦਿੱਤੀ ਤੇ ਰਾਜਕੁਮਾਰੀ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਉਸ ਨਾਲ ਵਿਆਹ ਰਚਾ ਲਿਆ।"

"ਇਹ ਸੈਨਾਪਤੀ ਤਿੱਬਤ ਦੇ ਕਿਸੇ ਪਾਸਿਓਂ ਆਇਆ ਬੋਧੀ ਲਾਮਾ ਸੀ ਜਿਸ ਦੀ ਬਹਾਦਰੀ ਤੋਂ ਖੁਸ਼ ਹੋ ਕੇ ਰਾਜੇ ਨੇ ਕਦੀ ਇਸ ਨੂੰ ਆਪਣੀ ਸੈਨਾ ਦਾ ਮੁਖੀ ਬਣਾ ਲਿਆ ਸੀ। ਅੱਜ ਉਹੀ ਸੈਨਾਪਤੀ ਰਾਜੇ ਦਾ ਕਤਲ ਕਰਨ ਬਾਦ ਨਾ ਸਿਰਫ ਉਸ ਦੀ ਧੀ ਦਾ ਪਤੀ ਬਣ ਬੈਠਾ, ਸਗੋਂ ਰਾਜ ਸਿੰਘਾਸਨ ਦਾ ਮਾਲਕ ਵੀ। ਇਕ ਵੱਖਰੇ ਨੈਣ-ਨਕਸ਼ ਵਾਲਾ, ਵੱਖਰੇ ਦੇਸ਼ ਤੋਂ ਵੱਖਰੀ ਭਾਸ਼ਾ ਤੇ ਧਰਮ ਦਾ ਉਹ ਆਦਮੀ ਰਾਜਾ ਤਾਂ ਬਣ ਗਿਆ ਪਰ ਉਹ ਜਾਣਦਾ ਸੀ ਕਿ ਇਥੋਂ ਦੀ ਪਰਜਾ ਉਸਨੂੰ ਰਾਜੇ ਵਜੋਂ ਦਿਲੋਂ ਸਵੀਕਾਰ ਨਹੀਂ ਕਰੇਗੀ। ਉਸ ਨੇ ਰਾਜਕੁਮਾਰੀ, ਜੋ ਕਿ ਹੁਣ ਉਸ ਦੀ ਰਾਣੀ ਸੀ, ਉਸ ਨਾਲ ਸਲਾਹ ਕਰਕੇ ਰਾਣੀ ਦਾ ਧਰਮ ਯਾਨੀ ਹਿੰਦੂ ਧਰਮ ਅਪਨਾਉਣ ਦੀ ਖਾਹਿਸ਼ ਜ਼ਾਹਿਰ ਕੀਤੀ।"

"ਇਹ ਤਾਂ ਸਿਆਣਪ ਵਾਲੀ ਖਾਹਿਸ਼ ਸੀ ਰਾਜੇ ਦੀ।"

"ਇਸੇ ਲਈ ਰਾਣੀ ਨੇ ਆਪਣੇ ਰਾਜ ਦੇ ਪ੍ਰਮੁੱਖ ਬ੍ਰਾਹਮਣਾਂ ਨੂੰ ਬੁਲਾ ਕੇ ਰਾਜੇ ਦਾ ਮੰਤਵ ਉਨ੍ਹਾਂ ਨੂੰ ਦੱਸਿਆ ਕਿ ਉਹ ਬ੍ਰਾਹਮਣ ਧਰਮ ਵਿਚ ਸ਼ਾਮਿਲ ਹੋ ਕੇ ਇਥੋਂ ਦੇ ਲੋਕਾਂ ਦੇ ਦਿਲਾਂ ਵਿਚ ਵਸਣਾ ਚਾਹੁੰਦਾ ਹੈ। ਪਰ ਪੰਡਤ ਬ੍ਰਾਹਮਣ ਇਸ ਗੱਲ ਤੋਂ ਇਨਕਾਰੀ ਹੋ ਗਏ ਕਿ ਬੋਧੀ ਰਾਜੇ ਦਾ ਧਰਮ ਤੇ ਪਿਛੋਕੜ ਇਸ ਲਾਇਕ ਨਹੀਂ ਕਿ ਉਸ ਨੂੰ ਉੱਚ ਕੋਟੀ ਦੇ ਬ੍ਰਾਹਮਣ ਧਰਮ ਵਿਚ ਸ਼ਾਮਿਲ ਕੀਤਾ ਜਾ ਸਕੇ।"

"ਫਿਰ ਕੀ ਹੋਇਆ ?"

"ਰਾਜਾ ਬਹੁਤ ਮਾਯੂਸ ਹੋਇਆ। ਉਨ੍ਹਾਂ ਦਿਨਾਂ 'ਚ ਦੁਨੀਆ ਦੇ ਦੂਰ-ਦਰਾਜ਼ ਦੇਸ਼ਾਂ ਦੇ ਵਪਾਰੀ ਲੋਕ ਸਾਡੇ ਇਨ੍ਹਾਂ ਸ਼ਹਿਰਾਂ ਵਿਚ ਵੱਖ-ਵੱਖ ਕਿਸਮ ਦੇ ਵਪਾਰ ਕਰਨ ਆਉਂਦੇ ਸਨ। ਤੁਰਕ, ਈਰਾਨ, ਅਫਗਾਨਿਸਤਾਨ, ਅਰਬ ਦੇਸ਼ਾਂ ਦੇ ਵਪਾਰੀ। ਬੋਧੀ ਰਾਜੇ ਦਾ ਵੀ ਇਕ ਖਾਸ ਮਿੱਤਰ ਅਰਬ ਦੇਸ਼ ਤੋਂ ਉਸਨੂੰ ਮਿਲਣ ਆਇਆ। ਉਸ ਦੇ ਨਾਲ ਇਕ ਖੁਦਾ ਦੋਸਤ ਫਕੀਰ ਬੰਦਾ ਵੀ ਸੀ ਜਿਸ ਨੂੰ ਸਾਰੇ ਬਹੁਤ ਆਦਰ ਕਰਦੇ ਸਨ। ਫਕੀਰ ਅੱਲ੍ਹਾ ਦਾ ਨੇਕ ਬੰਦਾ ਸੂਫ਼ੀ ਸੰਤ ਹਰ ਕਿਸੇ ਨੂੰ ਅੱਲ੍ਹਾ ਦੇ ਰਾਹ ਤੁਰਨ ਦਾ ਰਸਤਾ ਦੇਂਦਾ। ਜਦ ਪੰਡਤ ਬ੍ਰਾਹਮਣਾਂ ਨੇ ਬੋਧੀ ਰਾਜੇ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ, ਉਹ ਬਹੁਤ ਮਾਯੂਸ ਹੋਇਆ। ਬੇਚੈਨ ਹੋ ਕੇ ਉਹ ਜੰਗਲਾਂ ਤੇ ਦਰਿਆਵਾਂ ਦੇ ਕੰਢੇ ਇਕਾਂਤ

ਵਿਚ ਬੈਠਾ ਸੋਚਦਾ ਕਿ ਕੀ ਕੀਤਾ ਜਾਵੇ। ਇਸੇ ਤਰ੍ਹਾਂ ਮਾਯੂਸੀ ਦੀ ਹਾਲਤ ਵਿਚ ਤੁਰਦਿਆਂ ਉਸ ਨੇ ਬਾਗ ਵਿਚ ਫਕੀਰ ਨੂੰ ਨਮਾਜ਼ ਪੜ੍ਹਦੇ ਤੇ ਸਜਦਾ ਕਰਦੇ ਵੇਖਿਆ। ਬੋਧੀ ਰਾਜਾ ਕਿੰਨਾ ਚਿਰ ਓਥੇ ਖੜ੍ਹਾ ਸਭ ਵੇਖਦਾ ਰਿਹਾ। ਨਮਾਜ਼ ਪੜ੍ਹ ਚੁੱਕਣ ਬਾਦ ਉਹ ਸੂਫ਼ੀ ਫ਼ਕੀਰ ਕੋਲ ਜਾ ਕੇ ਬੈਠ ਗਿਆ ਤੇ ਆਪਣੀ ਪ੍ਰੇਸ਼ਾਨੀ ਉਸਨੂੰ ਦੱਸੀ। ਫਕੀਰ ਨੇ ਬੋਧੀ ਰਾਜੇ ਨੂੰ ਅੱਲ੍ਹਾ ਦੇ ਰਾਹ ਤੁਰਨ ਦਾ ਰਸਤਾ ਦੱਸਿਆ। ਬੋਧੀ ਰਾਜਾ ਫਕੀਰ ਦੀਆਂ ਗੱਲਾਂ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸਨੇ ਉਸੇ ਵੇਲੇ ਇਸਲਾਮ ਕਬੂਲ ਕਰਕੇ ਆਪਣੇ ਆਪ ਨੂੰ ਮੁਸਲਮਾਨ ਘੋਸ਼ਿਤ ਕਰ ਦਿੱਤਾ।"

"ਇਹ ਤਾਂ ਪੰਡਤ ਬ੍ਰਾਹਮਣਾਂ ਲਈ ਬੜੀ ਹਾਰ ਵਾਲੀ ਗੱਲ ਬਣੀ ਹੋਵੇਗੀ ?"

"ਬਣਨੀ ਹੀ ਸੀ ਹਜ਼ਰਤ। ਕਿਉਂਕਿ ਰਾਜੇ ਦੇ ਇਸਲਾਮ ਕਬੂਲ ਕਰਦੇ ਹੀ ਉਸਦੀ ਪਰਜਾ 'ਚੋਂ ਵੀ ਕਿੰਨੇ ਹੀ ਲੋਕ ਉਸ ਫਕੀਰ ਦੀ ਸੂਫ਼ੀ ਵਿਚਾਰਧਾਰਾ ਦੇ ਪ੍ਰਭਾਵ ਕਾਰਨ ਇਸਲਾਮ ਦੇ ਝੰਡੇ ਹੇਠ ਆ ਗਏ। ਜਦ ਰਾਜਾ ਮੁਸਲਮਾਨ ਬਣ ਗਿਆ ਤਾਂ ਰਾਣੀ ਦਾ ਕੀ ਧਰਮ ਰਹਿ ਗਿਆ ? ਔਰਤ ਦਾ ਵੈਸੇ ਆਪਣਾ ਕੋਈ ਧਰਮ ਜਾਂ ਸ਼ਨਾਖ਼ਤ ਹੁੰਦੀ ਹੀ ਕਿੱਥੇ ਹੈ। ਉਸਦੀ ਸ਼ਨਾਖ਼ਤ, ਧਰਮ ਓਹੀ ਹੁੰਦਾ ਹੈ ਜੋ ਉਸਦੇ ਖਾਵੰਦ ਯਾਨੀ ਉਸਦੇ ਮਾਲਕ ਦਾ ਹੁੰਦਾ ਹੈ।"

"ਹੂੰ...ਅ...।" ਅਜਨਬੀ ਨੇ ਇਕ ਨਵੀਂ ਸਿਗਰੇਟ ਸੁਲਘਾ ਕੇ ਜ਼ੋਰ ਦਾ ਲੰਮਾ ਕਸ਼ ਲਿਆ। ਉਹ ਇਹ ਕਹਾਣੀ ਨਾ ਕੇਵਲ ਸੁਣ ਰਿਹਾ ਸੀ, ਸਗੋਂ ਆਪਣੇ ਮਾਨਸਪਟਲ ਉੱਤੇ ਸਾਕਾਰ ਹੁੰਦੀ ਵੇਖ ਰਿਹਾ ਸੀ। ਉਹ ਜਾਣ ਗਿਆ ਕਿ ਉਦੋਂ ਹਾਲਾਤ ਕਿਸ ਤਰ੍ਹਾਂ ਬਦਲੇ ਹੋਣਗੇ। ਭਾਸ਼ਾ, ਸੱਭਿਆਚਾਰ, ਤਹਿਜ਼ੀਬ, ਰਹਿਣ-ਸਹਿਣ ਸਭ।

"ਹੁਣ ਤੁਸੀਂ ਦੱਸੋ ਹਜ਼ਰਤ ਕਿ ਜੇ ਬੋਧੀ ਰਾਜੇ ਤੇ ਹਿੰਦੂ ਰਾਣੀ ਨੂੰ ਆਪਣੇ ਧਰਮ ਵਾਲਿਆਂ ਨੇ ਆਪਣੇ ਸਮਾਜ ਤੇ ਮਜ਼੍ਹਬ 'ਚੋਂ ਛੇਕ ਦਿੱਤਾ ਤੇ ਇਸਲਾਮ ਨੇ ਉਨ੍ਹਾਂ ਨੂੰ ਆਪਣੇ ਸੀਨੇ ਨਾਲ ਲਗਾ ਲਿਆ ਤਾਂ ਇਸ ਵਿੱਚ ਗਲਤ ਕੀ ਸੀ। ਸਗੋਂ ਇਸ ਤਰ੍ਹਾਂ ਉਨ੍ਹਾਂ ਦੀ ਭਟਕਣ ਨੂੰ ਸਕੂਨ ਮਿਲ ਗਿਆ।"

"ਜੇ ਸਕੂਨ ਮਿਲ ਹੀ ਗਿਆ ਸੀ ਆਹਦ ਜੂ ਤਾਂ ਫਿਰ ਅੱਜ ਇਹ ਖ਼ੂਨ-ਖਰਾਬਾ ਕਿਉਂ ਹੋ ਰਿਹਾ ਹੈ ? ਜੇ ਉਹ ਔਰਤ ਅੱਲ੍ਹਾ ਦੇ ਰਾਹ 'ਤੇ ਸਕੂਨ ਹਾਸਲ ਕਰ ਚੁੱਕੀ ਸੀ ਤਾਂ ਫਿਰ ਅੱਜ ਵੀ ਉਸਦੇ ਹੀ ਪਿੱਛੇ ਕਿਉਂ ਲੋਕੀ ਇਕ ਦੂਜੇ ਦਾ ਕਤਲ ਕਰ ਰਹੇ ਹਨ ?" ਅਜਨਬੀ ਨੇ ਫਿਰ ਤਿੱਖਾ ਸੁਆਲ ਕਰ ਦਿੱਤਾ। ਆਹਦ ਜੂ ਨੇ ਇਕ ਵਾਰ ਫਿਰ ਹੁੱਕੇ ਦੀ ਚਿਲਮ ਨੂੰ ਕੁਰੇਦਿਆ, ਕੁਝ ਤਾਜ਼ਾ ਤੰਬਾਕੂ ਮੁੜ ਚਿਲਮ ਵਿਚ ਪਾਇਆ ਤੇ ਇਕ ਲੰਮਾ ਕਸ਼

ਖਿਚਿਆ। ਉਸਨੂੰ ਖੰਘ ਛਿੜ ਗਈ। ਥੋੜ੍ਹੇ ਚਿਰ ਵਿਚ ਹੀ ਸੰਭਲ ਕੇ ਉਹ ਫਿਰ ਬੋਲਿਆ,

"ਖੋਟੀ-ਨੀਅਤਾਂ ਵਾਲੇ ਕਿਸੇ ਨੂੰ ਸਕੂਨ ਨਾਲ ਕਿਥੇ ਜੀਣ ਦੇਂਦੇ ਹਨ ਹਜ਼ਰਤ। ਉਹ ਨਾ ਆਪ ਸਕੂਨ ਨਾਲ ਰਹਿ ਸਕਦੇ ਹਨ ਤੇ ਨਾ ਹੀ ਕਿਸੇ ਨੂੰ ਰਹਿਣ ਦੇਂਦੇ ਹਨ। ਜਿਸ ਮਿੱਤਰ ਦੀ ਸੋਅਬਤ ਵਿਚ ਬੋਧੀ ਰਾਜਾ ਮੁਸਲਮਾਨ ਬਣਿਆ ਸੀ, ਉਸੇ ਰਾਜੇ ਦੀ ਮੈਲੀ ਅੱਖ ਰਾਣੀ 'ਤੇ ਪੈ ਗਈ। ਉਸ ਨੇ ਰਾਜੇ ਦਾ ਕਤਲ ਕਰਕੇ ਰਾਣੀ ਨੂੰ ਜ਼ਬਰਦਸਤੀ ਆਪਣੀ ਮਲਕੀਅਤ ਬਣਾ ਲਿਆ। ਅਣਖੀ ਰਾਣੀ ਇਹ ਅਪਮਾਨ ਤੇ ਜ਼ੁਲਮ ਸਹਿ ਨਾ ਸਕੀ। ਮੌਕਾ ਪਾ ਕੇ ਰਾਣੀ ਨੇ ਆਪਣੀ ਵੱਖੀ ਨਾਲ ਬੱਝੀ ਕਟਾਰ ਕੱਢ ਕੇ ਇੱਕੋ ਵਾਰ ਵਿਚ ਰਾਜੇ ਦੇ ਸੀਨੇ ਵਿਚ ਉਤਾਰ ਦਿੱਤੀ। ਕਾਤਲ ਕ੍ਰਿਤਘਣ ਰਾਜਾ ਆਪਣੇ ਹੀ ਖ਼ੂਨ ਵਿਚ ਲਥਪਥ ਹੋਇਆ ਦਮ ਤੋੜ ਗਿਆ।"

"ਅੱਛਾ...? ਫਿਰ?"

"ਫਿਰ ਬਗਾਵਤ ਹੋ ਗਈ ਹਜ਼ਰਤ। ਹਿੰਦੂ ਆਖਣ ਕਿ ਉਨ੍ਹਾਂ ਦੀ ਧੀ ਨੇ ਆਪਣੇ ਅਪਮਾਨ ਦਾ ਬਦਲਾ ਲੈ ਲਿਆ ਹੈ ਤੇ ਹੁਣ ਉਨ੍ਹਾਂ ਦੇ ਬ੍ਰਾਹਮਣ ਧਰਮ ਦੀ ਮੁੜ ਚੜ੍ਹਤ ਹੋ ਜਾਵੇਗੀ। ਪਰ ਮੁਸਲਮਾਨ ਆਖਣ ਕਿ ਰਾਣੀ ਨੇ ਵਿਸ਼ਵਾਸਘਾਤ ਕਰਕੇ ਰਾਜੇ ਦਾ ਕਤਲ ਕਰ ਦਿੱਤਾ ਹੈ। ਮੁਸਲਮਾਨ ਜੋ ਕਿ ਹੁਣ ਬਹੁ ਸੰਖਿਅਕ ਸਨ, ਉਨ੍ਹਾਂ ਬਗਾਵਤ ਕਰ ਦਿੱਤੀ।"

"ਰਾਣੀ ਜੋ ਕਿ ਇਕ ਔਰਤ ਵੀ ਸੀ, ਉਹ ਦੁਸ਼ਮਨਾਂ ਵਿਚ ਘਿਰੀ ਬੇਬਸ, ਲਾਚਾਰ ਵੱਖ-ਵੱਖ ਜਾਬਰਾਂ ਦੇ ਜਬਰ-ਜ਼ੁਲਮ ਦਾ ਸ਼ਿਕਾਰ ਬਣੀ ਆਪਣੀ ਅਜ਼ਮਤ ਬਚਾਣ ਲਈ ਥਾਂ-ਥਾਂ ਲੁਕਦੀ ਛਿਪਦੀ ਰਹੀ। ਪਰ ਨਫ਼ਰਤ, ਗੁੱਸੇ ਅਤੇ ਬਦਲੇ ਦੀ ਭਾਵਨਾ ਨਾਲ ਭਰੇ ਦੁਰਾਚਾਰੀਆਂ ਨੇ ਉਸ ਦੀ ਆਬਰੂ ਤਾਰ-ਤਾਰ ਕਰ ਦਿੱਤੀ। ਖ਼ੁਦਾ-ਦੋਸਤ ਫਕੀਰ ਤੋਂ ਔਰਤ ਦੀ ਇਹ ਬੇਹੁਰਮਤੀ ਵੇਖੀ ਨਾ ਗਈ। ਉਸ ਨੇ ਅੱਲ੍ਹਾ ਦੇ ਵਾਸਤੇ ਪਾਏ, ਸੂਫ਼ੀ ਵਿਚਾਰਾਂ ਅਤੇ ਪਾਕ ਕਲਮਿਆਂ ਦੀਆਂ ਆਇਤਾਂ ਗਾਈਆਂ, ਨਫ਼ਰਤ ਨੂੰ ਨੇਕੀ ਵਿਚ ਬਦਲਣ ਦੇ ਹੀਲੇ ਕੀਤੇ ਪਰ ਉਸ ਦੀ ਗੱਲ ਕਿਸੇ ਨਾ ਸੁਣੀ। ਉਸ ਦੀ ਪਵਿੱਤਰ ਆਵਾਜ਼ ਤੇ ਸੂਫ਼ੀ ਕਲਾਮ ਰੌਲੇ ਵਿਚ ਲੋਕਾਂ ਨੇ ਅਣਸੁਣੇ ਕਰ ਦਿੱਤੇ। ਫਕੀਰ ਬੋਲਦਾ-ਬੋਲਦਾ ਗੂੰਗਾ ਹੋ ਗਿਆ ਤੇ ਅਖੀਰ ਸ਼ਹਿਰ ਛੱਡ ਜੰਗਲਾਂ, ਪਹਾੜਾਂ, ਵੀਰਾਨਿਆਂ ਵੱਲ ਚਲਾ ਗਿਆ ਤੇ ਮੁੜ ਕਦੀ ਨਹੀਂ ਪਰਤਿਆ।"

"ਤੇ ਰਾਣੀ?"

"ਇਸ ਅਰਾਜਕਤਾ ਭਰੇ ਮਾਹੌਲ ਵਿਚ ਇਕ ਬੇਸਹਾਰਾ, ਲਾਚਾਰ ਲੁੱਟੀ ਹੋਈ ਔਰਤ

ਬਚਦੀ-ਬਚਾਂਦੀ ਇਕ ਮਜ਼ਾਰ 'ਤੇ ਜਾ ਕੇ ਬੇਸੁਰਤ ਹੋਈ ਢਹਿ ਪਈ। ਉਸਨੂੰ ਕੋਈ ਹੋਸ਼ ਨਹੀਂ ਸੀ ਰਹੀ। ਪਤਾ ਨਹੀਂ ਕਿੰਨੇ ਦਿਨ ਰਾਤ ਉਹ ਉੱਥੇ ਉਸੇ ਤਰ੍ਹਾਂ ਪਈ ਰਹੀ ਕਿ ਉੱਧਰੋਂ ਲੰਘਦੇ ਇਕ ਸ਼ਾਹੀ ਘੋੜਸਵਾਰ ਦੀ ਨਜ਼ਰ ਉਸ ਉੱਤੇ ਪੈ ਗਈ। ਉਸਨੇ ਨੀਮ ਪਾਗਲ ਜਹੀ ਦਿੱਸਦੀ ਇਸ ਔਰਤ ਨੂੰ ਪਾਣੀ ਪਿਲਾ ਕੇ ਹੋਸ਼ ਵਿਚ ਲਿਆਂਦਾ ਤੇ ਉਸਦੇ ਇਸ ਹਾਲ ਬਾਰੇ ਪੁੱਛਿਆ।"

"ਔਰਤ ਪਹਿਲਾਂ ਤਾਂ ਉਸਨੂੰ ਵੇਖ ਕੇ ਡਰੀ ਪਰ ਫਿਰ ਉਸਦਾ ਹਮਦਰਦੀ ਭਰਿਆ ਵਿਵਹਾਰ ਵੇਖ ਉਹ ਫਿੱਸ ਪਈ। ਆਪਣੇ ਜ਼ਖ਼ਮਾਂ ਦੀ ਪੀੜ ਨਾਲ ਕਰਾਹੁੰਦੀ ਉਹ ਹੌਲੀ-ਹੌਲੀ ਬੋਲੀ, 'ਮੇਰੇ ਹੀ ਆਪਣਿਆਂ ਲੋਕਾਂ ਨੇ ਮੇਰਾ ਬਲਾਤਕਾਰ ਕੀਤਾ। ਮੇਰਾ ਸਰੀਰ, ਮੇਰੀ ਆਤਮਾ ਲਹੂ-ਲੁਹਾਨ ਕਰਕੇ ਮੈਨੂੰ ਅਧਮੋਇਆ ਕਰ ਦਿੱਤਾ। ਨਾ ਮੈਂ ਜੀਣ ਜੋਗੀ ਰਹਿ ਗਈ, ਨਾ ਮਰਨ ਜੋਗੀ। ਜ਼ਾਲਮ ਲੋਕਾਂ ਦੀਆਂ ਸ਼ੈਤਾਨੀ ਨਜ਼ਰਾਂ ਨੇ ਮੇਰੇ ਕਲੇਜੇ ਵਿਚ ਛੇਦ ਕਰ ਦਿੱਤੇ ਹੋਏ ਹਨ। ਮੇਰੇ ਅੰਗ-ਅੰਗ 'ਤੇ ਨੀਲ ਪੈ ਗਏ ਹਨ। ਜ਼ਖ਼ਮਾਂ 'ਚੋਂ ਲਹੂ ਦੇ ਨਾਲ-ਨਾਲ ਪਸ ਨਿਕਲ ਰਹੀ ਹੈ। ਮੈਨੂੰ ਆਪਣੇ ਹੀ ਆਪ ਤੋਂ ਦੁਰਗੰਧ ਆਉਣ ਲੱਗ ਪਈ ਹੈ। ਮੈਂ ਮਰ ਜਾਣਾ ਚਾਹੁੰਦੀ ਹਾਂ ਪਰ ਮੈਂ ਮਰ ਗਈ ਤਾਂ ਮੇਰੇ ਨਾਲ ਹੀ ਸਾਰਾ ਇਤਿਹਾਸ ਮਰ ਜਾਵੇਗਾ। ਮੇਰੇ ਦੁੱਖਾਂ ਦੀ ਕਹਾਣੀ ਕੌਣ ਸੁਣਨ ਵਾਲਾ ਹੈ ? ਕੌਣ ਹੈ ਜੋ ਮੈਨੂੰ ਇਸ ਦਰਦ ਤੋਂ ਨਿਜਾਤ ਦਿਲਾਵੇ। ਕੋਈ ਨਹੀਂ ਹੈ।'

"ਘੋੜਸਵਾਰ ਇਸ ਅੰਤਾਂ ਦੀ ਸੁੰਦਰ ਨਾਰ ਦੀ ਇਹ ਦੁਰਦਸ਼ਾ ਵੇਖ ਅੰਦਰ ਹੀ ਅੰਦਰ ਕੰਬ ਗਿਆ। ਸੋਹਣੀਆਂ ਚੀਜ਼ਾਂ ਦੀ ਇਹੋ ਤ੍ਰਾਸਦੀ ਹੁੰਦੀ ਹੈ। ਭਾਵੇਂ ਸੋਹਣੀ ਔਰਤ ਹੋਵੇ, ਸੋਹਣਾ ਫੁੱਲ ਹੋਵੇ ਜਾਂ ਸੋਹਣੀ ਧਰਤ। ਉਨ੍ਹਾਂ ਨੂੰ ਨੋਚਣ, ਖਸੋਟਣ ਤੇ ਆਪਣੇ ਅਧੀਨ ਕਰਨ ਵਾਲੇ ਬਰਬਰਤਾ ਦੀ ਹੱਦ ਤੋਂ ਗੁਜ਼ਰ ਜਾਂਦੇ ਹਨ।"

"ਇਕ ਹੈ ਜੋ ਤੇਰੀ ਪੀੜ ਸਮਝ ਸਕਦਾ ਹੈ ਤੇ ਤੇਰੀ ਮਦਦ ਵੀ ਕਰ ਸਕਦਾ ਹੈ।" ਘੋੜਸਵਾਰ ਨੇ ਕਿਹਾ ਤਾਂ ਲੁੱਟੀ-ਪਿੱਟੀ ਔਰਤ ਦੀਆਂ ਅੱਖਾਂ ਵਿਚ ਉਮੀਦ ਦੀਆਂ ਕਿਰਨਾਂ ਜਗ ਉੱਠੀਆਂ। "ਕੌਣ ਹੈ ਜੋ ਮੇਰੀ ਪੀੜ ਮਹਿਸੂਸ ਕਰੇਗਾ ?"

"ਇਕ ਰਾਜਾ ਹੈ ਜਿਸ ਦੀ ਇਕ ਅੱਖ ਕਾਣੀ ਹੈ। ਪਰ ਉਸਦੀ ਦਲੇਰੀ ਅਤੇ ਤਾਕਤ ਦਾ ਲੋਹਾ ਸਾਰੀ ਦੁਨੀਆ ਮੰਨਦੀ ਹੈ। ਤੈਨੂੰ ਉਸ ਤੋਂ ਮਦਦ ਮੰਗਣੀ ਪਵੇਗੀ।"

ਰਾਣੀ ਸੋਚਾਂ ਵਿਚ ਪੈ ਗਈ। ਉਹ ਇਕ ਰਾਜੇ ਦੀ ਧੀ ਸੀ। ਇਹ ਵੱਖਰੀ ਗੱਲ ਸੀ ਕਿ ਉਸ ਤੋਂ ਬਾਅਦ ਉਸਨੂੰ ਕਿੰਨੇ ਹੀ ਰਾਜਿਆਂ ਅਤੇ ਰਾਖਸ਼ਸਾਂ ਨੇ ਆਪਣੇ ਹੰਕਾਰ, ਆਪਣੀ ਤਾਕਤ ਅਤੇ ਆਪਣੀ ਨਫ਼ਰਤ ਦੇ ਬਲਬੂਤੇ 'ਤੇ ਲੁੱਟਿਆ ਤੇ ਹਥਿਆਇਆ ਪਰ ਉਸਦੇ ਅੰਦਰਲੀ ਔਰਤ ਦੀ ਅਣਖ ਨਾ ਮਰੀ ਸੀ ਤੇ ਨਾ ਕੁਚਲੀ ਗਈ ਸੀ। ਉਹ ਮਦਦ ਮੰਗਣ ਦੀ

ਅਸਲੀਅਤ ਜਾਣਦੀ ਸੀ। ਯਾਨੀ ਫਿਰ ਕਿਸੇ ਦੀ ਸ਼ਰਣ ਵਿਚ ਜਾਣਾ।"

ਪਰ ਉਸ ਕੋਲ ਕੋਈ ਚਾਰਾ ਨਹੀਂ ਸੀ। ਉਸਨੇ ਫ਼ੈਸਲਾ ਕਰ ਲਿਆ ਉਹ ਮਦਦ ਕਰਨ ਵਾਲੇ ਕੋਲ ਨਾ ਸੁਆਲੀ ਬਣ ਕੇ ਜਾਵੇਗੀ ਤੇ ਨਾ ਭਿਖਾਰਨ ਬਣ ਕੇ ਬਲਕਿ ਉਹ ਇਕ ਚੁਣੌਤੀ ਬਣ ਕੇ ਉਸ ਤਾਕਤਵਰ ਦਾ ਈਮਾਨ ਪਰਖੇਗੀ। ਉਸ ਨੇ ਓਹੀ ਕੀਤਾ। ਭਾਵੇਂ ਉਸਦੇ ਕੱਪੜੇ ਲੀਰੋ-ਲੀਰ ਸਨ, ਭੁੱਖ ਨਾਲ ਉਹ ਨਿਢਾਲ ਸੀ, ਪਿਆਸ ਨਾਲ ਬੁੱਲ੍ਹਾਂ 'ਤੇ ਪਪੜੀਆਂ ਜੰਮੀਆਂ ਸਨ, ਫਿਰ ਵੀ ਉਸਦੇ ਹੁਸਨ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ।"

"ਆਪਣੇ ਰਾਜੇ ਨੂੰ ਜਾ ਕੇ ਕਹੋ ਕਿ ਇਕ ਬੇਸਹਾਰਾ ਔਰਤ ਦੀ ਅਜ਼ਮਤ ਦੀ ਹਿਫਾਜ਼ਤ ਕਰਨ ਲਈ ਕੀ ਕਰ ਸਕਦਾ ਹੈ। ਤੇ ਜਿਨ੍ਹਾਂ ਨੇ ਉਸਦੇ ਜਿਸਮ ਨੂੰ ਰੂੰ ਵਾਂਗ ਪਿੰਜਿਆ ਅਤੇ ਆਤਮਾ ਨੂੰ ਲਹੂ-ਲੁਹਾਨ ਕੀਤਾ, ਉਸਦੀ ਇੱਜ਼ਤ ਰੋਲ਼ੀ, ਕੀ ਉਨ੍ਹਾਂ ਨੂੰ ਕੋਈ ਸਜ਼ਾ ਦੇ ਸਕਦਾ ਹੈ ? ਉਸਦੇ ਜਿਸਮ ਅਤੇ ਰੂਹ ਤੇ ਲੱਗੇ ਜ਼ਖ਼ਮਾਂ ਉੱਤੇ ਕੋਈ ਮਰਹਮ ਰੱਖ ਸਕਦਾ ਹੈ ?"

"ਘੋੜਸਵਾਰ ਨੇ ਓਹੀ ਲਫਜ਼ ਜਿਵੇਂ ਦੇ ਤਿਵੇਂ ਆਪਣੇ ਰਾਜੇ ਨੂੰ ਜਾ ਸੁਣਾਏ। ਰਾਜੇ ਦੀ ਇਕੋ ਇਕ ਸੁਨੱਖੀ ਅੱਖ ਲਿਸ਼ਕ ਉੱਠੀ। ਉਸ ਦੇ ਹੁਸਨ ਦੇ ਕਸੀਦੇ ਸੁਣ ਕੇ ਤੇ ਉਸਦੀ ਅਣਖੀਲੀ ਆਵਾਜ਼ ਦੀ ਖਨਕ ਦਾ ਅੰਦਾਜ਼ਾ ਲਾਉਂਦਿਆਂ ਉਸ ਦੇ ਤਾਕਤਵਰ ਡੌਲੇ ਫਰਕ ਪਏ। ਉਹ ਜਾਣਦਾ ਸੀ ਕਿ ਜਿਸ ਔਰਤ ਦਾ ਘੋੜਸਵਾਰ ਜ਼ਿਕਰ ਕਰ ਰਿਹਾ ਸੀ, ਉਸ ਨਾਲ ਉਸਦੇ ਪੁਰਖਿਆਂ ਦੀ ਸਾਂਝ ਰਹੀ ਸੀ। ਉਸਦਾ ਜੋਸ਼ ਠਾਠਾਂ ਮਾਰਨ ਲੱਗਾ ਤਾਂ ਉਸਨੇ ਘੋੜੇ ਦੀ ਰਕਾਬ ਵਿਚ ਪੈਰ ਫਸਾ ਚਾਬੁਕ ਹਵਾ ਵਿਚ ਲਹਿਰਾਇਆ। ਘੋੜਾ ਹਵਾ ਨਾਲ ਗੱਲਾਂ ਕਰਨ ਲੱਗਾ ਤੇ ਪਿੱਛੇ-ਪਿੱਛੇ ਉਸਦਾ ਲਸ਼ਕਰ ਧੂੜ ਉਡਾਉਂਦਾ ਉਸੇ ਮਜ਼ਾਰ 'ਤੇ ਜਾ ਪੁੱਜਾ ਜਿਥੇ ਔਰਤ ਉਸੇ ਹਾਲਤ ਵਿਚ ਅਧਮਰੀ ਜਹੀ ਪਈ ਹੋਈ ਸੀ।"

"ਕੀ ਚਾਹੁੰਦੀ ਹੈਂ ਤੂੰ ?" ਰਾਜੇ ਨੇ ਉਸਦੇ ਹੁਸਨ ਨੂੰ ਮਨ ਹੀ ਮਨ ਨਮਨ ਕਰਦੇ ਪੁੱਛਿਆ।

"ਮੈਂ ਭਿੱਖਿਆ ਨਹੀਂ ਇਨਸਾਫ਼ ਚਾਹੁੰਦੀ ਹਾਂ।" ਔਰਤ ਦੇ ਮੱਥੇ ਦਾ ਤੇਜ਼ ਚਮਕ ਉੱਠਿਆ।

ਰਾਜੇ ਨੇ ਮਜ਼ਬੂਤੀ ਨਾਲ ਉਸਦੀ ਬਾਂਹ ਫੜ ਉਸ ਨੂੰ ਆਪਣੇ ਘੋੜੇ 'ਤੇ ਬਿਠਾ ਲਿਆ ਤੇ ਤੁਰੰਤ ਆਪਣੀ ਤਲਵਾਰ ਮਿਆਨ 'ਚੋਂ ਖਿੱਚ, ਘੋੜੇ ਦਾ ਮੂੰਹ ਉੱਧਰ ਵੱਲ ਮੋੜ ਦਿੱਤਾ ਜਿੱਧਰ ਵੱਲ ਔਰਤ ਨੇ ਇਸ਼ਾਰਾ ਕੀਤਾ। ਰਾਜੇ ਦੇ ਲਸ਼ਕਰ ਦੇ ਘੋੜਿਆਂ ਨੇ ਉਸ

ਔਰਤ ਦੀ ਇੱਜ਼ਤ ਲੁੱਟਣ ਵਾਲਿਆਂ ਨੂੰ ਆਪਣੇ ਖੁਰਾਂ ਹੇਠ ਕੁਚਲ ਦਿੱਤਾ। ਔਰਤ ਸਭ ਕੁਝ ਵੇਖ ਰਹੀ ਸੀ। ਉਹ ਸੋਚ ਰਹੀ ਸੀ ਕਿ ਜੋ ਕੁਝ ਅੱਜ ਤੱਕ ਹੁੰਦਾ ਆਇਆ ਹੈ ਕੀ ਉਹ ਸਿਰਫ਼ ਇਸ ਲਈ ਕਿ ਉਸਦੀ ਸੁੰਦਰਤਾ 'ਤੇ ਮੋਹਿਤ ਹੋ ਕੇ ਇਹ ਤਾਕਤ ਦੇ ਨਸ਼ੇ ਵਿਚ ਚੂਰ ਪੁਰਸ਼ ਉਸਨੂੰ ਹਥਿਆਉਣ ਲਈ ਲਹੂ ਦੀਆਂ ਨਦੀਆਂ ਉਸਦੀ ਹੀ ਛਾਤੀ ਉੱਤੇ ਵਹਾਉਂਦੇ ਆਏ ਨੇ ?"

"ਰਾਜੇ ਦੀ ਅੱਖ ਵਿਚ ਚਮਕ ਸੀ। ਉਸ ਦੇ ਸਿਰ 'ਤੇ ਬੱਝੀ ਦਸਤਾਰ ਦੇ ਸ਼ਮਲੇ ਨੇ ਔਰਤ ਦੇ ਨੰਗੇ ਚਿਹਰੇ ਨੂੰ ਘੁੰਡ ਵਿਚ ਕੱਜ ਲਿਆ।"

ਆਹਦ ਜੂ ਨੂੰ ਮੁੜ ਹੁੱਕੇ ਦੀ ਤਲਬ ਲੱਗੀ ਪਰ ਚਿਲਮ ਠੰਢੀ ਪੈ ਚੁੱਕੀ ਸੀ। ਉਸਨੇ ਮੁੜ ਹੁੱਕਾ ਸੁਲਘਾਇਆ ਤੇ ਇਕ ਲੰਮਾ ਕਸ਼ ਖਿਚਿਆ। ਅਜਨਬੀ ਨੇ ਉਸਦੀ ਬੇਚੈਨੀ ਮਹਿਸੂਸ ਕੀਤੀ ਜਿਵੇਂ ਆਹਦ ਜੂ ਨੂੰ ਇਸ ਤੋਂ ਅੱਗੇ ਕਹਾਣੀ ਵਿਚ ਸੁਆਦ ਨਾ ਆ ਰਿਹਾ ਹੋਵੇ।

ਅਜਨਬੀ ਨੂੰ ਆਹਦ ਜੂ ਦੀ ਅਚਵੀ ਸਮਝ ਨਾ ਆਈ। ਉਹ ਆਪਣੀ ਹੀ ਰਉਂ ਵਿਚ ਬੋਲਿਆ, "ਕਮਾਲ ਹੈ... ਏਨੀ ਬਹਾਦੁਰ ਤੇ ਅਣਖੀ ਔਰਤ... ਪਰ ਫਿਰ ਵੀ ਉਸ ਨੂੰ ਕਦੀ ਕੋਈ ਉਸਦੀ ਮਰਜ਼ੀ ਤੋਂ ਬਿਨਾਂ ਉਸ 'ਤੇ ਕਬਜ਼ਾ ਜਮਾਉਂਦਾ ਰਿਹਾ ਤੇ ਕਦੀ ਉਸ ਆਪਣੀ ਮਰਜ਼ੀ ਨਾਲ ਕਿਸੇ ਨੂੰ ਆਪਣੇ ਉੱਤੇ ਕਬਜ਼ਾ ਜਮਾਉਣ ਦਾ ਹੱਕ ਦੇ ਦਿੱਤਾ। ਉਸਨੂੰ ਹਮੇਸ਼ਾ ਕਿਸੇ ਨਾ ਕਿਸੇ ਦੀ ਸ਼ਰਣ ਵਿਚ ਰਹਿਣ ਦੀ ਕੀ ਮਜਬੂਰੀ ਸੀ ? ਕੀ ਉਹ ਆਪ ਸ਼ਾਸਕ ਨਹੀਂ ਸੀ ਬਣ ਸਕਦੀ ? ਕੀ ਆਪਣਾ ਸਿੰਘਾਸਨ ਆਪ ਨਹੀਂ ਸੀ ਸੰਭਾਲ ਸਕਦੀ ?"

ਅਜਨਬੀ ਦੇ ਪ੍ਰਸ਼ਨ ਸੁਣ ਆਹਦ ਜੂ ਲੰਬਾ ਕੱਸ਼ ਖਿੱਚ ਕੇ ਖੰਘਦਾ ਹੋਇਆ ਕੌੜਾ ਜਿਹਾ ਹੱਸਿਆ। "ਹਾਂ ਉਸਨੇ ਕੋਸ਼ਿਸ਼ ਕੀਤੀ ਸੀ ਜਦੋਂ ਉਹ ਅਜੇ ਹਿੰਦੂ ਰਾਜੇ ਦੀ ਧੀ ਸੀ ਤੇ ਦੁਸ਼ਮਣਾਂ ਨੇ ਉਸਦੇ ਰਾਜੇ ਪਿਓ ਨੂੰ ਸਾਜ਼ਿਸ਼ ਕਰਕੇ ਮਾਰ ਦਿੱਤਾ। ਉਹ ਰਾਜੇ ਦੀ ਇਕਲੌਤੀ ਵਾਰਸ ਹੋਣ ਕਰਕੇ ਸਿੰਘਾਸਨ ਦੀ ਹੱਕਦਾਰ ਬਣ ਗਈ ਸੀ। ਪਰ ਉਸਦੇ ਆਲੇ-ਦੁਆਲੇ ਏਨੇ ਸਾਜ਼ਿਸ਼ੀ ਜਾਲ ਬੁਣੇ ਗਏ ਕਿ ਮਜਬੂਰਨ ਉਸਨੂੰ ਆਪਣੇ ਪਿਤਾ ਦੇ ਕਾਤਲ ਨਾਲ ਵਿਆਹ ਰਚਾ ਕੇ ਉਸਦੀ ਰਾਣੀ ਬਣਨਾ ਸਵੀਕਾਰ ਕਰਨਾ ਪਿਆ। ਬਸ ਉਥੋਂ ਤੋਂ ਹੀ ਇਤਿਹਾਸ ਬਦਲ ਗਿਆ।"

ਅਜਨਬੀ ਨੂੰ ਅਜੇ ਵੀ ਆਪਣੇ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਸੀ ਮਿਲ ਰਿਹਾ। ਉਹ ਦਰਅਸਲ ਇਸ ਮਿੱਟੀ ਦੀ ਖਮੀਰ ਤੋਂ ਵਾਕਿਫ ਨਹੀਂ ਸੀ ਤੇ ਨਾ ਹੀ ਇੱਥੇ ਦੀਆਂ ਔਰਤਾਂ ਦੀ ਮਾਨਸਿਕਤਾ ਜਾਣਦਾ ਸੀ ਜੋ ਵੱਡੀਆਂ-ਵੱਡੀਆਂ ਜੰਗਾਂ ਵਿਚ ਤਲਵਾਰਬਾਜ਼ੀ ਦੇ ਜੌਹਰ

ਵਿਖਾ ਕੇ ਵੱਡੇ ਤੋਂ ਵੱਡੇ ਦੁਸ਼ਮਨਾਂ ਨੂੰ ਹਰਾ ਸਕਦੀਆਂ ਹਨ ਪਰ ਭਾਵੁਕਤਾ ਦੇ ਪਲਾਂ ਵਿਚ ਨਰਮ ਨਾਜ਼ੁਕ ਵੇਲ ਬਣ ਆਪਣੇ ਮਹਿਬੂਬ ਦੀ ਵੱਖੀ ਨਾਲ ਲਿਪਟ ਜਾਣ ਲਈ ਵਿਆਕੁਲ ਹੋ ਸਕਦੀਆਂ ਹਨ। ਜੋ ਸਖ਼ਤ ਤੋਂ ਸਖ਼ਤ ਜਾਨ ਸੂਰਮੇ ਦਾ ਸੀਨਾ ਚੀਰ ਸਕਦੀਆਂ ਹਨ ਪਰ ਕਿਸੇ ਮਾਸੂਸ ਬੱਚੇ ਦੇ ਪੈਰ ਵਿਚ ਚੁਭਿਆ ਕੰਢਾ ਵੇਖ ਹੰਝੂ-ਹੰਝੂ ਹੋ ਜਾਂਦੀਆਂ ਹਨ।

"ਫਿਰ ਕੀ ਹੋਇਆ ?" ਅਜਨਬੀ ਨੇ ਆਹਦ ਜੂ ਨੂੰ ਸੋਚਾਂ ਵਿਚ ਪਿਆ ਵੇਖ ਗੱਲ ਬਦਲਣ ਲਈ ਪੁੱਛਿਆ ਤਾਂ ਆਹਦ ਜੂ ਨੇ ਉਪਰਥਲੀ ਹੁੱਕੇ ਦੇ ਚਾਰ-ਪੰਜ ਕਸ਼ ਖਿੱਚੇ ਤੇ ਖੰਘਦੇ ਹੋਏ ਗੰਭੀਰ ਉਦਾਸੀ ਨਾਲ ਬੋਲਿਆ, "ਉਸ ਰਾਜੇ ਦੇ ਆਪਣੇ ਹੀ ਵਿਸਪਾਤ੍ਰ ਦਰਬਾਰੀਆਂ 'ਚੋਂ ਦੋ ਵਜ਼ੀਰ ਭਰਾਵਾਂ ਨੇ ਧੋਖੇ ਨਾਲ ਰਾਜੇ ਨੂੰ ਮਰਵਾ ਦੇਣ ਦੇ ਨਾਲ-ਨਾਲ ਉਸਦਾ ਵੰਸ਼ ਹੀ ਮੁਕਾ ਦਿੱਤਾ।"

"ਉਫ... ਕੀ ਉਹ ਵੀ ਇਸ ਔਰਤ ਨੂੰ ਹੀ ਹਾਸਲ ਕਰਨਾ ਚਾਹੁੰਦੇ ਸਨ ?"

"ਨਹੀਂ ਹਜ਼ਰਤ। ਪਹਿਲਾਂ ਵਾਲੇ ਸਾਰੇ ਲਾਲਚੀ ਰਾਜੇ ਤਾਂ ਆਪਣੀ ਜ਼ਾਤੀ ਲਾਲਚ ਕਰਕੇ ਕਤਲ ਕਰਦੇ ਤੇ ਰਾਣੀ ਨੂੰ ਹਾਸਲ ਕਰਦੇ ਰਹੇ ਪਰ ਇਨ੍ਹਾਂ ਦੋ ਪਹਾੜੀ ਵਜ਼ੀਰਾਂ ਨੇ ਰਾਣੀ ਨੂੰ ਆਪ ਹਾਸਲ ਕਰਨ ਲਈ ਨਹੀਂ ਸਗੋਂ ਇਸ ਖ਼ੂਬਸੂਰਤ ਅਪਸਰਾ ਨੂੰ ਕਿਸੇ ਵਿਦੇਸ਼ੀ ਵਿਉਪਾਰੀ ਨੂੰ ਵੇਚਣ ਲਈ ਇਹ ਜ਼ੁਲਮ ਕਮਾਇਆ।"

"ਕੀ ਉਸ ਕੋਲ ਭੱਜਣ ਦਾ ਕੋਈ ਰਾਹ ਨਹੀਂ ਸੀ ? ਉਸ ਦਾ ਕੋਈ ਮਦਦਗਾਰ ਜਾਂ ਹਮਦਰਦ ਨਹੀਂ ਸੀ ?"

"ਰਾਹ ਤਾਂ ਸਨ ਹਜ਼ਰਤ ਪਰ ਰਾਹਜ਼ਨ ਵੀ ਬਥੇਰੇ ਸਨ। ਮਦਦਗਾਰ ਜਾਂ ਹਮਦਰਦ ਤਾਂ ਕੋਈ ਨਹੀਂ ਸੀ, ਮੁਖਬਰ ਤੇ ਜਾਸੂਸ ਚਾਰੇ ਪਾਸੇ ਸਨ। ਬੜਾ ਲੰਮਾ ਸਮਾਂ ਉਸ ਵਿਚਾਰੀ ਨੇ ਬੰਦ ਕੋਠੜੀ ਵਿਚ ਕੈਦ ਕੱਟੀ। ਫਿਰ ਇਕ ਦਿਨ ਲੋਕਾਂ ਨੇ ਉਸ ਵਿਦੇਸ਼ੀ ਸ਼ਾਸਕ ਵਿਰੁੱਧ ਬਗਾਵਤ ਕਰ ਦਿੱਤੀ। ਲਹੂ ਦੀਆਂ ਨਦੀਆਂ ਡੁੱਲ੍ਹੀਆਂ। ਧਰਤ ਟੋਟੇ-ਟੋਟੇ ਹੋ ਗਈ ਤੇ ਅਖੀਰ ਲੋਕ ਉਸ ਵਿਦੇਸ਼ੀ ਰਾਜੇ ਨੂੰ ਇਥੋਂ ਭਜਾ ਕੇ ਉਸਦੇ ਅਤਿਆਚਾਰ ਤੋਂ ਮੁਕਤ ਹੋ ਗਏ।"

"ਰਾਣੀ ਵੀ ?"

"ਹਾਂ ਰਾਣੀ ਵੀ। ਰਾਣੀ ਨੂੰ ਆਜ਼ਾਦੀ ਦੀ ਜਿਵੇਂ ਹੀ ਖੁਸ਼ਖਬਰੀ ਮਿਲੀ ਉਸਨੇ ਦੋਵੇਂ ਹੱਥ ਉੱਪਰ ਅਸਮਾਨ ਵੱਲ ਚੁੱਕ ਰੱਬ ਦਾ ਸ਼ੁਕਰਾਨਾ ਅਦਾ ਕੀਤਾ। ਪਰ ਉਸਨੂੰ ਇਸ ਤਰ੍ਹਾਂ ਹੱਥ ਉੱਪਰ ਕਰਕੇ ਸ਼ੁਕਰਾਨਾ ਕਰਦੇ ਵੇਖ ਬਾਹਰ ਖੜੋਤੀ ਭੀੜ ਵਿਚ ਖੁਸਰ-ਫੁਸਰ ਹੋਣ ਲੱਗ ਪਈ। ਕੁਝ ਕਹਿਣ ਕਿ ਇਸਨੇ ਖੁੱਲ੍ਹੇ ਹੱਥ ਉਪਰ ਕਰ ਅੱਲ੍ਹਾ ਦੀ ਇਬਾਦਤ ਕੀਤੀ ਹੈ। ਇਸ

ਕਰਕੇ ਉਸਨੂੰ ਮੁਸਲਮਾਨ ਤਸਲੀਮ ਕੀਤਾ ਜਾਵੇ। ਪਰ ਕੁਝ ਵਿਰੋਧ ਕਰਨ ਲੱਗੇ ਕਿ ਉਸਦੇ ਉਪਰ ਚੁੱਕੇ ਹੱਥ ਬੰਦ ਯਾਨੀ ਜੁੜੇ ਹੋਏ ਸਨ ਜੋ ਸਾਬਿਤ ਕਰਦੀ ਹੈ ਕਿ ਉਹ ਹਿੰਦੂਆਣੀ ਹੈ ਤੇ ਹੱਥ ਜੋੜ ਈਸ਼ਵਰ ਦਾ ਧੰਨਵਾਦ ਕਰ ਰਹੀ ਹੈ। ਉਹ ਅਜੇ ਪੂਰੀ ਤਰ੍ਹਾਂ ਆਜ਼ਾਦ ਵੀ ਨਹੀਂ ਹੋਈ ਸੀ ਕਿ ਉਸਦੇ ਹਿੰਦੂਆਣੀ ਅਤੇ ਮੁਸਲਮਾਨੀ ਹੋਣ ਦਾ ਦਾਅਵਾ ਕਰਨ ਵਾਲਿਆਂ ਵਿਚ ਝਗੜਾ ਫਸਾਦ ਸ਼ੁਰੂ ਹੋ ਗਿਆ।"

"ਤੇ ਪੱਗ ਬੰਨ੍ਹਣ ਵਾਲੇ ਰਾਜੇ ਦੇ ਅਨੁਯਾਈਆਂ ਦਾ ਕੋਈ ਦਾਅਵਾ ਨਹੀਂ ਸੀ ?"

"ਉਹ ਚੁੱਪ ਚੁਪੀਤੇ ਇਹ ਸਭ ਵੇਖ ਸ਼ਰਮਸਾਰ ਹੋ ਰਹੇ ਸਨ। ਸੱਚ ਤਾਂ ਇਹ ਸੀ ਕਿ ਜਿਸ ਦੀ ਪੱਗ ਦੇ ਸ਼ਮਲੇ ਨੇ ਰਾਣੀ ਦਾ ਨੰਗਾ ਮੂੰਹ ਕਜਿਆ ਸੀ, ਉਸਦੇ ਅਨੁਯਾਈਆਂ ਦੀ ਆਵਾਜ਼ ਭੀੜ ਦੇ ਰੌਲੇ-ਰੱਪੇ ਵਿਚ ਦਬ ਕੇ ਰਹਿ ਗਈ ਸੀ।"

"ਕਿਉਂ ?"

"ਕਿਉਂਕਿ ਉਹ ਮੁੱਠੀ ਭਰ ਸਨ ਜਦ ਕਿ ਰੌਲਾ ਪਾਉਣ ਵਾਲੇ ਬਹੁਸੰਖਿਅਕਾਂ ਦਾ ਦਬਦਬਾ ਸੀ ਤੇ ਉਹ ਆਪਣੇ ਆਪ ਨੂੰ ਅਸਲ ਹੱਕਦਾਰ ਸਿੱਧ ਕਰਨ ਦੀ ਕੋਸ਼ਿਸ਼ ਵਿਚ ਬਾਹਾਂ ਉੱਚੀਆਂ ਕਰ ਕਰ ਕੇ ਨਾਅਰੇ ਮਾਰ ਰਹੇ ਸਨ ਤੇ ਇਕ ਦੂਜੇ ਨੂੰ ਲੁਟੇਰੇ ਤੇ ਝੂਠੇ ਕਹਿ ਰਹੇ ਸਨ। ਔਰਤ ਡੌਰ-ਭੌਰ, ਹੱਕੀ-ਬੱਕੀ ਹੋਈ ਨਿੱਕੀ ਜਹੀ ਕੋਠੜੀ ਵਿਚ ਘਿਰੀ ਅਜੇ ਵੀ ਰੋਸ਼ਨੀ ਦੀ ਕਿਸੇ ਕਿਰਨ ਦੀ ਤਾਂਘ ਕਰ ਰਹੀ ਸੀ ਪਰ ਰੋਸ਼ਨੀ ਤਾਂ ਉਗਰ ਭੀੜ ਨੇ ਡੱਕ ਰੱਖੀ ਹੋਈ ਸੀ। ਫਿਰ ਭੀੜ 'ਚੋਂ ਹੀ ਕਿਸੇ ਨੇ ਦਾਨਸ਼ਵਰਾਨਾ ਮਸ਼ਵਰਾ ਦਿੱਤਾ, 'ਇਸ ਔਰਤ ਤੋਂ ਹੀ ਪੁੱਛਦੇ ਹਾਂ ਕਿ ਇਸਦੀ ਸ਼ਨਾਖ਼ਤ ਕੀ ਹੈ ? ਹਿੰਦੂ ਜਾਂ ਮੁਸਲਮਾਨ ?'

"ਇਸ ਨੂੰ ਪੁੱਛਣ ਦੀ ਕੀ ਲੋੜ ਹੈ ? ਸਭ ਜਾਣਦੇ ਹਨ ਕਿ ਇਸਦਾ ਮੁੱਢਲਾ ਜੀਵਨ ਇਕ ਹਿੰਦੂ ਰਾਜੇ ਦੇ ਘਰ ਵਿਚ ਜਮੀ-ਪਲੀ ਹੋਣ ਕਰਕੇ ਬ੍ਰਾਹਮਣ ਧਰਮ ਵਿਚ ਬੀਤਿਆ ਹੈ ਤੇ ਉਹ ਹਿੰਦੂ ਹੈ।"

"ਇਹ ਕਿਵੇਂ ਹੋ ਸਕਦਾ ਹੈ ? ਉਸਨੇ ਬੋਧੀ ਰਾਜੇ ਨਾਲ ਵਿਆਹ ਕਰਨ ਬਾਅਦ ਆਪਣੀ ਮਰਜ਼ੀ ਨਾਲ ਇਸਲਾਮ ਕਬੂਲਿਆ ਹੈ ਤੇ ਕਈ ਸੌ ਸਾਲਾਂ ਤਕ ਉਸਦੇ ਮੁਸਲਮਾਨ ਵੰਸ਼ਜ਼ ਰਾਜ ਕਰਦੇ ਰਹੇ ਹਨ। ਉਸਦਾ ਧਰਮ ਪਰਿਵਰਤਨ ਹੋ ਚੁੱਕਾ ਹੈ।"

"ਨਹੀਂ ਇਸਦਾ ਤਲਵਾਰ ਦੇ ਜ਼ੋਰ ਉੱਤੇ ਜ਼ਬਰਦਸਤੀ ਧਰਮ ਪਰਿਵਰਤਨ ਕੀਤਾ ਗਿਆ ਸੀ ਜੋ ਜ਼ੁਲਮ ਹੈ।"

"ਰਹੀ ਤਾਂ ਇਹ ਸਿੱਖ ਰਾਜੇ ਕੋਲ ਵੀ ਹੈ।" ਇਕ ਪੱਗੜੀਧਾਰੀ ਸਿੱਖ ਵੀ ਜੋਸ਼ ਵਿਚ

ਆ ਕੇ ਬੋਲਿਆ ਪਰ ਉਸਦੀ ਆਵਾਜ਼ ਨੂੰ ਬਾਕੀ ਸ਼ੋਰ-ਸ਼ਰਾਬੇ ਨੇ ਨੱਪ ਕੇ ਰੱਖ ਦਿੱਤਾ।

"ਨਹੀਂ, ਨਹੀਂ, ਇਵੇਂ ਇਸਦਾ ਫ਼ੈਸਲਾ ਨਹੀਂ ਹੋਵੇਗਾ। ਸਾਨੂੰ ਇਸਦੀ ਘਰ ਵਾਪਸੀ ਚਾਹੀਦੀ ਹੈ।" ਇਕ ਤਿਲਕਧਾਰੀ ਬਾਹਾਂ ਹਿਲਾਂਦਾ ਬੋਲਿਆ।

"ਘਰ ਵਾਪਸੀ ਮਤਲਬ ?"

"ਮਤਲਬ ਪਹਿਲੇ ਧਰਮ ਵਿਚ ਇਸਦੀ ਵਾਪਸੀ। ਮੁਢਲਾ ਧਰਮ। ਹਿੰਦੂ ਧਰਮ।"

"ਇਹ ਨਾਮੁਮਕਿਨ ਹੈ। ਇਹ ਸ਼ਰਈ ਨਿਯਮਾਂ ਅਨੁਸਾਰ ਇਸਲਾਮ ਦੇ ਦਾਇਰੇ ਵਿਚ ਆਈ ਹੋਈ ਹੈ। ਇਸਨੇ ਸੂਫ਼ੀ ਕਲਾਮ ਤੇ ਪਾਕ ਕਲਮੇ ਆਇਤਾਂ ਪੜ੍ਹ ਕੇ ਆਪਣੇ ਮੁਸਲਮਾਨ ਵੰਸ਼ਜ਼ਾਂ ਨੂੰ ਰਾਜ ਕਰਦੇ ਵੇਖਿਆ ਹੈ। ਇਸਦਾ ਇਹ ਰੂਪ ਮੁਸਲਮਾਨ ਬਣਨ ਕਰਕੇ ਹੀ ਨਿਖਰਿਆ ਤੇ ਸੰਵਰਿਆ ਹੈ। ਨਹੀਂ ਤਾਂ ਪਹਿਲਾਂ ਇਹ ਇਕ ਬੇਰੌਣਕ ਚਿਹਰਾ ਸੀ।"

"ਅਸੀਂ ਆਪਣਾ ਹੱਕ ਲੈ ਕੇ ਰਹਾਂਗੇ।" ਤ੍ਰਿਸ਼ੂਲ ਤਿਲਮਿਲਾਏ।

"ਅਸੀਂ ਆਪਣਾ ਹੱਕ ਹਰਗਿਜ਼ ਨਹੀਂ ਛੱਡਾਂਗੇ।" ਬੰਦੂਕਾਂ ਲਹਿਰਾਈਆਂ।

"ਕੀ ਸਾਡਾ ਕੋਈ ਹੱਕ ਨਹੀਂ ?" ਪੱਗ ਵਾਲੇ ਨੇ ਆਪਣੇ ਸਾਥੀ ਨੂੰ ਪੁੱਛਿਆ ਤਾਂ ਉਹ ਅੱਗੋਂ ਨਿਮੋਝੂਣ ਜਿਹਾ ਹੋਇਆ ਰੋਣਹਾਕੀ ਆਵਾਜ਼ ਵਿਚ ਬੋਲਿਆ, "ਪਤਾ ਨਹੀਂ।"

"ਅਚਾਨਕ ਤ੍ਰਿਸ਼ੂਲ ਤੇ ਬੰਦੂਕਾਂ ਭਿੜ ਗਈਆਂ। ਚੀਕ-ਚਿਹਾੜਾ, ਸ਼ੋਰ, ਹਾਇ-ਵਾਇ... ਹਰ ਹਰ ਮਹਾਂਦੇਵ... ਅੱਲ੍ਹਾ ਹੂ ਅਕਬਰ... ਠਾਹ ਠਾਹ...। ਮਾਰੋ... ਮਾਰੋ... ਮਰ ਗਿਆ... ਕਿੰਨੇ ਮਰੇ ? ਬੇਸ਼ੁਮਾਰ... ਬੇਅੰਤ... ਕੌਣ ਮਰੇ... ਪਤਾ ਨਹੀਂ ਚਲ ਰਿਹਾ, ਬਸ ਲਹੂ ਹੀ ਲਹੂ ਹੈ... ਲਾਸ਼ਾਂ ਲਹੂ ਵਿਚ ਤਰ ਰਹੀਆਂ ਹਨ। ਪਹਿਚਾਣ ਕਰਨੀ ਔਖੀ ਹੈ... ਤੇ ਫਿਰ ਖਾਮੋਸ਼ੀ, ਮੌਤ ਵਰਗਾ ਸੱਨਾਟਾ।"

"ਨਿੱਕੀ ਜਹੀ ਕੋਠੜੀ ਵਿਚ ਕੈਦ ਔਰਤ ਦੀਵਾਰਾਂ ਨਾਲ ਸਿਰ ਪਟਕ-ਪਟਕ ਲਹੂ-ਲੁਹਾਨ ਹੋਈ ਢਹਿ ਪਈ...।" ਹਾਊਸਬੋਟ ਦੇ ਉਸ ਕਮਰੇ ਅੰਦਰ ਵੀ ਕਿਵੇਂ ਮੌਤ ਵਰਗੀ ਖਾਮੋਸ਼ੀ ਛਾ ਗਈ। ਆਹਦ ਜੂ ਕੰਬ ਰਿਹਾ ਸੀ।

"ਤੂੰ ਉਸ ਔਰਤ ਦਾ ਨਾਂ ਨਹੀਂ ਦੱਸਿਆ ?" ਕਿੰਨੀ ਦੇਰ ਬਾਦ ਸਿਗਰੇਟ ਦੇ ਕਸ਼ ਲੈਂਦੇ ਅਜਨਬੀ ਨੇ ਖਿੜਕੀ 'ਚੋਂ ਹਨੇਰੇ ਵਿਚ ਡੁੱਬੀ ਝੀਲ ਦੇ ਕਾਲੇ ਪਾਣੀਆਂ ਦੀ ਸ਼ਾਂਤ ਬੇਚੈਨੀ ਨੂੰ ਮਹਿਸੂਸ ਕਰਦਿਆਂ ਸੁਆਲ ਕੀਤਾ ਤਾਂ ਆਹਦ ਜੂ ਦੇ ਭਰੇ ਗਲ਼ੇ 'ਚੋਂ ਹੌਕਾ ਨਿਕਲ ਗਿਆ।

"ਅਨਾਰਕਲੀ।"

"ਅਨਾਰਕਲੀ ?" ਅਜਨਬੀ ਚੌਂਕਿਆ।

"ਹਾਂ ਹਜ਼ਰਤ ਅਨਾਰਕਲੀ। ਅਕਬਰ ਜਿਸਨੂੰ ਜੀਣ ਨਹੀਂ ਦੇ ਰਿਹਾ ਤੇ ਸਲੀਮ ਮਰਨ ਨਹੀਂ ਦੇ ਰਿਹਾ...।"

ਡੌਰ-ਭੌਰ ਜਹੇ ਅਜਨਬੀ ਨੇ ਹੈਰਾਨੀ ਨਾਲ ਆਹਦ ਜੂ ਵੱਲ ਵੇਖਿਆ। ਜਿਵੇਂ ਉਹ ਕੋਈ ਇਨਸਾਨ ਨਾ ਹੋ ਕੇ ਕੋਈ ਖੰਡਰ ਹੋਵੇ। ਸਦੀਆਂ ਪੁਰਾਣਾ ਨੇਸਤੋ ਨਾਬੂਦ ਹੋਇਆ ਖੰਡਰ ਜਿਸ ਦੀ ਇਕ-ਇਕ ਇੱਟ ਆਪਣੇ ਉਜੜੇ ਵਜੂਦ ਦੀ ਦਾਸਤਾਨ ਸੁਣਾ ਰਹੀ ਹੋਵੇ। ਅਜਨਬੀ ਨੂੰ ਹਨੇਰੇ ਵਿਚ ਡੁੱਬੀ ਝੀਲ ਦੇ ਕਾਲੇ ਪਾਣੀਆਂ ਦੇ ਸਾਏ ਆਹਦ ਜੂ ਦੇ ਚਿਹਰੇ ਉੱਤੇ ਫੈਲੇ ਪ੍ਰਤੱਖ ਨਜ਼ਰ ਆ ਰਹੇ ਸਨ। ਜਿਸਦੇ ਹੁੱਕੇ ਦੇ ਧੂੰਏਂ ਵਿੱਚ ਸਾਹਮਣੇ ਦੀਵਾਰ ਉੱਤੇ 'ਕਸ਼ਮੀਰ' ਦਾ ਧੁੰਦਲਾ ਤੇ ਧੁਆਂਖਿਆ ਜਿਹਾ ਨਕਸ਼ਾ ਤੇਜ਼ ਹਵਾ ਕਾਰਨ ਫੜਫੜਾ ਰਿਹਾ ਹੈ।

❍

**ਮਿੰਨੀ ਕਹਾਣੀ**

# ਅਪਹਾਜ

**❑ ਮਾਲਵਿੰਦਰ ਸ਼ਾਇਰ**

ਬਹਾਦਰ ਸਿੰਘ ਸੇਵਾ ਮੁਕਤ ਫੌਜੀ ਸੀ ਜੋ ਕਿ ਜਸਵੰਤ ਸਿੰਘ ਦਾ ਗੁਆਂਢੀ ਸੀ। ਦੋਨਾਂ ਦਾ ਇੱਕ-ਅੱਧਾ ਦਿਨ ਛੱਡਕੇ ਸ਼ਾਮ ਨੂੰ ਮਹਿਫ਼ਲ ਸਜਾਉਣਾ ਸੁਭਾਵਕ ਹੀ ਸੀ। ਜਿਸ ਤਰ੍ਹਾਂ ਦੋਨੋਂ ਪਿੰਡ ਵਿੱਚ ਗੁਆਂਢੀ ਸਨ ਉਸੇ ਤਰ੍ਹਾਂ ਉਨ੍ਹਾਂ ਦੀ ਖੇਤ ਵਿੱਚ ਵੀ ਵੱਟ ਨਾਲ਼ ਵੱਟ ਲਗਦੀ ਸੀ। ਜਸਵੰਤ ਸਿੰਘ ਦੀ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਸੀ ਜਦ ਕਿ ਬਹਾਦਰ ਸਿੰਘ ਸੇਵਾ ਮੁਕਤੀ ਤੋਂ ਬਾਅਦ ਆਪਣੀ ਖੇਤੀ ਆਪ ਹੀ ਕਰਦਾ ਸੀ।ਇਨ੍ਹਾਂ ਦੋਨਾਂ ਦੇ ਖੇਤਾਂ ਵਿੱਚ ਕਣਕ ਪੱਕੀ ਖੜ੍ਹੀ ਸੀ ਜੋ ਕਿ ਵੱਢਣ ਲਈ ਵੀ ਤਿਆਰ ਸੀ।ਬਹਾਦਰ ਸਿੰਘ ਨੇ ਐਨ ਜਸਵੰਤ ਸਿੰਘ ਦੀ ਸਾਂਝੀ ਵੱਟ ਨਾਲ਼ ਹੀ ਪਸ਼ੂਆਂ ਦੇ ਚਾਰੇ ਖਾਤਰ ਬਰਸੀਮ ਬੀਜੀ ਹੋਈ ਸੀ ਜੋ ਕਿ ਗਰਮੀ ਨਾਲ਼ ਮੁਰਝਾਈ ਪਈ ਸੀ। ਜਦੋਂ ਬਹਾਦਰ ਸਿੰਘ ਨੇ ਬਰਸੀਮ ਨੂੰ ਪਾਣੀ ਲਗਾਇਆ ਤਾਂ ਵੱਟ 'ਚ ਚੂਹਿਆਂ ਦੀਆਂ ਖੱਡਾਂ ਹੋਣ ਕਰ ਕੇ ਪਾਣੀ ਜਸਵੰਤ ਦੇ ਖੇਤ 'ਚ ਪੱਕੀ ਕਣਕ ਵੱਲ ਨੂੰ ਟੁੱਟ ਗਿਆ ਜਿਸ ਨਾਲ਼ ਤਕਰੀਬਨ ਇੱਕ ਦੌਗੀ ਕੁ ਫਸਲ ਦਾ ਨੁਕਸਾਨ ਹੋ ਗਿਆ। ਜਸਵੰਤ ਸਿੰਘ ਦੀ ਜ਼ਮੀਨ ਦੇ ਠੇਕੇ ਵਾਲੇ ਦੇ ਕਹਿਣ 'ਤੇ ਜਸਵੰਤ ਸਿੰਘ ਨੇ ਆਪਣੇ ਜੁੰਡੀਦਾਰ ਬਹਾਦਰ ਸਿੰਘ ਨੂੰ ਬੁਰਾ-ਭਲਾ ਕਹਿਣਾ ਸ਼ੁਰੂ ਕਰ ਦਿੱਤਾ ਜਿਸਦਾ ਬਹਾਦਰ ਸਿੰਘ ਨੇ ਬਹੁਤ ਬੁਰਾ ਮਨਾਇਆ ਕਿਉਂਕਿ ਉਦ੍ਹੇ ਕਹਿਣ ਮੁਤਾਬਿਕ ਗੱਲ ਘਰੇ ਬੈਠ ਕੇ ਸਹਿਜ ਨਾਲ਼ ਵੀ ਨਿਬੜ ਸਕਦੀ ਸੀ। ਇਹ ਮਸਲਾ ਪਿੰਡ ਦੀ ਪੰਚਾਇਤ ਕੋਲ ਪਹੁੰਚ ਗਿਆ ਜਿੱਥੇ ਬਹਾਦਰ ਸਿੰਘ ਨੇ ਆਪਣਾ ਪੱਖ ਰੱਖਦਿਆਂ ਕਿਹਾ,

"ਦੇਖੋ ਸਰਪੰਚ ਸਾਹਿਬ...ਜੋ ਬਹੁਤਾ-ਥੋੜ੍ਹਾ ਜਿੰਨਾ ਵੀ ਨੁਕਸਾਨ ਹੋਈਐ ਮੈਂ ਉਸਦਾ ਹਰਜਾਨਾ ਦੇਣ ਲਈ ਤਿਆਰ ਹਾਂ...ਪਰ ਜੋ ਜਸਵੰਤ ਨੇ ਮੈਨੂੰ ਲੋਕਾਂ ਕੋਲੇ ਅਪਹਾਜ ਕਿਹਾ ਹੈ ਉਸਦਾ ਹਰਜਾਨਾ ਮੈਨੂੰ ਉਹ ਕੀ ਦੇਵੇਗਾ...?"

ਸਾਰੇ ਜਣੇ ਬਹਾਦਰ ਸਿੰਘ ਦੀ ਗੱਲ ਸੁਣ ਕੇ ਦੰਗ ਰਹਿ ਗਏ। ਉਸ ਨੇ ਆਪਣੀ ਹੋਣੀ 'ਤੇ ਚਾਨਣਾ ਪਾਉਂਦਿਆ ਅੱਗੇ ਕਿਹਾ,

"ਦੇਖੋ ਪਿੰਡ ਦੇ ਮੁਹਿਤਬਰ ਸਹਿਬਾਨੋਂ... ਮੈਂ ਦੇਸ਼ ਵੱਲੋਂ ਬਹਾਦਰੀ ਪੁਰਸਕਾਰ ਵਿਜੇਤਾ ਹਾਂ ਮੇਰੀ ਲੱਤ ਕਿਸੇ ਆਮ ਸੜਕੀ ਦੁਰਘਟਨਾ ਨਾਲ਼ ਨਹੀਂ ਕੱਟੀ ਗਈ...ਮੇਰੀ ਇਹ ਲੱਤ ਦੇਸ਼ ਦੀ ਖਾਤਰ ਜੰਗ-ਮੈਦਾਨੇ ਲੜਦਿਆਂ ਤੋਂ ਜ਼ਖ਼ਮੀ ਹੋਣ 'ਤੇ ਕੱਟੀ ਗਈ ਆ...।"

ਪੰਚਾਇਤ ਦੇ ਹੋਏ ਇਕੱਠ ਵਿੱਚ ਉਸਨੇ ਜਸਵੰਤ 'ਤੇ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਅੱਗੋਂ ਕਿਹਾ,

"...ਦੇਖੋ ਮੈਂ ਇੱਕ ਲੱਤ ਕੱਟੀ ਹੋਣ ਦੇ ਬਾਵਜੂਦ ਵੀ ਖੇਤੀ ਕਰਦਾ ਹਾਂ...ਡੰਗਰ-ਦੱਪਾ ਸਾਂਭਦਾ ਹਾਂ...ਅਤੇ ਆਹ ਜਸਵੰਤ ਸਾਲਮ-ਸਬੂਤੇ ਅੰਗ ਹੋਣ ਦੇ ਬਾਵਜੂਦ ਵੀ ਜ਼ਮੀਨ ਠੇਕੇ 'ਤੇ ਚਾੜ੍ਹੀ ਬੈਠਾ ਹੈ... ਨਾਲ਼ੇ ਮੁੱਲ ਦਾ ਦੁੱਧ ਪੀਂਦੈ...ਫਿਰ ਭਲਾਂ ਅਪਾਹਜ ਕੌਣ ਹੋਇਆ...ਮੈਂ ਕਿ ਇਹ?... ਮੈਨੂੰ ਆਹ ਅਪਾਹਜ ਆਲੀ ਗੱਲ ਕਹਿ ਕੇ ਤਾਂ ਇਹਨੇ ਆਪਦੇ ਮਾਨਸਿਕ ਅਪਾਹਜ ਹੋਣ ਦਾ ਵੀ ਸਬੂਤ ਦੇ ਦਿੱਤਾ ਹੈ...ਕਿ ਨਹੀਂ।"

ਸਾਰੇ ਇਕੱਠ ਵਿੱਚ ਚੁੱਪ ਪੱਸਰ ਚੁੱਕੀ ਸੀ...ਜਸਵੰਤ ਸਿੰਘ ਹੱਥ ਬੰਨ੍ਹ ਕੇ ਨੀਵੀਂ ਪਾਈ ਆਪਣੀ ਗਲਤੀ ਦਾ ਅਹਿਸਾਸ ਕਰੀ ਜਾ ਰਿਹਾ ਸੀ। ਉਸਨੂੰ ਬਹਾਦਰ ਸਿੰਘ ਦੀ ਗੱਲ ਤੋਂ ਅਪਾਹਜ ਦੀ ਅਸਲੀ ਪਰਿਭਾਸ਼ਾ ਸਮਝ ਆ ਚੁੱਕੀ ਸੀ।

# ਮਾਂ

❑ ਬਚਨ ਭਾਰਤੀ

ਰੱਬੋਂ ਹੀ ਵਰੋਸਾਈ ਮਾਂ।
ਰੱਬ ਰੂਪ ਵਿਚ ਆਈ ਮਾਂ।
ਦੁਨੀਆਂ ਦੇ ਕੁੱਲ ਰਿਸ਼ਤੇ ਪਿੱਛੇ,
ਪਹਿਲਾਂ ਮੂੰਹ ਬੁਲਾਈ ਮਾਂ।

ਸਵਰਗ ਦਾ ਝੂਟਾ ਮਾਂ ਦੀ ਲੋਰੀ।
ਸੇਜ ਫੁੱਲਾਂ ਦੀ ਮਾਂ ਦੀ ਗੋਦੀ।
ਮਿੱਠਾ ਮਿਸ਼ਰੀ ਮਾਂ ਦਾ ਚੁੰਮਣ।
ਸ਼ਹਿਦ ਤੋਂ ਮਿੱਠੀ ਮਾਂ ਦੀ ਬੋਲੀ।

ਮਾਂ ਦੇ ਬੋਲ ਨੇ ਰੱਬ ਦੇ ਬੋਲ।
ਮਾਂ ਦੀ ਜੀਬਾ ਰੱਬ ਦੇ ਕੋਲ।
ਖਿੜੇ ਮੱਥੇ ਅਸੀਸ ਜੋ ਦੇਵੇ।
ਅਵਸ਼ ਹੁੰਦੇ ਨੇ ਪੂਰੇ ਬੋਲ।

ਨਾਂ ਮਾਂ ਤੋਂ ਆਕੀ ਹੋਣਾ।
ਨਾਂ ਮਾਂ ਦੇ ਦਿਲ ਨੂੰ ਕੋਹਣਾ।
ਜੇ ਦੁਖਿਆ ਦਿਲ ਦੋ ਹੰਝੂ ਡਿੱਗੇ,
ਪੈ ਜਾਣਾ ਏ ਉਮਰਾਂ ਦਾ ਰੋਣਾ।

ਮਾਵਾਂ ਨੇ ਬਸ ਠੰਡੀਆਂ ਛਾਵਾਂ।
ਮਮਤਾ ਭਰੀਆਂ ਮਿਠੀਆਂ ਅਦਾਵਾਂ।
ਜੇ ਬੱਚੇ ਕੋਲ ਘੋਲ ਘੁਮਾਵਣ।
ਜੇ ਬੱਚੇ ਦੂਰ ਵੇਖਣ ਰਾਵਾਂ।

ਕਲ ਰੋਂਦੀ ਸੀ ਮਾਂ ਪੁੱਤ ਖਾਂਦਾ ਕੁਝ ਨਹੀਂ।
ਅੱਜ ਰੋਵੇ ਨਾ ਕਿ ਖੁਆਂਦਾ ਕੁਝ ਨਹੀਂ।
ਜੇ ਰੋ ਪਈ ਉਹਦਾ ਦਿਲ ਦੁਖਿਆ।
ਭੁੱਲ ਜਾਵੇ ਸੁੱਖਾਂ ਵਿਚ ਸੌਣਾ।
ਬਚਨ ਨਾ ਮਾਂ ਤੋਂ ਆਕੀ ਹੋਣਾ।
ਨਾ ਮਾਂ ਦੇ ਦਿਲ ਨੂੰ ਕੋਹਣਾ।

....................................

**ਬਸਤੀ ਗੋਬਿੰਦ ਪੁਰਾ**
**ਸਿੰਬਲ ਮੋੜ, ਜੰਮੂ**
**ਮੋ. 8493987889**

❍

# ਦੱਸ ਕਿਵੇਂ ਆਵਾਂ

❑ ਬਲਵੀਰ ਕੁਮਾਰ (ਬਾਬਾ ਬੀਰ੍ਹਾ)

ਸੋਹਣੀਏਂ ਤੂੰ ਦੱਸ ਕਿਵੇਂ, ਆਵਾਂ ਤੇਰੇ ਸ਼ਹਿਰ ਨੂੰ
ਬੁਰੀ ਤਰ੍ਹਾਂ ਭੰਡਦੇ ਨੇ, ਬਹਿ ਕੇ ਉੱਥੇ ਯਾਰ ਨੂੰ
ਗੈਰਾਂ ਨੂੰ ਸਲਾਮਾਂ ਓਥੇ, ਯਾਰਾਂ ਨੂੰ ਨਕਾਰਦੇ
ਝੂਠੀ ਜਿਹੀ ਦੁਨੀਆਂ ਚੋਂ, ਸੱਚੇ ਯਾਰ ਹਾਰਦੇ
ਪਿਆਰ ਵਿੱਚ ਰਹਿਨਾ ਕਿਵੇਂ, ਪਾ ਲਵਾਂ ਬੈਰ ਨੂੰ
ਸੋਹਣੀਏਂ ਤੂੰ ਦੱਸ ਕਿਵੇਂ,ਆਵਾਂ ਤੇਰੇ ਸ਼ਹਿਰ ਨੂੰ
ਬੁਰੀ ਤਰ੍ਹਾਂ ਭੰਡਦੇ ਨੇ, ਬਹਿ ਕੇ ਉੱਥੇ ਯਾਰ ਨੂੰ
ਸੋਹਣੀਆਂ ਦੇ ਨਾਲ ਇਸ, ਸੋਹਣੇ ਦਾ ਪਿਆਰ ਨੀ
ਦਿਲ ਵਿੱਚ ਰੱਖ ਇਹਨੂੰ, ਕੱਢੀਂ ਨਾ ਤੂੰ ਬਾਹਰ ਨੀ
ਹਰ ਵੇਲੇ ਚਾਹੁੰਨਾ ਤੇਰੀ, ਜਾਨ ਦੀ ਮੈਂ ਖੈਰ ਨੂੰ
ਸੋਹਣੀਏਂ ਤੂੰ ਦੱਸ ਕਿਵੇਂ, ਆਵਾਂ ਤੇਰੇ ਸ਼ਹਿਰ ਨੂੰ
ਬੁਰੀ ਤਰ੍ਹਾਂ ਭੰਡਦੇ ਨੇ, ਬਹਿ ਕੇ ਉੱਥੇ ਯਾਰ ਨੂੰ
ਦਿਲ ਦੀਆਂ ਤਾਂਘਾਂ ਰੱਖ, ਦਿਲ ਚ ਵਸਾ ਕੇ
ਦੂਰੋਂ ਦੂਰੋਂ ਦੱਸੀਏ ਇਹ, ਯਾਰੀਆਂ ਨਿਭਾ ਕੇ
ਹੜ੍ਹੇ ਦਰਿਆਵਾਂ ਵਿੱਚ, ਪਾਵਾਂ ਕਿਵੇਂ ਪੈਰ ਨੂੰ
ਸੋਹਣੀਏਂ ਤੂੰ ਦੱਸ ਕਿਵੇਂ, ਆਵਾਂ ਤੇਰੇ ਸ਼ਹਿਰ ਨੂੰ
ਬੁਰੀ ਤਰ੍ਹਾਂ ਭੰਡਦੇ ਨੇ, ਬਹਿ ਕੇ ਉੱਥੇ ਯਾਰ ਨੂੰ
ਥੋੜਾ ਜਿਹਾ ਸਮਾਂ ਜਰਾ, ਦੜ ਵੱਟ ਕੱਢ ਨੀ
ਜੱਗ ਵਾਲਾ ਮੇਲਾ ਜਾਣਾ, ਇੱਕ ਦਿਨ ਛੱਡ ਨੀ
ਬਾਬਾ ਬੀਰ੍ਹਾ ਆਖਦਾਏ, ਕਾਹਨੂੰ ਪੀਣਾ ਜ਼ਹਿਰ ਨੂੰ
ਸੋਹਣੀਏਂ ਤੂੰ ਦੱਸ ਕਿਵੇਂ, ਆਵਾਂ ਤੇਰੇ ਸ਼ਹਿਰ ਨੂੰ
ਬੁਰੀ ਤਰ੍ਹਾਂ ਭੰਡਦੇ ਨੇ, ਬਹਿ ਕੇ ਉੱਥੇ ਯਾਰ ਨੂੰ

....................................

**ਪਿੰਡ ਗਾਂਧੀਆਂ ਪਨਿਆੜ :ਗੁਰਦਾਸਪੁਰ**

**ਫ਼ੋਨ ਨੰ : 9988328567**

❍

# ਦਇਆ

❑ ਇਛਪਾਲ ਸਿੰਘ (ਪ੍ਰਿੰ:)

ਚਲ ਚੱਲੀਏ!
ਦਇਆ ਦੇ ਦੁਆਰ
ਬਣੀਏ ਦਇਆ ਦੇ ਪਾਤਰ।
ਉਸ ਦੀ ਦਇਆ ਦੇ ਨਾਲ,
ਉਚੇ ਬਣੇ ਦੁਆਰ।
ਸੰਗਤ ਅਤੇ ਪੰਗਤ ਦੀ,
ਹੋਈ ਜੈ ਜੈ ਕਾਰ।
ਉਸ ਦੀ ਮਿਹਰ ਦੇ ਨਾਲ,
ਕਿਰਤ ਕਰਕੇ ਨਾਮ ਜਪੀਏ।
ਵੰਡ ਛਕ ਕੇ,
ਦਇਆ ਕਮਾਈਏ।
ਭੋਲੇ ਭਾਲਿਆਂ ਨੂੰ,
ਸਿੱਧੇ ਰਾਹ ਚਲਣ ਦਈਏ।
ਦਸਵੰਧ ਕੱਢ ਕੇ,ਦਇਆ ਕਮਾਈਏ।
ਕਰੀਏ ਪ੍ਰਚਾਰ ਸ਼ਬਦ ਗੁਰੂ ਦਾ,
ਡੇਰੇਦਾਰਾਂ ਤੋਂ
ਸੰਗਤਾਂ ਨੂੰ  ਬਚਾਈਏ।
ਕਰੀਏ ਤਿਆਗ ਹਉਮੈ ਦਾ
ਖਟ ਘਾਲ ਕੇ
ਦਇਆ ਕਮਾਈਏ।
ਧੀਆਂ ਪੁੱਤਾਂ ਨੂੰ
ਦਈਏ ਸੰਸਾਰੀ ਵਿਦਿਆ
ਭਲਾ ਕਰਕੇ
ਦਇਆ ਕਮਾਈਏ।
ਗੁਰਮੁਖੀ ਪੜ੍ਹ ਕੇ
ਗੁਰਸਿੱਖ ਬਣੀਏ
ਬਿਰਧ ਮਾਂ-ਪਿਓ ਨਾਲ
ਦਇਆ ਕਮਾਈਏ।
..............................

ਧਰਮ ਘੁੰਡ ਤਰਾਲ

# ਜ਼ਿੰਦਗੀ

❑ ਦਲਜੀਤ ਸਿੰਘ ਪਾਰਸ

ਮਹਿਫ਼ਲਾਂ ਹੋਣ ਜੇ ਚੰਗੀਆਂ ਕਰਾਰ ਤਾਂ ਬਣਿਆ ਰਹਿੰਦਾ ਹੈ
ਮੁੱਹਬਤਾਂ ਹੋਣ ਜੇ ਸੱਚੀਆਂ ਇਕਰਾਰ ਤਾਂ ਬਣਿਆ ਰਹਿੰਦਾ ਹੈ।
ਝੂਠਿਆਂ ਸੰਗ ਨਾ ਨਿਭਦੀ ਭਾਵੇਂ ਲੱਖ ਨਿਭਾ ਵੇਖੋ
ਪਿਆਰ ਹਮੇਸ਼ਾਂ ਸੱਚਿਆਂ ਨਾਲ ਹੀ ਬਣਿਆ ਰਹਿੰਦਾ ਹੈ।
ਸ਼ਹਿਰ ’ਚ ਰਹਿ ਕੇ ਸ਼ਹਿਰੀ ਭਾਵੇਂ ਲੱਖ ਕਹਾ ਲਈਏ
ਪਰ ਦਿਲਾਂ ’ਚ ਪੇਂਡੂ ਮਾਣ ਹੀ ਬਣਿਆ ਰਹਿੰਦਾ ਹੈ।
ਵਕਤ ਜੇ ਹੋਵੇ ਦੁਸ਼ਮਣ ਬਹੁਤੇ ਭੱਜ ਖਲੋਂਦੇ ਨੇ
ਵਿਰਲਾ ਟਾਂਵਾਂ ਹੀ ਰਿਸ਼ਤਾ ਫਿਰ ਬਣਿਆ ਰਹਿੰਦਾ ਹੈ।
ਚਿੱਟਾ ਭਾਵੇਂ ਕਾਲਾ ਰੰਗ ਤਾਂ ਰੱਬ ਦੀਆਂ ਦਾਤਾ ਨੇ
ਚਿੱਟਾ ਹੋਵੇ ਦਿਲ ਕਿਰਦਾਰ ਤਾਂ ਬਣਿਆ ਰਹਿੰਦਾ ਹੈ।
ਸਫ਼ੈਦਪੋਸ਼ ਤਾਂ ਆਸੇ ਪਾਸੇ ਫਿਰਨ ਬਥੇਰੇ ਯਾਰੋ
ਹੋਵੇ ਸੋਚ ਜੇ ਚੰਗੀ ਟੌਹਰ ਫਿਰ ਬਣਿਆ ਰਹਿੰਦਾ ਹੈ।
ਕੰਡੇ ਰਾਹਾਂ ਦੇ ਜੋ ਚੁਗ ਦੂਜੇ ਲਈ ਖੁਸ਼ ਹੁੰਦਾ
ਇਸ਼ਕ ਦੇ ਰਾਹ ਦਾ ਪਾਂਧੀ ਉਹੀ ਬਣਿਆ ਰਹਿੰਦਾ ਹੈ।
ਵਣਜ ਇਸ਼ਕ ਦਾ ਭਾਵੇਂ ਹਰ ਕੋਈ ਕਰਦਾ ਫਿਰਦਾ ਹੈ
ਪੁਗਦਾ ਉਹੀ ਜੋ ਮੌਤ ਦਾ ਲ਼ਾੜਾ ਬਣਿਆ ਰਹਿੰਦਾ ਹੈ
‘ਪਾਰਸ’ ਗੁਰਬਤ, ਤੰਗੀ, ਲੋੜ ਦੀ ਜਿੰਦਗੀ ਜਿਹੜਾ ਜੀਂਦਾ ਹੈ
ਉਹ ਦੀਨਾ, ਦੁਖੀਆਂ ਤੇ ਖੱਜਲਾ ਦਾ ਬਣਿਆ ਰਹਿੰਦਾ ਹੈ।

❍

# ਪਿੱਤਰਸੱਤਾ ਦੇ ਦਮਨ ਪ੍ਰਤੀ ਰੋਹ-ਵਿਦਰੋਹ ਸਿਰਜਦੀ ਨਾਰੀ : ਇਕ ਅਧਿਅਨ

❑ ਚਰਨਜੀਤ ਕੌਰ

ਪਿੱਤਰਸੱਤਾ ਅਕਸਰ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਸਦਾ ਭਾਵ ਹੈ- ਪੁਰਸ਼ ਦਬਦਬਾ, ਔਰਤਾਂ ਨਾਲ ਲਿੰਗਕ ਪੱਖਪਾਤ ਜਾਂ ਨਾਰੀ ਵਿਰੋਧੀ ਪੁਰਸ਼ ਸ਼ਕਤੀ ਆਦਿ। ਦੂਜੇ ਸ਼ਬਦਾਂ ਵਿਚ ਇਸ ਸ਼ਬਦ ਦਾ ਅਰਥ ਹੈ- ਪਿਤਾ ਦਾ ਪੂਰਨ ਰਾਜ ਜਾਂ ਉਸਦੇ ਪਰਿਵਾਰ ਉੱਤੇ ਸਭ ਤੋਂ ਵੱਡੇ ਪੁਰਸ਼ ਮੈਂਬਰ ਦਾ ਅਧਿਕਾਰ। ਇਸ ਤਰ੍ਹਾਂ ਮਰਦ ਪਿਤਾ ਦਾ ਰਾਜ ਪਰਿਵਾਰ ਦੀਆਂ ਸਾਰੀਆਂ ਔਰਤਾਂ ਅਤੇ ਛੋਟੇ ਅਧੀਨ ਮਰਦਾਂ ਉੱਤੇ ਹੈ। ਸ਼ਾਬਦਿਕ ਤੌਰ 'ਤੇ, ਪਿੱਤਰਸੱਤਾ ਦਾ ਅਰਥ ਹੈ ਸਮਾਜਿਕ ਇਕਾਈ ਜਿਵੇਂ ਪਰਿਵਾਰ ਉੱਤੇ ਮਰਦ ਮੁਖੀ ਦੁਆਰਾ ਸ਼ਾਸਨ ਕਰਨਾ ਹੈ। ਹਾਲਾਂਕਿ, ਵੀਹਵੀਂ ਸਦੀ ਦੇ ਆਰੰਭ ਤੋਂ, ਨਾਰੀਵਾਦੀ ਲੇਖਕਾਂ ਨੇ ਔਰਤਾਂ ਉੱਤੇ ਮਰਦਾਨਾ ਦਬਦਬਾ ਦੀ ਸਮਾਜਿਕ ਪ੍ਰਣਾਲੀ ਦਾ ਹਵਾਲਾ ਦੇਣ ਲਈ ਇੱਕ ਸੰਕਲਪ ਦੇ ਤੌਰ 'ਤੇ ਪਿੱਤਰਸੱਤਾ ਸ਼ਬਦ ਦੀ ਵਰਤੋਂ ਕੀਤੀ ਹੈ। ਲਿੰਗ ਅਧਿਐਨ ਵਿੱਚ ਪਿਤਰਸੱਤਾ ਬੁਨਿਆਦੀ ਤੌਰ 'ਤੇ ਮਹੱਤਵਪੂਰਨ ਧਾਰਨਾ ਰਹੀ ਹੈ। ਨਾਰੀਵਾਦੀ ਲੇਖਕਾਂ ਨੇ ਬਹੁਤ ਸਾਰੇ ਸਿਧਾਂਤ ਵਿਕਸਿਤ ਕੀਤੇ ਹਨ ਜਿਨ੍ਹਾਂ ਦਾ ਉਦੇਸ਼ ਔਰਤਾਂ ਦੇ ਮਰਦਾਂ ਦੇ ਅਧੀਨ ਹੋਣ ਦੇ ਆਧਾਰਾਂ ਨੂੰ ਸਮਝਣਾ ਹੈ। ਪਿੱਤਰਸੱਤਾ ਸ਼ਬਦ ਨਾ ਸਿਰਫ਼ ਇੱਕ ਵਿਆਖਿਆਤਮਿਕ ਸ਼ਬਦ ਹੈ ਜੋ ਇਹ ਦੱਸਦਾ ਹੈ ਕਿ ਕਿਵੇਂ ਵੱਖ-ਵੱਖ ਸਮਾਜਾਂ ਵਿੱਚ ਮਰਦ ਅਧਿਕਾਰ ਅਤੇ ਸ਼ਕਤੀ ਦਾ ਨਿਰਮਾਣ ਹੁੰਦਾ ਹੈ, ਸਗੋਂ ਇੱਕ ਵਿਸ਼ਲੇਸ਼ਣਾਤਮਕ ਸ਼੍ਰੇਣੀ ਵੀ ਬਣ ਜਾਂਦੀ ਹੈ ਜੋ ਨਾਰੀ ਵਿਰੋਧੀ ਪਿਤਰਸੱਤਾ ਨੂੰ ਸਮਝਣ ਦਾ ਯਤਨ ਕਰਦੀ ਹੈ।

ਪਿੱਤਰਸੱਤਾ ਇੱਕ ਸਮਾਜਿਕ ਪ੍ਰਣਾਲੀ ਹੈ ਜਿਸ ਵਿੱਚ ਮਰਦ ਮੁੱਖ ਸ਼ਕਤੀ ਰੱਖਦੇ ਹਨ। ਇਸ ਪ੍ਰਣਾਲੀ ਵਿਚ ਰਾਜਨੀਤਿਕ ਅਗਵਾਈ, ਨੈਤਿਕ ਅਧਿਕਾਰ, ਸਮਾਜਿਕ ਅਧਿਕਾਰ ਅਤੇ ਜਾਇਦਾਦ ਦੇ ਨਿਯੰਤਰਣ ਵਿੱਚ ਕੇਂਦਰੀ ਭੂਮਿਕਾ ਮਰਦ ਨਿਭਾਉਂਦੇ ਹਨ। ਇੱਕ ਪੁਰਖ-ਪ੍ਰਧਾਨ ਸਮਾਜ ਵਿੱਚ, ਮਰਦਾਂ ਕੋਲ ਆਮ ਤੌਰ 'ਤੇ ਔਰਤਾਂ ਨਾਲੋਂ ਵੱਧ ਫੈਸਲਾ ਲੈਣ ਦੀ ਸ਼ਕਤੀ ਅਤੇ ਸਰੋਤਾਂ ਤੱਕ ਪਹੁੰਚ ਹੁੰਦੀ ਹੈ। ਇਹ ਗਤੀਸ਼ੀਲ ਸ਼ਕਤੀ ਅਜਿਹੇ ਸਮਾਜ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਢਾਂਚੇ ਵਿੱਚ ਡੂੰਘਾਈ ਨਾਲ ਜੁੜੀ ਹੋਈ ਹੈ। ਪਿੱਤਰਸੱਤਾ ਦੇ ਵਿਚ ਮਰਦ ਦੀ ਪ੍ਰਧਾਨਤਾ ਹੋਣ ਕਰਕੇ ਮਰਦਾਂ ਨੂੰ ਆਮ ਤੌਰ 'ਤੇ ਪ੍ਰਮੁੱਖ ਲਿੰਗ ਵਜੋਂ ਦੇਖਿਆ ਜਾਂਦਾ ਹੈ। ਉਹ ਸਮਾਜ ਦੇ ਵੱਖ-ਵੱਖ ਪਹਿਲੂਆਂ ਵਿੱਚ ਅਧਿਕਾਰ ਅਤੇ ਅਗਵਾਈ ਦੇ ਅਹੁਦੇ ਰੱਖਦੇ ਹਨ। ਲਿੰਗ ਅਸਮਾਨਤਾ ਦੇ ਵਜੋਂ ਪਿਤਾ-ਪੁਰਖੀ ਸਮਾਜ ਅਕਸਰ ਅਧਿਕਾਰਾਂ, ਮੌਕਿਆਂ ਅਤੇ ਸਰੋਤਾਂ ਤੱਕ ਪਹੁੰਚ ਦੇ ਰੂਪ ਵਿੱਚ ਮਹੱਤਵਪੂਰਨ ਲਿੰਗ ਅਸਮਾਨਤਾਵਾਂ ਨੂੰ ਪ੍ਰਦਰਸ਼ਿਤ ਕਰਦੇ ਹਨ। ਚਿੰਤਕ Sylvia Walby ਦੇ ਅਨੁਸਾਰ,

The patriarchal ideology shifts from open exclusion of women as 'naturally' different, to one of denying the extent of women's disadvantages and denying that women's slight 'under- achievement' is a result of discrimination.[1]

ਇਸ ਧਾਰਨਾ ਵਿਚ ਔਰਤਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਯੋਜਨਾਬੱਧ ਤੌਰ 'ਤੇ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਪਰੰਪਰਾਗਤ ਲਿੰਗ ਭੂਮਿਕਾਵਾਂ ਦੇ ਵਜੋਂ ਪਿਤਰੀ-ਪ੍ਰਧਾਨ ਸਮਾਜ

ਰਵਾਇਤੀ ਲਿੰਗ ਭੂਮਿਕਾਵਾਂ ਨੂੰ ਮਜ਼ਬੂਤ ਕਰਦੇ ਹਨ, ਜਿਸ ਵਿੱਚ ਪੁਰਸ਼ਾਂ ਨੂੰ ਬਾਹਰ ਜਾ ਕੇ ਕੰਮ ਕਰਨ ਦੀ ਆਜ਼ਾਦੀ ਹੁੰਦੀ ਹੈ ਪਰੰਤੂ ਮੁਕਾਬਲਤਨ ਔਰਤਾਂ ਨੂੰ ਘਰੇਲੂ ਭੂਮਿਕਾਵਾਂ ਤੱਕ ਸੀਮਤ ਰਹਿਣ ਦੀ ਉਮੀਦ ਹੁੰਦੀ ਹੈ। ਇਸਦੇ ਨਾਲ ਹੀ ਪਿਤਾ-ਪੁਰਖੀ ਪ੍ਰਣਾਲੀਆਂ ਦੇ ਨਤੀਜੇ ਵਜੋਂ ਔਰਤਾਂ ਵਿਰੁੱਧ ਢਾਂਚਾਗਤ ਵਿਤਕਰਾ ਹੋ ਜਾਂਦਾ ਹੈ, ਜਿਸਦੇ ਸਿੱਟੇ ਵਜੋਂ ਸਿੱਖਿਆ, ਆਰਥਿਕ ਮੌਕਿਆਂ ਅਤੇ ਰਾਜਨੀਤਿਕ ਪ੍ਰਤੀਨਿਧਤਾ ਤੱਕ ਉਹਨਾਂ ਦੀ ਪਹੁੰਚ ਨੂੰ ਸੀਮਤ ਕੀਤਾ ਜਾਂਦਾ ਹੈ। ਪੁਰਖ-ਪ੍ਰਧਾਨ ਸਮਾਜਾਂ ਦੇ ਮੁੱਲ, ਨਿਯਮ ਅਤੇ ਵਿਵਹਾਰ ਅਕਸਰ ਮਰਦਾਨਗੀ ਨਾਲ ਜੁੜੇ ਗੁਣਾਂ ਅਤੇ ਵਿਵਹਾਰਾਂ ਨੂੰ ਤਰਜੀਹ ਦਿੰਦੇ ਹਨ, ਜਿਸ ਨਾਲ ਪੁਰਸ਼ਾਂ ਦੀ ਸਥਿਤੀ ਨੂੰ ਉੱਤਮ ਮੰਨਿਆ ਜਾਂਦਾ ਹੈ। ਪਿਤਰਸੱਤਾ ਸਵੈ-ਸਥਾਈ ਹੁੰਦੀ ਹੋਈ ਪੀੜ੍ਹੀਆਂ ਦੁਆਰਾ ਵਿਕਸਤ ਹੁੰਦੀ ਹੈ ਅਤੇ ਇਸਨੂੰ ਸੱਭਿਆਚਾਰਕ, ਧਾਰਮਿਕ ਅਤੇ ਸਮਾਜਿਕ ਨਿਯਮਾਂ ਦੁਆਰਾ ਮਜ਼ਬੂਤ ਕੀਤੀ ਜਾਂਦੀ ਹੈ।

ਜੇਕਰ ਹੈਜੈਮਨੀ ਦੇ ਸੰਕਲਪ ਦੀ ਗੱਲ ਕੀਤੀ ਜਾਵੇ ਤਾਂ ਹੈਜੈਮਨੀ ਇੱਕ ਅਜਿਹਾ ਸੰਕਲਪ ਹੈ ਜੋ ਰਾਜਨੀਤੀ ਵਿਗਿਆਨ ਅਤੇ ਸਮਾਜ ਸ਼ਾਸਤਰ ਤੋਂ ਉਤਪੰਨ ਹੁੰਦਾ ਹੈ, ਇਸਨੂੰ ਪ੍ਰਥਮ ਰੂਪ ਵਿਚ ਇਤਾਲਵੀ ਮਾਰਕਸਵਾਦੀ ਚਿੰਤਕ ਐਂਟੋਨੀਓ ਗ੍ਰਾਮਸੀ ਨੇ ਉਭਾਰਿਆ ਹੈ। ਹੈਜੈਮਨੀ ਉਸ ਦਬਦਬੇ ਜਾਂ ਨਿਯੰਤਰਣ ਨੂੰ ਦਰਸਾਉਂਦਾ ਹੈ ਜੋ ਇੱਕ ਸਮੂਹ ਜਾਂ ਹਸਤੀ ਦਾ ਦੂਜਿਆਂ ਉੱਤੇ ਹੁੰਦਾ ਹੈ ਇਸਨੂੰ ਅਕਸਰ ਸਮਾਜਿਕ, ਰਾਜਨੀਤਿਕ, ਜਾਂ ਸੱਭਿਆਚਾਰਕ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ। ਇਸ ਹੈਜੈਮਨੀ ਜਾਂ ਵਿਚਾਰਧਾਰਕ ਸਰਦਾਰੀ ਦੇ ਸੰਦਰਭ ਵਿਚ ਸਿਧਾਂਤ ਇਹ ਪ੍ਰਗਟ ਕਰਦਾ ਹੈ ਕਿ ਇਹ ਹੈਜੈਮਨੀ ਸਿਰਫ਼ ਜ਼ੋਰ ਜਾਂ ਜ਼ਬਰਦਸਤੀ 'ਤੇ ਆਧਾਰਿਤ ਨਹੀਂ ਹੁੰਦੀ ਸਗੋਂ ਅਧੀਨ ਸਮੂਹਾਂ ਦੀ ਸਵੀਕ੍ਰਿਤੀ ਅਤੇ ਸਹਿਮਤੀ ਵੀ ਸ਼ਾਮਲ ਹੁੰਦੀ ਹੈ। ਸੱਭਿਆਚਾਰਕ ਅਤੇ ਵਿਚਾਰਧਾਰਕ ਨਿਯੰਤਰਣ ਵਜੋਂ ਹੇਜੀਮਨੀ ਵਿੱਚ ਸੱਭਿਆਚਾਰਕ ਨਿਯਮਾਂ, ਕਦਰਾਂ-ਕੀਮਤਾਂ ਅਤੇ ਵਿਚਾਰਧਾਰਾਵਾਂ ਦਾ ਨਿਯੰਤਰਣ ਸ਼ਾਮਲ ਹੁੰਦਾ ਹੈ। ਟੈਰੀ ਈਗਲਟਨ ਦੇ ਅਨੁਸਾਰ, "ਗ੍ਰਾਮਸ਼ੀ ਦੇ ਅਨੁਸਾਰ ਹੈਜੈਮਨੀ ਸੱਤਾਧਾਰੀ ਸਮੂਹ ਵੱਲੋਂ ਸੱਤਾ ਕਰਨ ਲਈ ਅਧੀਨ ਵਰਗ ਤੋਂ ਸਹਿਮਤੀ ਪ੍ਰਾਪਤ ਕਰਨਾ ਹੈ।"[2] ਇਸ ਵਿਚ ਪ੍ਰਭਾਵਸ਼ਾਲੀ ਸਮੂਹ ਜਾਂ ਵਰਗ, ਸਮਾਜ ਵਿੱਚ ਪ੍ਰਚਲਿਤ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਨਾਲ ਇਸਦਾ ਵਿਸ਼ਵ ਦ੍ਰਿਸ਼ਟੀਕੋਣ ਕੁਦਰਤੀ ਅਤੇ ਨਿਰਵਿਵਾਦ ਪ੍ਰਤੀਤ ਹੁੰਦਾ ਹੈ। ਇਸ ਹੈਜੈਮਨੀ ਜਾਂ ਵਿਚਾਰਧਾਰਕ ਸਰਦਾਰੀ ਦੇ ਅਧੀਨ ਸਮੂਹਾਂ ਦੀ ਸਹਿਮਤੀ ਦੁਆਰਾ ਅਧਿਕਾਰ ਕਾਇਮ ਰੱਖਿਆ ਜਾਂਦਾ ਹੈ, ਜੋ ਸਿਸਟਮ ਦੀ ਜਾਇਜ਼ਤਾ ਵਿੱਚ ਵਿਸ਼ਵਾਸ ਦੇ ਕਾਰਨ ਹਾਕਮ ਜਮਾਤ ਦੇ ਦਬਦਬੇ ਨੂੰ ਚੁਣੌਤੀ ਨਹੀਂ ਦੇ ਸਕਦੇ ਹਨ। ਇਹ ਸਹਿਮਤੀ ਅਕਸਰ ਵਿਚਾਰਾਂ ਅਤੇ ਮੁੱਲਾਂ ਦੇ ਪ੍ਰਸਾਰ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। ਹਾਲਾਂਕਿ ਜ਼ਬਰਦਸਤੀ ਅਤੇ ਦਮਨ ਦੀ ਵਰਤੋਂ ਵਿਚਾਰਧਾਰਕ ਸਰਦਾਰੀ ਨੂੰ ਕਾਇਮ ਰੱਖਣ ਲਈ ਵੀ ਕੀਤੀ ਜਾਂਦੀ ਹੈ, ਖਾਸ ਤੌਰ 'ਤੇ ਜਦੋਂ ਸਹਿਮਤੀ ਵਿਗੜਦੀ ਹੈ ਜਾਂ ਜਦੋਂ ਵਿਰੋਧ ਹੁੰਦਾ ਹੈ। ਇਹਨਾਂ ਉਪਾਵਾਂ ਵਿੱਚ ਅਸਹਿਮਤੀ ਨੂੰ ਦਬਾਉਣ ਲਈ ਰਾਜ ਸ਼ਕਤੀ, ਹਿੰਸਾ ਅਤੇ ਕਾਨੂੰਨੀ ਪ੍ਰਣਾਲੀ ਦੀ ਵਰਤੋਂ ਸ਼ਾਮਲ ਹੋ ਸਕਦੀ ਹੈ।

ਹੈਜੈਮਨੀ ਦੀ ਸ਼ਕਤੀ ਅਕਸਰ ਆਰਥਿਕ ਅਤੇ ਰਾਜਨੀਤਿਕ ਸ਼ਕਤੀ ਨਾਲ ਜੁੜੀ ਹੁੰਦੀ ਹੈ। ਸਮਾਜ ਵਿਚਲੇ ਪ੍ਰਮੁੱਖ ਸਮੂਹ ਮੁੱਖ ਸੰਸਥਾਵਾਂ, ਸਰੋਤਾਂ ਅਤੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹੋਏ, ਸ਼ੋਸ਼ਿਤ ਧਿਰ ਨੂੰ ਆਰਥਿਕ ਅਤੇ ਰਾਜਨੀਤਿਕ ਦੇ ਫਾਇਦੇ ਵਾਲੇ ਭਰਮ ਵਿਚ ਗ੍ਰਸਿਤ ਰਹਿਣ ਦੇ ਯੋਗ ਬਣਾਉਂਦੇ ਹੈ। ਇਸਦੇ ਨਾਲ ਹੀ ਇਹ ਇੱਕ ਖਾਸ ਕਿਸਮ ਦੀ ਵਿਚਾਰਧਾਰਕ ਸਰਦਾਰੀ, ਇੱਕ ਸੱਭਿਆਚਾਰ ਦੇ ਦੂਜੇ ਸੱਭਿਆਚਾਰ ਉੱਤੇ ਦਬਦਬੇ ਨੂੰ ਬਣਾਈ ਰੱਖਦੀ ਹੈ। ਇਸ ਦਬਦਬੇ ਲਈ ਇਹ ਧਿਰ ਮੀਡੀਆ, ਸਿੱਖਿਆ, ਭਾਸ਼ਾ ਅਤੇ ਹੋਰ ਸੱਭਿਆਚਾਰਕ

ਖੇਤਰਾਂ ਵਿੱਚ ਪ੍ਰਗਟ ਹੁੰਦੀ ਹੈ, ਜਿੱਥੇ ਪ੍ਰਮੁੱਖ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਅਤੇ ਨਿਯਮਾਂ ਨੂੰ ਸਰਵ-ਵਿਆਪਕ ਵਜੋਂ ਅੱਗੇ ਵਧਾਇਆ ਅਤੇ ਸਵੀਕਾਰ ਕੀਤਾ ਜਾਂਦਾ ਹੈ। ਉਹ ਲੋਕ ਜਿਨ੍ਹਾਂ ਕੋਲ ਹੇਜੀਮੋਨਿਕ ਸ਼ਕਤੀ ਹੈ ਉਹ ਅਕਸਰ ਇਸਦੀ ਵਰਤੋਂ ਨਿਯਮਾਂ ਅਤੇ ਸੰਸਥਾਵਾਂ ਨੂੰ ਆਕਾਰ ਦੇਣ ਲਈ ਕਰਦੇ ਹਨ ਜੋ ਅੰਤਰਰਾਸ਼ਟਰੀ ਸੰਬੰਧਾਂ ਜਾਂ ਸਮਾਜਿਕ ਪ੍ਰਣਾਲੀਆਂ ਨੂੰ ਨਿਯੰਤਰਿਤ ਕਰਦੇ ਹਨ। ਇਸ ਤਰ੍ਹਾਂ ਇਹ ਸੰਕਲਪ ਵਿਚਾਰਾਂ, ਵਿਸ਼ਵਾਸਾਂ ਜਾਂ ਵਿਚਾਰਧਾਰਾਵਾਂ ਦੇ ਕਿਸੇ ਵਿਸ਼ੇਸ਼ ਸਮੂਹ ਦੇ ਨਿਯੰਤਰਣ ਜਾਂ ਦਬਦਬੇ ਨਾਲ ਸਬੰਧਤ ਹੈ। ਜੋ ਕਿਸੇ ਖਾਸ ਵਿਸ਼ਵ ਦ੍ਰਿਸ਼ਟੀਕੋਣ ਜਾਂ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਜਾਂ ਦਬਦਬਾ ਕਾਇਮ ਕਰਨ ਵਿਚ ਸਹਾਈ ਹੋ ਸਕਦਾ ਹੈ।

ਸਾਹਿਤ ਨੂੰ ਕਿਸੇ ਵੀ ਸਮਾਜ ਦਾ ਸ਼ੀਸ਼ਾ ਕਿਹਾ ਜਾਂਦਾ ਹੈ। ਸਾਹਿਤ ਕਲਾਤਮਕ ਅਤੇ ਬੌਧਿਕ ਪ੍ਰਗਟਾਵੇ ਦੇ ਸਾਧਨ ਵਜੋਂ ਕੰਮ ਕਰਦਾ ਹੈ, ਜੋ ਵਿਅਕਤੀਆਂ ਅਤੇ ਸਮਾਜਾਂ ਦੇ ਵਿਚਾਰਾਂ, ਭਾਵਨਾਵਾਂ ਅਤੇ ਅਨੁਭਵਾਂ ਨੂੰ ਦਰਸਾਉਂਦਾ ਹੈ। ਇਸਦੇ ਨਾਲ ਹੀ ਇਹ ਮਨੁੱਖੀ ਸੱਭਿਆਚਾਰ ਅਤੇ ਬੌਧਿਕ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸਦੇ ਨਾਲ ਹੀ ਇਹ ਉਸ ਇਤਿਹਾਸਕ ਅਤੇ ਸੱਭਿਆਚਾਰਕ ਸੰਦਰਭ ਤੋਂ ਪ੍ਰਭਾਵਿਤ ਹੁੰਦਾ ਹੈ ਜਿਸ ਵਿੱਚ ਇਹ ਪੈਦਾ ਹੁੰਦਾ ਹੈ। ਇਹ ਕਿਸੇ ਖਾਸ ਸਮੇਂ ਅਤੇ ਸਥਾਨ ਦੇ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਮੁੱਲਾਂ ਅਤੇ ਨਿਯਮਾਂ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਸਾਹਿਤ ਸੰਚਾਰ ਦਾ ਇੱਕ ਮਾਧਿਅਮ ਹੈ ਜੋ ਵਿਚਾਰਾਂ, ਕਹਾਣੀਆਂ ਅਤੇ ਦ੍ਰਿਸ਼ਟੀਕੋਣਾਂ ਨੂੰ ਵਿਅਕਤ ਕਰਨ ਲਈ ਭਾਸ਼ਾ ਦੀ ਵਰਤੋਂ ਕਰਦਾ ਹੈ। ਇਹ ਗੁੰਝਲਦਾਰ ਸੰਕਲਪਾਂ ਦੀ ਪੜਚੋਲ ਕਰਨ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇੱਕ ਸਾਧਨ ਹੋ ਸਕਦਾ ਹੈ। ਸਾਹਿਤ ਲਿਖਤੀ ਜਾਂ ਬੋਲੀਆਂ ਗਈਆਂ ਰਚਨਾਵਾਂ ਦਾ ਇੱਕ ਸਮੂਹ ਹੈ ਜੋ ਰਚਨਾਤਮਕ ਅਤੇ ਬੌਧਿਕ ਪ੍ਰਗਟਾਵੇ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸ਼ਾਮਲ ਕਰਦਾ ਹੈ। ਇਸ ਵਿੱਚ ਲਿਖਤੀ ਅਤੇ ਮੌਖਿਕ ਸੰਚਾਰ ਦੇ ਕਈ ਰੂਪ ਸ਼ਾਮਲ ਹਨ, ਜਿਵੇਂ ਕਿ ਨਾਵਲ, ਕਹਾਣੀਆਂ, ਕਵਿਤਾ, ਨਾਟਕ, ਲੇਖ, ਭਾਸ਼ਣ, ਅਤੇ ਹੋਰ ਵਿਧਾਵਾਂ। ਆਧੁਨਿਕ ਸਮੇਂ ਵਿਚ ਨਾਵਲ ਇਕ ਵਿਸ਼ਾਲ ਵਿਧਾ ਹੋਣ ਕਰਕੇ ਜੀਵਨ ਅਤੇ ਮਨੁੱਖੀ ਅਨੁਭਵਾਂ ਬਾਰੇ ਵਿਭਿੰਨ ਦ੍ਰਿਸ਼ਟੀਕੋਣ ਪੇਸ਼ ਕਰ ਸਕਦਾ ਹੈ। ਇਸੇ ਸੰਦਰਭ ਵਿਚ ਜੇਕਰ ਪੰਜਾਬੀ ਨਾਵਲ ਦੀ ਗੱਲ ਕੀਤੀ ਜਾਵੇ ਤਾਂ ਇਹ ਵਿਧਾ ਪੰਜਾਬੀ ਸਮਾਜ ਨੂੰ ਸਮਝਣ ਲਈ ਵਿਸ਼ਾਲ ਚੌਖਟਾ ਪ੍ਰਦਾਨ ਕਰਦਾ ਹੈ। ਡਾ. ਟੀ. ਆਰ. ਵਿਨੋਦ ਦੇ ਅਨੁਸਾਰ, "ਮਨੁੱਖੀ ਸੰਸਕ੍ਰਿਤੀ ਵਿਰਸੇ ਵਿਚ ਮਿਲੇ ਕੁਝ ਇਕ ਦੈਵੀ ਤੇ ਸਦੀਵੀ ਸੰਸਕਾਰਾਂ ਦਾ ਸਮੂਹ ਨਹੀਂ, ਸਗੋਂ ਨਿਰੰਤਰ ਪਰਿਵਰਤਨਸ਼ੀਲ, ਪਰਸਪਰ ਵਿਰੋਧੀ, ਵਿਵਿਧ ਤੇ ਜਟਿਲ ਭਾਵਾਂ ਦਾ ਮੁਰੱਕਬ ਹੈ। ਮਨੁੱਖ ਬਾਬਤ ਇਹ ਸੱਚ ਸਾਹਿਤ ਦੇ ਪ੍ਰਚੱਲਿਤ ਰੂਪਾਂ- ਕਵਿਤਾ, ਨਾਟਕ ਅਤੇ ਉਨ੍ਹਾਂ ਦੇ ਭੇਦਾਂ-ਉਪਭੇਦਾਂ ਦੁਆਰਾ ਪ੍ਰਗਟ ਨਹੀਂ ਹੋ ਸਕਦਾ ਸੀ। ਇਸਦੇ ਪ੍ਰਗਟਾਅ ਲਈ ਵਧੇਰੇ ਮੋਕਲ੍ਹੇ, ਵਧੇਰੇ ਆਜ਼ਾਦ ਮਾਧਿਅਮ ਦੀ ਲੋੜ ਸੀ। ਇਸ ਲੋੜ ਦੀ ਪੂਰਤੀ ਨਾਵਲ ਨੇ ਕੀਤੀ ਤੇ ਕਰਦਾ ਆ ਰਿਹਾ ਹੈ। ਮਨੁੱਖ ਦੀਆਂ ਸਾਧਾਰਨ, ਨਿੱਤ-ਬਦਲਦੀਆਂ,ਵਿਸਤਾਰ ਫੜਦੀਆਂ, ਜਟਿਲ ਹੁੰਦੀਆਂ, ਪਰਸਪਰ-ਵਿਰੋਧੀ ਭਾਵਨਾਵਾਂ ਦਾ ਹਾਲਾਤ ਦੇ ਪ੍ਰਸੰਗ ਵਿਚ ਚਿਤਰ ਸ਼ਾਇਦ ਸਾਹਿਤ ਦਾ ਹੋਰ ਕੋਈ ਰੂਪ ਪ੍ਰਸਤੁਤ ਨਹੀਂ ਕਰ ਸਕਦਾ। ਇਹ ਸਮਰੱਥਾ ਨਾਵਲ ਵਿਚ ਹੀ ਹੈ।"[3] ਹਥਲੇ ਪਰਚੇ ਵਿਚ ਪੰਜਾਬੀ ਦੀਆਂ ਤਿੰਨ ਪ੍ਰਸਿੱਧ ਨਾਵਲਕਾਰਾਂ ਦੇ ਨਾਵਲਾਂ ਦੇ ਸੰਦਰਭ ਵਿਚ ਅਧਿਐਨ ਪੇਸ਼ ਕੀਤਾ ਜਾਵੇਗਾ। ਅਧਿਐਨ-ਅਧੀਨ ਨਾਵਲਾਂ ਦੀਆਂ ਤਿੰਨ ਲੇਖਕਾਵਾਂ ਦੀਆਂ ਪੇਸ਼ਕਾਰੀਆਂ ਵਿਚੋਂ ਉਨ੍ਹਾਂ ਦੇ ਤਰਜੀਹੀ-ਵਤੀਰੇ ਦਾ ਨਿਰਣਾ ਵੀ ਪਿੱਤਰਸੱਤਈ ਵਰਤਾਰੇ ਨੂੰ ਪ੍ਰਗਟ ਕਰਨ ਵਾਲਾ ਹੋਵੇਗਾ। ਇਹ ਤਿੰਨ ਪ੍ਰਮੁੱਖ ਲੇਖਕਾਵਾਂ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਹਨ।

ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ'[4] ਵਿਚ ਮੁਸਲਮਾਨ ਸ਼ੇਖ਼ਾਂ ਵੱਲੋਂ ਇਖ਼ਲਾਕੀ ਦੁਸ਼ਮਣੀ ਦਾ ਬਦਲਾ ਲੈਣ ਲਈ ਸਾਹੇ-ਬੱਧੀ ਸ਼ਾਹਾਂ ਦੀ ਧੀ ਪੂਰੋ ਨੂੰ ਉਧਾਲਿਆ ਜਾਂਦਾ ਹੈ। ਇਸ ਮਰਦ

ਪ੍ਰਧਾਨ ਪਿੱਤਰਸੱਤਈ ਵਰਤਾਰੇ ਵਿਚ ਮਜ਼ਲੂਮ ਪੂਰੋ ਨੂੰ ਵਾਪਿਸ ਗ੍ਰਹਿਣ ਨਾ ਕਰਨ ਉੱਤੇ ਉਧਾਲਾਕਾਰ ਰਸ਼ੀਦੇ ਵੱਲੋਂ ਹੀ ਸੁਹਿਰਦਤਾ ਨਾਲ ਪਤਨੀ 'ਹਮੀਦਾ' ਬਣਾ ਕੇ ਉਸ ਨਾਲ ਗ੍ਰਹਿਸਤੀ ਜੀਵਨ ਸ਼ੁਰੂ ਕੀਤਾ ਜਾਂਦਾ ਹੈ। ਮਾਪਿਆਂ ਵੱਲੋਂ ਪ੍ਰਵਾਨੇ ਜਾਣ ਦੀ ਉਮੀਦ ਨਾਲ ਪੂਰੋ ਰਸ਼ੀਦੇ ਦੇ ਘਰੋਂ ਭੱਜ ਕੇ ਮਾਪਿਆਂ ਕੋਲ ਜਾਂਦੀ ਹੈ ਪਰੰਤੂ ਮਾਪਿਆਂ ਵੱਲੋਂ ਅਪ੍ਰਵਾਨ ਕਰਨ ਉੱਤੇ ਪ੍ਰਸਥਿਤੀਆਂ ਵੱਸ ਉਹ ਆਤਮ-ਹੱਤਿਆ ਕਰਨ ਦੀ ਥਾਂ ਰਸ਼ੀਦੇ ਹੀ ਮੁਹੱਬਤ ਨੂੰ ਪ੍ਰਵਾਨ ਕਰ ਲੈਂਦੀ ਹੈ। ਪੂਰੋ ਹਿੰਦੂ ਭਰਾ ਦੀ ਭਾਰਤ ਲੈ ਚੱਲਣ ਦੀ ਪੇਸ਼ਕਸ਼ ਨੂੰ ਰੱਦ ਕਰਦੀ ਹੋਈ ਰਸ਼ੀਦੇ ਦੀ ਪਤਨੀ ਬਣੀ ਰਹਿਣ ਨੂੰ ਤਰਜੀਹ ਦਿੰਦੀ ਹੈ ਕਿ ਜਿਸ ਹਿੰਦੂ-ਸਮਾਜ ਨੇ ਉਸਨੂੰ ਉਧਾਲੀ ਜਾਣ ਉੱਤੇ ਵਾਪਿਸ ਕਬੂਲਣ ਤੋਂ ਇਨਕਾਰ ਕਰਦੀ ਹੈ, ਉਸਨੂੰ ਹੁਣ ਦਸਾਂ ਸਾਲਾਂ ਮਗਰੋਂ ਕਿਹੜਾ 'ਰਾਮਚੰਦ' ਅਪਣਾਵੇਗਾ? ਪਿੱਤਰਸੱਤਈ ਵਰਤਾਰੇ ਦੀਆਂ ਪ੍ਰਸਥਿਤੀਆਂ ਦੇ ਸੱਭਿਆਚਾਰਕ ਤਣਾਉ ਵਿਚ ਪੂਰੋ ਦੀ ਸੋਚ ਗੁਆਚਣ ਦੀ ਥਾਂ ਪ੍ਰਾਪਤ ਯਥਾਰਥ ਨੂੰ ਤਰਜੀਹ ਦਿੰਦੀ ਹੈ। 'ਪੱਕੀ ਹਵੇਲੀ'[5] ਨਾਵਲ ਪਿੱਤਰਸੱਤਈ ਵਰਤਾਰੇ ਵਿਚ ਮਰਦ ਦੁਆਰਾ ਸੰਤਾਨ ਦੀ ਪੂਰਤੀ ਦੇ ਉਪਰਾਲਿਆਂ ਨਾਲ ਸੰਬੰਧਿਤ ਹੈ। ਨਾਵਲ ਦਾ ਮੁੱਖ ਪਾਤਰ ਇਕ ਉੱਚ-ਅਧਿਕਾਰੀ ਜੋ ਇਕ ਨਿਆਸਰੀ ਔਰਤ ਨੂੰ ਗਰਭਵਤੀ ਕਰਕੇ ਆਪਣੀ ਧੀ (ਉਰਮੀ) ਨੂੰ ਪ੍ਰਾਪਤ ਕਰਦਾ ਹੈ। ਬੱਚੀ ਨੂੰ ਅੱਖਾਂ ਸਾਹਮਣੇ ਰੱਖਣ ਦੀ ਸ਼ਰਤ ਰੱਖਕੇ ਵਿਦੇਸ਼ ਗਿਆ ਦੱਸਕੇ ਮਿੱਤਰ ਦੀ ਪਤਨੀ ਮੁੱਖ ਪਾਤਰ ਦੀ ਹਵੇਲੀ ਵਿਚ ਹੀ ਰਹਿੰਦੀ ਹੈ ਅਤੇ ਰਾਤਾ ਨੂੰ ਜਦੋਂ ਉਰਮੀ ਨੂੰ ਵੇਖਣ ਆਉਂਦੀ ਹੈ। ਪਾਪਾ ਦੀ ਪਤਨੀ ਤੇ ਮਾਂ ਨੂੰ ਉਰਮੀ ਦੇ ਮੁੱਖ ਪਾਤਰ (ਪਾਪਾ) ਦੀ ਹੀ ਬੇਟੀ ਹੋਣ ਦਾ ਪਤਾ ਨਹੀਂ, ਉਹ ਉੱਰਮੀ ਦੀ ਉਸ ਚਾਚੀ ਨੂੰ ਉਰਮੀ ਸਮੇਤ ਓਪਰੀ ਔਰਤ ਸਮਝਦੇ ਹਨ। ਜਦ ਇਹ ਚਾਚੀ ਮੁੱਖ-ਪਾਤਰ ਦੀ ਪਹਿਲੀ ਪਤਨੀ ਨੂੰ ਪੁੱਤਰ ਹੋਣ ਉੱਤੇ ਚੋਰੀ ਪਿੰਡੋਂ ਆ ਕੇ ਕਾਹੜੇ ਵਿਚ ਜ਼ਹਿਰ ਦੇ ਜਾਂਦੀ ਹੈ ਤਾਂ ਜ਼ਹਿਰ ਦੇ ਨਾਲ ਮੌਤ ਹੋ ਜਾਂਦੀ ਹੈ। ਇਹ ਮਜ਼ਲੂਮ ਔਰਤ ਪੁਲਿਸ ਕੋਲ ਫੜਾਏ ਜਾਣ ਦੀ ਧਮਕੀ ਤੋਂ ਭੈ-ਭੀਤ ਹੋ ਕੇ ਨਹਿਰ ਵਿਚ ਡੁੱਬ ਕੇ ਆਤਮ-ਹੱਤਿਆ ਕਰ ਲੈਂਦੀ ਹੈ। 'ਬੰਦ ਦਰਵਾਜ਼ਾ'[6] ਨਾਵਲ ਵਿਚ ਅੰਮ੍ਰਿਤਾ ਨੇ ਕੰਮੀ ਦੇ ਪਾਤਰ ਰਾਹੀਂ ਮਰਦਾਂ ਦੀ ਵਿਆਪਕ ਖ਼ਲਤਾ ਨੂੰ ਦਰਸਾਇਆ ਹੈ। ਕੰਮੀ ਦਾ ਬਾਪ ਕੰਮੀ ਦੀ ਮਾਂ ਤਾਰੋ ਉੱਤੇ ਬੇਹੱਦਾ ਜ਼ੁਲਮ ਕਰਦਾ ਹੈ, ਜਿੰਨ੍ਹਾਂ ਨੂੰ ਸਹਿੰਦੀ ਹੋਈ ਮਰ ਜਾਂਦੀ ਹੈ। ਇਸ ਉਪਰੰਤ ਕੌਮੀ ਦਾ ਵਿਆਹ ਪ੍ਰੋ. ਸਤਪਾਲ ਨਾਲ ਹੁੰਦਾ ਹੈ। ਜਿਸ ਨੇ ਪਹਿਲਾਂ ਹੀ ਆਪਣੀ ਵਿਦਿਆਰਥਣ 'ਸ਼ੀਲ' ਨੂੰ ਗਰਭਵਤੀ ਕਰ ਦਿੱਤਾ ਸੀ ਅਤੇ ਆਪ ਕੰਮੀ ਦੇ ਨਾਂ ਪਿਤਾ ਵੱਲੋਂ ਮਕਾਨ ਨਾ ਲਗਾਏ ਜਾਣ ਕਾਰਨ ਉਸ ਨਾਲ ਵੀ ਨਾਰਾਜ਼ ਹੋ ਜਾਂਦਾ ਹੈ। ਸਤਪਾਲ ਦੇ ਪੂਰਵ-ਵਿਵਾਹਤ ਸੰਬੰਧਾਂ ਦਾ ਪਤਾ ਲੱਗਣ ਉੱਤੇ ਕੰਮੀ ਆਪਣੇ ਆਪ ਹੀ ਪਤੀ ਦਾ ਘਰ ਛੱਡ ਕੇ ਮਿੱਸ ਮਦਾਨ ਕੋਲ ਵਾਪਿਸ ਚਲੀ ਜਾਂਦੀ ਹੈ, ਜਿੱਥੇ ਕਵੀ ਸੁਮੇਸ਼ ਨਾਲ ਹੋਈ ਮੁਹੱਬਤ ਵੀ ਉਸ ਨਾਲ ਧੋਖਾ ਸਿੱਧ ਹੁੰਦੀ ਹੈ। ਸੁਮੇਸ਼ ਲਾਲਚ ਤੇ ਬੇਵਫਾਈ ਤੋਂ ਬੇਵੱਸ ਉਸਦਾ ਗਰਭ ਲੈ ਕੇ ਉਹ ਮਜ਼ਲੂਮ ਅਵਸਥਾ ਵਿਚ ਮੁੜ ਮਿੱਸ ਮਦਾਨ ਦੇ ਸਕੂਲ ਪਰਤ ਆਉਂਦੀ ਹੈ। ਪਰੰਤੂ ਪਿੱਤਰਸੱਤਈ ਵਰਤਾਰੇ ਨੂੰ ਹੰਢਾਉਂਦੀ ਕੰਮੀ ਨਾ ਤਾਂ ਸਤਪਾਲ ਦੇ ਵਿਰੁੱਧ ਅਤੇ ਨਾ ਹੀ ਸੁਮੇਸ਼ ਦੇ ਵਿਰੁੱਧ ਕੋਈ ਕਾਰਵਾਈ ਕਰਦੀ ਹੈ। 'ਨਾ ਰਾਧਾ ਨਾ ਰੁਕਮਨੀ'[7] ਨਾਵਲ ਵਿਚ ਪਿੱਤਰਕੀ ਵਰਤਾਰੇ ਦੇ ਸਿੱਟੇ ਵਜੋਂ ਪਾਤਰ ਹਰਕ੍ਰਿਸ਼ਨ ਨੂੰ ਜ਼ਿੰਦਗੀ ਵਿਚ ਨਾ ਮਹਿਬੂਬ ਰੂਪੀ ਰਾਧਾ ਮਿਲਦੀ ਹੈ ਅਤੇ ਨਾ ਹੀ ਪਤਨੀ ਰੂਪੀ ਰੁਕਮਨੀ ਮਿਲਦੀ ਹੈ। ਉਸਦੇ ਭਰਾ ਦੀ ਸਾਲੀ ਬੀਬੋ ਆਪਣੇ ਮਾਪਿਆਂ ਦੀ ਸਮਾਜਿਕ ਅਤੇ ਆਰਥਿਕ ਦ੍ਰਿਸ਼ਟੀ ਤੋਂ ਪ੍ਰਭਾਵਿਤ ਹਰੀਕ੍ਰਿਸ਼ਨ ਨੂੰ ਪਰਵਾਨ ਕਰਨ ਤੋਂ ਨਾਂਹ ਕਰ ਦਿੰਦੀ ਹੈ। ਇਸ ਤੋਂ ਪਹਿਲਾਂ ਕਾਲਜ ਦੀ ਸਿੱਖ ਸਹਿ-ਪਾਠਣ ਵੱਲ ਹਰਕ੍ਰਿਸ਼ਨ ਆਕਰਸ਼ਿਤ ਹੁੰਦਾ ਹੈ। ਇਹ ਮੁਹੱਬਤ ਵੀ ਇਕ ਪਾਸੜੀ ਹੀ ਸੀ। ਮਗਰੋਂ ਹਰੀਕ੍ਰਿਸ਼ਨ ਦੀ ਰਮਤੀ-ਪ੍ਰਵਿਰਤੀ ਨੇ ਉਸਨੂੰ ਪਤਨੀ ਨਾਲ ਜੁੜਨ ਹੀ ਨਾ ਦਿੱਤਾ। ਭਰਾ ਉਸ ਤੋਂ ਮਕਾਨ ਦਾ ਹਿੱਸਾ ਸਸਤੇ ਭਾਅ ਹਥਿਆ ਲੈਂਦਾ ਹੈ ਅਤੇ ਇਉਂ ਉਸਦਾ ਲੁਧਿਆਣੇ ਨਾਲੋਂ ਤੰਦ ਵੀ ਟੁੱਟ ਜਾਂਦਾ ਹੈ। 'ਏਕਤਾ

ਤੇ ਏਰੀਅਲ'[8] ਨਾਵਲ ਦੀ ਨਾਇਕਾ ਐਨੀ ਆਪਣੇ ਪ੍ਰੇਮੀ-ਪਤੀ ਅਨਵਰ ਦੇ ਆਪਣੀ ਸਕੱਤਰ ਨਿੱਜ਼ ਨਾਲ ਕਾਮ-ਸੰਬੰਧਾਂ ਕਾਰਨ ਛੱਡੇ ਜਾਣ ਦੀ ਧਮਕੀ ਤੋਂ ਪਹਿਲਾਂ ਤਾਂ ਭੈ-ਭੀਤ ਹੁੰਦੀ ਹੈ ਪਰੰਤੂ ਬਾਅਦ ਵਿਚ ਉਹ ਪਿੱਤਰਕੀ ਵਰਤਾਰੇ ਦਾ ਵਿਰੋਧ ਕਰਦੀ ਹੋਈ ਕਹਿੰਦੀ ਹੈ ਕਿ 'ਉਹ ਛੱਡ ਜਾਣ ਦੀ ਹਾਲਤ ਵਿਚ ਮਰੇਗੀ ਨਹੀਂ।' ਇਉਂ ਐਨੀ ਆਧੁਨਿਕ ਜੀਵਨ ਦੀ ਜਟਿੱਲਤਾ ਨੂੰ ਸਵੀਕਾਰ ਕਰਕੇ ਆਪਣੇ ਪੈਰੀਂ ਖੜ੍ਹੇ ਹੋਣ ਦਾ ਸੁਨੇਹਾ ਦਿੰਦੀ ਹੈ। 'ਦਿੱਲੀ ਦੀਆਂ ਗਲੀਆਂ'[9] ਨਾਵਲ ਵਿਚ ਅੰਤਰ-ਧਰਮੀ ਵਿਆਹ-ਧਾਰਾ ਨੂੰ ਸਥਾਪਿਤ ਕੀਤਾ ਹੈ। ਨਾਵਲ ਵਿਚ ਹਿੰਦੂ ਨੌਜਵਾਨ ਸੁਨੀਲ ਨੂੰ ਆਪਣੀ ਸਹਿ-ਪਾਠਣ ਪੱਤਰਕਾਰ ਹਿੰਦੂ ਪ੍ਰੇਮਿਕਾ ਕਾਮਨੀ ਦੇ ਪ੍ਰੇਮੀ ਵਜੋਂ ਮੁਸਲਮਾਨ ਬੁਤਕਗਾਰ ਨਾਸਿਰ ਦੇ ਮੁਕਾਬਲੇ ਵਿਚ ਬੇਵਫ਼ਾ ਦਰਸਾਇਆ ਹੈ। ਕਾਮਨੀ ਨੂੰ ਬਹੁਤ ਪਿਆਰ ਜਤਾਉਣ ਵਾਲਾ ਸੁਨੀਲ ਦੂਜੇ ਸ਼ਹਿਰ ਮਿਲੀ ਨੌਕਰੀ ਉਪਰੰਤ ਉਸਨੂੰ ਵਿਸਾਰ ਕੇ ਹੋਰਨਾਂ ਔਰਤਾਂ ਨਾਲ ਪ੍ਰੇਮ-ਲੀਲਾ ਰਚਾਉਂਦਾ ਹੈ।

ਨਾਵਲਕਾਰ ਦਲੀਪ ਕੌਰ ਟਿਵਾਣਾ ਦੀ ਗਲਪ-ਚੇਤਨਾ ਵਿਚ ਪ੍ਰਵਾਹਿਤ ਦ੍ਰਿਸ਼ਟੀਧਾਰਾ ਨੂੰ ਆਧਾਰ ਬਣਾਉਂਦਿਆ ਉਸਦੇ ਨਾਵਲਾਂ ਦੇ ਸੰਦਰਭ ਵਿਚ ਭਾਰੂ ਪਿੱਤਰਕੀ ਵਰਤਾਰੇ ਨੂੰ ਦੇਖਿਆ ਜਾ ਸਕਦਾ ਹੈ। ਨਾਵਲ 'ਤੀਲੀ ਦਾ ਨਿਸ਼ਾਨ'[10] ਦੀ ਕਿਰਨ ਸੰਤਾਪੀ ਹੋਈ ਔਰਤ ਹੈ, ਜਿਸ ਦੀ ਜ਼ਿੰਦਗੀ ਵਿਚ ਆਏ ਮਰਦ ਉਸ ਲਈ ਛਲਾਵੇਂ ਬਣਕੇ ਰਹਿ ਜਾਂਦੇ ਹਨ। ਸੁਹਾਗ-ਰਾਤ ਤੋਂ ਪਹਿਲਾਂ ਹੀ ਫੌਜੀ ਪਤੀ ਲੜਾਈ ਵਿਚ ਮਾਰਿਆ ਜਾਂਦਾ ਹੈ। ਮਗਰੋਂ ਪੜ੍ਹ ਕੇ ਪ੍ਰੋਫੈਸਰ ਬਣੀ ਕਿਰਨ ਦੀ ਮੁਹੱਬਤ ਪ੍ਰੋ. ਅਵਤਾਰ ਨਾਲ ਹੋ ਜਾਂਦੀ ਹੈ, ਜਿਸ ਨਾਲ ਉਹ ਕਸ਼ਮੀਰ ਤੱਕ ਦੀਆਂ ਸੈਰਾਂ ਕਰਦੀ ਹੈ। ਪਰ ਅਵਤਾਰ ਦੀ ਬਦਲੀ ਲੁਧਿਆਣੇ ਹੋ ਜਾਣ ਕਾਰਨ ਉਹ ਉਸ ਲਈ ਗੁਆਚ ਜਾਂਦਾ ਹੈ। ਦੂਜੀ ਵਾਰ ਉਹ ਫਿਲਾਸਫੀ ਦੇ ਕੁਆਰੇ ਪ੍ਰੋਫੈਸਰ ਨਾਲ ਸੰਬੰਧ ਜੋੜਦੀ ਹੈ, ਪਰ ਉਹ ਪਿੰਡ ਗਿਆ ਕਿਸੇ ਇਕ ਅਮੀਰ ਮੈਜਿਸਟਰੇਟ ਦੀ ਮੈਟ੍ਰਿਕ ਪਾਸ ਕੁੜੀ ਨਾਲ ਰਿਸ਼ਤਾ ਕਰਵਾ ਲੈਂਦਾ ਹੈ। ਕਿਰਨ ਇਸ ਤੀਹਰੇ ਸੰਤਾਪ ਨਾਲ ਟੁੱਟ ਜਾਂਦੀ ਹੈ। ਇਸ ਨਾਵਲ ਵਿਚਲਾ ਪਿੱਤਰਸੱਤਈ ਵਰਤਾਰਾ ਦਰਸਾਉਂਦਾ ਹੈ ਕਿ ਸਮਾਜਕ ਪੱਖੋਂ ਕਿਰਨ ਦਾ ਪਿਤਾ ਜਸਵੰਤ ਰਾਏ ਪੁਨਰ-ਵਿਆਹ ਦੀ ਆਗਿਆ ਤਾਂ ਦੇ ਦਿੰਦਾ ਹੈ, ਪਰੰਤੂ ਉਸ ਦੀ ਸਪੁਰਦਗੀ ਨੂੰ ਕਿਧਰੇ ਵੀ ਸਫਲਤਾ ਪ੍ਰਾਪਤ ਨਹੀਂ ਕਰਦੀ। 'ਸੂਰਜ ਤੇ ਸਮੁੰਦਰ`[11] ਨਾਵਲ ਸੋਨਾ ਭਾਬੀ ਇਕ ਧੁਖਦੀ ਹੋਈ ਔਰਤ ਹੈ, ਉਸਦਾ ਦਿਉਰ ਅਜੀਤ ਨਾਲ ਸੰਬੰਧ ਹਨ। ਵਿਦੇਸ਼ ਵਿਚ ਅਨੇਕਾਂ ਮੁਟਿਆਰਾਂ ਨੂੰ ਭੋਗਣ ਦੇ ਬਾਵਜੂਦ ਅਜੀਤ ਨੂੰ ਆਪਣੀ ਸੋਨਾ ਭਾਬੀ ਨਹੀਂ ਭੁਲਦੀ ਅਤੇ ਸੋਨਾ ਭਾਬੀ ਅਜੀਤ ਵਲੋਂ ਉਸ ਦੀ ਪਤਨੀ ਵਜੋਂ ਪਸੰਦ ਕਰਨ ਲਈ ਭੇਜੀਆਂ ਅਨੇਕਾਂ ਕੁੜੀਆਂ ਦੀਆਂ ਸਾਰੀਆਂ ਹੀ ਤਸਵੀਰਾਂ ਨੂੰ ਪਸੰਦ ਕਰਕੇ ਅਜੀਤ ਲਈ ਆਪਣੀ ਸਰਬੋਤਮਤਾ ਦਰਸਾਉਣ ਦਾ ਅਚੇਤ-ਸੁਚੇਤ ਯਤਨ ਕਰਦੀ ਹੈ। ਅਜੀਤ ਮੇਲੇ ਵਿਚ ਪਸੰਦ ਆਈ ਸੋਨਾ ਨੂੰ ਆਪਣੇ ਲੇਖਕ ਭਰਾ ਇੰਦਰ ਦੀਆਂ ਲੋੜਾਂ ਲਈ ਉਸ ਦੀ ਪਤਨੀ ਬਣਾ ਦਿੰਦਾ ਹੈ, ਜਿਸਨੂੰ ਸੋਨਾ ਚੁੱਪ-ਚਾਪ ਸਵੀਕਾਰ ਕਰ ਲੈਂਦੀ ਹੈ। ਪਰੰਤੂ ਦੋਨੋਂ ਹੀ ਇਕ ਦੂਜੇ ਲਈ ਸੁਲਘਦੇ ਰਹਿੰਦੇ ਹਨ। 'ਸਭ ਦੇਸ਼ ਪਰਾਇਆ'[12] ਨਾਵਲ ਦੇ ਪਾਤਰ ਪ੍ਰੋਫ਼ੈਤਰ ਗੌਤਮ ਆਪਣੀ ਵਿਦਿਆਰਥੀਆਂ ਦੀ ਜਾਗ੍ਰਿਤੀ ਦੀ ਵਿਚਾਰਧਾਰਾ ਕਾਰਨ ਪੁਲਿਸ ਦੀ ਪਰਕੋਪੀ ਦਾ ਸ਼ਿਕਾਰ ਹੋ ਕੇ ਮਰ ਜਾਂਦਾ ਹੈ ਅਤੇ ਦੂਜੇ ਪਾਸੇ ਉਸਦੀ ਪਤਨੀ ਜੋਤੀ ਮਨੋਵਿਗਿਆਨਕ ਸੰਤਾਪ ਦਾ ਸ਼ਿਕਾਰ ਹੋ ਜਾਂਦੀ ਹੈ। ਗੌਤਮ ਦਾ ਮਿੱਤਰ ਰਾਜਿੰਦਰ ਜੋਤੀ ਨੂੰ ਅਪਣਾ ਤਾਂ ਲੈਂਦਾ ਹੈ, ਪਰ ਉਸ ਦੀ ਗੌਤਮ ਅਤੇ ਆਪਣਾ ਪੁੱਤਰ ਨੂੰ ਨਾ ਭੁਲਾ ਸਕਣ ਦੀ ਮਨੋਵਿਗਿਆਨਕ ਮਜਬੂਰੀ ਕਾਰਨ ਉਸ ਤੋਂ ਉਪਰਾਮ ਹੋ ਜਾਂਦਾ ਹੈ। ਸਹੁਰੇ ਅਤੇ ਪੁੱਤਰ ਬਿੱਲੂ ਨੂੰ ਛੱਡ ਕੇ ਆਪਣੇ ਦੂਜੇ ਪਤੀ ਜਤਿੰਦਰ ਨੂੰ ਖੁਸ਼ ਨਾ ਰੱਖਣ ਦੀ ਬੇਵਸੀ ਕਾਰਨ ਜੋਤੀ ਨੀਂਦ ਦੀਆਂ ਗੋਲੀਆਂ ਖਾ ਕੇ ਮਰਨ ਵਾਲੀ ਸਥਿਤੀ ਤੱਕ ਪਹੁੰਚ ਜਾਂਦੀ ਹੈ ਅਤੇ ਪਿੱਤਰਸੱਤਈ ਮਰਦ ਦੀ ਵਧੀਕੀ ਦਾ ਸ਼ਿਕਾਰ ਹੁੰਦੀ ਹੈ। 'ਐਰ ਵੈਰ ਮਿਲਦਿਆਂ'[13]

ਨਾਵਲ ਇਕ ਸੁਹਿਰਦ ਔਰਤ ਨੂੰ ਸਹਿਕਰਮੀ ਮਰਦ ਨਾਲ ਵਰਤਾਓ ਕਰਕੇ ਪਤੀ ਵੱਲੋਂ ਭਿਆਨਕ ਹੱਦ ਤੱਕ ਤ੍ਰਿਸਕ੍ਰਿਤ ਕਰਨ ਦੀ ਕਹਾਣੀ ਹੈ। ਹਰਜੀਤ ਖ਼ਾਮੋਸ਼ ਪਰਵਿਰਤੀ ਵਾਲੇ ਸਹਿਕਰਮੀ ਅਮਰੀਕ ਦੀ ਸ਼ੁਭਇੱਛਤ ਬਣਦੀ ਹੈ, ਜਿਸ ਕਰਕੇ ਉਸਦਾ ਪਤੀ ਰਜਿੰਦਰ ਆਪਣੀ ਹੀਣਤਾ-ਗੁੰਝਲ ਕਾਰਨ ਸ਼ੱਕ ਦੀ ਦ੍ਰਿਸ਼ਟੀ ਨਾਲ ਉਸਨੂੰ ਵੇਖਦਾ ਹੈ। ਇਸ ਤਰ੍ਹਾਂ ਕੰਮ-ਕਾਜੀ ਔਰਤਾਂ ਦੇ ਪਰਾਏ ਮਰਦਾਂ ਪ੍ਰਤੀ ਕਿਸੇ ਵੀ ਹੱਦ ਤੱਕ ਆਕਰਸ਼ਿਤ ਹੋ ਜਾਣ ਦੀ ਸੰਭਾਵਨਾ ਅਜੋਕੀ ਆਰਥਿਕਤਾ ਦਾ ਸਮਾਜਕ ਪਹਿਲੂ ਹੈ। ਇਸੇ ਤਰ੍ਹਾਂ ਨਾਵਲ 'ਏਹੁ ਹਮਾਰਾ ਜੀਵਣਾ'[14] ਦੀ ਭਾਨੋ ਅਤੇ 'ਦੂਸਰੀ ਸੀਤਾ'[15] ਦੀ ਸੀਤਾ ਪੇਂਡੂ ਔਰਤ ਦੀ ਲਾਚਾਰੀ ਨੂੰ ਪੇਸ਼ ਕਰਦੀਆਂ ਨਜ਼ਰ ਆਉਂਦੀਆਂ ਹਨ, ਉਨ੍ਹਾਂ ਦੀ ਇਹ ਲਾਚਾਰੀ ਪਿੱਤਰਕੀ ਵਰਤਾਰੇ ਦਾ ਸਿੱਟਾ ਹਨ। 'ਏਹੁ ਹਮਾਰਾ ਜੀਵਣਾ' ਦੀ ਭਾਨੋਂ ਪਤੀ ਦੇ ਸਾਰੇ ਭਰਾਵਾਂ ਦੀ ਪਤਨੀ ਬਣਨ ਤੋਂ ਨਾਬਰ ਹੋਈ ਵਿਧਵਾ ਬਣ ਜਾਂਦੀ ਹੈ। ਪਿਤਾ ਵੱਲੋਂ ਦੂਜੀ ਵਾਰ ਵੇਚਿਆ ਜਾਣਾ ਪ੍ਰਵਾਨ ਨਾ ਕਰਦੀ ਹੋਈ, ਭਾਨੋ ਹਰਦੁਆਰ ਵਿਖੇ ਆਤਮ-ਹੱਤਿਆ ਕਰਨ ਲੱਗਦੀ ਹੈ ਜਿੱਥੇ ਉਸਨੂੰ ਨਰੈਣਾ ਅਮਲੀ ਬਚਾ ਲੈਂਦਾ ਹੈ ਅਤੇ ਉਸਨੂੰ ਪਤਨੀ ਬਣਾ ਕੇ ਰੱਖਦਾ ਹੈ। ਜਦ ਭਾਨੋ ਉਸਦੀ ਘਰ-ਗ੍ਰਹਿਸਥੀ ਨੂੰ ਪੂਰਨ ਤੌਰ ਤੇ ਸੰਭਾਲ ਲੈਂਦੀ ਹੈ ਤਾਂ ਉਸ ਦੇ ਭ੍ਰਿਸ਼ਟ ਯਾਰ ਜਾਗਰ ਦੀ ਹਵਸ ਦਾ ਸ਼ਿਕਾਰ ਹੋਣ ਤੋਂ ਨਾਂਹ ਕਰ ਦਿੰਦੀ ਹੈ ਤਾਂ ਪੁੱਤਰ ਦੀ ਲਾਲਸਾ ਹਿਤ ਨਰੈਣਾ ਅਮਲੀ ਭਾਗਵੰਤੀ ਨੂੰ ਵਿਆਹ ਕੇ ਭਾਨੋ ਨੂੰ ਚੌਂਦੇ ਦੋ ਫੱਤੇ ਕੋਲ ਵੇਚ ਦਿੰਦਾ ਹੈ। 'ਦੂਸਰੀ ਸੀਤਾ' ਵਿਚ ਗੁੰਡੇ ਜ਼ੈਲਦਾਰ ਬਲਦੇਵ ਵੱਲੋਂ ਨਾਈਆਂ ਦੀ ਨੂੰਹ ਸੀਤਾਂ ਸ਼ੇਰੇ ਦੇ ਚੁੰਗਲ ਵਿਚੋਂ ਬਚ ਜਾਂਦੀ ਹੈ ਪਰੰਤੂ ਉਸਨੂੰ ਸੱਸ ਵਾਪਸ ਗ੍ਰਹਿਣ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਦੋਵੇਂ ਪਾਤਰ ਜਗੀਰੂ ਪ੍ਰਵਿਰਤੀ ਵਾਲੇ ਮਰਦਾਂ ਦੀ ਭਰਿਸ਼ਟਤਾ ਦਾ ਸ਼ਿਕਾਰ ਹੋਣ ਵਾਲੇ ਲਾਚਾਰ ਪੇਂਡੂ ਔਰਤਾਂ ਦੀ ਪ੍ਰਤਿਨਿਧਤਾ ਕਰਦੇ ਹਨ।

ਨਾਵਲਕਾਰ ਅਜੀਤ ਕੌਰ ਜੋ ਕਿ ਮਹਾਂਨਗਰੀ ਵਿਵਿਧਤਾ ਨੂੰ ਭੋਗਣ ਵਾਲੀ ਲੇਖਿਕਾ ਹੈ। ਇਕ ਨਾਵਲਕਾਰਾਂ ਵਜੋਂ ਉਹ ਆਪਣੇ ਨਾਵਲਾਂ ਵਿਚ ਔਰਤ-ਮਰਦ ਦੇ ਨੈਤਿਕ ਪੱਖੋਂ ਵਿਵਰਜਿਤ ਸੰਬੰਧਾਂ ਨੂੰ ਵਧੇਰੇ ਨਿਸ਼ੰਗਤਾ ਨਾਲ ਚਿਤਰਦੀ ਹੈ। ਇਸਦੇ ਨਾਲ ਹੀ ਵਿਆਪਕ ਸ਼ਹਿਰੀ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ। ਉਸਦੇ ਪਾਤਰ ਆਪ-ਹੁਦਰੀ ਨਿਰਾਰਥਕ ਭਟਕਣ ਦੇ ਭਾਗੀ ਹਨ ਅਤੇ ਇਹ ਭਟਕਣ ਸ਼ਹਿਰੀ ਜੀਵਨ ਦੇ ਤਣਾਉ ਅਤੇ ਪਰੰਪਰਕ ਰਿਸ਼ਤਿਆਂ ਵਿਚਲੀ ਅੰਤਰਮੁਖੀ ਭਾਵੁਕਤਾ ਦੀ ਦੁਫੇੜਤਾ ਨੂੰ ਹੀ ਪ੍ਰਗਟਾਉਂਦੀ ਹੈ। ਅਜੀਤ ਕੌਰ ਦੇ ਬਹੁਤੇ ਗਲਪੀ ਪਾਤਰਾਂ ਅਸੰਤੁਸ਼ਟੀ ਦੀ ਭਾਵਨਾ ਨੂੰ ਵਿਦਮਾਨ ਕਰਦੇ ਹਨ। 'ਧੁੱਪ ਵਾਲਾ ਸ਼ਹਿਰ'[16] ਨਾਵਲ ਵਿਚ ਆਪਣੇ ਕਿੱਤੇ ਵਿਚ ਮਾਹਿਰ ਡਾਕਟਰ ਪਤੀ ਤੋਂ ਉਦਾਸੀਨ ਹੋਈ ਗੀਤਾ ਨੂੰ ਪਰ-ਮਰਦ ਗੌਤਮ ਨਾਲ ਸੰਪਰਕ ਰੱਖਦੀ ਦਿਖਾਇਆ ਹੈ। ਦੂਜੇ ਪਾਸੇ ਨਿਰਸੰਤਾਨ ਪਤਨੀ ਦੇ ਸਮਾਜ-ਸੇਵਾ ਵਿਚ ਅਧਿਕ ਰੁਚਿਤ ਪਤਨੀ ਤੋਂ ਉਪਰਾਮ ਹੋਇਆ ਦੇਸ਼-ਵਿਦੇਸ਼ ਦਾ ਰਟਨ ਕਰਦਾ ਹੋਇਆ ਦਿੱਲੀ ਪੁੱਜਿਆ ਗੌਤਮ ਗੀਤਾ ਨੂੰ ਮਿਲਦਾ ਹੈ। ਗੀਤਾ ਬਹੁ-ਮਰਦੀ ਸੰਬੰਧਾਂ ਵਾਲੀ ਔਰਤ ਹੈ, ਜਿਸ ਦੀ ਪਤੀ ਵੱਲੋਂ ਉਪਰਾਮਤਾ, ਪਰ ਉਸ ਦੀ ਕਮਾਈ ਉੱਤੇ ਐਸ਼ ਕਰਨ ਦਾ ਦਵੰਦ ਸਮਾਜਕ ਕਦਰਾਂ-ਕੀਮਤਾਂ ਦੀ ਬਜਾਇ ਉਸ ਦੀ ਨਿੱਜੀ ਭਟਕਣ ਦਾ ਕਾਰਨ ਬਣਦਾ ਹੈ। ਭਾਰਤੀ ਸੰਦਰਭ ਅਨੁਸਾਰ ਇਹ ਪਾਤਰ ਸਮਾਜਕ-ਵਿਗਠਨ ਵਾਲੀ ਸੇਧ ਨਹੀਂ ਦਿੰਦੇ ਹਨ ਅਤੇ ਲੇਖਕਾ ਬੇਵਫਾਈ ਨੂੰ ਇਕ ਆਦਰਸ਼ ਵਜੋਂ ਪੇਸ਼ ਕਰਦੀ ਹੈ। ਨਾਵਲ 'ਪੋਸਟ ਮਾਰਟਮ'[17] ਵਿਚ ਵੀ ਅਜੀਤ ਕੌਰ ਨੇ ਪਹਿਲੇ ਨਾਵਲ ਵਾਲਾ ਹੀ ਸੰਕਲਪ ਪੇਸ਼ ਕੀਤਾ ਹੈ। ਨਾਵਲ ਦੀ ਨਾਇਕਾ ਮੀਰਾਂ ਇਕ ਕੰਮ-ਕਾਜੀ ਔਰਤ ਹੈ, ਜੋ ਵਿਲਾਸੀ, ਵਿਵਾਹਤ ਮਰਦ ਅਵਿਨਾਸ਼ ਬਾਜਵਾ ਨਾਲ ਪ੍ਰੇਮ ਸੰਬੰਧ ਸਥਾਪਿਤ ਕਰਕੇ ਉਸ ਨੂੰ ਆਪਣੀ ਫਰੇਬ ਨਾਲ ਵਿਆਹੀ ਮਦਰਾਸਣ ਪਤਨੀ ਤੋਂ ਵੱਖਰਾ ਹੋ ਕੇ ਉਸ ਨਾਲ ਸਹਿਵਾਸ ਕਰਨਾ ਚਾਹੁੰਦੀ ਹੈ। ਉਹ ਅਵਿਨਾਸ਼ ਦੀਆਂ ਬੇਮੁਹਾਰੀਆਂ ਜਿਨਸੀ ਖੁੱਲ੍ਹਾਂ ਤੋਂ ਜਾਣੂ ਹੋ ਕੇ ਵੀ ਉਸ ਲਈ ਤੜਪਦੀ

ਰਹਿੰਦੀ ਹੈ। ਅਵਿਨਾਸ਼ ਬੰਬਈ ਜਾ ਕੇ ਮੀਰਾਂ ਨੂੰ ਉੱਕਾ ਹੀ ਵਿਸਾਰ ਦਿੰਦਾ ਹੈ। ਮੀਰਾ ਲਈ ਅਵਿਨਾਸ਼ ਇਕ ਮ੍ਰਿਗ-ਤ੍ਰਿਸ਼ਨਾ ਹੋ ਨਿੱਬੜਦਾ ਹੈ।

ਇਸ ਤਰ੍ਹਾਂ ਨਾਵਲਕਾਰ ਅੰਮ੍ਰਿਤਾ ਪ੍ਰੀਤਮ ਦੇ ਨਾਵਲਾਂ ਵਿਚ ਸਮਾਜਿਕ ਪ੍ਰਤਿਮਾਨਾਂ ਪ੍ਰਤੀ ਵਿਰੋਧ ਪ੍ਰਤੀਤ ਹੁੰਦਾ ਹੈ। ਉਸਦੇ ਨਾਵਲਾਂ ਵਿਚ ਪ੍ਰਚੱਲਿਤ, ਪ੍ਰਵਾਨਿਤ ਤੇ ਦਕਿਆਨੂਸੀ ਕਿਸਮ ਦੇ ਮੁੱਲਾਂ ਪ੍ਰਤੀ ਵਿਦਰੋਹ-ਭਾਵੀ ਰਵੱਈਆ ਅਖ਼ਤਿਆਰ ਕੀਤਾ ਗਿਆ ਹੈ। ਇਸ ਨਾਵਲਾਕਾਰਾਂ ਦੇ ਨਾਵਲਾਂ ਵਿਚ ਪਿੱਤਰਸੱਤਈ ਵਰਤਾਰੇ ਦੇ ਬਦਲੇ ਵਜੋਂ ਕੁਝ ਸਾਰਥਿਕ ਤੇ ਸੰਤੁਲਿਤ ਕੀਮਤਾਂ ਅਤੇ ਜੀਵਨ-ਸ਼ੈਲੀ ਨੂੰ ਪੇਸ਼ ਕਰ ਦੀ ਬਜਾਏ ਇਸਤੋਂ ਉਪਜੇ ਅਸੰਤੁਲਿਤ ਜੀਵਨ ਨੂੰ ਉਭਾਰਿਆ ਗਿਆ ਹੈ। ਅੰਮ੍ਰਿਤਾ ਦੇ ਨਾਵਲੀ ਸੰਦਰਭ ਦੇ ਅਨੁਸਾਰ ਸਾਰੀ ਜ਼ਿੰਦਗੀ ਸ਼ੁੱਧ ਪ੍ਰੇਮਿਕਾ ਦੇ ਰੂਪ ਵਿਚ ਨਹੀਂ ਬਿਤਾਈ ਜਾ ਸਕਦੀ। ਇਸ ਤਰ੍ਹਾਂ ਉਹ ਅਚੇਤ ਹੀ ਆਪਮੁਹਾਰੀ ਔਰਤ ਦੀ ਜ਼ਿੰਦਗੀ ਦਾ ਪੈਗ਼ਾਮ ਦਿੰਦੀ ਨਜ਼ਰ ਆਉਂਦੀ ਹੈ। ਨਾਵਲਕਾਰਾਂ ਦਲੀਪ ਕੌਰ ਟਿਵਾਣਾ ਦਾ ਯੋਗਦਾਨ ਲੋਕਾਂ ਦੀਆਂ ਸੋਚਾਂ, ਮਨੌਤਾਂ ਅਤੇ ਵਿਸ਼ਵਾਸਾਂ ਦੇ ਅੰਦਰੂਨੀ ਇਤਿਹਾਸ ਅਤੇ ਯਥਾਰਥ ਨੂੰ ਚਿਤਰਣ ਵਿਚ ਰਿਹਾ ਹੈ। ਉਹ ਸੱਭਿਆਚਾਰਕ ਕੀਮਤਾਂ ਦੇ ਧੁਰ ਡੂੰਘ ਤੱਕ ਅਪੜਣ ਦੀ ਕੋਸ਼ਿਸ਼ ਕਰਦੀ ਹੋਈ ਉਨ੍ਹਾਂ ਦੀ ਪਰਮਾਣਿਕਤਾ ਨੂੰ ਇਸਤਰੀ ਦੀ ਅੱਖ ਥਾਂਈ ਇਸਤਰੀ ਦੇ ਸੰਦਰਭ ਵਿਚ ਪਛਾਣਦੀ ਨਜ਼ਰ ਆਉਂਦੀ ਹੈ। ਇਸਦੇ ਨਾਲ ਹੀ ਉਹ ਜਗੀਦਾਰੀ ਮੁੱਲਾਂ ਕਾਰਣ ਉਤਪੰਨ ਹੋਣ ਵਾਲੇ ਸੰਕਟ ਅਤੇ ਵਿਸ਼ਾਦ ਨੂੰ ਚਿਤਰਦੀ ਹੈ। ਤੀਜੀ ਨਾਵਲਾਕਾਰਾਂ ਅਜੀਤ ਕੌਰ ਪੂੰਜੀਵਾਦੀ ਨਿਜ਼ਾਮ ਵਿਚਲੀ ਇਕੱਲੀ, ਕਮਾਂਦੀ, ਜ਼ਹੀਨ ਤੇ ਸਵੈ-ਨਿਰਭਰ ਔਰਤ ਦੇ ਦੁੱਖ, ਸੰਕਟ, ਪੀੜਾਂ ਤੇ ਵਿਸ਼ਾਦ ਨੂੰ ਚਿਤਰਦੀ ਹੈ, ਜੋ ਪਿੱਤਕਸਤਈ ਵਰਤਾਰੇ ਦੇ ਵਿਰੋਧ ਉਪਰੰਤ ਉਪਜੇ ਦੁਖਾਂਤ ਨੂੰ ਭੋਗਦੀ ਨਜ਼ਰ ਆਉਂਦੀ ਹੈ।

---

1 Sylvia Walby, Theorizing Patriarchy, Basil Blackwell, Oxford, USA, 1990, Pg 108

2 Terry Eagleton, Ideology: An introduction, “Gramsci normally uses the word hegemony to mean the way in which a governing power wins consent to its rules from those it subjugates.” Verso, London, 1991, Page 112

3 ਟੀ.ਆਰ ਵਿਨੋਦ, ਪੰਜਾਬੀ ਨਾਵਲ: ਵਿਹਾਰਕ ਪਰਿਪੇਖ, ਰਵੀ ਸਾਹਿਤ ਪ੍ਰਕਾਸ਼ਨ, 2010, ਪੰਨਾ 15

4 ਅੰਮ੍ਰਿਤਾ ਪ੍ਰੀਤਮ, ਪਿੰਜਰ, ਸਿੱਖ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1950

5 ਉਹੀ, ਪੱਕੀ ਹਵੇਲੀ, ਨਾਗਮਣੀ ਪ੍ਰਕਾਸ਼ਨ, ਨਵੀਂ ਦਿੱਲੀ, 1981

6 ਉਹੀ, ਬੰਦ ਦਰਵਾਜ਼ਾ, ਨਵਯੁਗ ਪ੍ਰਕਾਸ਼ਨ,ਦਿੱਲੀ, 1960

7 ਉਹੀ, ਨਾ ਰਾਧਾ ਨਾ ਰੁਕਮਨੀ, ਰੋਬੋ ਪ੍ਰਿੰਟਰਜ਼, ਦਿੱਲੀ, 1978

8 ਉਹੀ, ਏਕਤਾ ਤੇ ਏਰੀਅਲ, ਨਵਯੁਗ ਪ੍ਰਕਾਸ਼ਨ, ਦਿੱਲੀ, 1969

9 ਉਹੀ, ਦਿੱਲੀ ਦੀਆਂ ਗਲੀਆਂ, ਨਵਯੁਗ ਪ੍ਰਕਾਸ਼ਨ, ਦਿੱਲੀ, 1968

10 ਦਲੀਪ ਕੌਰ ਟਿਵਾਣਾ, ਤੀਲੀ ਦਾ ਨਿਸ਼ਾਨ, ਆਰਸੀ ਪਬਲਿਕੇਸ਼ਨ, ਦਿੱਲੀ, 1970

11 ਉਹੀ, ਸੂਰਜ ਤੇ ਸਮੁੰਦਰ, ਆਰਸੀ ਪਬਲਿਕੇਸ਼ਨ, ਦਿੱਲੀ, 1975
12 ਉਹੀ, ਸਭ ਦੇਸ਼ ਪਰਾਇਆ, ਹਿੰਦ ਪਾਕਿਟ ਬੁਕਸ ਪ੍ਰਾਈਵੇਟ ਲਿਮਿਟਡ, ਦਿੱਲੀ, 1981
13 ਉਹੀ, ਐਰ ਵੈਰ ਮਿਲਦਿਆਂ, ਆਰਸੀ ਪਬਲਿਕੇਸ਼ਨ, ਦਿੱਲੀ, 1975
14 ਉਹੀ, ਏਹੁ ਹਮਾਰਾ ਜੀਵਣਾ, ਲੋਕਗੀਤ ਪ੍ਰਕਾਸ਼ਨ, ਦਿੱਲੀ, 1970
15 ਉਹੀ, ਦੂਸਰੀ ਸੀਤਾ, ਗੁਰਮੁੱਖ ਪ੍ਰੈਸ, ਅੰਮ੍ਰਿਤਸਰ, 1975
16 ਅਜੀਤ ਕੌਰ, ਧੁੱਪ ਵਾਲਾ ਸ਼ਹਿਰ, ਨਵਯੁੱਗ ਪਬਲਿਕੇਸ਼ਨ, ਦਿੱਲੀ, 1978
17 ਉਹੀ, ਪੋਸਟ ਮਾਰਟਮ, ਲੋਕਗੀਤ ਪ੍ਰਕਾਸ਼ਨ, ਦਿੱਲੀ, 1970

**ਰਿਸਰਚ ਸਕਾਲਰ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**
**9915426370**

## ਸਵਰਾਜਬੀਰ ਦੇ ਨਾਟਕਾਂ ਵਿੱਚ ਪੇਸ਼ ਰਿਸ਼ਤਾ ਨਾਤਾ ਪ੍ਰਬੰਧ ਦਾ ਲੋਕਧਾਰਾਈ ਅਧਿਅਨ

❑ ਗੁਰਪ੍ਰੀਤ ਕੌਰ

ਲੋਕਧਾਰਾ ਅਤੇ ਸੱਭਿਆਚਾਰ ਮਾਨਵੀ ਜੀਵਨ ਦੀਆਂ ਦੋ ਮਹੱਤਵਪੂਰਨ ਵਿਧੀਆਂ ਹਨ। ਇਹ ਦੋਵੇਂ ਵਰਤਾਰੇ ਨਾ ਕੇਵਲ ਮਨੁੱਖ ਦੁਆਰਾ ਉਸ ਦੀ ਸਮਾਜਿਕ ਹੋਂਦ ਸਦਕਾ ਸਿਰਜੇ ਹੀ ਜਾਂਦੇ ਹਨ, ਸਗੋਂ ਸਿਰਜਣ ਉਪਰੰਤ ਸਬੰਧਿਤ ਸਮਾਜ ਦੀ ਪਹਿਚਾਣ ਦਾ ਆਧਾਰ ਬਣਦੇ ਹਨ। ਲੋਕਧਾਰਾ ਕਿਸੇ ਵੀ ਸਮਾਜ ਦੇ ਸੱਭਿਆਚਾਰ ਨੂੰ ਸਮਝਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦੀ ਹੈ। ਇਸ ਵਿੱਚ ਸੱਭਿਆਚਾਰ ਦੀਆਂ ਲਗਭਗ ਸਾਰੀਆਂ ਸੰਸਥਾਵਾਂ ਬੜੇ ਸੱਚੇ ਸੁੱਚੇ ਰੂਪ ਵਿੱਚ ਸੰਭਾਲੀਆਂ ਰਹਿੰਦੀਆਂ ਹਨ। ਲੋਕਧਾਰਾ ਕਿਸੇ ਸੱਭਿਆਚਾਰ ਦੇ ਸਮਾਜਿਕ, ਰਾਜਨੀਤਿਕ ਸੱਭਿਆਚਾਰ ਦੀ ਬੁਣਤਰ ਅਤੇ ਬਣਤਰ ਬਾਰੇ ਹੀ ਜਾਣਕਾਰੀ ਨਹੀਂ ਦਿੰਦੀ ਸਗੋਂ ਰਿਸ਼ਤਾ ਨਾਤਾ ਪ੍ਰਬੰਧ ਬਾਰੇ ਜਾਣਕਾਰੀ ਵੀ ਮੁਹੱਈਆ ਕਰਵਾਉਂਦੀ ਹੈ। ਡਾ. ਜੀਤ ਸਿੰਘ ਜੋਸ਼ੀ ਅਨੁਸਾਰ;

"ਸਮਾਜ ਵਿੱਚ ਰਹਿੰਦਾ ਵਿਅਕਤੀ ਵਿਆਹ, ਸ਼ਾਦੀ, ਜਨਮ, ਮੌਤ ਆਦਿ ਕਾਰਜ ਆਪਣੇ ਸੱਭਿਆਚਾਰ ਦੇ ਅਨੁਕੂਲ ਹੀ ਕਰਦਾ ਹੈ। ਪਰ ਇਸ ਕਾਰਜ ਦੇ ਵਿਵਹਾਰਿਕ ਅਮਲ ਵਿੱਚੋਂ ਪੈਦਾ ਹੋਇਆ ਪ੍ਰਪੰਚ ਲੋਕਧਾਰਾ ਦੇ ਖੇਤਰ ਦੀ ਚੀਜ਼ ਬਣ ਜਾਂਦਾ ਹੈ।"[1]

ਮਨੁੱਖ ਦਾ ਸਮਾਜ ਨਾਲ ਅਨਿੱਖੜ ਸਬੰਧ ਹੋਣ ਦੇ ਨਾਤੇ ਉਸ ਦਾ ਜੀਵਨ ਇੱਕ ਸੰਗਠਿਤ ਸਮਾਜਿਕ ਨੇਮ ਪ੍ਰਬੰਧਾਂ ਵਿੱਚ ਬੱਝਾ ਹੋਇਆ ਹੈ। ਇਹ ਸਮਾਜਿਕ ਨੇਮ ਹੀ ਮਨੁੱਖੀ ਕਾਰ ਵਿਹਾਰ ਨੂੰ ਨਿਯਮਬੱਧਤਾ ਅਤੇ ਸਾਰਥਕਤਾ ਪ੍ਰਦਾਨ ਕਰਦੇ ਹਨ। ਮਨੁੱਖ ਦੇ ਆਪ ਹੁਦਰੇ ਪ੍ਰਵਿਰਤੀਮੂਲਕ ਵਿਵਹਾਰ ਨੂੰ ਵਿਆਹ ਸੰਸਥਾ ਅਤੇ ਸਾਕਾਦਾਰੀ ਪ੍ਰਬੰਧ ਵਿੱਚ ਅਨੁਸ਼ਾਸਿਤ ਨਿਯਮਾਵਲੀ ਦੁਆਰਾ ਸਲੀਕਾ ਯੁਕਤ ਮਨੁੱਖੀ ਸਦਾਚਾਰਕਤਾ ਵੱਲ ਦਿਸ਼ਾ ਨਿਰਦੇਸ਼ ਕਰਦਾ ਹੈ। ਮਨੁੱਖ ਦੀ ਸਮਾਜਿਕ ਹੋਂਦ ਅਤੇ ਸੱਭਿਆਚਾਰਕ ਜਗਤ ਦੀ ਬੁਨਿਆਦੀ ਵਿਲੱਖਣਤਾ ਦਾ ਆਧਾਰ ਹੀ ਮਨੁੱਖੀ ਰਿਸ਼ਤੇ ਬਣਦੇ ਹਨ। ਰਿਸ਼ਤਾ ਨਾਤਾ/ ਸਾਕਾਦਰੀ, ਅੰਗਰੇਜ਼ੀ ਦਾ ਸ਼ਬਦ 'Kin' ਐਂਗਲੋ ਸੈਕਸ਼ਨ ਸ਼ਬਦ 'Cynn' ਤੋਂ ਨਿਕਲਿਆ ਹੈ ਜਿਸਦਾ ਅਰਥ ਹੈ ਕੇਵਲ 'ਰਿਸ਼ਤੇਦਾਰ'। ਪੰਜਾਬੀ ਵਿੱਚ 'ਰਿਸ਼ਤਾ' ਫਾਰਸੀ ਦਾ ਸ਼ਬਦ ਹੈ, ਇਸ ਦਾ ਅਰਥ ਧਾਗਾ, ਤਾਰ, ਡੋਰੀ, ਨਾਤਾ, ਸਬੰਧ ਆਦਿ ਕੱਢਿਆ ਜਾ ਸਕਦਾ ਹੈ।

ਡਿਕਸ਼ਨਰੀ ਆਫ਼ ਐਂਥਰੋਪੋਲੋਜੀ ਅਨੁਸਾਰ:

"Kinship system may include socially recognised relationship based on supposed as well as actual Genealogical ties"[2]

ਭਾਵ ਸਾਕਾਦਾਰੀ ਵਿਵਸਥਾ ਵਿੱਚ ਉਹ ਸਬੰਧ ਸ਼ਾਮਿਲ ਕੀਤੇ ਜਾਂਦੇ ਹਨ। ਜੋ ਕਲਪਿਤ ਜਾਂ ਵਾਸਤਵਿਕ ਵੰਸ਼ ਪਰੰਪਰਾਗਤ ਬੰਧਨਾ ਉੱਤੇ ਆਧਾਰਿਤ ਅਤੇ ਸਮਾਜ ਦੁਆਰਾ ਪ੍ਰਵਾਨਿਤ ਹੁੰਦੇ ਹਨ।

ਡਾ. ਜਸਵਿੰਦਰ ਸਿੰਘ ਅਨੁਸਾਰ:

"ਰਿਸ਼ਤਾ ਨਾਤਾ ਪ੍ਰਬੰਧ ਵਿਅਕਤੀਆਂ ਦੇ ਆਪਸੀ ਸਬੰਧਾਂ ਨੂੰ ਪ੍ਰਗਟਾਉਣ ਵਾਲਾ ਅਤੇ ਨਿਰਧਾਰਿਤ ਕਰਨ ਵਾਲਾ ਇੱਕ ਅਜਿਹਾ ਪ੍ਰਬੰਧ ਹੈ, ਜਿਹੜਾ ਵਿਅਕਤੀ ਵਿਸ਼ੇਸ਼ ਦੇ ਬਹੁ -ਵੰਨੇ ਸਮਾਜਿਕ ਸੰਦਰਭ ਵਿੱਚ ਵੱਖ-ਵੱਖ ਵਿਅਕਤੀਆਂ ਨਾਲ ਵਿਭਿੰਨ ਪ੍ਰਕਾਰ ਦੇ ਸਬੰਧਾਂ ਨੂੰ ਸਨਮੁੱਖ ਲਿਆਉਂਦਾ ਹੋਇਆ ਸਮੁੱਚੇ ਵਿਧਾਨ ਵਿੱਚ ਇੱਕ ਪ੍ਰਬੰਧਕੀ ਵਿਵਸਥਾ ਨੂੰ ਉਸਾਰਨ ਦਾ ਮੁੱਢਲਾ ਆਧਾਰ ਬਣਨ ਦੇ ਨਾਲ- ਨਾਲ ਸੱਭਿਆਚਾਰਕ ਕੀਮਤਾਂ ਨੂੰ ਸਿਰਜਣ ਵਿੱਚ ਨਿਰਣਾਇਕ ਹਿੱਸਾ ਪਾਉਂਦਾ ਹੈ।"[3]

ਪ੍ਰਸਿੱਧ ਲੋਕਧਾਰਾ ਸ਼ਾਸਤਰੀ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਦੋ ਤਰ੍ਹਾਂ ਦੇ ਰਿਸ਼ਤੇ ਮੰਨਦਾ ਹੈ। ਲਹੂ ਦਾ ਰਿਸ਼ਤਾ ਅਤੇ ਦੂਸਰਾ ਅਲਹੂ ਦਾ ਰਿਸ਼ਤਾ। 'ਲਹੂ ਦੇ ਰਿਸ਼ਤੇ ਉਸਨੂੰ (ਮਨੁੱਖ) ਰੱਬੀ ਦਾਤ ਵਜੋਂ ਮਿਲਦੇ ਹਨ। ਜੋ ਸਹਿਜ ਭਾਵ ਵਿੱਚ ਉਸ ਦੇ ਜੀਵਨ ਦਾ ਅੰਗ ਬਣ ਜਾਂਦੇ ਹਨ। ਪਰ ਅਲਹੂ ਦੇ ਰਿਸ਼ਤੇ ਉਹ ਖ਼ੁਦ ਸਿਰਜਦਾ ਹੈ ਅਤੇ ਜੀਵਨ ਵਿੱਚ ਰਚਾਉਂਦਾ ਹੈ। ਪਹਿਲਿਆਂ ਨਾਲ ਉਹ ਜਨਮ ਸਦਕਾ ਬੱਝਿਆ ਹੁੰਦਾ ਹੈ ਅਤੇ ਦੂਜਿਆਂ ਨਾਲ ਮਨ ਸਦਕਾ।'[4] ਡਾ. ਜਸਵਿੰਦਰ ਸਿੰਘ ਸਮਾਜ ਵਿੱਚ ਪਾਏ ਜਾਣ ਵਾਲੇ ਰਿਸ਼ਤਿਆਂ ਨੂੰ 'ਪ੍ਰਕਿਰਤਿਕ, ਜੀਵ ਵਿਗਿਆਨਿਕ, ਅਤੇ ਸੱਭਿਆਚਾਰਕ ਤਿੰਨ ਵਰਗਾਂ ਵਿੱਚ ਵੰਡਦੇ ਹਨ।'[5] ਪ੍ਰਕਿਰਤਿਕ ਰਿਸ਼ਤੇ ਜਿਹੜੇ ਮਨੁੱਖ ਦੇ ਸਮਾਜਿਕ ਪ੍ਰਬੰਧ ਤੋਂ ਬਾਹਰੀ ਰੂਪ ਵਿੱਚ ਵਿਦਮਾਨ ਹੁੰਦੇ ਹਨ। ਜਿਵੇਂ ਔਰਤ ਅਤੇ ਮਰਦ ਦਾ ਰਿਸ਼ਤਾ । ਜੀਵ ਵਿਗਿਆਨਿਕ ਰਿਸ਼ਤਿਆਂ ਵਿੱਚ ਖ਼ੂਨ ਜਾਂ ਕੋਈ ਹੋਰ ਭਾਈਚਾਰਕ ਸਾਂਝ ਸ਼ਾਮਿਲ ਹੁੰਦੀ ਹੈ। ਜਿਵੇਂ ਮਾਂ ,ਪੁੱਤਰ ,ਧੀ ,ਪਿਉ ਆਦਿ। ਸੱਭਿਆਚਾਰਕ ਰਿਸ਼ਤੇ ਮਨੁੱਖ ਨੇ ਸੱਭਿਆਚਾਰਕ ਵਿਕਾਸ ਦੌਰਾਨ ਸਮਾਜਿਕ ਪ੍ਰਬੰਧ ਅਧੀਨ ਮਨੁੱਖੀ ਲੋੜ ਅਨੁਸਾਰ ਬਣਾਏ। ਜਿਵੇਂ ਪਤੀ -ਪਤਨੀ, ਸੱਸ- ਸੋਹਰਾ, ਨੂੰਹ -ਜਵਾਈ, ਮਾਮਾ -ਮਾਮੀ, ਚਾਚਾ -ਚਾਚੀ, ਤਾਇਆ- ਤਾਈ ਆਦਿ। ਇਸ ਤਰ੍ਹਾਂ ਬਣੀ ਸਮਾਜਿਕ ਸੰਰਚਨਾ ਅਨੇਕ ਪ੍ਰਕਾਰ ਦੇ ਰਿਸ਼ਤਿਆਂ ਵਿੱਚ ਬੱਝੀ ਹੁੰਦੀ ਹੈ।

ਸਵਰਾਜਬੀਰ ਪੰਜਾਬੀ ਨਾਟ ਜਗਤ ਦਾ ਪ੍ਰਬੁੱਧ ਨਾਟਕਕਾਰ ਹੈ। ਸਵਰਾਜਬੀਰ ਦੇ ਨਾਟਕਾਂ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਦਾ ਉਪਰੋਕਤ ਪ੍ਰਵਚਨ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਉਸ ਦੇ ਨਾਟਕਾਂ ਵਿੱਚ ਪੁਰਾਤਨ ਭਾਰਤੀ ਸੰਸਕ੍ਰਿਤੀ ਦੀ ਰਿਸ਼ਤਾ ਨਾਤਾ ਪ੍ਰਣਾਲੀ ਅਤੇ ਅਜੋਕੀ ਰਿਸ਼ਤਾ ਨਾਤਾ ਪ੍ਰਣਾਲੀ, ਦੋਨਾਂ ਧਰਾਤਲਾਂ ਰਾਹੀਂ ਸੱਭਿਆਚਾਰਕ ਜਗਤ ਦੇ ਵਿਭਿੰਨ ਪੱਖਾਂ ਦਾ ਯਥਾਰਥ ਸਰੂਪ ਪੇਸ਼ ਕੀਤਾ ਗਿਆ ਹੈ। ਭਾਵੇਂ ਇਸ ਵਿੱਚ ਸਮੁੱਚੇ ਸਾਕਾਦਾਰੀ ਪ੍ਰਬੰਧ ਦੇ ਸਾਰੇ ਰਿਸ਼ਤਿਆਂ ਅਤੇ ਹਰੇਕ ਰਿਸ਼ਤੇ ਦੇ ਸਾਰੇ ਪੱਖ ਪ੍ਰਸਤੁਤ ਕਰਨੇ ਸੰਭਵ ਨਹੀਂ। ਪਰ ਫਿਰ ਵੀ ਸਾਡੇ

ਸੱਭਿਆਚਾਰ ਵਿੱਚੋਂ ਪ੍ਰਤਿਨਿਧ ਮਨੁੱਖੀ ਰਿਸ਼ਤਿਆਂ ਦੇ ਵਿਭਿੰਨ ਪੱਖ ਜ਼ਰੂਰ ਪ੍ਰਸਤੁਤ ਹੋਏ ਹਨ। ਸਮੁੱਚੇ ਆਚਾਰ ਵਿਵਹਾਰ, ਵਿਚਾਰ, ਕਦਰਾਂ ਕੀਮਤਾਂ, ਕਾਰਜ ਆਦਿ ਜਿਹੜੇ ਪੰਜਾਬੀ ਸੱਭਿਆਚਾਰ ਨੂੰ ਵਿਸ਼ੇਸ਼ ਸਰੂਪ ਪ੍ਰਦਾਨ ਕਰਦੇ ਹਨ, ਦੀ ਪੇਸ਼ਕਾਰੀ ਸਵਰਾਜਬੀਰ ਦੇ ਨਾਟਕਾਂ ਵਿੱਚ ਕਲਾਤਮਕ ਅਤੇ ਯਥਾਰਥਕ ਢੰਗ ਨਾਲ ਹੋਈ ਹੈ। ਜਿਸ ਵਿੱਚੋਂ ਮਾਂ ਪਿਓ ਅਤੇ ਸੰਤਾਨ, ਪ੍ਰੇਮੀ-ਪ੍ਰੇਮਿਕਾ, ਪਤੀ -ਪਤਨੀ, ਦਿਉਰ- ਭਰਜਾਈ, ਭੈਣ -ਭਰਾ, ਨੂੰਹ -ਸੱਸ ਅਤੇ ਇਨਸਾਨੀਅਤ ਦੇ ਰਿਸ਼ਤਿਆਂ ਦੀ ਪੇਸ਼ਕਾਰੀ ਸਵਰਾਜਬੀਰ ਲੋਕਧਾਰਾਈ ਵਰਤਾਰਿਆਂ ਅਧੀਨ ਕਰਦਾ ਹੈ।

**ਪਤੀ ਪਤਨੀ**

ਸਮਾਜ ਵਿੱਚ ਪਤੀ ਪਤਨੀ ਸਬੰਧਾਂ ਨੂੰ ਸਥਾਪਿਤ ਕਰਨ ਵਾਸਤੇ ਪ੍ਰਵਾਨਿਤ ਆਦਰਸ਼ਕ ਮਰਿਆਦਾ ਅਨੁਸਾਰ ਵਿਆਹ ਦੀ ਰਸਮ ਅਦਾ ਕੀਤੀ ਜਾਂਦੀ ਹੈ। ਸਵਰਾਜਬੀਰ ਨੇ ਇਸਤਰੀ ਮਰਦ ਸਬੰਧਾਂ ਨੂੰ ਪ੍ਰਵਾਨਿਤ ਅਤੇ ਪ੍ਰਚਲਿਤ ਮਰਿਯਾਦਾ ਅਨੁਸਾਰ ਹੀ ਪਤੀ ਪਤਨੀ ਦੇ ਰਿਸ਼ਤੇ ਦੀ ਪੇਸ਼ਕਾਰੀ ਨਹੀਂ ਕੀਤੀ ਸਗੋਂ ਆਧੁਨਿਕ ਸਮਾਜ ਵਿੱਚ ਵੱਧ ਰਹੇ ਪਾੜੇ , ਪਦਾਰਥਕ ਮੋਹ ਤਹਿਤ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਕੀਤੀ ਹੈ। 'ਮੇਦਨੀ' ਨਾਟਕ ਵਿੱਚ ਸਵਰਾਜਬੀਰ ਪਤੀ ਪਤਨੀ ਦੇ ਰਿਸ਼ਤੇ ਨੂੰ ਕੇਵਲ ਸਮਾਜਿਕ ਸਮਝੌਤੇ ਮਾਤਰ ਵਜੋਂ ਪੇਸ਼ ਕਰਦਾ ਹੈ। ਸੁਰਜੀਤ ਕੌਰ ਅਤੇ ਬਚਨ ਸਿੰਘ ਦਾ ਵਿਆਹੁਤਾ ਰਿਸ਼ਤਾ ਕੇਵਲ ਲੋਕ ਵਿਖਾਵਾ ਹੈ। ਬਚਨ ਸਿੰਘ ਦਾ ਹਰ ਸਮੇਂ ਨਸ਼ੇ ਵਿੱਚ ਰਹਿਣਾ, ਜ਼ਿੰਮੇਵਾਰੀਆਂ ਤੋਂ ਬੇਰੁਖ਼ੀ ਕਾਰਨ ਸੁਰਜੀਤ ਕੌਰ ਉਸ ਨੂੰ ਤੁਛ ਇਨਸਾਨ ਸਮਝਦੀ ਹੈ। ਸੁਰਜੀਤ ਕੌਰ ਦੀ ਲਗਾਤਾਰ ਵੱਧ ਰਹੀ ਡੇਰੇ ਵਿੱਚ ਕਾਮਯਾਬੀ, ਉਸ ਨੂੰ ਸੱਤਾ ਦੇ ਨਸ਼ੇ ਵਿੱਚ ਚੂਰ ਕਰ ਰਹੀ ਸੀ। ਜਿਸ ਕਾਰਨ ਉਸ ਨੂੰ ਚੰਗੇ ਮਾੜੇ ਦਾ ਗਿਆਨ ਨਹੀਂ ਰਹਿ ਗਿਆ। ਉਹ ਸੰਤ ਨਿਰੰਜਨ ਸਿੰਘ ਨਾਲ ਮੁਹੱਬਤ ਵਾਲਾ ਰਿਸ਼ਤਾ ਕਾਇਮ ਕਰਦੀ ਹੈ ਤਾਂ ਜੋ ਸੱਤਾਂ ਦੀਆਂ ਪੌੜੀਆਂ ਆਸਾਨੀ ਨਾਲ ਚੜ੍ਹ ਸਕੇ।

'ਧਰਮ ਗੁਰੂ' ਨਾਟਕ ਵਿੱਚ ਸਵਰਾਜਬੀਰ ਲੋਕਧਾਰਾ ਦੀ ਵੰਨਗੀ ਲੋਕ ਸਾਹਿਤ ਵਿਚਲੀਆਂ ਮਿੱਥ ਕਥਾਵਾਂ ਅਧੀਨ 'ਤ੍ਰਿਸ਼ੰਕੂ ਦੀ ਮਿਥ' ਰਾਹੀਂ ਵਿਸ਼ਵਾਮਿੱਤਰ ਦਾ ਧਰਮ ਦੇ ਮਾਨਵੀ ਅਰਥਾ ਨਾਲੋਂ ਟੁੱਟ ਕੇ ਅਧਿਆਤਮਕ ਗਿਆਨ ਦੀ ਪ੍ਰਾਪਤੀ ਦੇ ਮਾਰਗ 'ਤੇ ਚਲਦਿਆਂ ਜੰਗਲਾਂ ਨੂੰ ਤੁਰ ਜਾਣਾ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਜਿਸ ਵਿੱਚ ਉਸ ਦਾ ਇੱਕ ਪਤੀ ਵਜੋਂ ਪਤਨੀ ਅਤੇ ਪਰਿਵਾਰ ਪ੍ਰਤੀ ਫ਼ਰਜਾਂ ਨੂੰ ਭੁੱਲ ਜਾਣਾ ਕਿੱਥੋਂ ਦਾ ਧਰਮ ਹੈ? ਰਾਹੀਂ ਨਾਟਕਕਾਰ ਪਤੀ ਪਤਨੀ ਦੇ ਰਿਸ਼ਤੇ ਦੀ ਪੇਸ਼ਕਾਰੀ ਕਰਦਾ ਹੈ। ਨਾਟਕ ਵਿੱਚ ਰਿਸ਼ੀ ਵਿਸ਼ਵਾਮਿੱਤਰ ਜੋ ਅਧਿਆਤਮਕ ਮਾਰਗ 'ਤੇ ਚਲਦੇ ਅਨੋਖੀ ਗਿਆਨ ਪ੍ਰਾਪਤੀ ਦੇ ਰਾਹ ਕਰਕੇ, ਘਰ ਬਾਰ ਤਿਆਗ ਕੇ ਆਪਣੀ ਪਤਨੀ ਸੱਤਿਆਵਤੀ ਅਤੇ ਬੱਚਿਆਂ ਨੂੰ ਭੁੱਖਮਰੀ ਦੀ ਹਾਲਤ ਵਿੱਚ ਛੱਡ ਕੇ ਆਪ ਵਣਾਂ ਵਿੱਚ ਤਪ ਕਰਨ ਚਲਾ ਜਾਂਦਾ ਹੈ। ਬੇਸ਼ੱਕ ਵਿਸ਼ਵਾਮਿੱਤਰ ਦੁਆਰਾ ਕੀਤਾ ਇਹ ਕਾਰਜ ਅਧਿਆਤਮਕ ਸਾਧਨਾਂ ਦੀ ਪ੍ਰਾਪਤੀ ਅਤੇ ਧਾਰਮਿਕ ਪ੍ਰਚਾਰ ਨਾਲ ਸੰਬੰਧਿਤ ਹੈ। ਪਰੰਤੂ ਆਪਣੇ ਕਰਤੱਵ ਅਤੇ ਜ਼ਿੰਮੇਵਾਰੀਆਂ

ਨੂੰ ਭੁੱਲਣਾ ਅਤੇ ਪਤਨੀ ਅਤੇ ਬੱਚਿਆਂ ਨੂੰ ਦਰ -ਦਰ ਠੋਕਰਾਂ ਖਾਣ ਲਈ ਛੱਡ ਦੇਣਾ, ਕਿਧਰੇ ਵੀ ਮਾਨਵੀ ਗੁਣ ਨਹੀਂ ਹੈ। ਇਹ ਪੱਖ ਸਮਕਾਲੀ ਸੋਚ ਦੇ ਆਧਾਰ ਅਨੁਸਾਰ ਆਧੁਨਿਕ ਯੁੱਗ ਵਿੱਚ ਧਰਮ ਦੀ ਮਾਨਵੀ ਸੋਚ ਤੋਂ ਟੁੱਟਦੇ ਜਾਂਦੇ ਰਿਸ਼ਤਿਆਂ ਦਾ ਵੇਰਵਾ ਪੇਸ਼ ਕਰਦਾ ਹੈ। ਅਖ਼ੀਰ ਜਦੋਂ ਵਿਸ਼ਵਾਮਿੱਤਰ ਵਾਪਸ ਆਉਂਦਾ ਹੈ ਤਾਂ ਉਸ ਉੱਪਰ ਸੱਤਿਆਵ੍ਰਤ ਦੁਆਰਾ ਵਿਅੰਗ ਕੀਤਾ ਜਾਂਦਾ ਹੈ। ਪਰ ਸਤਿਆਵਤੀ ਫਿਰ ਵੀ ਪਤੀਵ੍ਰਤਾ ਫਰਜ਼ ਨਿਭਾਉਂਦੀ ਇਹ ਬਰਦਾਸ਼ਤ ਨਹੀਂ ਕਰਦੀ।

'ਮੱਸਿਆ ਦੀ ਰਾਤ' ਨਾਟਕ ਵਿੱਚ ਪਤੀ ਪਤਨੀ ਦਾ ਰਿਸ਼ਤਾ ਕੇਵਲ ਪੁੱਤਰ ਪ੍ਰਾਪਤੀ 'ਤੇ ਟਿਕਿਆ ਹੋਇਆ ਹੈ। ਲੋਕਧਾਰਾ ਵਿੱਚ 'ਮੱਸਿਆ ਦੀ ਰਾਤ' ਦੇ ਅਰਥ ਅਸ਼ੁਭ ਭਾਵਾਂ ਦਾ ਸੰਚਾਰ ਕਰਦੇ ਹਨ। ਮੱਸਿਆ ਦੀ ਰਾਤ ਨੂੰ ਜਾਦੂਈ ਅਨੁਸ਼ਠਾਨ ਜਾਂ ਕਰਮਕਾਂਡ ਕਰਨ ਲਈ ਢੁਕਵਾਂ ਸਮਾਂ ਮੰਨਿਆ ਜਾਂਦਾ ਹੈ। ਮੱਸਿਆ ਦੀ ਰਾਤ ਨੂੰ ਰਸਮੀ ਇਸ਼ਨਾਨ ਕਰਨਾ ਪੁਰਾਣੀ ਪ੍ਰਥਾ ਹੈ ਜੋ ਔਰਤਾਂ ਪੁੱਤਰ ਪ੍ਰਾਪਤੀ ਲਈ ਕਰਦੀਆਂ ਹਨ। ਪਰੰਤੂ ਇਸ ਕਰਮਕਾਂਡ/ ਟੂਣਾ ਨੂੰ ਕਰਨ ਦੇ ਪਿੱਛੇ ਸਮਾਜਿਕ ਅਤੇ ਸੱਭਿਆਚਾਰਕ ਕੀ ਕਾਰਨ ਹਨ। ਇਹ ਚਿੰਤਨ ਦਾ ਵਿਸ਼ਾ ਹੈ। ਇਸਦੇ ਸਮਾਜਿਕ/ ਸੱਭਿਆਚਾਰਕ ਕਾਰਨ ਪੁੱਤਰ ਪ੍ਰਾਪਤੀ ਦੇ ਪ੍ਰਚਲਿਤ ਨੇਮ ਪ੍ਰਬੰਧ ਹਨ। ਨਾਟਕ ਵਿੱਚ ਦੇਖਦੇ ਹਾਂ ਕਿ ਤੀਸਰੀ ਵਾਰ ਧੀ ਜੰਮਣ 'ਤੇ ਜਗੀਰ ਸਿੰਘ ਚੰਨੋ ਨੂੰ ਤਾਨ੍ਹੇ ਮਿਹਣੇ ਮਾਰਦਾ ਹੈ। ਉਹ ਪਤੀ ਹੋ ਕੇ ਵੀ ਉਸ ਦੀ ਮਾਨਸਿਕਤਾ ਨੂੰ ਨਹੀਂ ਸਮਝਦਾ। ਜਿਸ ਨੂੰ ਪੂਰਾ ਕਰਨ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ । ਪਰਿਵਾਰ ਵਿੱਚ ਤਾਹਣੇ ਮਿਹਣਿਆਂ ਅਤੇ ਪਤੀ ਦੁਆਰਾ ਦਿੱਤਾ ਮਾਨਸਿਕ ਤਨਾਓ ਚੰਨੋ ਨੂੰ ਤਾਂਤਰਿਕਵਾਦ ਵੱਲ ਧਕੇਲ ਦਿੰਦਾ ਹੈ। ਜਿੱਥੇ ਉਹ ਹਰ ਜਾਇਜ਼ ਨਜਾਇਜ਼ ਘਟਨਾ ਨੂੰ ਅੰਜ਼ਾਮ ਦਿੰਦੀ ਹੈ।

**ਪਿਓ ਪੁੱਤ**

ਵਿਆਹ ਨਾਲ ਸਬੰਧਿਤ ਕਦਰਾਂ ਕੀਮਤਾਂ ਸਭਿਆਚਾਰ ਦਾ ਹਿੱਸਾ ਹਨ। ਅਤੇ ਇਸ ਦੇ ਨਿਭਾਅ ਦੀਆਂ ਰਸਮਾਂ, ਸ਼ਗਨ, ਕਰਮਕਾਂਡ ਲੋਕਧਾਰਾ ਦੀਆਂ ਵੰਨਗੀਆਂ ਹਨ। ਪਰੰਤੂ ਸਤਿਆਵ੍ਰਤ ਸਭ ਮਰਿਯਾਦਾਵਾਂ ਦੇ ਖਿਲਾਫ ਚਲਾ ਜਾਂਦਾ ਹੈ। ਜੋ ਇਤਿਹਾਸ ਵਿੱਚ 'ਤ੍ਰਿਸ਼ੰਕੂ ਦੀ ਮਿਥ' 'ਤੇ ਆਧਾਰਿਤ ਹੈ। ਸਵਰਾਜਬੀਰ ਦੇ ਨਾਟਕ 'ਧਰਮ ਗੁਰੂ' ਵਿੱਚ ਸੱਤਿਆਵ੍ਰਤ ਇੱਕ ਬ੍ਰਾਹਮਣ ਕੰਨਿਆ ਨਾਲ ਪ੍ਰੇਮ ਵਿਆਹ ਕਰਾਉਣਾ ਚਾਹੁੰਦਾ ਹੈ। ਪ੍ਰੰਤੂ ਸਮਾਜ ਅਤੇ ਧਾਰਮ ਦੇ ਠੇਕੇਦਾਰਾਂ ਨੂੰ ਇਹ ਪਿਆਰ ਵਿਆਹ ਮਨਜ਼ੂਰ ਨਹੀਂ ਕਿਉਂਕਿ ਜਾਤੀ ਵਿਵਸਥਾ ਦੇ ਆਧਾਰ 'ਤੇ ਸਮਾਜਿਕ ਰਿਸ਼ਤਿਆਂ ਵਿੱਚ ਪ੍ਰੇਮ ਵਿਆਹ ਦੀ ਕੋਈ ਜਗ੍ਹਾ ਨਹੀਂ ਮੰਨੀ ਜਾਂਦੀ। ਪਰੰਤੂ ਸੱਤਿਆਵ੍ਰਤ ਪਿਤਾ ਅਤੇ ਜਾਤੀ ਬੰਧਨ ਖ਼ਿਲਾਫ਼ ਜਾ ਕੇ ਚਿੱਤਰਲੇਖਾ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਪਿਤਾ ਪ੍ਰਤੀ ਪੁੱਤਰ ਦੇ ਫਰਜ਼ਾਂ ਨੂੰ ਭੁੱਲ ਜਾਂਦਾ ਹੈ। ਆਪਣੇ ਪਿਤਾ ਦੇ ਹੁਕਮਾਂ/ ਆਦੇਸ਼ਾਂ ਦਾ ਪਾਲਣ ਸਤਿਕਾਰ ਨਾ ਕਰਨਾ ਅਤੇ ਬਾਗ਼ੀ ਹੋ ਜਾਣਾ ਆਦਿ ਵੇਰਵਿਆਂ ਰਾਹੀਂ ਨਾਟਕਕਾਰ ਨੇ ਆਧੁਨਿਕ ਸਮੇਂ ਵਿੱਚ ਟੁੱਟ ਰਹੇ ਰਿਸ਼ਤਿਆਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕੀਤੀ ਹੈ ਪਰ ਨਾਲ ਹੀ ਇਸ ਅਸਹਿਮਤੀ ਵਿੱਚ

ਕਾਰਜਸ਼ੀਲ ਜਾਤੀ ਬੰਧਨ ਦੇ ਵਿਧੀ ਵਿਧਾਨ ਉੱਪਰ ਧਿਆਨ ਕੇਂਦਰਿਤ ਕੀਤਾ ਹੈ। ਸੱਤਿਆਵ੍ਰਤ ਦਾ ਪਿਤਾ ਅਤੇ ਧਰਮ ਗੁਰੂ ਵਸ਼ਿਸ਼ਠ ਇਸ ਜਾਤੀ ਬਾਹਰੇ ਵਿਆਹ ਨੂੰ ਪਾਪ ਕਹਿ ਕੇ ਸੱਤਿਆਵ੍ਰਤ ਨੂੰ ਦੇਸ਼ ਨਿਕਾਲਾ ਦੇ ਦਿੰਦੇ ਹਨ। ਪੁੱਤਰ ਦੇ ਰਾਜ ਮਹਿਲ ਵਿੱਚੋਂ ਜਾਣ 'ਤੇ ਰਾਜਾ ਤ੍ਰਿਆਅਰੁਣ ਮਨ ਦੀ ਉਪਰਾਮਤਾ ਕਾਰਨ ਸਾਰਾ ਰਾਜਭਾਗ ਛੱਡ ਕੇ, ਧਰਮ ਗੁਰੂ ਨੂੰ ਉਸ ਦਾ ਉੱਤਰਾਧਿਕਾਰੀ ਬਣਾ ਕੇ, ਆਪ ਭਗਤੀ ਮਾਰਗ ਲਈ ਜੰਗਲਾਂ ਵੱਲ ਨੂੰ ਨਿਕਲ ਜਾਂਦਾ ਹੈ। ਨਾਟਕਕਾਰ ਨੇ ਇੱਥੇ ਪਿਤਾ ਅਤੇ ਪੁੱਤਰ ਦੇ ਸਨੇਹ ਭਰੇ ਰਿਸ਼ਤੇ ਦਾ ਪ੍ਰਗਟਾਵਾ ਕੀਤਾ ਹੈ।

**ਪਿਓ ਧੀ**

ਸਵਰਾਜਬੀਰ ਦੇ ਨਾਟਕਾਂ ਵਿੱਚ ਪਿਓ ਧੀ ਦੇ ਆਪਸੀ ਸਬੰਧ ਸੁਖਾਵੇਂ ਅਣਸੁਖਾਵੇਂ ਦੋਵੇਂ ਹੀ ਰਹੇ ਹਨ। 'ਧਰਮ ਗੁਰੂ' ਨਾਟਕ ਵਿੱਚ ਚਿੱਤਰਲੇਖਾ ਪ੍ਰੇਮ ਵਿਆਹ ਕਰਦੀ ਹੋਈ ਪਿਤਾ ਦੀ ਇੱਜ਼ਤ ਤੋਂ ਲਾਪਰਵਾਹ ਰਹਿੰਦੀ ਹੈ। 'ਲੋਕ ਕਾਵਿ ਰੂਪ 'ਸੁਹਾਗ' 'ਬੇਟੀ ਚੰਨਣ ਦੇ ਓਹਲੇ -ਓਹਲੇ ਕਿਉਂ ਖੜੀ' ਰਾਹੀਂ ਪੇਸ਼ ਹੋਇਆ ਕਾਵਿ ਬਿੰਬ ਪਿਓ ਧੀ ਦੇ ਰਿਸ਼ਤੇ ਦੀ ਸੱਭਿਆਚਾਰਕ ਤਸਵੀਰ ਪੇਸ਼ ਕਰਦਾ ਹੈ। ਪਰੰਤੂ ਮੇਦਨੀ' ਨਾਟਕ ਵਿੱਚ ਮਨਦੀਪ ਦਾ ਪਿਤਾ ਨਾਲ ਲਾਚਾਰ ਪਿਤਾ ਵਾਲਾ ਰਿਸ਼ਤਾ ਹੈ ਜੋ ਚਾਹੁੰਦਾ ਹੋਇਆ ਵੀ ਉਸਦਾ ਪ੍ਰੇਮ ਵਿਆਹ ਨਹੀਂ ਕਰਵਾ ਸਕਦਾ। 'ਸ਼ਾਇਰੀ' ਨਾਟਕ ਵਿੱਚ ਆਈਸਾਂ ਪਿਓ ਦੀ ਪੱਗ ਨੂੰ ਰੋਲਦੀ ਘੋੜਚਲੇ  ਨਾਲ ਭੱਜ ਜਾਂਦੀ ਹੈ। ਉਸ ਦਾ ਪਿਓ ਉਸ ਨਾਲ ਕੋਈ ਸਬੰਧ ਨਹੀਂ ਰੱਖਣਾ ਚਾਹੁੰਦਾ। 'ਅਗਨੀਕੁੰਡ' ਨਾਟਕ ਵਿੱਚ ਨਿਮਲ ਆਪਣੇ ਪਿਤਾ ਦੇ ਕੋਹੜ ਦੇ ਇਲਾਜ ਲਈ ਪਰਿਕਸ਼ਿਤ ਰਾਜ 'ਚੋਂ ਪਾਣੀ ਲੈਣ ਜਾਣ ਲਈ ਆਪਣਾ ਆਪਾ ਰਾਜੇ ਪਰਿਕਸ਼ਿਤ ਨੂੰ ਸੌਂਪ ਦਿੰਦੀ ਹੈ।  ਨਾਟਕ ਵਿੱਚ ਨਿਮਲ ਦੇਈ ਦੀ ਇੱਛਾ ਦੇ ਉਲਟ ਵਿਆਹ ਕਰਵਾਉਣ ਪਿੱਛੇ ਉਸਦੀ ਜ਼ਰੂਰਤ ਕੇਵਲ ਆਰਥਿਕ ਪੱਖ ਤੋਂ ਹੈ। ਵਿਆਹ ਕਰਵਾਉਣ ਉਪਰੰਤ ਉਸਨੂੰ ਪਿਤਾ ਕਬੀਲੇ ਵਿੱਚੋਂ ਸਦਾ ਲਈ ਸ਼ੇਕ ਦਿੱਤਾ ਜਾਂਦਾ ਹੈ। ਇੱਥੇ ਉਸਦੀ ਮਾਨਸਿਕਤਾ ਰਿਸ਼ਤਿਆਂ ਵਿੱਚ ਉਲਝ ਜਾਂਦੀ ਹੈ ਪਰੰਤੂ ਉਹ ਆਪਣੇ ਪਿਤਾ ਨੂੰ ਕੋਹੜ ਨਾਲ ਦਿਨ ਪ੍ਰਤੀ ਦਿਨ ਮਰਦਾ ਨਹੀਂ ਦੇਖ ਪਾਉਂਦੀ।

**ਮਾਂ -ਧੀ**

ਮਾਂ ਧੀ ਦੇ ਰਿਸ਼ਤੇ ਦੀ ਲੋਕ ਸਾਹਿਤ ਦੀਆਂ ਵੰਨਗੀਆਂ ਲੋਕ ਗੀਤ ਅਤੇ ਸੁਹਾਗ ਵਿੱਚ ਤਰਜ਼ਮਾਨੀ ਹੋਈ ਮਿਲਦੀ ਹੈ। ਡਾ. ਕਰਮਜੀਤ ਸਿੰਘ ਬੋਆਜ਼ ਦੇ ਹਵਾਲੇ ਨਾਲ ਲਿਖਦੇ ਹਨ ਕਿ ;

"ਬੋਆਜ਼ (Boas) ਕਹਿੰਦਾ ਹੈ ਕਿ ਤੁਸੀਂ ਮੈਨੂੰ ਕਿਸੇ ਇੱਕ ਜਾਤੀ ਦੇ ਲੋਕ ਗੀਤ ਦੇ ਦਿਓ ਮੈਂ ਤੁਹਾਨੂੰ ਉਸ ਜਾਤੀ ਦਾ ਸਮੁੱਚਾ ਸਭਿਆਚਾਰ ਉਸਾਰ ਦੇਵਾਂਗਾ। ਇਸ ਕਥਨ ਦਾ ਅਰਥ ਵੀ ਇਹੀ ਹੈ ਕਿ ਲੋਕ ਕਾਵਿ ਵਿੱਚ ਸੱਭਿਆਚਾਰ ਸਮੁੱਚਤਾ ਵਿੱਚ ਪ੍ਰਗਟ ਹੁੰਦਾ ਹੈ।"[6]

'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਲੋਕ ਗੀਤ ਅਨੁਸਾਰ ਮਾਂ ਧੀ ਦੀ ਇੱਕ ਗੱਲ ਹੁੰਦੀ ਹੈ। ਪਰੰਤੂ ਆਧੁਨਿਕ ਯੁੱਗ ਵਿੱਚ ਬੱਚਿਆਂ ਅਤੇ ਮਾਪਿਆਂ ਵਿੱਚ ਕਾਫ਼ੀ ਸੋਚ -ਅੰਤਰ ਪੈਦਾ ਹੋ ਗਿਆ ਹੈ। ਰਿਸ਼ਤੇ ਟੁੱਟਦੇ ਜਾ ਰਹੇ ਹਨ। 'ਮੇਦਨੀ' ਨਾਟਕ ਵਿੱਚ ਮਨਦੀਪ, ਹਰਮੀਤ ਨਾਮ ਦੇ ਮੁੰਡੇ, ਜੋ ਆਰਥਿਕ ਪੱਖੋਂ ਕਮਜ਼ੋਰ ਹੈ, ਨਾਲ ਪ੍ਰੇਮ ਕਰਦੀ ਹੈ। ਪਰ ਉਸਦੀ ਮਾਂ ਸੁਰਜੀਤ ਕੌਰ ਜੋ ਰਾਜਨੀਤੀ ਵਿੱਚ ਸੱਤਾ ਦੀਆਂ ਪੌੜੀਆਂ ਚੜਦੀ ਹੈ, ਨੂੰ ਇਹ ਰਿਸ਼ਤਾ ਮਨਜ਼ੂਰ ਨਹੀਂ।

ਮਨਦੀਪ ਦਾ ਸਮਾਜਿਕ ਮਰਿਯਾਦਾ ਦੇ ਵਿਰੁੱਧ ਚੁੱਕਿਆ ਕਦਮ ਕਿ 'ਉਹ ਅਣਵਿਆਹੀ ਮਾਂ ਬਣ ਜਾਂਦੀ ਹੈ।' ਉਸਦੀ ਮਾਂ ਨੂੰ ਆਪਣੇ ਰੁਤਬੇ ਦੇ ਖਿਲਾਫ਼ ਬਰਦਾਸ਼ਤ ਨਹੀਂ ਹੋਇਆ। ਉਹ ਉਸਨੂੰ ਅਤੇ ਉਸਦੇ ਅੰਦਰ ਪਲ ਰਹੇ ਬੱਚੇ ਦੋਨਾਂ ਨੂੰ ਮਰਵਾ ਦਿੰਦੀ ਹੈ।

'ਸ਼ਾਇਰੀ' ਨਾਟਕ ਵਿੱਚ ਆਈਸਾਂ ਜਦੋਂ ਸਮਾਜਿਕ ਮਰਿਆਦਾ ਦੀ ਉਲੰਘਣਾ ਕਰਦੀ ਹੋਈ ਨੈਤਿਕਤਾ ਦੀਆਂ ਧੱਜੀਆਂ ਉਡਾਉਂਦੀ ਹੋਈ, ਆਪਣੇ ਪਿਤਾ ਦੀ ਪੱਗ ਨੂੰ ਵੱਟਾ ਲਾ ਕੇ ਰਹਿਮਤ ਅਲੀ ਨਾਲ ਘਰੋਂ ਦੌੜ ਜਾਂਦੀ ਹੈ। ਫਿਰ ਜਦੋਂ ਆਈਸਾਂ ਕੁਝ ਸਾਲਾਂ ਬਾਅਦ ਵਾਪਸ ਆਉਂਦੀ ਹੈ ਤਾਂ ਉਸ ਦਾ ਪਿਉ ਭਰਾ ਅਤੇ ਇੱਥੋਂ ਤੱਕ ਕਿ ਅੰਮੀ ਵੀ ਉਸ ਤੋਂ ਮੂੰਹ ਮੋੜ ਲੈਂਦੇ ਹਨ। ਸਵਰਾਜਬੀਰ ਇਸ ਸਥਿਤੀ ਨੂੰ ਲੋਕਧਾਰਾ ਦੀ ਰੀਤਾਂ ਰਸਮਾਂ ਵਿੱਚਲੀ ਵਿਆਹ ਦੀ ਵਿਦਾਈ ਦੀ ਰਸਮ ਦੇ ਰੂਪਾਂਤਰਨ ਰਾਹੀਂ ਪੇਸ਼ ਕਰਦਾ ਹੈ। ਜਿਸ ਵਿੱਚ ਉਸ ਦੀ ਵਿਦਾਈ ਗੁੱਸੇ ਦੀ ਭਾਵਨਾ ਤਹਿਤ ਹੁੰਦੀ ਹੈ ਨਾ ਕਿ ਰਸਮ ਦੀ ਭਾਵਨਾ ਅਧੀਨ।

ਚੜ ਵੇ ਚੰਨਾ ਤੇ ਕਰ ਚਾਨਣ
ਧੀ ਵਾਪਸ ਘਰ ਆਈ
ਮਾਂ ਨਾ ਪਛਾਣੇ ਪਿਓ ਮੂੰਹ ਫੇਰੇ
ਨਾ ਪਛਾਨਣ ਭਾਈ[7]

ਇਸ ਤਰ੍ਹਾਂ ਸਵਰਾਜਬੀਰ ਮਾਂ ਧੀ ਦੇ ਮੋਹ ਭਰੇ ਰਿਸ਼ਤੇ ਨੂੰ ਆਧੁਨਿਕ ਸਮੇਂ ਵਿੱਚ ਦਵੰਦਾਤਮਕ ਰੂਪ ਵਿੱਚ ਪੇਸ਼ ਕਰਦਾ ਹੈ।

**ਮਾਂ ਪੁੱਤ**

ਪੰਜਾਬੀ ਸੱਭਿਆਚਾਰ/ ਸਮਾਜ ਵਿੱਚ ਮਾਂ ਪੁੱਤ ਦਾ ਰਿਸ਼ਤਾ ਅਤਿ ਹੀ ਭਾਵਕ ਅਤੇ ਸਨੇਹ ਗ੍ਰਸਤ ਹੋਣ ਕਾਰਨ ਮਹੱਤਤਾ ਦਾ ਧਾਰਨੀ ਰਿਹਾ ਹੈ। ਮਾਂ ਪੁੱਤ ਵਿਚਕਾਰ ਰਿਸ਼ਤਾ ਪਿਓ ਦੇ ਮੁਕਾਬਲਤਨ ਜ਼ਿਆਦਾ ਸੁਖਾਵਾਂ ਹੁੰਦਾ ਹੈ। ਸਵਰਾਜਬੀਰ ਦੇ ਲਗਭਗ ਸਾਰੇ ਨਾਟਕਾਂ ਵਿੱਚ ਮਾਂ ਪੁੱਤ ਦੇ ਰਿਸ਼ਤੇ ਦੀ ਬਾਖ਼ੂਬੀ ਪੇਸ਼ਕਾਰੀ ਹੋਈ ਹੈ। 'ਕ੍ਰਿਸ਼ਨ' ਨਾਟਕ ਵਿੱਚ ਮਾਂ ਅਤੇ ਪੁੱਤਰ ਦੇ ਸਨੇਹ ਭਰੇ ਰਿਸ਼ਤੇ ਦੀ ਪੇਸ਼ਕਾਰੀ ਰੁਕਮਨੀ ਰਾਹੀਂ ਹੁੰਦੀ ਹੈ। ਰੁਕਮਣੀ ਲਾਲਚ ਅਤੇ ਪਿਆਰ ਦੀ ਲਾਲਸਾ ਵੱਸ ਆਪਣੇ ਪੁੱਤਰ ਪ੍ਰਦੁਮਨ ਨੂੰ ਰਾਜ ਸਿੰਘਾਸਨ 'ਤੇ ਬਿਠਾਉਣ ਦੀ ਮੰਗ ਕਰਦੀ ਹੈ। ਭਾਰਤੀ

ਮਿਥਿਹਾਸ ਵਿੱਚ ਪਈ ਕ੍ਰਿਸ਼ਨ ਦੀ ਮਿੱਥ ਦੇ ਇਸ ਪੁਰਾਤਨ ਭਾਰਤੀ ਪ੍ਰਸੰਗ ਰਾਹੀਂ ਸਵਰਾਜਬੀਰ ਆਧੁਨਿਕ ਸਮੇਂ ਦੀ ਰਾਜਨੀਤੀ ਉੱਪਰ ਵਿਅੰਗ ਕਰਦਾ ਹੈ। ਜੋ ਭਾਈ- ਭਤੀਜਾਵਾਦ ਜਿਹੀਆਂ ਕੁਰੀਤੀਆਂ ਰਾਹੀਂ ਸਾਹਮਣੇ ਆਉਂਦੀ ਹੈ।

'ਮੱਸਿਆ ਦੀ ਰਾਤ' ਨਾਟਕ ਵਿੱਚ ਪੁੱਤਰ ਮੋਹ ਦੀ ਅਸੀਮ ਇੱਛਾ ਦਾ ਜ਼ਾਹਿਰ ਹੈ। ਨਾਟਕ ਦਾ ਕੇਂਦਰੀ ਧੁਰਾ ਹੀ ਪੁੱਤਰ ਪ੍ਰਾਪਤੀ ਹੈ। ਨਾਟਕ ਵਿੱਚ ਚੰਨੋ ਦਾ ਪੁੱਤਰ ਮੋਹ ਕੁਦਰਤੀ ਨਾ ਹੋ ਕੇ ਸਮਾਜਿਕ/ ਪਰਿਵਾਰਿਕ ਸਵੈ- ਪਛਾਣ ਦਾ ਮਸਲਾ ਬਣ ਜਾਂਦਾ ਹੈ। ਪੁੱਤਰ ਨੂੰ ਜਨਮ ਨਾ ਦੇ ਸਕਣ ਕਾਰਨ ਉਹ ਸੋਹਰੇ ਘਰ ਵਿੱਚ ਬੇਅਦਬੀ ਦਾ ਸ਼ਿਕਾਰ ਹੁੰਦੀ ਹੈ। ਨਾਟਕ ਵਿਚਲੀ ਪੀਢੀ ਗੰਢ ਜੋ ਚੰਨੋ ਰਾਹੀਂ ਉਜਾਗਰ ਹੁੰਦੀ ਹੈ ਕਿ ਉਹ ਪੁੱਤਰ ਪ੍ਰਾਪਤੀ ਲਈ ਕਿਸੇ ਵੀ ਹਾਲਤ ਵਿੱਚ ਆਪਣੀਆਂ ਧੀਆਂ ਨੂੰ ਹਾਨੀ ਨਹੀਂ ਪਹੁੰਚਾਉਂਦੀ ਅਤੇ ਨਾ ਹੀ ਨਵ -ਜੰਮੀ ਬੱਚੀ ਨੂੰ ਮਾਰਨ ਲਈ ਹਾਮੀ ਭਰਦੀ ਹੈ। ਇਹ ਪ੍ਰਾਪਤੀ ਵੀ ਉਹ ਕਿਸੇ ਦੂਜੇ ਦੇ ਨਰ ਬੱਚੇ ਦੀ ਬਲੀ ਦੇ ਕੇ ਹੀ ਕਰਨਾ ਚਾਹੁੰਦੀ ਹੈ।

' ਕੱਲਰ' ਨਾਟਕ ਵਿੱਚ ਵੀ ਮਨਜੀਤ ਕੌਰ ਆਪਣੇ ਧੀਆਂ ਪੁੱਤਾਂ ਪ੍ਰਤੀ ਪੂਰਾ ਸਨੇਹ ਅਤੇ ਲਾਡ ਪਿਆਰ ਜਤਾਉਂਦੀ ਹੈ।ਦਲਬੀਰ ਜਦੋਂ ਬਾਹਰ ਚਲਿਆ ਜਾਂਦਾ ਹੈ ਤਾਂ ਉਹ ਹਰ ਸਮੇਂ ਪੁੱਤਰ ਦੀ ਯਾਦ ਵਿੱਚ ਰਹਿੰਦੀ ਹੈ। ਉਹ ਜਾਗਦੇ ਅਤੇ ਸੁਪਨੇ ਵਿੱਚ ਵੀ ਉਸਦੀਆਂ ਘੋੜੀਆਂ ਗਾਉਂਦੀ ਰਹਿੰਦੀ ਹੈ। ਲੋਕਧਾਰਾ ਦੇ ਕਾਵਿ ਰੂਪ ਘੋੜੀਆਂ ਰਾਹੀਂ ਨਾਟਕ ਵਿੱਚ ਕਈ ਥਾਈ ਮਾਂ ਦਾ ਪੁੱਤਰ ਪ੍ਰਤੀ ਸਨੇਹ ਅੱਤ ਦਾ ਜ਼ਾਹਿਰ ਕੀਤਾ ਗਿਆ ਹੈ। 'ਅਗਨੀਕੁੰਡ' ਨਾਟਕ ਵਿੱਚ ਮਾਂ ਪੁੱਤ ਦੇ ਇਸ ਰਿਸ਼ਤੇ ਦੀ ਪੇਸ਼ਕਾਰੀ ਅਸਤਿਤਵਵਾਦ ਉਲਝਣਾਂ ਵਿੱਚ ਘਿਰੀ ਦਿਸਦੀ ਹੈ। ਜਨਮੇਜਯ ਆਰੀਆ ਪਿਤਾ ਅਤੇ ਨਾਗ ਮਾਤਾ ਦੀ ਸੰਤਾਨ ਦੇ ਦਵੰਦ ਵਜੋਂ ਮਾਨਸਿਕਤਾ ਦੇ ਅਗਨੀਕੁੰਡ ਵਿੱਚ ਸਹਿਕ ਰਿਹਾ ਹੈ। ਉਹ ਕਬਾਇਲੀ /ਅਣ-ਆਰੀਆ ਜੀਵਨ ਜਾਚ ਨੂੰ ਨਾ ਸਹਾਰਦਾ ਹੋਇਆ ਨਾਗ ਮਾਤਾ ਨਿਮਲ ਦੇਈ ਨੂੰ ਮਾਂ ਮੰਨਣ ਤੋਂ ਇਨਕਾਰੀ ਹੁੰਦਾ ਹੈ। ਮਾਨਸਿਕ ਦਵੰਦ ਵਿੱਚ ਫਸਿਆ ਉਹ ਆਪਣੀ ਮਾਂ ਨਿਮਲ ਦੇਈ ਨੂੰ ਮਾਰਨ ਦੀ ਮਨੋਦਸ਼ਾ ਘੜ ਲੈਂਦਾ ਹੈ। ਪਰੰਤੂ ਫਿਰ ਵੀ ਇਕ ਮਾਂ ਦਾ ਪਿਆਰ ਅਤੇ ਉਲਾਰ ਉਸਦੀ ਅਜਿਹੀ ਸੋਚ ਅੱਗੇ ਭਾਰੀ ਪੈ ਜਾਂਦਾ ਹੈ ਅਤੇ ਉਹ ਆਪਣਾ ਇਰਾਦਾ ਬਦਲ ਦਿੰਦਾ ਹੈ।

**ਦਿਓਰ / ਭਰਜਾਈ**

ਲੋਕ ਕਾਵਿ ਰੂਪਾਂ ਵਿੱਚ ਦਿਓਰ ਭਰਜਾਈ ਦੇ ਰਿਸ਼ਤੇ ਨੂੰ ਪੇਸ਼ ਕਰਦੇ ਕਈ ਲੋਕ ਗੀਤ ਮਿਲਦੇ ਹਨ। 'ਮੱਸਿਆ ਦੀ ਰਾਤ' ਨਾਟਕ ਵਿੱਚ ਚੰਨੋ ਦਾ ਦਿਓਰ ਬਲਕਾਰ ਉਸ ਨੂੰ ਪੁੱਤ ਜੰਮਣ ਵਾਲੀ ਮਾਨਸਿਕ ਦੁਵਿਧਾ ਵਿੱਚੋਂ ਕੱਢਣਾ ਚਾਹੁੰਦਾ ਹੈ। ਬਲਕਾਰ ਆਧੁਨਿਕਤਾ ਦੀ ਗੱਲ ਕਰਦਾ ਕੁੜੀ ਮੁੰਡੇ ਦੇ ਅੰਤਰ ਨੂੰ ਖ਼ਤਮ ਕਰਦਾ ਹੋਇਆ ਦੱਸਦਾ ਹੈ।

ਬਲਕਾਰ: ਲੈ ਭਾਬੀ ਤੂੰ ਕੀ ਸੋਚਣ ਡਹੀ ਐ... ਅੱਜ ਕੱਲ ਕੋਈ ਫ਼ਰਕ ਨਈ ਕੁੜੀਆਂ ਤੇ ਮੁੰਡਿਆਂ 'ਚ ...ਭਾਬੀ ਜ਼ਮਾਨਾ ਬਦਲ ਗਿਐ ...ਹੁਣ ਨਈਓ ਕੋਈ ਫ਼ਰਕ ਕਰਦਾ।[8]

'ਹੱਕ' ਨਾਟਕ ਵਿੱਚ ਬਚਨੇ ਅਤੇ ਦੀਪੂ ਦੇ ਦਿਓਰ ਭਰਜਾਈ ਦੇ ਰਿਸ਼ਤੇ ਦੀ ਬਾਖ਼ੂਬੀ ਪੇਸ਼ਕਾਰੀ ਹੁੰਦੀ ਹੈ। ਉਹ ਦੀਪੋ ਨੂੰ ਬੱਚਾ ਪੈਦਾ ਕਰਨ ਲਈ ਬੀਰੇ ਸ਼ਾਹ ਤੋਂ ਤਵੀਤ ਵੀ ਕਰਵਾ ਕੇ ਦਿੰਦਾ ਹੈ। ਤਵੀਤ ਲੋਕ ਵਿਸ਼ਵਾਸ ਦੇ ਅੰਤਰਗਤ ਜਾਦੂ ਟੂਣਾ ਤੇ ਅਧੀਨ ਆਉਂਦੀ ਪ੍ਰਕਿਰਿਆ ਹੈ। ਜਿਸ ਉੱਤੇ ਲੋਕ ਮਨ ਦਾ ਵਿਸ਼ਵਾਸ ਹੁੰਦਾ ਹੈ ਕਿ ਤਵੀਤ ਪਾਉਣ ਨਾਲ ਕੋਈ ਵੀ ਬਿਮਾਰੀ ਦੂਰ ਹੋ ਜਾਂਦੀ ਹੈ।

**ਨੂੰਹ ਸੱਸ / ਧੀ ਜਵਾਈ**

ਸੱਸ ਅਤੇ ਨੂੰਹ ਦਾ ਰਿਸ਼ਤਾ ਤਨਾਓ ਗ੍ਰਸਤ ਹੀ ਰਿਹਾ ਹੈ। 'ਮੱਸਿਆ ਦੀ ਰਾਤ' ਨਾਟਕ ਵਿੱਚ ਤੇਜ ਕੌਰ (ਸੱਸ ) ਦਾ ਚੰਨੋ (ਨੂੰਹ) ਨੂੰ ਮਾੜਾ ਕਹਿਣਾ ਅਤੇ ਪੁੱਤ ਨਾ ਜੰਮਣ ਕਰਕੇ ਮੇਹਣੇ ਮਾਰਨੇ, ਸੱਸ ਦੇ ਈਰਖਾਲੂ ਸੁਭਾਅ ਦੀ ਪੇਸ਼ਕਾਰੀ ਹੈ। ਲੋਕਧਰਮ ਅਨੁਸਾਰ ਪੁੰਨ -ਪਾਪ ਦੇ ਵਿਸ਼ਵਾਸ ਸਬੰਧੀ ਇਹ ਧਾਰਨਾ ਬਣਾਈ ਜਾਂਦੀ ਹੈ ਕਿ ਜਦੋਂ ਮਨੁੱਖ ਬੁਰੇ ਕਰਮ ਕਰਦਾ ਹੈ ਤਾਂ ਪਾਪ, ਚੰਗੇ ਕਰਮ ਕਰਦਾ ਹੈ ਤਾਂ ਪੁੰਨ ਮਿਲਦਾ ਹੈ । ਪਰ ਤੇਜ਼ ਕੋਰ ਆਪਣੀ ਨੂੰਹ ਘਰ ਤੀਜੀ ਵਾਰ ਕੁੜੀ ਜੰਮਣ ਨੂੰ ਆਪਣੇ ਕਰਮਾਂ ਦਾ ਮਾੜਾ ਮੰਨਦੀ ਹੈ। ਜੋ ਧੀ ਜੰਮਣ ਵੇਲੇ ਦੀ ਤ੍ਰਾਸਦਿਕ ਭਾਵਨਾ ਹੈ।

ਤੇਜ ਕੌਰ : (ਪਿੱਟਦੀ ਹੋਈ) ਮਿਹਰ ਕਿੱਥੇ! ਇਸ ਵਿਹੜੇ ਮਿਹਰ ਨਹੀਂ ਹੋਣੀ! ਭਾਗ ਫੁੱਟ ਗਏ! ਹਾਏ ਨੀ ਕੁਲਹਿਣੀ ਨੇ ਮਾਰ ਸੁੱਟਿਆ ਨੀ ਕਿਸੇ ਜੋਗਾ ਨਹੀਂ ਛੱਡਿਆ! ਇੱਕ ਪੱਥਰ ਹੋਰ ਜੰਮ ਸੁੱਟਿਆ ਨੀ ਸਾਡੇ ਵੇਹੜੇ ਫੁੱਲ ਕਿਉਂ ਨਹੀਂ ਖਿੜਿਆ! ਹਾਏ ਪੁੱਤ ਹੁਣ ਕੀ ਹੋਵੇਗਾ।[9]

'ਕੱਲਰ' ਨਾਟਕ ਵਿੱਚ ਧੀ ਜਵਾਈ ਦੇ ਰਿਸ਼ਤੇ ਦੀ ਪੇਸ਼ਕਾਰੀ ਮਾਣ ਸਤਿਕਾਰ ਵਾਲੀ ਹੈ। ਮਨਜੀਤ ਕੌਰ ਦੀ ਧੀ- ਜਵਾਈ ਸੋਹਰੇ ਘਰ ਵਾਸਤੇ ਮਾਂ ਪਿਓ ਕੋਲੋਂ ਪੈਸੇ ਦੀ ਮੰਗ ਕਰਦੇ ਹਨ ਤਾਂ ਮਾਪੇ ਉਸਨੂੰ ਹਰ ਹਾਲਤ ਵਿੱਚ ਪੈਸੇ ਲਿਆ ਕੇ ਦਿੰਦੇ ਹਨ । ਫਿਰ ਚਾਹੇ ਉਹ ਆਪ ਆਰਥਿਕ ਪੱਖੋਂ ਕਿੰਨੇ ਵੀ ਦੁਖੀ ਹੋਣ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਸਵਰਾਜਬੀਰ ਦੇ ਨਾਟਕਾਂ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਦੀਆਂ ਵਿਭਿੰਨ ਪਰਤਾਂ ਨੂੰ ਦੇਖਿਆ ਜਾ ਸਕਦਾ ਹੈ। ਨਾਟਕਾਂ ਵਿੱਚ ਵੱਖੋ- ਵੱਖਰੇ ਰਿਸ਼ਤੇ ਕਿਧਰੇ ਮਰਿਯਾਦਾਵਾਂ ਅਤੇ ਪਰੰਪਰਕ ਕਦਰਾਂ ਕੀਮਤਾਂ ਨੂੰ ਨਿਭਾਉਂਦੇ ਨਜ਼ਰੀ ਪੈਂਦੇ ਹਨ ਅਤੇ ਕਿਧਰੇ ਸਵੈ ਮਲਕੀਅਤ ਦੀ ਸੋੜੀ ਸੋਚ ਅਧੀਨ ਪਰਵਰਤਿਤ ਅਤੇ ਟੁੱਟਦੇ ਪ੍ਰਤੀਤ ਹੁੰਦੇ ਹਨ। ਪੁਰਾਤਨ ਭਾਰਤੀ ਪਰੰਪਰਾ ਰਾਹੀਂ ਰਿਸ਼ਤਿਆਂ ਦੀ ਆਧੁਨਿਕ ਪ੍ਰਸੰਗ ਵਿੱਚ ਪੇਸ਼ਕਾਰੀ ਹੋਈ ਹੈ। ਸਵਰਾਜਬੀਰ ਦੇ ਨਾਟਕਾਂ ਦਾ ਹਰ ਰਿਸ਼ਤਾ ਸਵੈ -ਸੁਤੰਤਰ ਹੋ ਕੇ ਜਿਉਣਾ ਚਾਹੁੰਦਾ ਹੈ ਪਰ

ਉਹ ਸੁਤੰਤਰਤਾ ਸਵੈਮਾਣ /ਪਛਾਣ ਨਾਲ ਜੁੜੀ ਹੋਈ ਹੈ ਜੋ ਮਨਦੀਪ (ਮੇਦਨੀ), ਆਈਸਾਂ (ਸ਼ਾਇਰੀ) ਰਾਹੀਂ ਉਜਾਗਰ ਹੁੰਦੀ ਹੈ। ਵਿਸ਼ਵੀਕਰਨ ਦੀ ਲਪੇਟ ਵਿੱਚ ਆਏ ਰਿਸ਼ਤੇ ਖੁਰਦੇ ਜਾ ਰਹੇ ਹਨ। ਜਿਸਨੇ ਵਿਅਕਤੀ ਨੂੰ ਪਦਾਰਥਵਾਦੀ ਬਣਾ ਦਿੱਤਾ ਹੈ। ਭਾਈ- ਭਤੀਜਾਵਾਦ ਅਤੇ ਜਾਤੀਵਾਦ ਜਿਹੀਆਂ ਰਾਜਨੀਤਿਕ ਅਤੇ ਸਮਾਜਿਕ ਕੁਰੀਤੀਆਂ ਦੀ ਤਸਵੀਰ ਪੇਸ਼ ਹੋਈ ਹੈ। ਸਵਰਾਜਬੀਰ ਰਿਸ਼ਤਾ ਨਾਤਾ ਪ੍ਰਬੰਧ ਵਿੱਚਲੇ ਮਾਂ ਪਿਓ ਅਤੇ ਧੀ ਦੇ ਰਿਸ਼ਤੇ ਦੀ ਪੇਸ਼ਕਾਰੀ ਲਈ ਸਮਾਜਿਕ ਵਿਆਹ ਸਬੰਧੀ ਵਿਦਾਈ ਦੀ ਰਸਮ ਦਾ ਰੂਪਾਂਤਰਣ ਕਰਦਾ ਹੋਇਆ ਅਜੋਕੇ ਯੁੱਗ ਦੇ ਯਥਾਰਥ ਨੂੰ ਪੇਸ਼ ਕਰਦਾ ਹੈ। ਸਵਰਾਜਬੀਰ ਵਰਤਮਾਨ ਪ੍ਰਸੰਗ ਵਿੱਚ ਲੋਕ ਮਨ ਵਿੱਚ ਵਸੇ ਪਾਪ/ ਪੁੰਨ ਦੇ ਵਿਸ਼ਵਾਸ ਜੋ ਧਾਰਮਿਕ ਕੋਡ ਦੇ ਨਾਂ ਵਜੋਂ ਸਮਾਜਿਕ ਸੱਭਿਆਚਾਰਕ ਕਦਰਾਂ ਸਿਰਜਦੇ ਹਨ । ਜੋ ਅੱਗੋਂ ਜਾਤੀ ਵੰਡ ਵਿੱਚ ਅਨੁਸ਼ਾਸਿਤ ਅਤੇ ਨਿਰਦੇਸ਼ਿਤ ਹੋ ਰਿਹਾ ਹੈ। ਧਾਰਮਿਕ ਪੁੰਨ ਜਾਤੀ ਅਤੇ ਜਮਾਤੀ ਸੋਚ ਦਾ ਹਿੱਸਾ ਬਣ ਰਿਹਾ ਹੈ। ਇਨਸਾਨੀਅਤ/ਭਾਈਚਾਰਕ ਸਾਂਝ ਸੰਦੇਸ਼ ਸਿਰਜਦਾ ਉਹ ਸੱਥ ਦੀ ਜੁਗਤ ਦੀ ਵਰਤੋ ਕਰਦਾ ਹੈ। ਜਿੱਥੇ ਬੈਠ ਕੇ ਲੋਕ ਆਪਣੇ ਮਨੋਭਾਵਾਂ ਦੀ ਤਰਜ਼ਮਾਨੀ ਕਰਕੇ ਸਾਂਝ ਦਾ ਸੰਦੇਸ਼ ਦਿੰਦੇ ਹਨ।ਉਹ ਵਿਅੰਗਾਤਮਕ ਨਾਟਕੀ ਜੁਗਤ ਦੀ ਵਰਤੋਂ ਕਰਦਾ ਕਈ ਰਿਸ਼ਤਿਆਂ 'ਤੇ ਤਨਜ਼ ਵੀ ਕਸਦਾ ਹੈ। ਨਾਟਕ ਵਿੱਚ ਰਿਸ਼ਤਿਆਂ ਦੀ ਪੇਸ਼ਕਾਰੀ ਸੰਗੀਤ ਦੀਆਂ ਧੁਨਾਂ ਨੂੰ ਲੋਕਧਾਰਾ ਦੇ ਆਧਾਰਿਤ ਧੁਨਾਂ 'ਤੇ ਸਿਰਜਣ ਦੀ ਵਿਧੀ ਦੀ ਵਰਤੋਂ ਕਰਦਾ ਹੈ। ਸਮੁੱਚੇ ਤੌਰ 'ਤੇ ਸਵਰਾਜਬੀਰ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਰਿਸ਼ਤਿਆਂ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਦਾ ਹੈ ਅਤੇ ਉਸ ਦੇ ਨਾਟਕਾਂ ਵਿੱਚ ਸਮੁੱਚਾ ਰਿਸ਼ਤਾ ਨਾਤਾ ਪ੍ਰਬੰਧ ਬਹੁ ਪਰਤੀ ਅਤੇ ਬਹੁ ਦਿਸ਼ਾਵੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਤੀਜੀ ਵਾਰ 2014, ਪੰਨਾ 220
2. Dictionary of Anthropology, Charles Winick, Littlefield , Adams and Co., Totowa, New Jersey,1972,P-302
3. ਡਾ. ਜਸਵਿੰਦਰ ਸਿੰਘ,ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ ,ਗਰੇਸ਼ੀਅਸ ਬੁੱਕਸ, ਪਟਿਆਲਾ, ਤੀਜੀ ਵਾਰ 2014, ਪੰਨਾ 30
4. ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰਸਟ,ਦਿੱਲੀ, 1971, ਪੰਨਾ 81
5. ਡਾ. ਜਸਵਿੰਦਰ ਸਿੰਘ, ਸੱਭਿਆਚਾਰ ਅਤੇ ਕਿੱਸਾ ਕਾਵਿ, ਗਰੇਸ਼ੀਅਸ ਬੁੱਕਸ, ਪਟਿਆਲਾ, 2017, ਪੰਨਾ 121
6. ਡਾ. ਜਸਵਿੰਦਰ ਸਿੰਘ, ਸੱਭਿਆਚਾਰ ਅਤੇ ਕਿੱਸਾ ਕਾਵਿ, ਉਹੀ, ਪੰਨਾ 126

7. ਡਾ. ਕਰਮਜੀਤ ਸਿੰਘ, ਪੰਜਾਬੀ ਲੋਕਧਾਰਾ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ ,2012, ਪੰਨਾ 61
8. ਸਵਰਾਜਬੀਰ, ਸ਼ਾਇਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ 65
9. ਸਵਰਾਜਬੀਰ, ਮੱਸਿਆ ਦੀ ਰਾਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015, ਪੰਨਾ 29

# ਆਦਮੀ ਅਤੇ ਆਤਮ ਹੱਤਿਆ ਦਾ ਸੰਕਲਪ
## (ਪੱਛਮੀ ਦਰਸ਼ਨ ਦੇ ਸੰਦਰਭ ਵਿੱਚ)

❑ ਨਰਿੰਦਰ ਕੌਰ

ਆਤਮ ਹੱਤਿਆ ਦੀਆਂ ਕਿਸਮਾਂ ਦਾ ਵਿਸ਼ਲੇਸ਼ਣ ਬਹੁਤ ਸਾਰੇ ਸਮਾਜਾਂ ਅਤੇ ਸੱਭਿਆਚਾਰਾਂ ਉੱਤੇ ਇਕੱਠੇ ਕੀਤੇ ਗਏ ਜਨਤਕ ਅੰਕੜਿਆਂ ਦੇ ਵਿਸ਼ਲੇਸ਼ਣ ਦੇ ਅਧਾਰ ਉੱਤੇ, ਦੁਰਖੇਮ ਨੇ ਆਤਮ ਹੱਤਿਆ ਦੀਆਂ ਤਿੰਨ ਬੁਨਿਆਦੀ ਕਿਸਮਾਂ ਦੀ ਪਛਾਣ ਕੀਤੀਃ hv-ਹੰਕਾਰੀ ਆਤਮ ਹੱਤਿਆਃ- ਹੰਕਾਰੀ ਆਤਮ ਹੱਤਿਆ ਵਿਅਕਤੀ ਦੇ ਆਪਣੇ ਸਮਾਜਿਕ ਸਮੂਹ ਵਿੱਚ ਏਕੀਕਰਣ ਦੀ ਘਾਟ ਦੇ ਨਤੀਜੇ ਵਜੋਂ ਹੁੰਦੀ ਹੈ। ਦੁਰਖੇਮ ਨੇ ਵਿਅਕਤੀਆਂ ਦੇ ਆਪਣੇ ਧਰਮ, ਪਰਿਵਾਰ, ਰਾਜਨੀਤਿਕ ਅਤੇ ਰਾਸ਼ਟਰੀ ਭਾਈਚਾਰਿਆਂ ਵਿੱਚ ਏਕੀਕਰਣ ਦੀਆਂ ਵੱਖ-ਵੱਖ ਡਿਗਰੀਆਂ ਦਾ ਅਧਿਐਨ ਕੀਤਾ ਅਤੇ ਪਾਇਆ ਕਿ ਸ਼ਕਤੀਆਂ ਵਿਅਕਤੀਆਂ ਨੂੰ ਉਨ੍ਹਾਂ ਦੇ ਆਪਣੇ ਸਰੋਤਾਂ ਉੱਤੇ ਸੁੱਟਦੀਆਂ ਹਨ। ਸਰੋਤ, ਸਮਾਜ ਵਿੱਚ ਆਤਮ ਹੱਤਿਆ ਦੀ ਦਰ ਜਿੰਨੀ ਵੱਧ ਹੋਵੇਗੀ। ਉਦਾਹਰਨ ਲਈ, ਨਸਲ ਅਤੇ ਰਾਸ਼ਟਰੀਅਤਾ ਦੀ ਪਰਵਾਹ ਕੀਤੇ ਬਿਨਾਂ, ਕੈਥੋਲਿਕ ਪ੍ਰੋਟੈਸਟੈਂਟਾਂ ਨਾਲੋਂ ਬਹੁਤ ਘੱਟ ਆਤਮ ਹੱਤਿਆਵਾਂ ਦਿਖਾਉਂਦੇ ਹਨ। ਇਹ ਇਸ ਲਈ ਹੈ ਕਿਉਂਕਿ, ਜਦੋਂ ਕਿ ਦੋਵੇਂ ਧਰਮ ਆਤਮ ਹੱਤਿਆ ਦੀ ਮਨਾਹੀ ਕਰਦੇ ਹਨ, ਕੈਥੋਲਿਕ ਧਰਮ ਆਪਣੇ ਮੈਂਬਰਾਂ ਨੂੰ ਆਪਣੇ ਸਮੂਹ ਵਿੱਚ ਵਧੇਰੇ ਪੂਰੀ ਤਰ੍ਹਾਂ ਏਕੀਕ੍ਰਿਤ ਕਰਨ ਦੇ ਯੋਗ ਹੈ। ਪ੍ਰੋਟੈਸਟੈਂਟਵਾਦ ਸੁਤੰਤਰ ਪੁੱਛਗਿੱਛ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ, ਮਹਾਨ ਵਿਅਕਤੀਗਤ ਆਜ਼ਾਦੀ ਦੀ ਆਗਿਆ ਦਿੰਦਾ ਹੈ, ਮਤਭੇਦ ਨੂੰ ਵਧਾਉਂਦਾ ਹੈ, ਲੜੀਵਾਰ ਸੰਗਠਨਾਂ ਦੀ ਘਾਟ ਹੈ ਅਤੇ ਇਸ ਵਿੱਚ ਘੱਟ ਆਮ ਵਿਸ਼ਵਾਸ ਅਤੇ ਅਭਿਆਸਾਂ ਹਨ। ਦੂਜੇ ਪਾਸੇ ਕੈਥੋਲਿਕ ਧਰਮ ਇੱਕ ਆਦਰਸ਼ਵਾਦੀ ਹੈ। ਅਧਿਕਾਰ ਦੀ ਪ੍ਰਣਾਲੀ ਅਤੇ ਭਿੰਨਤਾ ਨੂੰ ਰੋਕਦੀ ਹੈ। ਇਸ ਤਰ੍ਹਾਂ, "ਆਤਮ ਹੱਤਿਆ ਦੇ ਸੰਬੰਧ ਵਿੱਚ ਪ੍ਰੋਟੈਸਟੈਂਟਵਾਦ ਦੀ ਉੱਤਮਤਾ ਕੈਥੋਲਿਕ ਚਰਚ ਨਾਲੋਂ ਘੱਟ ਮਜ਼ਬੂਤੀ ਨਾਲ ਏਕੀਕ੍ਰਿਤ ਚਰਚ ਹੋਣ ਦੇ ਨਤੀਜੇ ਵਜੋਂ ਹੈ।" ਇਸ ਸਿੱਟੇ ਦੀ ਪੁਸ਼ਟੀ ਪ੍ਰੋਟੈਸਟੈਂਟ ਦੇਸ਼ ਇੰਗਲੈਂਡ ਦੇ ਮਾਮਲੇ ਦੁਆਰਾ ਕੀਤੀ ਗਈ ਹੈ, ਜਿੱਥੇ ਆਤਮ ਹੱਤਿਆ ਦੀ ਦਰ ਕਿਸੇ ਵੀ ਕੈਥੋਲਿਕ ਦੇਸ਼ ਨਾਲੋਂ ਵੱਧ ਹੈ। ਇਸ ਤਰ੍ਹਾਂ ਦੁਰਖੇਮ ਦਾ ਤਰਕ ਹੈ ਕਿ ਐਂਗਲੀਅਨ ਚਰਚ ਹੋਰ ਪ੍ਰੋਟੈਸਟੈਂਟ ਚਰਚਾਂ ਨਾਲੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਢੰਗ ਨਾਲ ਏਕੀਕ੍ਰਿਤ ਹੈ, ਇਸ ਲਈ ਸਿਰਫ ਪ੍ਰੋਟੈਸਟੈਂਟ ਪਾਦਰੀ ਸੰਗਠਿਤ ਹਨ। ਇੱਕ ਲੜੀ ਵਿੱਚ ਅਤੇ ਇੱਕ ਉੱਚ ਵਿਕਸਤ ਪਰੰਪਰਾਵਾਦ ਹੈ ਜੋ ਵਿਅਕਤੀ ਦੀ ਗਤੀਵਿਧੀ ਨੂੰ ਘੱਟ ਜਾਂ ਘੱਟ ਸੀਮਤ ਕਰਦਾ ਹੈ। ਪਰਿਵਾਰ, ਧਾਰਮਿਕ ਸਮੂਹ ਦੀ ਤਰ੍ਹਾਂ, ਆਤਮ ਹੱਤਿਆ ਦੇ ਵਿਰੁੱਧ ਇੱਕ ਸ਼ਕਤੀਸ਼ਾਲੀ

ਕਾਊਂਟਰ ਏਜੰਟ ਹੈ। ਵਿਆਹ ਨਾ ਹੋਣ ਨਾਲ ਆਤਮ ਹੱਤਿਆ ਦੀ ਪ੍ਰਵਿਰਤੀ ਵੱਧ ਜਾਂਦੀ ਹੈ, ਜਦੋਂ ਕਿ ਵਿਆਹ ਖਤਰੇ ਨੂੰ ਅੱਧਾ ਜਾਂ ਇਸ ਤੋਂ ਵੱਧ ਘਟਾਉਂਦਾ ਹੈ। ਇਹ ਪ੍ਰਤੀਰੋਧਕ ਸ਼ਕਤੀ ਪਰਿਵਾਰ ਦੇ ਘਣਤਾ ਦੇ ਨਾਲ ਵੀ ਵਧਦੀ ਹੈ। ਦੂਜੇ ਸ਼ਬਦਾਂ ਵਿੱਚ, ਪ੍ਰਸਿੱਧ ਵਿਸ਼ਵਾਸ ਦੇ ਉਲਟ ਕਿ ਆਤਮ ਹੱਤਿਆ ਜੀਵਨ ਦੇ ਬੋਝ ਕਾਰਨ ਹੁੰਦੀ ਹੈ, ਦੁਰਖੇਮ ਜ਼ੋਰ ਦੇ ਕੇ ਕਹਿੰਦਾ ਹੈ ਕਿ ਇਹ ਬੋਝ ਵਧਣ ਨਾਲ ਘੱਟ ਹੁੰਦਾ ਹੈ। ਛੋਟੇ ਪਰਿਵਾਰ ਅਸਥਿਰ ਅਤੇ ਥੋੜ੍ਹੇ ਸਮੇਂ ਲਈ ਰਹਿੰਦੇ ਹਨ; ਉਨ੍ਹਾਂ ਦੀਆਂ ਭਾਵਨਾਵਾਂ ਅਤੇ ਜ਼ਮੀਰ ਵਿੱਚ ਤੀਬਰਤਾ ਦੀ ਘਾਟ ਹੈ। ਪਰ ਵੱਡੇ ਪਰਿਵਾਰ ਵਧੇਰੇ ਮਜ਼ਬੂਤੀ ਨਾਲ ਏਕੀਕ੍ਰਿਤ ਹੁੰਦੇ ਹਨ ਅਤੇ ਆਤਮ ਹੱਤਿਆ ਵਿਰੁਧ ਸ਼ਕਤੀਸ਼ਾਲੀ ਸੁਰੱਖਿਆ ਵਜੋਂ ਕੰਮ ਕਰਦੇ ਹਨ। ਇੱਕ ਵਾਰ ਫਿਰ, ਆਮ ਧਾਰਨਾ ਦੇ ਉਲਟ ਵੱਡੇ ਰਾਜਨੀਤਕ ਉਥਲ-ਪੁਥਲ ਆਤਮ ਹੱਤਿਆਵਾਂ ਦੀ ਗਿਣਤੀ ਨੂੰ ਵਧਾਉਂਦੇ ਹਨ। ਦੁਰਖੇਮ ਦਾ ਕਹਿਣਾ ਹੈ ਕਿ ਮਹਾਨ ਸਮਾਜਿਕ ਗੜਬੜੀ ਅਤੇ ਪ੍ਰਸਿੱਧ ਯੁੱਧ ਸਮੂਹਿਕ ਭਾਵਨਾਵਾਂ ਨੂੰ ਭੜਕਾਉਂਦੇ ਹਨ, ਦੇਸ਼ ਭਗਤੀ ਅਤੇ ਰਾਸ਼ਟਰੀ ਵਿਸ਼ਵਾਸ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਆਦਮੀਆਂ ਨੂੰ ਕਤਾਰਾਂ ਵਿੱਚ ਬੰਦ ਕਰਨ ਅਤੇ ਖ਼ਤਰੇ ਦਾ ਸਾਹਮਣਾ ਕਰਨ ਲਈ ਮਜਬੂਰ ਕਰਦੇ ਹਨ, ਜਿਸ ਨਾਲ ਵਿਅਕਤੀ ਦਾ ਆਪਣੇ ਭਾਈਚਾਰੇ ਵਿੱਚ ਵਧੇਰੇ ਸ਼ਕਤੀਸ਼ਾਲੀ ਏਕੀਕਰਣ ਹੁੰਦਾ ਹੈ, ਇਸ ਤਰ੍ਹਾਂ ਆਤਮ ਹੱਤਿਆ ਦੀ ਦਰ ਘੱਟ ਜਾਂਦੀ ਹੈ। ਪਰਉਪਕਾਰੀ ਆਤਮ ਹੱਤਿਆਃ-ਸਮਾਜਿਕ ਵਰਤਾਰਾ ਬਹੁਤ ਜ਼ਿਆਦਾ ਵਿਅਕਤੀਗਤਵਾਦ ਆਤਮ ਹੱਤਿਆ ਵੱਲ ਲੈ ਜਾਂਦਾ ਹੈ ਅਤੇ ਨਾਕਾਫ਼ੀ ਵਿਅਕਤੀਗਤਵਾਦ ਦਾ ਉਹੀ ਪ੍ਰਭਾਵ ਹੁੰਦਾ ਹੈ। ਇਸ ਕਿਸਮ ਦੀ ਆਤਮ ਹੱਤਿਆ ਵਿਅਕਤੀ ਦੇ ਆਪਣੇ ਸਮਾਜਿਕ ਸਮੂਹ ਵਿੱਚ ਜ਼ਿਆਦਾ ਏਕੀਕਰਣ ਦੇ ਨਤੀਜੇ ਵਜੋਂ ਹੁੰਦੀ ਹੈ। ਇੱਕ ਵਿਅਕਤੀ ਦਾ ਜੀਵਨ ਰਿਵਾਜ ਅਤੇ ਆਦਤ ਦੁਆਰਾ ਇੰਨੀ ਸਖਤੀ ਨਾਲ ਚਲਾਇਆ ਜਾਂਦਾ ਹੈ ਕਿ ਉਹ ਉੱਚ ਆਦੇਸ਼ਾਂ ਦੇ ਕਾਰਨ ਆਪਣੀ ਜਾਨ ਲੈ ਲੈਂਦਾ ਹੈ। ਲੀਜੀਅਨ ਦੀਆਂ ਉਦਾਹਰਣਾਂ ਹਨਃ ਡੈੱਨਮਾਰਕੀ ਯੋਧਿਆਂ ਨੇ ਬੁਢਾਪੇ ਵਿੱਚ ਆਪਣੇ ਆਪ ਨੂੰ ਮਾਰ ਲਿਆ, ਕਿਉਂਕਿ ਉਹ ਬਿਸਤਰੇ ਵਿੱਚ ਮਰਨਾ ਇੱਕ ਬੇਇੱਜ਼ਤੀ ਸਮਝਦੇ ਸਨ; ਕੁਦਰਤੀ ਮੌਤ ਦੀ ਬਦਨਾਮੀ ਤੋਂ ਬਚਣ ਲਈ ਗੋਥ ਉੱਚੇ ਸਿਖਰਾਂ ਤੋਂ ਆਪਣੀ ਮੌਤ ਵੱਲ ਛਾਲ ਮਾਰ ਰਹੇ ਸਨ; ਆਪਣੇ ਮੁਖੀਆਂ ਦੀ ਮੌਤ ਉੱਤੇ ਪੈਰੋਕਾਰਾਂ ਅਤੇ ਸੇਵਕਾਂ ਦੀ ਆਤਮ ਹੱਤਿਆ। ਇਨ੍ਹਾਂ ਲਾਜ਼ਮੀ ਪਰਉਪਕਾਰੀ ਆਤਮ ਹੱਤਿਆਵਾਂ ਦੇ ਉਲਟ, ਵਿਕਲਪਿਕ ਕਿਸਮਾਂ ਹਨ ਜਿਨ੍ਹਾਂ ਲਈ ਆਤਮ ਹੱਤਿਆ ਦੀ ਜ਼ਰੂਰਤ ਨਹੀਂ ਹੁੰਦੀ ਪਰ ਇੱਕ ਨੇਕ ਅਤੇ ਪ੍ਰਸ਼ੰਸਾ ਯੋਗ ਕਾਰਜ ਵਜੋਂ ਸਵੈ-ਬਲੀਦਾਨ ਜਾਂ ਅੰਤਮ ਸਵੈ-ਤਿਆਗ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਐਨੋਮਿਕ ਆਤਮਹੱਤਿਆਃ-ਇਹ ਸਮਾਜ ਵਿੱਚ ਸਧਾਰਣਤਾ ਜਾਂ ਅਨਿਯੰਤ੍ਰਣ ਦੇ ਨਤੀਜੇ ਵਜੋਂ ਹੁੰਦਾ ਹੈ। ਹਾਲਾਂਕਿ ਇਸ ਕਿਸਮ ਦੀ ਆਤਮ ਹੱਤਿਆ ਉਦਯੋਗਿਕ ਜਾਂ ਵਿੱਤੀ ਸੰਕਟ ਦੌਰਾਨ ਹੁੰਦੀ ਹੈ, ਪਰ ਇਹ ਇਸ ਲਈ ਨਹੀਂ ਹੈ ਕਿਉਂਕਿ ਉਹ ਗਰੀਬੀ ਦਾ ਕਾਰਨ ਬਣਦੇ ਹਨ, ਕਿਉਂਕਿ ਖੁਸ਼ਹਾਲੀ ਦੇ ਸੰਕਟ ਦਾ ਨਤੀਜਾ ਇੱਕੋ ਜਿਹਾ ਹੁੰਦਾ ਹੈ, ਪਰ ਇਸ ਲਈ ਕਿ ਉਹ ਸਮੂਹਕ ਵਿਵਸਥਾ ਦਾ ਸੰਕਟ ਹਨ। ਸਮਾਜਿਕ ਸੰਤੁਲਨ ਦੀ ਹਰ ਗੜਬੜੀ, ਭਾਵੇਂ ਅਚਾਨਕ ਖੁਸ਼ਹਾਲੀ ਜਾਂ ਤੁਰੰਤ ਬਦਕਿਸਮਤ

ਦੇ ਕਾਰਨ, ਇੱਕ ਨਿਯੰਤ੍ਰਣ ਅਤੇ ਸਵੈਇੱਛੁਕ ਮੌਤ ਲਈ ਇੱਕ ਵੱਡਾ ਆਵੇਗ ਪੈਦਾ ਕਰਦੀ ਹੈ। ਦੁਰਖੇਮ ਨੇ ਅਣੂ ਆਤਮ ਹੱਤਿਆ ਨੂੰ ਬੇਅੰਤ ਇੱਛਾਵਾਂ ਅਤੇ ਰੈਗੂਲੇਟਰੀ ਨਿਯਮਾਂ ਦੇ ਟੁੱਟਣ ਲਈ ਜ਼ਿੰਮੇਵਾਰ ਠਹਿਰਾਇਆ। ਇਤਿਹਾਸ ਦੀ ਸ਼ੁਰੂਆਤ ਤੋਂ ਹੀ ਮਨੁੱਖ ਦੀਆਂ ਇੱਛਾਵਾਂ ਵਿੱਚ ਨਿਰੰਤਰ ਵਾਧਾ ਹੋਇਆ ਹੈ। ਮਨੁੱਖ ਦੇ ਜੈਵਿਕ ਢਾਂਚੇ ਜਾਂ ਉਸ ਦੇ ਮਨੋਵਿਗਿਆਨਕ ਸੰਵਿਧਾਨ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ ਜੋ ਉਸ ਦੀਆਂ ਵਧੀਆਂ ਇੱਛਾਵਾਂ ਨੂੰ ਨਿਯੰਤ੍ਰਿਤ ਕਰ ਸਕੇ। ਸਮਾਜਿਕ ਇੱਛਾਵਾਂ ਨੂੰ ਸਿਰਫ ਇੱਕ ਨੈਤਿਕ ਸ਼ਕਤੀ ਦੁਆਰਾ ਨਿਯੰਤ੍ਰਿਤ ਕੀਤਾ ਜਾ ਸਕਦਾ ਹੈ। ਦੁਰਖੇਮ ਸਮੂਹਿਕ ਵਿਵਸਥਾ ਨੂੰ ਇੱਕੋ ਇੱਕ ਨੈਤਿਕ ਸ਼ਕਤੀ ਮੰਨਦਾ ਹੈ ਜੋ ਸਮਾਜਿਕ ਅਤੇ ਨੈਤਿਕ ਜ਼ਰੂਰਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਸਕਦੀ ਹੈ। ਘਾਤਕ ਆਤਮਹੱਤਿਆਃ-ਜਦੋਂ ਸਮਾਜ ਅਤਿ-ਨਿਯਮਾਂ ਦੁਆਰਾ ਚਿੰਨ੍ਹਿਤ ਹੁੰਦਾ ਹੈ, ਲੋਕਾਂ ਦਾ ਭਵਿੱਖ ਬੰਦ ਹੋ ਜਾਂਦਾ ਹੈ ਅਤੇ ਦਮਨਕਾਰੀ ਤਾਕਤਾਂ ਦੁਆਰਾ ਜਨੂੰਨ ਹਿੰਸਕ ਰੂਪ ਵਿੱਚ ਦਬਾ ਦਿੱਤੇ ਜਾਂਦੇ ਹਨ, ਤਾਂ ਇਸ ਕਿਸਮ ਦੀਆਂ ਆਤਮਹੱਤਿਆਵਾਂ ਹੁੰਦੀਆਂ ਹਨ। ਇੱਕ ਨੌਕਰ ਜਾਂ ਗੁਲਾਮ ਜਾਂ ਇੱਕ ਬੰਜਰ ਔਰਤ ਦੁਆਰਾ ਕੀਤੀ ਗਈ ਆਤਮ ਹੱਤਿਆ ਘਾਤਕ ਆਤਮ ਹੱਤਿਆ ਦੀ ਉਦਾਹਰਣ ਹੈ। ਦੁਰਖੇਮ ਇਸ ਨੂੰ ਸਮਾਜਿਕ ਨਿਯਮਾਂ ਦੀ ਬਹੁਤ ਜ਼ਿਆਦਾ ਸ਼ਮੂਲੀਅਤ ਵਜੋਂ ਵੇਖਦਾ ਹੈ ਜੋ ਵਿਅਕਤੀਗਤ ਨੂੰ ਸੀਮਤ ਕਰਦੇ ਹਨ। ਆਦਮੀ ਨਿਰਾਸ਼ ਅਤੇ ਨਿਰਾਸ਼ ਹੋ ਜਾਂਦੇ ਹਨ ਕਿਉਂਕਿ ਉਹ ਸਮਾਜ ਦੀਆਂ ਦਮਨਕਾਰੀ ਕਦਰਾਂ-ਕੀਮਤਾਂ ਅਤੇ ਨਿਯਮਾਂ ਦੁਆਰਾ ਪੂਰੀ ਤਰ੍ਹਾਂ ਨਿਯੰਤਰਿਤ ਮਹਿਸੂਸ ਕਰਦੇ ਹਨ। ਆਤਮ ਹੱਤਿਆ ਚੇਤਾਵਨੀ ਦੇ ਚਿੰਨ੍ਹ, ਲੱਛਣ ਅਤੇ ਕਾਰਨ ਇਹ ਸੰਕੇਤ ਦਿੰਦੇ ਹਨ ਕਿ ਇੱਕ ਵਿਅਕਤੀ ਤੁਰੰਤ ਆਪਣੇ ਆਪ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਵਿੱਚ ਵਸੀਅਤ ਬਣਾਉਣਾ, ਆਪਣੇ ਮਾਮਲਿਆਂ ਨੂੰ ਕ੍ਰਮ ਵਿੱਚ ਲਿਆਉਣਾ, ਅਚਾਨਕ ਦੋਸਤਾਂ ਜਾਂ ਪਰਿਵਾਰਕ ਮੈਂਬਰਾਂ (ਇੱਕ ਆਖਰੀ ਵਾਰ) ਨੂੰ ਮਿਲਣਾ, ਬੰਦੂਕ, ਹੋਜ਼, ਰੱਸੀ, ਗੋਲੀਆਂ ਜਾਂ ਹੋਰ ਤਰ੍ਹਾਂ ਦੀਆਂ ਦਵਾਈਆਂ ਵਰਗੇ ਆਤਮ ਹੱਤਿਆ ਦੇ ਯੰਤਰ ਖਰੀਦਣਾ, ਅਚਾਨਕ ਅਤੇ ਮਹੱਤਵਪੂਰਨ ਗਿਰਾਵਟ ਜਾਂ ਮੂਡ ਵਿੱਚ ਸੁਧਾਰ, ਜਾਂ ਇੱਕ ਆਤਮ ਹੱਤਿਆ ਨੋਟ ਲਿਖਣਾ ਸ਼ਾਮਲ ਹੋ ਸਕਦਾ ਹੈ। ਆਤਮ ਹੱਤਿਆ ਅਸਲ ਵਿੱਚ ਜਿਊਣ ਦੀ ਇੱਛਾ ਦਾ ਦੂਜਾ ਪੱਖ ਹੈ। ਜਿਵੇਂ ਕਿ ਸ਼ੋਪੇਨਹਾਵਰ ਕਹਿੰਦਾ ਹੈ, ਹਰੇਕ ਪ੍ਰਾਣੀ ਵਿੱਚ ਜੀਉਣ ਦੀ ਇੱਛਾ ਹੁੰਦੀ ਹੈ ਪਰ ਜਦੋਂ ਉਹ ਪਾਬੰਦੀ ਮਹਿਸੂਸ ਕਰਦਾ ਹੈ, ਤਾਂ ਉਹ ਆਤਮ ਹੱਤਿਆ ਕਰਨ ਦੀ ਚੋਣ ਕਰਦਾ ਹੈ। ਇਹ ਦੁੱਖਾਂ ਤੋਂ ਛੁਟਕਾਰਾ ਹੈ। ਇਹ ਕੋਈ ਦਲੇਰਾਨਾ ਕੰਮ ਨਹੀਂ ਹੈ, ਬਲਕਿ ਆਤਮ ਹੱਤਿਆ ਕਰਨ ਵਾਲੇ ਵਿਅਕਤੀ ਦਾ ਕਾਇਰਤਾਪੂਰਨ ਕੰਮ ਹੈ। ਆਤਮ ਹੱਤਿਆ ਵਿਅਰਥ ਹੈ ਕਿਉਂਕਿ ਕੋਈ ਵੀ ਅਗਲੇ ਸੰਸਾਰ ਦੀ ਕਾਮਨਾ ਕਰਨਾ ਬੰਦ ਨਹੀਂ ਕਰਦਾ ਜੋ ਉਸ ਨੂੰ ਇੱਥੇ ਅਤੇ ਹੁਣ ਨਹੀਂ ਮਿਲਿਆ ਹੈ। ਬਹੁਤ ਸਾਰੇ ਦਾਰਸ਼ਨਿਕਾਂ ਨੇ ਆਤਮ ਹੱਤਿਆ ਦੀ ਸਮੱਸਿਆ ਬਾਰੇ ਇਸ ਸੰਦਰਭ ਵਿੱਚ ਚਰਚਾ ਕੀਤੀ ਹੈ ਕਿ ਕੀ ਆਤਮ ਹੱਤਿਆ ਜਾਂ ਕਤਲ ਜਾਇਜ਼ ਹੈ। ਉਦਾਹਰਣ ਦੇ ਲਈ, "ਦ ਰੈਬਲ" ਅਤੇ "ਦ ਮਿਥ ਆਫ਼ ਸਿਸਾਈਫਸ" ਵਿੱਚ ਐਲਬਰਟ ਕੈਮਸ ਨੇ ਇਨ੍ਹਾਂ ਮੁੱਦਿਆਂ 'ਤੇ ਲੰਮੀ ਚਰਚਾ ਕੀਤੀ ਹੈ। ਉਹ ਮਹਿਸੂਸ ਕਰਦਾ ਹੈ ਕਿ ਲੋਕ ਆਤਮ ਹੱਤਿਆ ਦਾ ਸਹਾਰਾ ਲੈਂਦੇ

ਹਨ ਕਿਉਂਕਿ ਉਹ ਦੁਨੀਆ ਨੂੰ ਪੂਰੀ ਤਰ੍ਹਾਂ ਤਰਕਸੰਗਤ ਦੇਖਣ ਦੀ ਕੋਸ਼ਿਸ਼ ਕਰਦੇ ਹਨ। ਇਸ ਅਰਥ ਵਿੱਚ ਹੇਗਲ ਸੰਸਾਰ ਦੀ ਤਰਕਸ਼ੀਲਤਾ ਨੂੰ ਗਾਉਣ ਲਈ ਸਭ ਤੋਂ ਵੱਡਾ ਦੋਸ਼ੀ ਹੈ। ਕੈਮਸ ਦੇ ਅਨੁਸਾਰ, ਬੇਤੁਕੀ ਗੱਲ ਉਦੋਂ ਪੈਦਾ ਹੁੰਦੀ ਹੈ ਜਦੋਂ ਤਰਕਹੀਣ ਸੰਸਾਰ ਨੂੰ ਕ੍ਰਮਬੱਧ ਅਤੇ ਤਰਕਸ਼ੀਲ ਬਣਾਇਆ ਜਾਂਦਾ ਹੈ। ਇਸ ਇੱਛਾ ਦਾ ਅਰਥ ਇਹ ਹੈ ਕਿ ਸਾਨੂੰ ਸੰਸਾਰ ਨੂੰ ਆਪਣੀ ਸਾਰੀ ਤਰਕਹੀਣਤਾ ਅਤੇ ਸੰਕਟਕਾਲੀਨਤਾ ਦੇ ਨਾਲ ਸਵੀਕਾਰ ਕਰਨਾ ਚਾਹੀਦਾ ਹੈ, ਜਿਸ ਵਿੱਚੋਂ ਸਭ ਤੋਂ ਵੱਡੀ ਮਨੁੱਖੀ ਮੌਤ ਦਰ ਹੈ। ਇਸ ਤਰ੍ਹਾਂ ਬੇਤੁਕੇ ਆਦਮੀ ਕੋਲ ਦੂਜਿਆਂ ਨੂੰ ਮਾਰਨ ਜਾਂ ਆਪਣੀ ਜਾਨ ਲੈਣ ਦਾ ਕੋਈ ਕਾਰਨ ਨਹੀਂ ਹੁੰਦਾ। ਸਿਸਾਈਫਸ ਦੇ ਮਿਥਿਹਾਸ ਦਾ ਵਿਸ਼ਾ ਬਿਲਕੁਲ ਬੇਤੁਕੇ ਅਤੇ ਆਤਮ ਹੱਤਿਆ ਦੇ ਵਿਚਕਾਰ ਸਬੰਧ ਹੈ, ਜਿਸ ਹੱਦ ਤੱਕ ਆਤਮ ਹੱਤਿਆ ਬੇਤੁਕੀ ਦਾ ਹੱਲ ਹੈ। ਹੋਂਦ ਦੀ ਬੇਤੁਕੀਅਤ ਵਿੱਚ ਵਿਸ਼ਵਾਸ ਕਰਨਾ ਸਾਡੀ ਕਾਰਵਾਈ ਨੂੰ ਨਿਰਧਾਰਤ ਕਰਨਾ ਚਾਹੀਦਾ ਹੈ। ਬਾਗੀ ਆਤਮ ਹੱਤਿਆ ਦੀ ਪ੍ਰਤਿਸ਼ਠਾ ਤੋਂ ਇਲਾਵਾ, ਦੂਜਿਆਂ ਨੂੰ ਮਾਰਨ ਦੇ ਅਣਉਚਿਤ ਮਾਮਲੇ ਬਾਰੇ ਵੀ ਚਰਚਾ ਕਰਦਾ ਹੈ। ਹਾਲਾਂਕਿ, ਇਸ ਦਾ ਇਹ ਮਤਲਬ ਨਹੀਂ ਹੈ ਕਿ ਕਾਰਵਾਈ ਬਿਲਕੁਲ ਨਾ ਕੀਤੀ ਜਾਵੇ। ਕੁੱਝ ਪਲਾਂ ਵਿੱਚ, ਮਾਰਨਾ ਲਾਜ਼ਮੀ ਹੋ ਜਾਂਦਾ ਹੈ, ਪਰ ਇਸ ਨੂੰ ਇੱਕ ਨਿਯਮ ਵਜੋਂ ਨਹੀਂ ਲਿਆ ਜਾਣਾ ਚਾਹੀਦਾ। ਉਸ ਮਾਮਲੇ ਵਿੱਚ, ਜੇ ਅਸੀਂ ਦਾਅਵਾ ਕਰਦੇ ਹਾਂ.. ਉਸ ਮਾਮਲੇ ਵਿੱਚ, ਜੇ ਅਸੀਂ ਬੇਤੁਕੇ ਰਵੱਈਏ ਨੂੰ ਅਪਣਾਉਣ ਦਾ ਦਾਅਵਾ ਕਰਦੇ ਹਾਂ ਕਿ ਸਾਡੇ ਕੋਲ ਕਤਲ ਲਈ ਕੁਝ ਪੂਰਵ-ਵਿਵਹਾਰ ਹੈ, ਪਰ ਕਤਲ ਨੂੰ ਇਕਸਾਰ ਨਹੀਂ ਬਣਾਇਆ ਜਾਣਾ ਚਾਹੀਦਾ। "ਵਿਦਰੋਹੀ" ਦੀ "ਜਾਣ-ਪਛਾਣ" ਵਿੱਚ ਕੈਮਸ ਕਹਿੰਦਾ ਹੈ ਕਿ ਬੇਤੁਕੀ ਗੱਲ ਦੇ ਵਿਚਾਰ ਨਾਲ ਭਰਿਆ ਇੱਕ ਮਨ ਬਿਨਾਂ ਸ਼ੱਕ ਘਾਤਕ ਕਤਲ ਨੂੰ ਸਵੀਕਾਰ ਕਰੇਗਾ ਪਰ ਇਹ ਕਦੇ ਵੀ ਸੋਚੀ ਸਮਝੀ ਹੱਤਿਆ ਨੂੰ ਸਵੀਕਾਰ ਨਹੀਂ ਕਰੇਗਾ। ਮਨੁੱਖੀ ਪੁੱਛਗਿੱਛ ਅਤੇ ਬ੍ਰਹਿਮੰਡ ਦੀ ਚੁੱਪੀ ਦੇ ਵਿਚਕਾਰ ਮੁਕਾਬਲੇ ਦੇ ਸੰਦਰਭ ਵਿੱਚ, ਕਤਲ ਅਤੇ ਆਤਮ ਹੱਤਿਆ ਇੱਕ ਹੀ ਚੀਜ਼ ਹੈ, ਜਿਸ ਨੂੰ ਇਕੱਠੇ ਸਵੀਕਾਰ ਜਾਂ ਰੱਦ ਕੀਤਾ ਜਾਣਾ ਚਾਹੀਦਾ ਹੈ।

**ਖੋਜਾਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ**
**ਪਿੰਡ -ਨਾਰਦੀ ਅਖਨੂਰ, ਜੰਮੂ**
**ਮੋ. 77809 11987**

# ਜਸਵੀਰ ਰਾਣਾ ਦੀ ਕਹਾਣੀ ਵਿਚਲੇ ਸਰੋਕਾਰ : ਇਕ ਅਧਿਅਨ

❑ ਪ੍ਰਭਜੀਤ ਕੌਰ

❑ ਡਾ. ਗੁਰਪ੍ਰੀਤ ਕੌਰ

ਵੀਹਵੀ ਸਦੀ ਦੇ ਦਸਵੇ ਦਹਾਕੇ ਦੀ ਸ਼ੁਰੂਆਤ ਵਿਸ਼ਵੀਕਰਨ, ਕੰਪਿਊਟਰ ਯੁੱਗ ਅਤੇ ਤੇਜ਼ ਰਫ਼ਤਾਰੀ ਸੰਚਾਰ ਪ੍ਰਣਾਲੀ ਨਾਲ ਹੁੰਦੀ ਹੈ। ਇਸ ਦਹਾਕੇ ਵਿੱਚ ਬਿਰਤਾਂਤਕਾਰਾਂ ਨੇ ਬੜੇ ਸਾਧਾਰਨ ਢੰਗ ਨਾਲ ਹਿਰਦਿਆਂ ਦੀ ਅੰਦਰਲੀ ਛਟਪਟਾਹਟ, ਖਲਬਲੀ ਅਤੇ ਹਾਹਕਾਰ ਨੂੰ ਪੇਸ਼ ਕੀਤਾ ਹੈ ਕਿ ਅਜੋਕੀ ਸਥਿਤੀ ਦਾ ਤ੍ਰਾਸ ਆਪਣੇ ਆਪ ਸਾਡੇ ਸਾਹਮਣੇ ਪੇਸ਼ ਹੋ ਗਿਆ ਹੈ। ਇਸ ਦੌਰ ਦੀ ਕਹਾਣੀ ਵਿੱਚ ਆਧੁਨਿਕ ਯੁੱਗ ਦੇ ਮਾਨਸਿਕ ਦਬਾਵਾਂ, ਮਾਨਵੀ ਰਿਸ਼ਤਿਆਂ ਦੀ ਟੁੱਟ ਭੱਜ ਸੁਭਾਅ ਵਿੱਚ ਆਈ ਕਾਹਲ ਕਾਰਨ ਸਹਿਣਸ਼ੀਲਤਾ ਦਾ ਖਾਤਮਾ ਆਦਿ ਵਿਸ਼ਿਆਂ ਦੀ ਆਮਦ ਹੋ ਗਈ ਹੈ। ਜੇਕਰ ਅਸੀਂ ਸਮੇਂ ਦੀ ਗੱਲ ਕਰਦੇ ਹਾਂ ਤਾਂ 1990 ਤੋਂ ਪਿੱਛੋਂ ਦੀ ਕਹਾਣੀ ਨੂੰ ਅਸੀਂ ਚੌਥੇ ਪੜਾਅ ਦੀ ਕਹਾਣੀ ਮੰਨ ਸਕਦੇ ਹਾਂ। ਜਿਸ ਵਿੱਚ ਇਸ ਪ੍ਰਕਾਰ ਦੇ ਵਿਸ਼ਿਆਂ ਦੀ ਬਹੁਤਾਤ ਹੈ।

ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿੱਚੋਂ ਅਸਲੋਂ, ਨਵੇਂ ਵਿਸ਼ਿਆਂ ’ਤੇ ਦਿਲ ਨੂੰ ਛੂਹਣ ਵਾਲੇ ਵਿਸ਼ਿਆਂ ਦੀ ਬਾਤ ਪਾਉਂਦਾ ਹੈ ਕਹਾਣੀਕਾਰ “ਜਸਵੀਰ ਰਾਣਾ”। ਥੋੜ੍ਹਾ ਲਿਖ ਕੇ ਵੀ ਵੱਡਾ ਨਾਂ ਕਮਾਉਣ ਵਾਲਾ ਇਹ ਲੇਖਕ ਚੌਥੀ ਪੀੜ੍ਹੀ ਦੇ ਨਾਮਵਰ ਲੇਖਕਾਂ ਵਿੱਚ ਆਪਣਾ ਨਾਮ ਦਰਜ ਕਰਵਾ ਚੁੱਕਾ ਹੈ। ਪੰਜਾਬ ਦੇ ਨਾਮਵਰ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪਦਾ ਹੋਇਆ ਇਹ ਕਹਾਣੀਕਾਰ ਪੰਜਾਬੀ ਕਹਾਣੀ ਜਗਤ ਵਿੱਚ ਨਵੇਂ ਹਸਤਾਖਰ ਵਜੋਂ ਉਭਰਿਆ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ:-

“ਇਹ ਪਛਾਣ ਉਸਦੇ ਦਮਿਤ ਚੇਤਨਾ ਦੇ ਜਟਿਲ ਵਰਤਾਰੇ ਨੂੰ ਮੌਜੂਦਾ ਸਿਆਸਤ ਦੇ ਸੰਦਰਭ ਵਿੱਚ ਰੱਖ ਕੇ ਸਮਝ ਸਕਣ ਅਤੇ ਫਿਰ ਢੁਕਵੇਂ ਬਿਰਤਾਂਤਕ ਸੰਗਠਨ ਰਾਹੀਂ ਪ੍ਰਗਟਾਅ ਸਕਣ ਦੀ ਯੋਗਤਾ ਵਿੱਚ ਨਿਹਿਤ ਹੈ।”[1 1]

ਜਸਵੀਰ ਰਾਣਾ ਦਾ ਜਨਮ ਅਮਰਗੜ੍ਹ ਵਿੱਚ 18 ਸਤੰਬਰ 1968 ਵਿੱਚ ਹੋਇਆ। ਉਹਨਾਂ ਦੇ ਪਿਤਾ ਜੀ ਨੇ ਫੌਜ ਵਿੱਚ ਨੌਕਰੀ ਕਰਕੇ ਦੇਸ਼ ਦੀ ਸੇਵਾ ਕੀਤੀ ਅਤੇ ਮਾਤਾ ਜੀ ਘਰੇਲੂ ਸਨ। ਉਹਨਾਂ ਦਾ ਭੈਣ ਡਾ: ਗੁਰਮੀਤ ਕੌਰ ਉਹਨਾਂ ਤੋਂ ਗਿਆਰਾਂ ਸਾਲ ਛੋਟੀ ਹੈ।

ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਆਦਮੀ ਦੀ ਸਖਸ਼ੀਅਤ ਦਾ ਆਧਾਰ ਬਚਪਨ ਵਿੱਚ ਹੀ ਰੱਖਿਆ ਜਾਦਾਂ ਹੈ। ਬਚਪਨ ਵਿੱਚ ਜੋ ਘਟਨਾਵਾਂ ਸਾਡੇ ਆਲੇ ਦੁਆਲੇ ਵਾਪਰਦੀਆਂ ਹਨ।

ਉਹ ਸਾਰੀ ਜ਼ਿੰਦਗੀ ਮਨੁੱਖ ਦਾ ਸਾਥ ਨਿਭਾਉਂਦੀਆਂ ਹਨ। ਕਦੇ ਵੀ ਅਸੀਂ ਉਹਨਾਂ ਘਟਨਾਵਾਂ ਤੋਂ ਅਸੀਂ ਆਪਣਾ ਪਿੱਛਾ ਨਹੀਂ ਛੁਡਾ ਪਾਉਂਦੇ। ਜਸਵੀਰ ਰਾਣਾ ਵੀ ਕੁਝ ਅਜਿਹਾ ਹੀ ਕਹਿ ਰਿਹਾ ਹੈ:- "ਹੌਲੀ- ਹੌਲੀ ਇੱਕ ਚੁੱਪ 'ਤੇ ਇਕੱਲ ਮੇਰੇ ਅੰਦਰ ਉਤਰ ਗਈ। ਮੈਨੂੰ ਬਹੁਤ ਘੱਟ ਬੋਲਣ ਦੀ ਆਦਤ ਪੈ ਗਈ । ਸਕੂਲ ਵਿੱਚ ਵੀ ਮੈਂ ਘੱਟ ਹੀ ਬੋਲਦਾ। ਬੋਲਣ ਲੱਗਿਆਂ ਮੈਨੂੰ ਡਰ ਲਗਦਾ, ਇਸ ਤਰ੍ਹਾਂ ਲਗਦਾ ਕਿ ਜੇ ਮੈਂ ਬੋਲ ਪਿਆ ਤਾਂ ਸੰਘ ਵਿੱਚੋਂ ਆਵਾਜ਼ ਹੀ ਨਹੀਂ ਨਿਕਲਣੀ, ਐਵੇਂ ਫਿਸ-ਫਿਸ ਜਿਹੀ ਹੋ ਜਾਣੀ ਏ।" [2]

ਜਸਵੀਰ ਰਾਣਾ ਨੂੰ ਛੋਟਿਆਂ ਹੁੰਦਿਆਂ ਤੋਂ ਹੀ ਸਾਹਿਤ ਦੀ ਜਾਗ ਲੱਗ ਗਈ ਸੀ। ਸ਼ੁਰੂ-ਸ਼ੁਰੂ ਵਿੱਚ ਜਦੋਂ ਉਸ ਨੇ ਆਪਣੀ ਇਕੱਲ ਨਾਲ ਨਜਿੱਠਣਾ ਹੁੰਦਾ ਤਾਂ ਉਹ ਕਾਮਿਕਸ ਪੜ੍ਹਨ ਲੱਗ ਪਿਆ। ਫਿਰ ਜਾਸੂਸੀ ਨਾਵਲਾਂ ਦੇ ਰਾਹੀਂ ਹੁੰਦਾ ਹੋਇਆ ਹੌਲੀ-ਹੌਲੀ ਵਧੀਆ ਲੇਖਕਾਂ ਨੂੰ ਪੜ੍ਹਨ ਵੱਲ ਮੁੜ ਗਿਆ। ਜ਼ਿੰਦਗੀ ਵਿੱਚ ਜਿਹੜਾ ਵੀ ਵਿਅਕਤੀ ਸਾਹਿਤ ਨੂੰ ਪਿਆਰ ਕਰਦਾ ਹੈ ਉਹ ਕਵਿਤਾ 'ਤੇ ਜ਼ਰੂਰ ਹੱਥ ਅਜਮਾਈ ਕਰਦਾ ਹੈ। ਇਸੇ ਤਰ੍ਹਾਂ ਰਾਣੇ ਨੇ ਵੀ ਪਹਿਲ ਕਦਮੀ ਕਵਿਤਾ ਅਤੇ ਗਜ਼ਲ ਵਿੱਚ ਕੀਤੀ। ਉਸ ਦੀ ਸਭ ਤੋਂ ਪਹਿਲੀ ਕਵਿਤਾ ਕਾਲਜ਼ ਮੈਗਜ਼ੀਨ ਵਿੱਚ ਛਪੀ। ਹੌਲੀ-ਹੌਲੀ ਆਰਥਿਕ ਸਮੱਸਿਆਵਾਂ ਨਾਲ ਜੂਝਦਾ ਹੋਇਆ ਉਸ ਨੂੰ ਜ਼ਿੰਦਗੀ ਹੋਰ ਤਰੀਕੇ ਨਾਲ ਵੇਖਣੀ ਆ ਗਈ। ਇੱਥੋਂ ਹੀ ਉਸਨੇ ਆਪਣੀਆਂ ਕਹਾਣੀਆਂ ਦੇ ਪਲਾਟ ਚੁਣਨੇ ਸ਼ੁਰੂ ਕਰ ਦਿੱਤੇ। ਜਿਸ ਦੀ ਪ੍ਰੋੜਤਾ ਜਸਵੀਰ ਰਾਣਾ ਹੇਠ ਲਿਖੇ ਸਬਦਾਂ ਵਿੱਚ ਕਰਦਾ ਹੈ:- "ਇਹ ਸਾਰਾ ਮਾਮਲਾ ਬੜਾ ਸਿਰਜਣਾਤਮਕ ਹੈ। ਮੈਂ ਕਿਤੇ ਵੀ ਕੁਝ ਵੀ ਕਰਦਾ ਹੋਵਾਂ, ਮੇਰੇ ਅੰਦਰਲਾ ਲੇਖਕ ਹਰ ਪਲ ਹਰ ਥਾਂ ਆਪਣਾ ਕੰਮ ਕਰੀ ਜਾਂਦਾ ਹੈ। ਇਸ ਲਈ ਇਹ ਕੋਈ ਪੱਕਾ ਪਤਾ ਨਹੀਂ ਹੁੰਦਾ ਕਿ ਕਿਸ ਗੱਲ, ਕਿਸ ਵਿਚਾਰ, ਕਿਸ ਪਾਤਰ ਜਾਂ ਘਟਨਾਂ ਨੇ ਅੱਗੇ ਚਲ ਕੇ ਮੇਰੀ ਕਹਾਣੀ ਦਾ ਵਿਸ਼ਾ ਬਣ ਜਾਣਾ ਹੈ।"[3]

ਨਵੇਂ ਦੌਰ ਦਾ ਅਗਾਜ ਉਦੋਂ ਹੁੰਦਾ ਹੈ ਜਦੋਂ ਜਸਵੀਰ ਰਾਣਾ ਸਮਾਜ ਦੇ ਆਮ ਲੋਕਾਂ ਦੇ ਹੱਕ ਵਿੱਚ ਖੜਦਾ ਹੈ ਉਹਨਾਂ ਨਾਲ ਹੁੰਦੇ ਧੱਕੇ ਨੂੰ ਪਛਾਣਦਾ ਹੈ। ਉਹਨਾਂ ਦੇ ਹੱਕ ਦੀ ਗੱਲ ਕਰਦਾ ਹੈ। ਮਜ਼ਬੂਰੀਆਂ ਲਾਚਾਰੀਆਂ ਅਤੇ ਬੇਵਸੀਆਂ ਦੀ ਬਾਤ ਪਾਉਂਦਾ ਹੋਇਆ ਲੋਕਾਈ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਖਾਸ ਗੱਲ ਤਾਂ ਇਹ ਹੈ ਕਿ ਉਸ ਦੀਆਂ ਕਹਾਣੀਆਂ ਕੇਵਲ ਨਾਮਵਰ ਮੈਗਜ਼ੀਨਾਂ ਵਿੱਚ ਛਪਦੀਆਂ ਹੀ ਨਹੀਂ ਸਗੋਂ ਉਹਨਾਂ ਦੇ ਸੰਪਾਦਕ ਉਸਦੀਆਂ ਕਹਾਣੀਆਂ ਲਈ ਖਾਸ ਨੋਟ ਵੀ ਲਿਖਦੇ ਹਨ। ਉਸ ਨੇ ਆਪਣਾ ਸਾਹਿਤਕ ਸਫ਼ਰ 1998 ਵਿੱਚ ਆਪਣੀ ਪਹਿਲੀ ਕਹਾਣੀ 'ਤਫਤੀਸ਼' ਨਾਲ ਸ਼ੁਰੂ ਕੀਤਾ। ਜੋ ਸਤੰਬਰ 1999 ਵਿੱਚ ਨਾਗਮਣੀ ਵਿੱਚ ਛਪੀ ਸੀ। ਬਲਜਿੰਦਰ ਨਸਰਾਲੀ ਅਤੇ ਬਲਦੇਵ ਸਿੰਘ ਧਾਲੀਵਾਲ ਦੀ ਪ੍ਰੇਰਨਾ ਸਦਕਾ ਉਹ ਮਿੰਨੀ ਕਹਾਣੀਆਂ ਛੱਡ ਕੇ ਲੰਮੀਆਂ ਕਹਾਣੀਆਂ ਲਿਖਣ ਲੱਗਾ। ਉਹ ਆਪਣੀ ਜ਼ਿੰਮੇਵਾਰੀ ਨੂੰ ਸੁਚੇਤ ਰੂਪ ਵਿੱਚ ਨਿਭਾਉਂਦਾ ਹੋਇਆ ਕਹਿੰਦਾ ਹੈ:- "ਕਹਾਣੀ ਵਿੱਚ ਮੈਂ ਕੀ ਕਹਿਣਾ ਹੈ 'ਤੇ ਕੀ ਨਹੀਂ ਕਹਿਣਾ ਇਸ ਗੱਲ ਦਾ ਮੈਨੂੰ

ਪੂਰੀ ਤਰ੍ਹਾਂ ਅਹਿਸਾਸ ਹੈ। ਜਿਸ ਬੰਦੇ ਦੇ ਹੱਥ ਵਿੱਚ ਕਲਮ ਹੁੰਦੀ ਹੈ। ਉਹਦੀ ਸਾਹਿਤ ਸੱਭਿਆਚਾਰ ’ਤੇ ਸਮਾਜ ਪ੍ਰਤੀ ਕੀ ਜਿੰਮੇਵਾਰੀ ਹੁੰਦੀ ਹੈ, ਮੈਨੂੰ ਇਸ ਗੱਲ ਦਾ ਵੀ ਪੂਰਾ ਅਹਿਸਾਸ ਹੈ। ਜਦੋਂ ਮੈਂ ਕਹਾਣੀ ਲਿਖਦਾ ਹਾਂ ਤਾਂ ਮੇਰੇ ਸਾਹਮਣੇ ਬੰਦੇ ਦੀ ਜਾਤ, ਗੋਤ, ਮਜ਼ਹਬ ’ਤੇ ਫਿਰਕਾ ਬਿਰਾਦਰੀ ਨੰਬਰ ਦੋ ਹੁੰਦੀ ਹੈ, ਇੱਕ ਨੰਬਰ ’ਤੇ ਉਸ ਬੰਦੇ ਦਾ ਦੁੱਖ ਦਰਦ ’ਤੇ ਸੰਕਟ ਹੁੰਦਾ ਹੈ।” [4]

ਜੇਕਰ ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਗੱਲ ਕਰੀਏ ਤਾਂ ਉਹ ਇਸ ਪ੍ਰਕਾਰ ਦੇ ਵਿਸ਼ੇ ਛੋਂਹਦਾ ਹੈ ਜਿੰਨ੍ਹਾਂ ਦਾ ਸੰਬੰਧ ਆਮ ਲੋਕਾਂ ਨਾਲ ਹੈ। ਆਧੁਨਿਕ ਯੁੱਗ ਵਿੱਚ ਆਰਥਿਕਤਾ ਦਾ ਸ਼ਿਕਾਰ ’ਤੇ ਮਾਨਸਿਕ ਰੂਪ ਵਿੱਚ ਆਪ ਗੁਆਚ ਜਾਣ ਵਾਲੇ ਬੰਦੇ ਉਸ ਦੀਆਂ ਕਹਾਣੀਆਂ ਦੇ ਪਾਤਰ ਹਨ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ:-

“ਮੂੰਹ ਜ਼ੋਰ ਅਮਾਨਵੀ ਪ੍ਰਸਥਿਤੀਆਂ ਸਾਹਵੇਂ ਉਖੜੇ ਮਨ ਨਾਲ ਵਿਚਰ ਰਹੇ ਨਿਮਨ ਵਰਗਾਂ ਅਤੇ ਹੇਠਲੀ ਮੱਧ ਸ੍ਰੇਣੀ ਦੇ ਲੋਕਾਂ ਦੇ ਦਰਦ ਨੂੰ ਜਸਵੀਰ ਰਾਣਾ ਨੇ ਪੂਰੀ ਡੂੰਘਾਈ ਵਿੱਚ ਜਾ ਕੇ ਪਕੜਨ ਦਾ ਸਫ਼ਲ ਯਤਨ ਹਥਲੀਆਂ ਕਹਾਣੀਆਂ ਰਾਹੀ ਕੀਤਾ ਹੈ।”[5]

ਇਸ ਹੱਥ ਲਿਖਤ ਵਿੱਚ ਮੈਂ ਜਸਵੀਰ ਰਾਣਾ ਦੇ ਦੋ ਕਹਾਣੀ ਸੰਗ੍ਰਹਿ ਪਹਿਲਾਂ ‘ਸਿਖਰ ਦੁਪਹਿਰਾ’ ‘ਤੇ ਦੂਸਰਾ ‘ਖਿੱਤੀਆਂ ਘੁੰਮ ਰਹੀਂਆ ਨੇ’ ਜੋ ਕ੍ਰਮਵਾਰ 2005 ਤੇ 2008 ਵਿੱਚ ਪ੍ਰਕਾਸ਼ਿਤ ਹੋਏ ਦੇ ਵਿਸ਼ੇਸ ਸੰਦਰਭ ਵਿੱਚ ਗੱਲ ਕਰਨੀ ਹੈ। ਦੋਹਾਂ ਕਹਾਣੀ ਸੰਗ੍ਰਹਿ ਵਿੱਚ 7+8=15 ਕਹਾਣੀਆਂ ਹਨ। ਉਸ ਦੀਆਂ ਕਹਾਣੀਆਂ ਨੂੰ ਚਾਰ ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ।

i. ਸਮਾਜਿਕ ਸਰੋਕਾਰ
ii. ਆਰਥਿਕ ਸਰੋਕਾਰ
iii. ਕਿਸਾਨੀ ਸਰੋਕਾਰ
iv. ਮਨੋਵਿਗਿਆਨਕ ਸਰੋਕਾਰ

i. **ਸਮਾਜਿਕ ਸਰੋਕਾਰ :-** ਜਸਵੀਰ ਰਾਣਾ ਦੀਆਂ ਕਹਾਣੀਆਂ ਦੇ ਪਾਤਰ ਕੋਈ ਹੀਰੋ ਜਾਂ ਮਸ਼ਹੂਰ ਵਿਅਕਤੀ ਨਹੀਂ ਹਨ, ਸਗੋਂ ਮਜ਼ਬੂਰ ਅਤੇ ਨਿਰਬਲ ਹਨ ਜੋ ਇਸ ਪ੍ਰਬੰਧ ਅੱਗੇ ਮਜ਼ਬੂਰ ਹੁੰਦੇ ਹੋਏ ਗੋਡੇ ਟੇਕਦੇ ਹਨ। ਉਹ ਕਹਾਣੀ ਦੀਆਂ ਘਟਨਾਵਾਂ ਨੂੰ ਇਸ ਪ੍ਰਕਾਰ ਬਿਆਨ ਕਰਦਾ ਹੈ ਕਿ ਆਮ ਪਾਠਕ ਸੋਚਦਾ ਹੈ ਕਿ ਮੈਂ ਵੀ ਇਹ ਘਟਨਾ ਦੇਖੀ ਜਾਂ ਸੁਣੀ ਹੈ ਪਰ ਏਨੀ ਡੂੰਘਾਈ ਨਾਲ ਸੋਚੀ ‘ਤੇ ਮਹਿਸੂਸ ਨਹੀਂ ਕੀਤੀ। ਅੱਜ ਦੇ ਇਸ ਸਮੇਂ ਵਿੱਚ ਰਿਸ਼ਤਿਆਂ ਦੀ ਬੁਨਿਆਦ ਪੈਸਾ ਹੀ ਹੈ। ਮਾੜੀ ਆਰਥਿਕਤਾ ਕਾਰਨ ਰਿਸ਼ਤਿਆਂ ਦੀ ਕਿਸ਼ਤੀ ਡੋਲਦੀ ਹੈ। ਉਸ ਦੀਆਂ ਕਹਾਣੀਆਂ ‘ਚੂੜੇ ਵਾਲੀ ਬਾਂਹ’, ‘ਨਸਲਘਾਤ’, ‘ਬੱਗਾ ਬਦਮਾਸ਼’ ਆਦਿ ਵਿੱਚ ਪਾਤਰ ਜ਼ਿੰਦਗੀ ਨੂੰ ਜਿਊਣ ਅਤੇ ਖੁਸ਼ੀਆਂ ਮਾਨਣ ਦੇ ਇੱਛੁਕ ਹਨ ਪਰ ਘੱਟ ਜ਼ਮੀਨ ਜਾਂ ਜ਼ਮੀਨ ਨਾ ਹੋਣ ਕਾਰਨ

ਇਹਨਾਂ ਦੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ੍‘ਤੇ ਉਹ ਛੜੇ ਰਹਿ ਜਾਣ ਦਾ ਸੰਤਾਪ ਵੀ ਹੰਢਾਉਂਦੇ ਹਨ। ਕਹਾਣੀ ‘ਚੂੜੇ ਵਾਲੀ ਬਾਂਹ’ ਦਾ ਪਾਤਰ ਬੱਗਾ ਆਪਣੀ ਮਾੜੀ ਆਰਥਿਕਤਾ ਕਾਰਨ ਛੜਾ ਰਹਿ ਜਾਂਦਾ ਹੈ। ਉਸ ਦਾ ਭਰਾ ਕੇਸਰ ਭਾਵੇਂ ਲੋਕਾਂ ਦੇ ਰਿਸ਼ਤੇ ਕਰਵਾਉਂਦਾ ਹੈ ਪਰ ਆਪ ਵੀ ਛੜਾ ਹੈ। ਜਦ ਬੱਗਾ ਉਸਨੂੰ ਵਿਆਹ ਬਾਰੇ ਆਖਦਾ ਹੈ ਤਾਂ ਉਹ ਕਹਿੰਦਾ ਹੈ :- “ ਨਾ ਲੋਕਾਂ ਨੂੰ ਸਾਕ ਲਈ ਕਿਹੜੇ ਮੂੰਹ ਨਾਲ ਕਹਾਂ!.... ਇਹ ਦੱਸਾਂ, ਬਈ ਸਾਡਾ ਬਾਪ ਅਮਲੀ ਸੀ!.... ਭਾਈ ਸ਼ਰੀਕਾ ਨਾਲ ਸੀਰੀ ਰਲਿਆ ਹੋਇਆ! ..... ਸਾਲਿਆ ਬੇਗਾਨੀ ਧੀ ਨੂੰ ਖਲਾਂਏਗਾ ਕੀ? ....... ਨਸ਼ਿਆਂ ਦਾ ਤੂੰ ਖਾਧਾ ਪਿਐਂ ਏ......... ਨਾਲੇ ਮੇਰੀ ਕਿਤੇ ਉਮਰ ਐ ਵਿਆਹ ਕਰਾਉਣ ਆਲੀ......!!” [6]

ਪਰ ਜੇਕਰ ਮਾੜੀ ਆਰਥਿਕਤਾ ਦੇ ਬਾਵਜੂਦ ਵਿਆਹ ਹੋ ਵੀ ਜਾਵੇ ਤਾਂ ਵੀ ਸਿਰੇਂ ਨਹੀਂ ਚੜ੍ਹਦਾ। ਵਿਆਹ ਹੋਣ ਮਗਰੋਂ, ਟੁੱਟ ਜਾਣ ਕਾਰਨ ਪੈਦਾ ਹੋਈ ਸਥਿਤੀ ਨੂੰ ਕਹਾਣੀਕਾਰ ਦੀਪ ਪਾਤਰ ਦੀ ਮਾਨਸਿਕਤਾ ਨੂੰ ਇਸ ਪ੍ਰਕਾਰ ਪ੍ਰਗਟਾਉਂਦਾ ਹੈ:- “ਪਰ ਉਹ ਮੇਰੇ ਵਾਂਗ ਹੀ ਪਰ-ਕਟਿਆ ਪੰਛੀ ਸੀ। ਮੈਂ ਜਮਾਂਦਰੂ ਛੜਾ, ਉਹ ਵਿਆਹਿਆ ਹੋਇਆ ਛੜਾ ਸੀ। ਸ਼ਰਾਬ ਪੀਤੀ ਵਿੱਚ ਉਹ ਅਕਸਰ ਆਖਦਾ ਹੁੰਦਾ........ “ਲੈ ਇੱਕ ਰਾਤ ਦਾ ਵੀ ਭਲਾ ਕੋਈ ਵਿਆਹ ਹੁੰਦਾ......!!” [7]

ਬੱਗੇ ਵਰਗੇ ਪਾਤਰ ਨੂੰ ਸਮਾਜ ਬਦਮਾਸ਼ ਦਾ ਨਾਂ ਦੇ ਦਿੰਦਾ ਹੈ ਅਤੇ ‘ਨਸਲਘਾਤ’ ਦਾ ਬਲਕਾਰੀ ਸਮਾਜ ਵੱਲੋਂ ਵਰਜਿਤ ਰਿਸ਼ਤਿਆਂ ਦਾ ਸਹਾਰਾ ਲੈਂਦਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ:- “ ਜਸਵੀਰ ਰਾਣਾ ਦੀਆਂ ਕਹਾਣੀਆਂ ਉਸ ਆ ਰਹੇ ਸਮੇਂ ਦੀ ਪੈੜ- ਚਾਲ ਨੂੰ ਬਾਖੂਬੀ ਭਾਂਪਦੀਆਂ ਹਨ ਜਿਸ ਵਿੱਚ ਦਲਿਤ ਚੇਤਨਾ ਇੱਕ ਰਾਹ ਖੁਦਕੁਸ਼ੀ ਵੱਲ ਨੂੰ ਜਾਣ ਲੱਗ ਪਿਆ ਅਤੇ ਦੂਸਰਾ ਲੁੰਪਨ ਕਾਰਜ ਸ਼ੈਲੀ ਵੱਲ।”[8] ਇਹਨਾਂ ਦਿਲ ਕੰਬਾਉ ਰਸਤਿਆਂ ਦੀ ਗੱਲ ਕਰਦਿਆਂ, ਕਹਾਣੀਕਾਰ ਕਿਸੇ ਢੁਕਵੇਂ ਹੱਲ ਬਾਰੇ ਖਿਆਲ ਕਰਵਾਉਂਦਾ ਹੈ।

ਪੂੰਜੀਵਾਦੀ ਕਦਰਾਂ ਕੀਮਤਾਂ ਦੀ ਗੱਲ ਕਰਦਿਆਂ ਜਸਵੀਰ ਰਾਣਾ ਬੜੀਆਂ ਹੀ ਮਹੀਨ ਪਰਤਾਂ ਨੂੰ ਉਘਾੜਦਾ ਹੈ। ਛੋਟੀ ਕਿਸਾਨੀ ਕਰਜੇ ਦਾ ਭਾਰ ਨਾ ਸਹਿੰਦੀ ਹੋਈ ਆਤਮ ਹੱਤਿਆਵਾਂ ਕਰ ਰਹੀ ਹੈ। ਗਰੀਬੀ, ਬੇਕਾਰੀ, ਬੇਰੁਜ਼ਗਾਰੀ ਅਤੇ ਮਹਿੰਗਾਈ ਸਾਹਮਣੇ ਉਸਨੂੰ ਹੋਰ ਕੋਈ ਰਾਹ ਨਜ਼ਰ ਨਹੀਂ ਆਉਂਦਾ। ਜਿਵੇਂ ਕਹਾਣੀ ‘ਮੈਂ ਧਰਮ ਸੰਕਟ ਵਿੱਚ ਹਾਂ’ ਵਿੱਚ ਸਰਵਣ ਪਾਤਰ ਆਪਣੀਆਂ ਅਤੇ ਪਰਿਵਾਰ ਦੀਆਂ ਖਾਹਿਸ਼ਾਂ ਪੂਰੀਆਂ ਕਰਨ ਵਿੱਚ ਅਸਮਰਥ ਹੈ ਕਿਉਂਕਿ ਉਸ ਕੋਲ ਕੋਈ ਵੀ ਨੌਕਰੀ ਜਾਂ ਤਨਖਾਹ ਨਹੀਂ ਹੈ। ਉਹ ਆਪਣੀ ਪਤਨੀ ਰਮਨ ਨੂੰ ਸਮਝਾਉਂਦਾ ਹੈ:- “ ਦੇਖ ਰਮਨ!........ ਮੈਂ ਤੈਨੂੰ ਪਹਿਲੀਂ ਰਾਤ ਹੀ ਦੱਸ ਦਿੱਤਾ ਸੀ ਕਿ ਮੈਂ ਅਜੇ ਬੇਰੁਜ਼ਗਾਰ ਆਂ!...... ਮੇਰੇ ਕੋਲੋਂ ਜਿੰਨੇ ਵੀ ਸਾਧਨ ਨੇ ਮੈਂ ਤੈਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰੂੰਗਾ! ਜਦੋਂ ਨੌਕਰੀ ਮਿਲਗੀ......!”[9]

"ਹੂੰ! ...... ਜਦੋਂ ਨੌਕਰੀ ਮਿਲ ਗਈ!...... ਖਾਣ ਪਹਿਨਣ ਦੇ ਦਿਨ ਤਾਂ ਆਹੀ ਨੇ ਸਰਦਾਰ ਸਾਹਬ !...... ਫੇਰ ਤੀਆਂ ਪਿੱਛੋਂ ਕੀ ਲੂੰਗੀ ਫੂਕਣੀ ਐ......! ਨਾਲੇ ਥੋਡੀ ਨੌਕਰੀ ਦਾ ਕੀ ਪਤਾ ਮਿਲਣੀ ਆ ਜਾਂ ਨਹੀਂ .....!" [10]

ਇਸ ਤਰ੍ਹਾਂ ਪਤੀ ਪਤਨੀ ਵਿੱਚ ਤਣਾਅ ਦਾ ਮਾਹੌਲ ਬਣ ਜਾਣਾ ਸਾਡੇ ਸਮਾਜ ਵਿੱਚ ਗਰੀਬ ਵਰਗ ਦੇ ਲਗਭਗ ਹਰ ਘਰ ਦੀ ਕਹਾਣੀ ਹੈ।

ii. **ਆਰਥਿਕ ਸਰੋਕਾਰ :-** ਵਿਅਕਤੀ ਦੀ ਆਰਥਿਕਤਾ ਉਸਦਾ ਸਮਾਜ ਵਿੱਚ ਰੁਤਬਾ ਨਿਰਧਾਰਤ ਕਰਦੀ ਹੈ। ਸਟੇਟਸ ਦੇ ਨਾਂ ਹੇਠ ਮੱਧ ਵਰਗ ਸੋਸੇਬਾਜੀ ਵਿੱਚ ਪੈ ਕੇ ਆਪਣੀ ਕਿਸਮਤ ਨੂੰ ਕੋਸਦਾ ਹੈ। ਜਸਵੀਰ ਰਾਣਾ ਦੇ ਪਾਤਰ ਆਰਥਿਕਤਾ ਪੱਖੋਂ ਕਮਜ਼ੋਰ ਹਨ ਅਤੇ ਭੈੜਾ ਜੀਵਨ ਜਿਉਂਦੇ ਹਨ। ਨਾ ਬਰਾਬਰੀ ਵਾਲੇ ਇਸ ਸਮਾਜ ਵਿੱਚ ਨੀਵੇ ਵਰਗ ਅਤੇ ਹੇਠਲੇ ਮੱਧ ਵਰਗ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮਾਜ ਦਾ ਤਾਣਾ ਪੇਟਾ ਕੁਝ ਇਸ ਤਰ੍ਹਾਂ ਦਾ ਹੈ। ਜਿੱਥੇ ਸਧਾਰਨ ਵਿਅਕਤੀ ਦੀਆਂ ਮੁਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ 'ਤੇ ਉਹਨਾਂ ਕੋਲ ਆਰਥਿਕਤਾ ਦਾ ਕੋਈ ਪੱਕਾ ਸਾਧਨ ਵੀ ਨਹੀਂ ਹੈ 'ਤੇ ਅਮੀਰ ਗਰੀਬ ਦਾ ਪਾੜਾ ਦਿਨੋਂ ਦਿਨ ਵੱਧ ਰਿਹਾ ਹੈ। ਅਮੀਰ, ਅਮੀਰ 'ਤੇ ਗਰੀਬ, ਗਰੀਬ ਹੋ ਰਿਹਾ ਹੈ। ਜਸਵੀਰ ਰਾਣਾ ਡੂੰਘੇ ਆਰਥਿਕ ਸੰਕਟ ਵਿੱਚ ਫਸੇ ਉਸ ਵਰਗ ਦੀ ਕਹਾਣੀ ਨੂੰ ਬਿਆਨ ਕਰਦਾ ਹੈ ਜੋ ਮਰ ਮਰ ਕੇ ਜੀਅ ਰਿਹਾ ਹੈ। ਜਿਵੇਂ ਕਹਾਣੀ 'ਦੌੜ ਸ਼ੁਰੂ ਹੈ' ਵਿੱਚ ਨਿਸ਼ਾਨ ਦੀ ਆਰਥਿਕ 'ਤੇ ਮਾਨਸਿਕ ਅਵਸਥਾ ਦਾ ਅੰਦਾਜ਼ਾ ਇਸ ਵਾਰਤਾਲਾਪ ਤੋਂ ਲਗਾਇਆ ਜਾ ਸਕਦਾ ਹੈ:- "ਨਹੀਂ.... ਦਿਲਬਰ......! ਅੱਜ ਨਹੀਂ ਮੈਥੋਂ ਜਿੱਤ ਹੋਣੀ! ....... ਮੈਂ ਤਾਂ ਰਾਤ ਜਿੰਦਰ ਨੂੰ.......ਤਿੰਨ ਲੱਖ 'ਚ ਬਲਦਾਂ ਦੀ ਜੋੜੀ ਵੇਚਤੀ। ........ ਤੜਕੇ ਮੂੰਹ ਹਨੇਰੇ ਈ ..... ਥਾਣੇਦਾਰ ਨਾਲ ਗੁਰਬਾਜ ਆਇਆ ਤੀ! .....ਉਹ ਲੈ ਗਿਆ ਸਾਰਾ ਪੈਸਾ .......!!" [11]

'ਜ਼ਰਾ ਬਚ ਕੇ ਮੋੜ ਤੋਂ' ਕਹਾਣੀ ਵਿਸ਼ਵੀਕਰਨ ਦੀਆਂ ਨੀਤੀਆਂ ਕਾਰਨ ਆਮ ਇਨਸਾਨ ਦੀ ਹੋ ਰਹੀ ਲੁੱਟ ਖਸੁੱਟ ਦਾ ਪਰਦਾ ਫਾਸ ਕਰਦੀ ਹੈ। ਵਿਸ਼ਵੀਕਰਨ ਦੀ ਅਸਲ ਦੇਣ ਇਹ ਹੈ ਕਿ ਖੇਤਾਂ ਦਾ ਬਜ਼ਾਰੀਕਰਨ ਹੋਣ 'ਤੇ ਇੱਕ ਜੱਟ ਵੇਟਰ ਬਣਦਾ ਹੈ, ਕਰਜਾ ਨਾ ਮੋੜਣ ਦਾ ਸੂਰਤ ਵਿੱਚ ਦੀਵਾਲੀਏ ਹੋਣ ਦਾ ਐਲਾਨ ਕਰ ਦੇਣਾ, ਛਿੰਦੇ ਦਾ ਕਾਲੋਨੀ ਬਣਾਉਣਾ ਆਦਿ। ਕਹਾਣੀ ਵਿੱਚ ਕਹਾਣੀਕਾਰ ਕੁਝ ਇਸ ਤਰ੍ਹਾਂ ਕਹਿ ਰਿਹਾ ਹੈ:- "ਸਾਡੇ ਪਿੰਡ ਨੂੰ ਬਾਜ਼ਾਰ ਖਾ ਗਿਆ!...... ਥੋਡੇ ਪਿੰਡ ਨੂੰ ਹੁਣ ਸਾਡਾ ਪਿੰਡ ਖਾਉ! ..... ਇਹ ਮੈਂ ਨੀ ਕਹਿੰਦਾ!..... ਆਹ ਮਿੱਟੀ ਕਹਿੰਦੀ ਐ.....!"[12]

"ਪਰ ਜਦੋਂ ਦਾ ਐਥੇ ਬਜ਼ਾਰ ਬਣਿਆ। ਖੇਤਾਂ ਦੀ ਸ਼ਾਮਤ ਆ ਗਈ। ਪਤਾ ਨੀ ਕਿਧਰੋਂ ਐਨੀ ਦੁਨੀਆਂ ਆ ਗਈ। ਜਿਧਰ ਦੇਖੋ ਕਲੋਨੀਆਂ ਹੀ ਕਲੋਨੀਆਂ ਬਣ ਗਈਆਂ।" [13]

ਇਸੇ ਤਰ੍ਹਾਂ 'ਸਿਖਰ ਦੁਪਹਿਰਾ' ਜਿਹੜੀ ਕਿ ਦੋ ਕੜੀਆਂ ਵਿੱਚ ਕਹਾਣੀ ਚੱਲਦੀ ਹੈ। ਇਸ ਵਿੱਚ ਘੱਟ ਜ਼ਮੀਨੇ ਜਾਂ ਬੇ-ਜ਼ਮੀਨੇ ਕਿਸਾਨਾਂ ਦੀ ਦਿਨੋਂ ਦਿਨ ਹੋ ਰਹੀ ਪਤਲੀ ਹਾਲਤ ਦੇ ਕਾਰਨ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਕਿਸਾਨਾਂ ਦੀ ਗਾਥਾ ਹੈ। ਖੂਨ ਪਸੀਨਾ ਵਹਾ ਕੇ ਵੀ ਉਹਨਾਂ ਦਾ

ਗੁਜਾਰਾ ਨਹੀਂ ਹੁੰਦਾ ‘ਤੇ ਦੂਜੇ ਪਾਸੇ ਗਲਤ ਢੰਗ ਨਾਲ ਪੈਸਾ ਕਮਾ ਕੇ ਵੀ ਲੋਕ ਲੱਖਪਤੀ ਬਣ ਜਾਂਦੇ ਹਨ। ਇਸ ਕਹਾਣੀ ਵਿੱਚ ਦੇਬੀ ਆਰਥਿਕ ਤੰਗੀਆਂ ਕਾਰਨ ਖੁਦਕੁਸ਼ੀ ਕਰ ਗਏ ਭਰਾ ਦਾ ਭਾਰ ਵੀ ਆਪਣੇ ਮੋਢਿਆਂ ‘ਤੇ ਚੁੱਕੀ ਫਿਰਦਾ ਹੈ ਪਰ ਆਪਣੇ ਆਪ ਨੂੰ ਕਸੂਤੀ ਸਥਿਤੀ ਵਿੱਚ ਫਸਿਆ ਮਹਿਸੂਸ ਕਰਦਾ ਹੈ। ਉਸ ਦੀਆਂ ਅੱਖਾਂ ਵਿੱਚ ਰੜਕ ਤਾਂ ਉਦੋਂ ਪੈਂਦੀ ਹੈ ਜਦੋਂ ਉਹਨਾਂ ਦੇ ਘਰ ਸੀਰੀ ਰਹਿ ਚੁੱਕੇ ਦੇਸਰਾਜ ਬਿਹਾਰੀ ਨੂੰ ਉਹ ਠੇਕੇਦਾਰ ਬਣਿਆ ਦੇਖਦਾ ਹੈ।

‘ਚੂੜੇ ਵਾਲੀ ਬਾਂਹ’ ਕਹਾਣੀ ਦਾ ਪਾਤਰ ਬੱਗਾ ਵੀ ਰਾਮ ਅਸਰੇ ਦੀ ਗੱਲ ਮੰਨ ਕੇ ਸ਼ਰੀਕਾਂ ਦੇ ਖੇਤਾਂ ਵਿੱਚ ਕੰਮ ਕਰਨ ਦੀ ਥਾਂ ਸ਼ਹਿਰ ਦਿਹਾੜੀ ਕਰਨ ਜਾਣ ਲੱਗ ਪੈਂਦਾ ਹੈ। ਬੱਗੇ ਨੂੰ ਉਸ ਦਾ ਦੋਸਤ ਰਾਮ ਆਸਰਾ ਕਹਿੰਦਾ ਹੈ:- “ਨਹੀਂ ਬੱਗਿਆ! ...... ਏਥੇ ਹੁਣ ਤੇਰਾ ਕੁੱਝ ਨਹੀਂ। ਹਾਂ, ਇੱਕ ਮਰਜ਼ੀ ਐ ਜਿਹੜੀ ਸਿਰਫ਼ ਤੇਰੀ ਐ! ਮੈਂ ਕਹਿਨਾ ਧਾਰ...... ਮਾਰ ਸ਼ਰੀਕੇ ਦੀ!..... ਮਰਜ਼ੀ ਦਾ ਮਾਲਕ ਬਣ ਯਾਰ!.... ਆ ਜਾ ਚਲ ਮੇਰੇ ਨਾਲ .....!” [14]

ਇਸ ਤਰ੍ਹਾਂ ਇਹਨਾਂ ਕਹਾਣੀਆਂ ਰਾਹੀਂ ਜਸਵੀਰ ਰਾਣਾ ਨੇ ਉਹਨਾਂ ਦੁਸ਼ਵਾਰੀਆਂ ਨੂੰ ਪੇਸ਼ ਕੀਤਾ ਹੈ ਜਿੰਨ੍ਹਾਂ ਵਿੱਚ ਫਸਿਆ ਮਨੁੱਖ ਚਿੰਤਾਂ ਤੋਂ ਚਿਤਾ ਵੱਲ ਦਾ ਸਫ਼ਰ ਤੈਅ ਕਰਦਾ ਹੈ।

iii. **ਕਿਸਾਨੀ ਸਰੋਕਾਰ**:- ਪੰਜਾਬ ਸੂਬਾ ਖੇਤੀਬਾੜੀ ਅਧਾਰਿਤ ਸੂਬਾ ਹੈ। ਪਹਿਲਾਂ ਪੰਜਾਬ ਵਿੱਚ ਕੁਦਰਤੀ ਤੌਰ ‘ਤੇ ਖੇਤੀ ਕੀਤੀ ਜਾਦੀ ਸੀ। 60 ਵਿਆਂ ਵਿੱਚ ਪੰਜਾਬ ਵਿੱਚ ਹਰੀ ਕ੍ਰਾਂਤੀ ਨੇ ਅਨੇਕਾਂ ਪ੍ਰਕਾਰ ਦੀਆਂ ਤਬਦੀਲੀਆਂ ਲਿਆਦੀਆਂ। ਖੇਤੀ ਕਰਨ ਦੇ ਢੰਗ ਬਦਲ ਗਏ। ਕੁਦਰਤੀ ਢੰਗ ਛੱਡ ਕੇ ਖੇਤੀ ਕੀਟਨਾਸ਼ਕਾਂ, ਰਸਾਇਣਿਕ ਖਾਦਾਂ ਆਦਿ ‘ਤੇ ਨਿਰਭਰ ਹੋ ਗਈ। ਕਿਸਾਨ ਇਹਨਾਂ ਮਹਿੰਗੇ ਬੀਜ਼ਾ ਅਤੇ ਖਾਦਾਂ ਨੂੰ ਖਰੀਦਣ ਲਈ ਮਜ਼ਬੂਰ ਹੋ ਗਏ। ਜਿਸ ਕਰਕੇ ਉਹਨਾਂ ਨੂੰ ਬੈਕਾਂ ਤੋਂ ਕਰਜੇ ਵੀ ਚੁੱਕਣੇ ਪਏ । ਜਿਸਦੇ ਫਲਸਰੂਪ ਛੋਟੀ ਕਿਸਾਨੀ ਤਬਾਹੀ ਦੇ ਕੰਢੇ ‘ਤੇ ਆ ਗਈ। ਇਸ ਦੀ ਵਜ੍ਹਾ ਕਰਕੇ ਛੋਟੀ ਕਿਸਾਨੀ, ਮਜ਼ਦੂਰ ਦੀ ਸ਼੍ਰੇਣੀ ਵਿੱਚ ਤਬਦੀਲ ਹੋ ਗਈ।

ਜਸਵੀਰ ਰਾਣਾ ਆਪਣੀਆਂ ਕਹਾਣੀਆਂ ਰਾਹੀਂ ਕਿਸਾਨੀ ਸੰਕਟਾਂ ਦੇ ਮਸਲਿਆਂ ਨੂੰ ਉਭਾਰਦਾ ਹੈ। ਕਰਜ਼ਿਆ ਦੀ ਮਾਰ ਹੇਠ ਆਈ ਛੋਟੀ ਕਿਸਾਨੀ ‘ਤੇ ਦਰਮਿਆਨੀ ਕਿਸਾਨੀ ਆਤਮ ਹੱਤਿਆਵਾਂ ਦੇ ਰਾਹ ਤੁਰ ਪਈ ਹੈ। ਉਹਨਾਂ ਨੂੰ ਜੀਵਨ ਨਾਲੋਂ ਮੌਤ ਜ਼ਿਆਦਾ ਸੌਖਾਲੀ ਲੱਗਦੀ ਹੈ। ਜਸਵੀਰ ਰਾਣਾ ਇਸ ਭਿਆਨਕ ਸੱਚ ਨੂੰ ਇਸ ਪ੍ਰਕਾਰ ਬਿਆਨਦਾ ਹੈ:- “ ਜਿੱਦਣ ਮੈਂ ਮਰਿਆ ਦੇਬੀ...... ! .......ਆਹ ਕਰਜੇ ਦੇ ਭਾਰ ਹੇਠ ਦੱਬ ਕੇ ਹੀ ਮਰੂੰਗਾ.....!” [15]

ਪੰਜਾਬ ਦੇ ਕਿਸਾਨਾਂ ਕੋਲ ਪਹਿਲਾ ਹੀ ਜ਼ਮੀਨਾਂ ਘੱਟ ਰਹੀਆਂ ਨੇ ‘ਤੇ ਜੇ ਕੁਝ ਉਹਨਾਂ ਕੋਲ ਹੈ ਤਾਂ ਵੀ ਉਹ ਜ਼ਮੀਨਾ ਵੇਚ ਕੇ ਆਪਣੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ। ਕਈ ਵਾਰ ਬਹੁਤੇ ਲੋਕ ਏਜੰਟਾਂ ਦੇ ਹੱਥੋਂ ਧੋਖਾ ਵੀ ਖਾ ਲੈਂਦੇ ਹਨ। ਇਸ ਗੱਲ ਦਾ ਪ੍ਰਗਟਾਵਾ ਉਹ ਆਪਣੀ ਕਹਾਣੀ ‘ਦੌੜ ਸ਼ੁਰੂ ਹੈ’ ਵਿੱਚ ਕਰਦਾ ਹੈ। ‘ਬੱਗਾ ਬਦਮਾਸ਼’ ਵਿੱਚ ਬੱਗਾ ਅਤੇ ‘ਨਸਲਘਾਤ’ ਵਿੱਚ ਬਲਕਾਰੀ ਦੋਵੇਂ ਹੀ ਪਾਤਰ ਬੇਜ਼ਮੀਨੇ ਹੋਣ ਕਰਕੇ ਵਿਆਹੇ ਨਹੀ ਜਾਂਦੇ ‘ਤੇ ਵਿਵਰਜਿਤ ਰਿਸ਼ਤੇ

ਬਣਾਉਂਦੇ ਹਨ। ਇਸ ਪ੍ਰਕਾਰ ਜਸਵੀਰ ਰਾਣਾ ਦੀਆਂ ਕਹਾਣੀਆਂ ਇਹ ਦੱਸਦੀਆਂ ਹਨ ਕਿ ਜ਼ਿੰਦਗੀ ਨੂੰ ਸਿੱਧੇ ਪੱਧਰੇ ਰਾਹ ਤੋਰਨਾ ਹੁਣ ਹਰ ਇੱਕ ਦੇ ਵੱਸ ਨਹੀਂ ਰਹਿ ਗਿਆ।

iv. **ਮਨੋਵਿਗਿਆਨਿਕ ਸਰੋਕਾਰ:-** ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ:-

"ਵਿਗਿਆਨ ਨੇ ਮਨੁੱਖ ਨੂੰ ਪ੍ਰਕਿਰਤੀ ਦੀਆਂ ਐਨੀਆਂ ਸ਼ਕਤੀਆਂ ਉੱਤੇ ਕਾਬੂ ਪਾਉਣ ਦੀ ਸੂਝ ਬਖਸ਼ੀ ਅਤੇ ਮਨੋਵਿਗਿਆਨ ਨੇ ਮਨੁੱਖੀ ਮਨ ਨੂੰ ਸਮਝਣ ਦੀ ਦ੍ਰਿਸ਼ਟੀ ਅਰਪਣ ਕੀਤੀ ਹੈ।"[16]

ਮਨੁੱਖੀ ਸਰੀਰ ਅੰਦਰ ਮਨ ਇੱਕ ਅਜਿਹੀ ਸ਼ੈਅ ਹੈ ਜਿਹੜੀ ਅਸਾਨੀ ਨਾਲ ਸਮਝੀ ਨਹੀਂ ਜਾ ਸਕਦੀ। ਮਨੁੱਖ ਦੇ ਬਾਹਰੋਂ ਦਿਖਦੇ ਚਿਹਰੇ ਤੋਂ ਉਸਦੇ ਮਨ ਦੀਆਂ ਖਾਹਿਸਾਂ ਅਤ੍ਰਿਪਤ ਕਾਮਨਾਵਾਂ ਆਦਿ ਦਾ ਪਤਾ ਨਹੀਂ ਲੱਗਦਾ ਪਰ ਜਸਵੀਰ ਰਾਣਾ ਆਪਣੀਆਂ ਕਹਾਣੀਆਂ ਦੇ ਪਾਤਰਾਂ ਦੇ ਮਨ ਦਾ ਬੜਾ ਡੂੰਘਾ ਮਨੋ ਵਿਸ਼ਲੇਸ਼ਣ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਵਾਪਰਦੀਆਂ ਘਟਨਾਵਾਂ ਕਾਰਨ ਪੈਦਾ ਹੁੰਦੀਆਂ ਚਿੰਤਾਵਾਂ, ਦੁਬਿਧਾਵਾਂ ਅਤੇ ਇਹਨਾਂ ਦੇ ਕਾਰਨ ਪੈਦਾ ਹੁੰਦੇ ਮਾਨਸਿਕ ਵਿਕਾਰ ਉਜਾਗਰ ਹੁੰਦੇ ਹਨ। ਉਸ ਦੇ ਪਾਤਰ ਅਸਹਿਜ ਵਰਤਾਰਿਆਂ ਅਤੇ ਵੱਖਰੀਆਂ ਹਰਕਤਾਂ ਨਾਲ ਜ਼ਿੰਦਗੀ ਦੀ ਅਲੱਗ ਜਿਹੀ ਫਿਲਾਸਫੀ ਰੱਖਦੇ ਹਨ। ਜੋ ਮਨੋਵਿਗਿਆਨਕ ਤੌਰ 'ਤੇ ਇੱਕ ਮਨੋਵਿਕਾਰ ਹੈ। ਦਬਾਈਆਂ ਹੋਈਆਂ ਇੱਛਾਵਾਂ ਵਿੱਚੋਂ ਪੈਦਾ ਹੋਈ ਫਿਲਾਸਫੀ ਵਿਅਕਤੀ ਦੇ ਅਵਚੇਤਨ ਦਾ ਹਿੱਸਾ ਬਣ ਕੇ ਉਸ ਦੇ ਚੇਤਨ ਮਨ ਉੱਤੇ ਭਾਰੂ ਪੈਣ ਲੱਗ ਜਾਂਦੀ ਹੈ। ਜਿਸ ਦੇ ਕਾਰਨ ਮਨ ਵਿੱਚ ਅਜੀਬ ਉਲਝਣਾਂ ਪੈਦਾ ਹੋ ਜਾਦੀਆਂ ਹਨ। ਕਹਾਣੀ "ਚੂੜੇ ਵਾਲੀ ਬਾਂਹ" ਵਿਚਲਾ ਬੱਗਾ ਜਿਹੜਾ ਨਸ਼ਿਆਂ ਦਾ ਖਾਧਾ ਪਿਆ ਹੈ, ਉਸ ਦੀ ਮਨੋਸਥਿਤੀ ਬੜੀ ਭਿਆਨਕ ਹੋਈ ਪਈ ਹੈ:- "ਬਾਬਲ ਮੇਰੀਆਂ ਗੁੱਡੀਆਂ ਤੇਰੇ ਘਰ ਰਹਿ ਗਈਆਂ.....!! ਡੋਲੀ ਵਿੱਚ ਬੈਠਾ ਜਾਂਦਾ ਰਾਮ ਆਸਰਾ ਫਿਰ ਦਿਸਣ ਲੱਗ ਪਿਆ। ਉਹ ਗਾ ਰਿਹਾ ਸੀ ਨਾਲੇ ਹੱਥ ਵਿੱਚ ਫੜ੍ਹੀ ਸੱਪਣੀ ਨੂੰ ਰੱਸੀ ਵਾਂਗ ਵੱਟ ਚਾੜ੍ਹ ਰਿਹਾ ਸੀ। ਮੇਰਾ ਤਾਇਆ 'ਤੇ ਦੀਪ ਡੋਲੀ ਚੁੱਕੀ ਜਾ ਰਹੇ ਸਨ। ਮੈਂ ਪਿੱਛੇਂ ਕੁੱਤਿਆਂ ਨਾਲ ਤੁਰਿਆ ਜਾ ਰਿਹਾ ਸੀ। ਜਿਉਂ ਹੀ ਡੋਲੀ ਸਮਸ਼ਾਨ ਘਾਟ ਵਿੱਚ ਪ੍ਰਵੇਸ਼ ਕਰਨ ਲੱਗੀ, ਮੈਂ ਪਰ੍ਹਾਂ ਨੂੰ ਭੱਜ ਲਿਆ। ਕੁੱਤੇ ਮੇਰੇ ਪਿੱਛੇ ਪੈ ਗਏ। ਉਹਨਾਂ ਮੇਰੀਆਂ ਲੱਤਾਂ ਬਾਹਾਂ ਪਾੜ ਦਿੱਤੀਆਂ।"[17]

ਇਹ ਪਾਤਰ ਆਪਣੀ ਜੀਣ ਦੀ ਇੱਛਾ ਨਾਲ ਸਵੈ-ਹੋਂਦ ਦੀ ਪਹਿਚਾਣ ਲਈ ਵਿਰੋਧਮਈ ਸਥਿਤੀ ਵਿੱਚ ਛਟਪਟਾ ਕੇ ਰਹਿ ਜਾਂਦਾ ਹੈ। ਕਹਾਣੀ 'ਚਾਦਰ' ਵਿੱਚ ਨਿਰਮਲ ਭਾਂਵੇ ਆਪਣੇ ਸੱਸ-ਸੁਹਰੇ ਦੀ ਦਰਦਨਾਕ ਸਥਿਤੀ ਬਾਰੇ ਦਿਲੋਂ ਹਮਦਰਦੀ ਰੱਖਦੀ ਹੈ ਪਰ ਇਸਦੇ ਬਾਵਜੂਦ ਕਰ ਕੁਝ ਨਹੀਂ ਸਕਦੀ:- " ਉਹ ਅਸਮਾਨ ਵੱਲ ਵੇਖਣ ਲੱਗੀ, ਪਲ ਦੀ ਪਲ ਅਸਮਾਨ ਵਿੱਚ ਉਹਨੂੰ ਆਪਣਾ ਸਹੁਰਾ ਉੱਡਦਾ ਨਜ਼ਰ ਆਇਆ। ਉਹਨੂੰ ਜਾਪਿਆ ਜਿਵੇਂ ਉਹ ਉਹਦੀ ਸੱਸ ਨੂੰ ਹਾਕਾਂ ਮਾਰ

ਰਿਹਾ ਹੋਵੇ, ....... ਆ ਜਾ ਨਿਹਾਲ ਕੁਰੇ...... ਐਥੇ ਹੁਣ ਕੀ ਕਰਦੀ ਐਂ ਚੰਦਰੀਏ .... ! .... ਨਰਕ ਹੀ ਭੋਗਦੀ ਐਂ .....! ਆਜਾ ਉਰੇਂ ਮੇਰੇ ਕੋਲ .....ਆ.....ਜਾ......!" [18]

ਚੰਗੇ ਭਵਿੱਖ ਦੀ ਆਸ ਰੱਖਣ ਵਾਲੇ ਲੋਕ ਹਨੇਰੇ ਦੀ ਚਿੰਤਾ ਵਿੱਚ ਡੁੱਬੇ ਹੋਣ ਦੀ ਤ੍ਰਾਸਦੀ ਨੂੰ ਬੜੀਆਂ ਹੀ ਅਜੀਬ ਹਰਕਤਾਂ ਅਤੇ ਸੋਚਾਂ ਨਾਲ ਮੁਖਾਤਬ ਹੁੰਦੇ ਹਨ।

ਇਸਤੋਂ ਇਲਾਵਾ ਕਹਾਣੀਕਾਰ ਨੀਵੇਂ ਜਾ ਰਹੇ ਪਾਣੀ ਦੇ ਪੱਧਰ ਤੋਂ ਅਤੇ ਦੂਸ਼ਿਤ ਹੋ ਰਹੇ ਵਾਤਾਵਰਨ ਤੋਂ ਵੀ ਚਿੰਤਤ ਹੈ। ਇਹਨਾ ਸਮੱਸਿਆਵਾਂ ਨੂੰ ਪੇਸ਼ ਕਰਦਾ ਕਹਾਣੀਕਾਰ ਚਿੰਤਾ ਅਤੇ ਚਿੰਤਨ ਦਾ ਸੁਨੇਹਾ ਦਿੰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜਸਵੀਰ ਰਾਣਾ ਜ਼ਿੰਦਗੀ ਦੇ ਵਿਭਿੰਨ ਪੱਖਾਂ ਦਾ ਅਨੁਭਵ ਪ੍ਰਾਪਤ ਕਰ ਚੁੱਕਾ ਹੈ। ਜੋ ਸਮੇਂ ਦੇ ਲਿਹਾਜ ਨਾਲ ਆਪਣੀਆਂ ਕਹਾਣੀਆਂ ਨੂੰ ਮੋੜ ਦੇਣ ਦੀ ਕਲਾ ਵੀ ਰੱਖਦਾ ਹੈ।

## ਹਵਾਲੇ 'ਤੇ ਟਿੱਪਣੀਆਂ


1. ਬਲਦੇਵ ਸਿੰਘ ਧਾਲੀਵਾਲ (ਡਾ.) ਸਿਖ਼ਰ ਦੁਪਹਿਰਾ, ਪੰਨਾ 9
2. ਜਸਵੀਰ ਰਾਣਾ, ਬਚਪਨ ਵੱਲ ਖੁਲਦੀ ਖਿੜਕੀ, ਪੰਨਾ 56
3. ਨਿੱਜੀ ਮੁਲਾਕਤ
4. ਨਿੱਜੀ ਮੁਲਾਕਾਤ
5. ਬਲਦੇਵ ਸਿੰਘ ਧਾਲੀਵਾਲ (ਡਾ.) ਸਿਖ਼ਰ ਦੁਪਹਿਰਾ, ਪੰਨਾ 9
6. ਜਸਵੀਰ ਰਾਣਾ, ਖਿੱਤੀਆਂ ਘੁੰਮ ਰਹੀਆਂ ਨੇ, ਪੰਨਾ 19
7. ਉਹੀ, ਪੰਨਾ 13
8. ਬਲਦੇਵ ਸਿੰਘ ਧਾਲੀਵਾਲ (ਡਾ.) ਸਿਖ਼ਰ ਦੁਪਹਿਰਾ, ਪੰਨਾ 10
9. ਜਸਵੀਰ ਰਾਣਾ, ਸਿਖ਼ਰ ਦੁਪਹਿਰਾ, ਪੰਨਾ 75
10. ਉਹੀ, ਪੰਨਾ 75
11. ਉਹੀ, ਖਿੱਤੀਆਂ ਘੁੰਮ ਰਹੀਆਂ ਨੇ, ਪੰਨਾ 136
12. ਉਹੀ, ਪੰਨਾ 113
13. ਉਹੀ, ਪੰਨਾ 113
14. ਉਹੀ, ਪੰਨਾ 8
15. ਨਾਹਰ ਸਿੰਘ (ਡਾ.), ਪੰਜਾਬੀ ਕਹਾਣੀ ਕਿਸਾਨੀ ਦੇ ਹੋਂਦ ਮੂਲਕ ਸਰੋਕਾਰ, ਪੰਨਾ 33
16. ਸਵਿੰਦਰ ਸਿੰਘ ਉੱਪਲ (ਡਾ.), ਪੰਜਾਬੀ ਕਹਾਣੀ ਸਰੂਪ ਸਿਧਾਂਤ 'ਤੇ ਵਿਕਾਸ, ਪੰਨਾ 192
17. ਜਸਵੀਰ ਰਾਣਾ, ਖਿੱਤੀਆਂ ਘੁੰਮ ਰਹੀਆਂ ਨੇ, ਪੰਨਾ 14
18. ਉਹੀ, ਸਿਖ਼ਰ ਦੁਪਹਿਰਾ, ਪੰਨਾ 97



**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

# ਭਗਤ ਕਬੀਰ ਜੀ ਦੀ ਬਾਣੀ ਵਿਚ ਸਮਾਜਿਕ ਚਿੰਤਨ

❑ ਡਾ. ਕਿਰਨਦੀਪ ਕੌਰ

ਉੱਤਰੀ ਭਾਰਤ ਦੀ ਮੱਧਕਾਲੀਨ ਸੰਤ ਪਰੰਪਰਾ ਦੇ ਵਿਚ ਭਗਤ ਕਬੀਰ ਜੀ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਭਗਤ ਕਬੀਰ ਜੀ ਦਾ ਸਮੁੱਚਾ ਜੀਵਨ ਹੀ ਆਦਰਸ਼ਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਆਪ ਜੀ ਦੀ ਬਾਣੀ ਧਾਰਮਿਕ, ਸਮਾਜਿਕ, ਸਦਾਚਾਰਕ ਹਰ ਪੱਖੋਂ ਮਨੁੱਖ ਨੂੰ ਸੇਧ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 15 ਭਗਤ ਸਾਹਿਬਾਨ ਦੀ ਬਾਣੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੇ ਭਗਤ ਸਾਹਿਬਾਨ ਦੀ ਬਾਣੀ 'ਚੋਂ ਭਗਤ ਕਬੀਰ ਜੀ ਦੀ ਬਾਣੀ ਸਭ ਤੋਂ ਵੱਧ ਹੈ ਅਤੇ ਸਤਾਰਾਂ ਰਾਗਾਂ ਵਿਚ ਦਰਜ ਹੈ।

ਭਗਤ ਕਬੀਰ ਜੀ ਦਾ ਸਮਕਾਲੀ ਸਮਾਜ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਹਰ ਪੱਖੋਂ ਅਸੰਤੁਲਿਤ ਸੀ। ਉਸ ਸਮੇਂ ਆਮ ਲੋਕਾਈ ਜਬਰ, ਜੁਲਮ ਤੇ ਅਨਿਆਂ ਨੂੰ ਸਹਿ ਕੇ ਅਜਿਹੀ ਮਾਨਸਿਕਤਾ ਦਾ ਸ਼ਿਕਾਰ ਹੋ ਚੁੱਕੀ ਸੀ ਕਿ ਉਸ ਨੇ ਆਪਣੀ ਮਾਨ-ਮਰਿਯਾਦਾ ਤੇ ਜੀਵਨ-ਜਾਚ ਨੂੰ ਵੀ ਵਿਸਾਰ ਦਿੱਤਾ ਸੀ। ਹਾਕਮਾਂ ਦੀ ਗੁਲਾਮੀ ਤੇ ਧਰਮ ਦੀ ਸੰਕੀਰਨਤਾ ਨੇ ਉਸ ਨੂੰ ਹਰ ਪੱਖੋਂ ਦਬਾ ਲਿਆ ਸੀ। ਅਜਿਹੇ ਸਮੇਂ ਭੁੱਲੀ ਭਟਕੀ ਲੋਕਾਈ ਨੂੰ ਸਹੀ ਰਾਸਤਾ ਦਿਖਾਉਣਾ ਵਾਲਿਆਂ ਵਿਚ ਭਗਤ ਕਬੀਰ ਜੀ ਮੱਧਕਾਲੀਨ ਸੰਤ ਪੁਰਖਾਂ ਦੀ ਮੁਹਰਲੀ ਕਤਾਰ ਵਿਚ ਆਉਂਦੇ ਹਨ। ਆਪਣੀ ਬਾਣੀ ਰਾਹੀਂ ਉਨ੍ਹਾਂ ਨੇ ਉਸ ਸਮੇਂ ਜੋ ਚਿਨਗ ਲਾਈ ਉਹ ਅੱਜ ਵੀ ਮਨੁੱਖ ਨੂੰ ਪ੍ਰੇਰਣਾ ਪ੍ਰਦਾਨ ਕਰਦੀ ਹੈ।

ਰਤਨ ਸਿੰਘ ਜੱਗੀ ਦੇ ਕਥਨ ਅਨੁਸਾਰ, "ਸੰਤ ਕਬੀਰ ਅਦਭੁਤ ਅਤੇ ਵਿਲੱਖਣ ਵਿਅਕਤਿਤਵ ਦੇ ਸੁਆਮੀ ਸਨ। ਉਹਨਾਂ ਧਰਮ ਅਤੇ ਸਮਾਜ ਦੀਆਂ ਤੰਗ ਹੱਦਬੰਦੀਆਂ ਅਤੇ ਰੂੜ੍ਹ ਰੀਤਾਂ ਨਾਲ ਸਮਝੌਤਾ ਨਹੀਂ ਕੀਤਾ। ਉਹਨਾਂ ਨੂੰ ਉਹ ਸਭ ਕੁਝ ਪ੍ਰਵਾਨ ਸੀ ਜੋ ਮਨੁੱਖ ਲਈ ਕਲਿਆਣਕਾਰੀ ਸੀ। ਸੱਚਮੁੱਚ ਭਗਤੀ ਯੁੱਗ ਦੇ ਉਹ ਇਕ ਸਮਰੱਥ ਲੋਕਨਾਇਕ ਸਨ।"[1]

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਸਮਾਜ ਦੀਆਂ ਬੁਰਾਈਆਂ, ਊਚ-ਨੀਚ, ਜਾਤ-ਪਾਤ, ਕਰਮ-ਕਾਂਡ ਆਦਿ ਦੀ ਸਖਤ ਨਿਖੇਧੀ ਕੀਤੀ। ਬਾਣੀ ਰਾਹੀਂ ਆਪ ਜੀ ਨੇ ਸਮਾਜ ਵਿਚ ਪ੍ਰਚੰਡ ਕੁਰੀਤੀਆਂ ਨੂੰ ਭੰਡਿਆ ਅਤੇ ਮਨੁੱਖ ਨੂੰ ਜਾਗਰੁਕ ਕੀਤਾ। ਭਗਤ ਕਬੀਰ ਜੀ ਨੇ ਨਾ ਕੇਵਲ ਤੱਤਕਾਲੀਨ ਹਿੰਦੂ ਧਰਮ ਵਿਚ ਪ੍ਰਚਲਿਤ ਕਰਮਕਾਂਡਾਂ ਨੂੰ ਨਕਾਰਿਆ ਬਲਕਿ ਇਸਲਾਮੀ ਧਰਮ ਵਿਚ ਆਈਆਂ ਤਰੁੱਟੀਆਂ ਦਾ ਵੀ ਖੰਡਨ ਕੀਤਾ। ਇਸ ਤਰ੍ਹਾਂ ਤੱਤਕਾਲੀਨ ਭਾਰਤੀ ਸਮਾਜ ਵਿਚ ਪ੍ਰਚਲਿਤ ਦੋਹੇਂ ਧਰਮਾਂ ਹਿੰਦੂ ਅਤੇ ਮੁਸਲਿਮ ਦਰਮਿਆਨ ਆਪ ਜੀ ਨੇ ਭਰਾਤਰੀ ਭਾਵ ਦਾ ਬੀਜ ਬੀਜਿਆ। ਆਪ ਜੀ ਨੇ ਮਨੁੱਖ ਦੇ ਨਿਤ ਦੇ ਕਾਰ ਵਿਹਾਰ ਨੂੰ ਵਾਚਦੇ ਹੋਏ ਆਪਣੀ ਬਾਣੀ ਰਾਹੀਂ ਤੱਤਕਾਲੀਨ ਸਮਾਜਿਕ ਚਿੰਤਨ ਦੀ ਗੱਲ ਕੀਤੀ। ਭਗਤ ਕਬੀਰ ਜੀ ਨੇ ਜਾਤਿ ਭੇਦ, ਵਰਗ ਭੇਦ ਆਦਿ ਦਾ ਖੰਡਨ

ਕਰਦੇ ਹੋਏ ਇਕ ਪਰਮਾਤਮਾ ਦੀ ਭਗਤੀ ਤੇ ਜ਼ੋਰ ਦਿੱਤਾ। ਆਪ ਜੀ ਦਾ ਮੁੱਖ ਨਿਸ਼ਾਨਾ ਸਮਾਜ ਨੂੰ ਤਰੱਕੀ ਦੇ ਰਾਹ ਤੇ ਲਿਜਾਉਣਾ ਸੀ। ਮਨੁੱਖ ਸਮਾਜ ਦਾ ਅੰਗ ਹੈ ਤੇ ਮਨੁੱਖ ਆਪਣੀ ਕਰਨੀ ਤੇ ਕਥਨੀ ਰਾਹੀਂ ਬਿਹਤਰ ਸਮਾਜ ਦੀ ਉਸਾਰੀ ਕਰ ਸਕਦਾ ਹੈ। ਇਸ ਦੇ ਲਈ ਮਨੁੱਖ ਨੂੰ ਮਾਨਸਿਕ ਪੱਖੋਂ ਮਜਬੂਤ ਹੋਣ ਦੀ ਵੀ ਲੋੜ ਹੈ, ਪਰ ਮੱਧਕਾਲੀਨ ਸਮਾਜ ਵਿਚ ਤਾਂ ਮਨੁੱਖ ਗੁਲਾਮੀ ਦੀਆਂ ਜੰਜੀਰਾਂ ਵਿਚ ਇਸ ਕਦਰ ਜਕੜਿਆ ਹੋਇਆ ਸੀ ਕਿ ਉਸ ਨੇ ਸੋਚਣਾ ਤੇ ਸਮਝਣਾ ਬੰਦ ਕਰ ਦਿੱਤਾ ਸੀ ਤੇ ਜੋ ਕੁਝ ਵੀ ਹੋ ਰਿਹਾ ਸੀ ਉਸ ਨੂੰ ਹੀ ਆਪਣੀ ਕਿਸਮਤ ਮੰਨ ਬੈਠਾ ਸੀ। ਦੁੱਖ ਉਸ ਤੇ ਇਸ ਕਦਰ ਹਾਵੀ ਹੋ ਗਏ ਸਨ ਕਿ ਸੁੱਖ ਦਾ ਅਹਿਸਾਸ ਵੀ ਉਸ ਨੂੰ ਨਹੀਂ ਸੀ।

ਆਪ ਜੀ ਬਾਣੀ ਰਾਹੀਂ ਪਰਸਪਰ ਪ੍ਰੇਮ, ਸਹਿਨਸ਼ੀਲਤਾ, ਸ਼ਰਧਾ, ਸੇਵਾ ਦਾ ਮਾਰਗ ਦੱਸਦੇ ਹੋਏ ਪਰਮਾਤਮਾ ਨੂੰ ਬਾਹਰ ਦੀ ਥਾਂ ਅੰਦਰੋਂ ਲੱਭਣ ਲਈ ਕਹਿੰਦੇ ਹਨ। ਸਮਾਜ ਨੂੰ ਪਿਛਾਂਹ ਖਿੱਚੂ ਮਾਨਤਾਵਾਂ ਦਾ ਆਪ ਨੇ ਹਮੇਸ਼ਾ ਹੀ ਖੰਡਨ ਕੀਤਾ ਤੇ ਇਕ ਬੇਹਤਰ ਸਮਾਜ ਦੀ ਉਸਾਰੀ ਲਈ ਪੁਰਜੋਰ ਯਤਨ ਕੀਤੇ:

1. **ਧਾਰਮਿਕ ਆਡੰਬਰਾਂ ਦਾ ਖੰਡਨ:** ਭਗਤ ਕਬੀਰ ਜੀ ਧਾਰਮਿਕ ਆਡੰਬਰਾਂ ਤੇ ਫੋਕਟ ਦੇ ਰੀਤੀ-ਰਿਵਾਜਾਂ ਨੂੰ ਨਕਾਰਦੇ ਹਨ। ਆਪ ਜੀ ਤੱਤਕਾਲੀਨ ਸਮਾਜ ਵਿਚ ਵਿਆਪਕ ਪਾਖੰਡਾਂ ਦੀ ਵਿਰੋਧਤਾ ਕਰਦੇ ਹੋਏ ਲਿਖਦੇ ਹਨ ਕਿ ਜੇ ਨੰਗੇ ਫਿਰਨ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ ਤਾਂ ਹਿਰਨ ਜੋ ਸਾਰਾ ਦਿਨ ਨੰਗੇ ਹੀ ਜੰਗਲਾਂ ਵਿੱਚ ਘੁੰਮਦੇ ਹਨ, ਮੁਕਤ ਹੋ ਜਾਣ। ਜੇਕਰ ਸਿਰ ਮੂੰਹ ਮੁੰਡਵਾ ਕੇ ਹੀ ਮਨੁੱਖ ਸਿਧੀ ਪ੍ਰਾਪਤ ਕਰ ਸਕਦਾ ਤਾਂ ਸਾਰੀਆਂ ਭੇਡਾਂ ਜਿਨ੍ਹਾਂ ਨੂੰ ਹਮੇਸ਼ਾ ਮੁੰਨਿਆ ਜਾਂਦਾ ਹੈ ਮੁਕਤ ਹੋ ਜਾਣ। ਜੇ ਗ੍ਰਹਿਸਤ ਦਾ ਤਿਆਗ ਕਰ ਕੇ, ਸੰਨਿਆਸ ਧਾਰਨ ਕਰ ਕੇ ਮਨੁੱਖ ਦਾ ਉਧਾਰ ਹੋ ਸਕਦਾ ਹੈ ਤਾਂ ਸਾਰੇ ਖੁਸਰੇ ਪਰਮਗਤਿ ਨੂੰ ਪ੍ਰਾਪਤ ਕਰ ਲੈਣ। ਇਸ ਤਰ੍ਹਾਂ ਜੇ ਸਵੇਰੇ ਸ਼ਾਮ ਇਸ਼ਨਾਨ ਕਰਨ ਨਾਲ ਹੀ ਗਤੀ ਪ੍ਰਾਪਤ ਹੁੰਦੀ ਹੈ ਤਾਂ ਡੱਡੂ ਤਾਂ ਹਮੇਸ਼ਾ ਹੀ ਪਾਣੀ ਵਿੱਚ ਨਹਾਉਂਦਾ ਰਹਿੰਦਾ ਹੈ, ਉਸ ਨੂੰ ਵੀ ਪਰਮਗਤਿ ਪ੍ਰਾਪਤ ਹੋ ਜਾਣੀ ਚਾਹੀਦੀ ਹੈ। ਭਗਤ ਕਬੀਰ ਅਨੁਸਾਰ ਮੁਕਤੀ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ, ਵਾਹਿਗੁਰੂ ਦਾ ਨਾਮ ਜਪਣਾ ਹੈ ਅਤੇ ਨਾਮ ਰਾਹੀਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਨਾ ਹੈ।[2]

2. **ਵਰਣ-ਆਸ਼ਰਮ ਧਰਮ ਦੀ ਨਿਖੇਧੀ:** ਭਗਤ ਕਬੀਰ ਨੇ ਵਰਣ-ਆਸ਼ਰਮ ਧਰਮ ਅਨੁਸਾਰ ਮਨੁੱਖ ਨੂੰ ਵਰਗਾਂ ਵਿੱਚ ਵੰਡ ਕੇ ਵੇਖਣ ਦੀ ਦ੍ਰਿਸ਼ਟੀ ਦੀ ਬਹੁਤ ਹੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ। ਉਸ ਸਮੇਂ ਦਾ ਸਮਾਜ ਚਾਰ ਵਰਣਾਂ: ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਹੋਇਆ ਸੀ। ਭਗਤ ਕਬੀਰ ਜੀ ਨੇ ਸਮਾਜ ਵਿਚਲੇ ਵਰਣ ਵੰਡ ਦੇ ਭੇਦ-ਭਾਵ ਦੀ ਨਿਖੇਧੀ ਬਹੁਤ ਸਖਤ ਸ਼ਬਦਾਂ ਵਿਚ ਕੀਤੀ। ਉਸ ਸਮੇਂ ਬ੍ਰਾਹਮਣਾਂ ਵੱਲੋਂ ਅਖੌਤੀ ਨੀਵੀਆਂ ਜਾਤੀਆਂ ਦੇ ਲੋਕਾਂ ਨਾਲ ਭੇਦ-ਭਾਵ ਕਰਨਾ ਆਮ ਵਰਤਾਰਾ ਸੀ। ਭਗਤ ਕਬੀਰ ਜੀ ਵੀਚਾਰ ਦੀ ਪੱਧਰ 'ਤੇ ਮਨੁੱਖ ਨੂੰ ਇਸ ਸਿਧਾਂਤ 'ਤੇ ਲਿਆ ਕੇ ਖੜ੍ਹਾ ਕਰਦੇ ਹਨ ਕਿ ਜੇਕਰ ਮਨੁੱਖ ਜਾਤ ਕਰਕੇ ਬ੍ਰਾਹਮਣ ਹੁੰਦਾ ਹੈ ਤਾਂ ਉਸ ਦਾ ਜਨਮ, ਬਾਕੀ ਮਨੁੱਖਾਂ ਵਾਲੇ ਕੁਦਰਤੀ ਢੰਗ ਨਾਲ ਨਾ ਹੋ ਕੇ ਕਿਸੇ ਹੋਰ ਢੰਗ ਨਾਲ

ਕਿਉਂ ਨਹੀਂ ਹੋਇਆ? ਕੀ ਬ੍ਰਾਹਮਣ ਦੀਆਂ ਨਾੜੀਆਂ ਵਿੱਚ ਦੁੱਧ ਦਾ ਸੰਚਾਰ ਹੁੰਦਾ ਹੈ ਅਤੇ ਸ਼ੂਦਰ ਆਖੇ ਜਾਣ ਵਾਲੇ ਅੰਦਰ ਲਹੂ ਸੰਚਾਰ ਕਰਦਾ ਹੈ? ਬ੍ਰਾਹਮਣ ਅਖਵਾਉਣ ਦਾ ਹੱਕਦਾਰ ਉਹੀ ਹੈ ਜੋ ਬ੍ਰਹਮ (ਨਿਰੰਕਾਰ) ਦੀ ਵਿਚਾਰ ਕਰਦਾ ਹੈ।[3] ਮਨੁੱਖ ਦੀ ਵਰਗਾਂ ਵਿੱਚ ਵੰਡ ਤਰਕ-ਸੰਗਤ ਨਹੀਂ ਹੈ। ਵਾਹਿਗੁਰੂ ਇਕ ਹੀ ਕਿਸਮ ਦੇ ਭੌਤਿਕ ਤੱਤਾਂ ਤੋਂ ਵੱਖ-ਵੱਖ ਕਿਸਮ ਦੇ ਜੀਵਾਂ ਦੀ ਰਚਨਾ ਕਰਦਾ ਹੈ ਅਤੇ ਫਿਰ ਸਾਰਿਆਂ ਵਿੱਚ ਉਸ ਇਕ ਦੀ ਹੀ ਜੋਤਿ ਵਿਆਪਕ ਹੈ ।

3. **ਗ੍ਰਹਿਸਤ ਜੀਵਨ ਤੇ ਜੋਰ:** ਆਪ ਨੇ ਬਣਾਂ ਵਿਚ ਜਾ ਕੇ ਭਗਤੀ ਕਰਨ ਦੀ ਥਾਵੇਂ ਘਰ ਵਿਚ ਹੀ ਰਹਿੰਦੇ ਹੋਏ ਪਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਘਰ ਬਾਰ ਤਿਆਗ ਕੇ ਜੰਗਲ ਵਿਚ ਜਾਣ ਦਾ ਕੀ ਲਾਭ ਜੇ ਮਨ ਵਿਚੋਂ ਵਿਕਾਰ ਨਾ ਦੂਰ ਹੋਏ। ਘਰ ਛੱਡ ਕੇ ਬਣਾਂ ਵਿਚ ਚਲੇ ਜਾਈਏ ਅਤੇ ਕੰਦ ਮੂਲ ਚੁਣ ਚੁਣ ਕੇ ਖਾਈਏ, ਪਰ ਤਦ ਵੀ ਇਹ ਪਾਪੀ ਤੇ ਮੰਦਾ ਮਨ ਵਿਕਾਰ ਨਹੀਂ ਛਡਦਾ। ਮੈਂ ਕਿਸ ਤਰ੍ਹਾਂ ਇਨ੍ਹਾਂ ਤੋਂ ਖਲਾਸੀ ਪਾਵਾਂ ਅਤੇ ਵੱਡਾ ਸੰਸਾਰ ਸਮੁੰਦਰ ਕਿਵੇਂ ਤਰ੍ਹਾਂ। ਮੈਂ ਦਾਸ ਨੇ ਤੇਰੀ ਸ੍ਰਨ ਲਈ ਹੈ, ਮੈਨੂੰ ਹੇ ਨਿਰੰਕਾਰ, ਬਚਾ ਲੈ! ਇੰਦ੍ਰੀਆਂ ਦੇ ਜੋ ਨਾਨਾ ਵਿਸ਼ੇ ਹਨ, ਉਨ੍ਹਾਂ ਦੀ ਖਾਹਿਸ਼ ਛੱਡੀ ਨਹੀਂ ਜਾਂਦੀ। ਮਨ ਨੂੰ ਅਨੇਕਾਂ ਜਤਨ ਕਰਕੇ ਰੋਕੀਦਾ ਹੈ, ਪਰ ਮੁੜ ਮੁੜ ਉਨ੍ਹਾਂ ਵਿਚ ਜਾ ਫਸਦਾ ਹੈ। ਜਵਾਨੀ ਬੁਢੇਪਾ, ਸਾਰਾ ਜੀਵਨ ਹੀ ਮੁੱਕ ਚੱਲਿਆ ਹੈ, ਪਰ ਕੋਈ ਭਲੀ ਗੱਲ ਨਹੀਂ ਕੀਤੀ। ਅਨਮੋਲ ਸੀ ਇਹ ਜੀਅੜਾ ਪਰ ਵਿਸ਼ਿਆਂ ਵਿਚ ਲੱਗ ਕੇ ਕੌਡੀ ਦੇ ਬਰਾਬਰ ਹੋ ਗਿਆ। ਕਬੀਰ ਜੀ ਕਹਿੰਦੇ ਹਨ ਕਿ ਪਰਮੇਸ੍ਰ ਤੂੰ ਤਾਂ ਸਰਬ ਥਾਂ ਵਿਆਪਕ ਹੈ; ਘਰ ਵਿਚ ਵੀ ਅਤੇ ਜੰਗਲ ਵਿਚ ਵੀ। ਤੇਰੇ ਵਰਗਾ ਦਇਆਲੂ ਕੋਈ ਨਹੀਂ, ਮੇਰੇ ਵਰਗਾ ਪਾਪੀ ਕੋਈ ਨਹੀਂ।[4]

4. **ਜਾਤ-ਪਾਤ ਦਾ ਖੰਡਨ:** ਭਗਤ ਕਬੀਰ ਜੀ ਨੇ ਜਨਮ, ਜਾਤ, ਧਰਮ, ਨਸਲ, ਰੰਗ ਆਦਿ ਤੇ ਆਧਾਰਿਤ ਮਨੁੱਖੀ ਵੰਡ ਨੂੰ ਮੁੱਢੋਂ ਨਕਾਰਿਆ। ਆਪ ਨੇ ਕਦੇ ਵੀ ਕਿਸੇ ਧਰਮ ਦੀ ਨਿਖੇਧੀ ਨਹੀਂ ਕੀਤੀ, ਬਲਕਿ ਤੱਤਕਾਲੀਨ ਸਮਾਜ ਵਿਚ ਆਈਆਂ ਗਿਰਾਵਟਾਂ ਤੇ ਕੁਰੀਤੀਆਂ ਪ੍ਰਤੀ ਲੋਕਾਈ ਨੂੰ ਜਾਗਰੁਕ ਕੀਤਾ। ਆਪ ਨੇ ਦੱਸਿਆ ਕਿ ਜਾਤ, ਵਰਣ ਆਧਾਰਿਤ ਵੰਡ ਪਰਮਾਤਮਾ ਦੀ ਬਣਾਈ ਹੋਈ ਨਹੀਂ, ਸਗੋਂ ਮਾਨਵ ਸਿਰਜਿਤ ਹੈ। ਉਹ ਤਾਂ ਇਸ ਵਿਚਾਰਧਾਰਾ ਦੇ ਧਾਰਨੀ ਹਨ ਕਿ ਹਰ ਇਨਸਾਨ ਪੰਜ ਤੱਤਾਂ ਦਾ ਪੁਤਲਾ ਹੈ ਅਤੇ ਹਰ ਇਕ ਵਿਚ ਇਕੋ ਰੰਗ ਦਾ ਲਹੂ ਤੇ ਮਾਸ ਹੈ। ਉਨ੍ਹਾਂ ਨੇ ਬ੍ਰਾਹਮਣਾਂ, ਕਾਜ਼ੀ-ਮੁੱਲਾਂ, ਜਾਤਿ-ਅਭਿਮਾਨੀਆਂ ਤੇ ਕੱਟੜ-ਪ੍ਰਸੱਤਾਂ ਨੂੰ ਤਰਕ ਸਹਿਤ ਵੰਗਾਰਿਆ। ਆਪ ਨੇ ਹਿੰਦੂ ਅਤੇ ਮੁਸਲਿਮ ਦੇ ਵਿਚ ਪਈਆਂ ਵੰਡੀਆਂ ਨੂੰ ਵੀ ਭੰਡਿਆ ਤੇ ਕਿਹਾ ਕਿ ਮੰਦਰ ਦਾ ਭਗਵਾਨ ਤੇ ਮਸਜਿਦ ਦਾ ਅੱਲਾਹ ਇਕ ਹੀ ਹੈ:

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥

ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥[5]

5. **ਮਾਨਵ ਪਿਆਰ**: ਆਪ ਜੀ ਨੇ ਮਾਨਵਤਾਵਾਦ ਦੀ ਭਾਵਨਾ ਤੇ ਜ਼ੋਰ ਦਿੱਤਾ। ਭਗਤ ਕਬੀਰ ਜੀ ਨੇ ਸਾਰੀ ਮਨੁੱਖਤਾ ਨੂੰ ਇਕ ਨੂਰ ਤੋਂ ਉਪਜੇ ਹੋਣ ਦਾ ਸੰਦੇਸ਼ ਦਿੱਤਾ ਹੈ।

ਇਕ ਰੱਬੀ ਨੂਰ ਤੋਂ ਉਪਜੇ ਹੋਣ ਕਾਰਨ ਕਿਸੇ ਨਾਲ ਵੀ ਚੰਗੇ ਜਾਂ ਮੰਦੇ ਦਾ ਭੇਦ ਨਹੀਂ ਕੀਤਾ ਜਾ ਸਕਦਾ। ਆਪ ਨੇ ਬਾਣੀ ਰਾਹੀਂ ਮਨੁੱਖੀ ਸਮਾਨਤਾ ਦੀ ਗੱਲ ਬਾਖੂਬੀ ਕੀਤੀ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[6]

ਭਗਤ ਕਬੀਰ ਜੀ ਮਨੁੱਖਾ ਜਨਮ ਦੀ ਮਹਾਨਤਾ ਦਰਸਾਉਂਦੇ ਹੋਏ ਪਰਮਾਤਮਾ ਦਾ ਨਾਮ ਜਪਣ ਦੀ ਤਾਕੀਦ ਕਰਦੇ ਹਨ। ਉਹ ਇਕ ਪੱਕੇ ਹੋਏ ਫਲ ਦੀ ਉਦਾਹਰਨ ਦਿੰਦੇ ਹਨ ਕਿ ਜਿਵੇਂ ਇਕ ਵਾਰ ਫਲ ਪੱਕਣ ਤੋਂ ਬਾਅਦ ਜਮੀਨ ਉਤੇ ਡਿੱਗ ਜਾਵੇ ਤਾਂ ਉਹ ਦੁਬਾਰਾ ਟਾਹਣੀ ਨਾਲ ਨਹੀਂ ਲੱਗਦਾ, ਉਸੇ ਤਰ੍ਹਾਂ ਮਨੁੱਖਾ ਜੀਵਨ ਵੀ ਇਕ ਵਾਰ ਅਜਾਈਂ ਚਲਾ ਗਿਆ ਤਾਂ ਮੁੜ ਕੇ ਨਹੀਂ ਮਿਲਣਾ।[7]

ਕਬੀਰ ਜੀ ਨੇ ਬਨਾਰਸ ਦੀ ਪਵਿੱਤਰਤਾ ਨੂੰ ਮੰਨਿਆ ਪਰ ਮਗਹਰ ਦੀ ਨਿੰਦਿਆ ਨੂੰ ਬਰਦਾਸ਼ਤ ਨਹੀਂ ਕੀਤਾ। ਮਗਹਰ ਨਗਰੀ ਬਾਰੇ ਪ੍ਰੋ. ਸਾਹਿਬ ਸਿੰਘ ਨੇ ਕਿਹਾ ਹੈ "ਆਮ ਹਿੰਦੂ ਲੋਕਾਂ ਦਾ ਇਹ ਨਿਸ਼ਚਾ ਸੀ ਕਿ ਜੋ ਮਨੁੱਖ ਬਨਾਰਸ ਵਿਚ ਰਹਿੰਦਾ ਹੋਇਆ ਸਰੀਰ ਤਿਆਗੇ, ਉਹ ਮੁਕਤ ਹੋ ਜਾਂਦਾ ਹੈ ਕਿਉਂਕਿ ਇਹ ਨਗਰੀ ਸ਼ਿਵ ਦੀ ਹੈ। ਇਕ ਨਗਰ ਹੈ ਮਗਹਰ, ਅਯੋਧਿਆ ਤੋਂ 85 ਮੀਲ ਚੜ੍ਹਦੇ ਪਾਸੇ ਅਤੇ ਗੋਰਖਪੁਰ ਤੋਂ 15 ਮੀਲ ਲਹਿੰਦੇ ਵੱਲ। ਹਿੰਦੂ ਇਸ ਨਗਰ ਨੂੰ ਸਰਾਪਿਆ ਹੋਇਆ ਮੰਨਦੇ ਸਨ। ਇਹ ਖਿਆਲ ਬਣਿਆ ਹੋਇਆ ਸੀ ਕਿ ਜੋ ਮਨੁੱਖ ਮਗਹਰ ਵਿਚ ਸਰੀਰ ਤਿਆਗਦਾ ਹੈ, ਉਹ ਖੋਤੇ ਦੀ ਜੂਨੀ ਪੈਂਦਾ ਹੈ।"[8] ਪਰੰਤੂ ਕਬੀਰ ਜੀ ਨੇ ਇਸ ਧਾਰਣਾ ਨੂੰ ਗਲਤ ਕਿਹਾ ਤੇ ਆਪ ਆਪਣੇ ਅੰਤਲੇ ਸਮੇਂ ਕਾਸ਼ੀ ਛੱਡ ਕੇ ਮਗਹਰ ਆ ਗਏ ਤੇ ਇਥੇ ਹੀ ਪ੍ਰਾਣ ਤਿਆਗੇ।[9]

6. **ਵਿਕਾਰਾਂ ਦਾ ਤਿਆਗ ਕਰਨ ਤੇ ਜ਼ੋਰ**: ਭਗਤ ਕਬੀਰ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਬਿਨਾ ਹੋਰ ਕਾਸੇ ਦਾ ਪਿਆਰ ਹੈ, ਉਸ ਨੂੰ ਜਪੁ ਕਰਨ, ਤਪ ਕਰਨ, ਵਰਤ ਰੱਖਣ ਅਤੇ ਪੂਜਾ ਕਰਨ ਦਾ ਵੀ ਕੋਈ ਲਾਭ ਨਹੀਂ ਮਿਲਣਾ। ਪਰਮਾਤਮਾ ਦੀ ਪ੍ਰਾਪਤੀ ਨਾਮ ਸਿਮਰਨ ਰਾਹੀਂ ਹੀ ਹੋਣੀ ਹੈ, ਚਤੁਰਾਈਆਂ ਨਾਲ ਨਹੀਂ। ਵਿਕਾਰਾਂ ਵਿਚ ਬੱਝਿਆ ਮਨੁੱਖ ਕਰਮਕਾਂਡ ਕਰਦਾ ਹੈ ਤੇ ਪੱਥਰ ਦੀਆਂ ਮੂਰਤੀਆਂ ਦੀ ਸੇਵਾ ਕਰਦਾ ਹੈ, ਜੋ ਨਿਸਫਲ ਹੈ। ਕਬੀਰ ਜੀ ਕਹਿੰਦੇ ਹਨ, ਜੋ ਪੰਜਾਂ ਵਿਕਾਰਾਂ ਨੂੰ ਜਿੱਤ ਲੈਂਦਾ ਹੈ, ਪਰਮ ਪਦਵੀ ਉਸ ਤੋਂ ਦੂਰ ਨਹੀਂ।[10]

ਤੱਤਕਾਲੀਨ ਸਮਾਜ ਦੇ ਅਰਾਜਕਤਾ ਭਰੇ ਮਾਹੌਲ ਵਿਚੋਂ ਜਨ ਸਧਾਰਨ ਨੂੰ ਸੱਚ ਦੇ ਰਾਸਤੇ ਤੇ ਤੋਰਨ ਦੀ ਗੱਲ ਕਰਨੀ ਅਤੇ ਸੁੱਚਜੀ ਜੀਵਨ ਸੇਧ ਲਈ ਪ੍ਰੇਰਣਾ ਦੇਣੀ ਉਸ ਸਮੇਂ ਬੜਾ ਔਖਾ ਕਾਰਜ ਸੀ ਪਰ ਭਗਤ ਕਬੀਰ ਜੀ ਨੇ ਇਹ ਬਾਖੂਬੀ ਕਰ ਕੇ ਵਿਖਾਇਆ। ਦੋ ਵਾਰ ਭਗਤ ਕਬੀਰ ਜੀ ਨੂੰ ਮਾਰ ਮੁਕਾ ਦੇਣ ਦਾ ਵੀ ਜਤਨ ਕੀਤਾ ਗਿਆ। ਇਹ ਦੋਵੇਂ ਘਟਨਾਵਾਂ ਉਨ੍ਹਾਂ ਦੀ ਬਾਣੀ ਵਿਚ ਦਰਜ ਮਿਲਦੀਆਂ ਹਨ। ਮੁਸਲਮਾਨ ਤਾਂ ਇਸ ਕਰਕੇ ਨਾਰਾਜ਼ ਸਨ ਕਿ ਆਪ ਜੀ ਨੇ ਆਪਣਾ ਜਨਮ ਧਰਮ ਛੱਡ ਦਿੱਤਾ, ਅਜੇਹੇ ਕਾਫ਼ਰ ਦੀ ਸਜ਼ਾ ਸ਼ਰੀਅਤ ਅਨੁਸਾਰ ਮੌਤ ਹੈ। ਬ੍ਰਾਹਮਣ ਇਸ ਲਈ ਉਨ੍ਹਾਂ ਦਾ ਜੀਵਨ ਖਤਮ ਕਰਨਾ

ਚਾਹੁੰਦੇ ਸਨ ਕਿਉਂਕਿ ਭਗਤ ਕਬੀਰ ਜੀ ਵਰਣ-ਵਿਵਸਥਾ ਅਨੁਸਾਰ ਸਥਾਪਨ ਕੀਤੀ ਉਨ੍ਹਾਂ ਦੀ ਉਚ ਪੱਦਵੀ ਨੂੰ ਨਹੀਂ ਮੰਨਦੇ ਸਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਗਤ ਕਬੀਰ ਜੀ ਉੱਚ ਅਧਿਆਤਮਕ ਅਵਸਥਾ ਵਾਲੇ ਭਗਤ, ਉੱਚ ਆਦਰਸ਼ਕ ਗ੍ਰਿਹਸਥੀ, ਧਰਮ ਅਤੇ ਸਮਾਜ ਦੇ ਬਹੁਤ ਵੱਡੇ ਸੁਧਾਰਕ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪ੍ਰਭੂ ਭਗਤੀ ਵਿਚ ਬਿਤਾਇਆ ਅਤੇ ਪਵਿੱਤਰ ਉਪਦੇਸ਼ਾਂ ਸਦਕਾ ਲੋਕਾਂ ਨੂੰ ਵੀ ਫੋਕੇ ਕਰਮ-ਕਾਂਡ ਛੱਡ, ਪ੍ਰਭੂ ਭਗਤੀ ਕਰਨ ਲਈ ਪ੍ਰੇਰਿਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਕਬੀਰ ਜੀ ਦੀ ਬਾਣੀ ਦਾ ਵਿਆਪਕ ਤੇ ਪ੍ਰਧਾਨ ਵਿਸ਼ਾ ਮਨੁੱਖ ਨੂੰ ਸੰਸਾਰਿਕ ਕੁਰੀਤੀਆਂ ਦੇ ਜਾਲ ਵਿਚੋਂ ਕੱਢ ਕੇ, ਇਕ ਆਦਰਸ਼ਕ ਮਨੁੱਖ ਬਨਾਉਣਾ ਹੈ, ਜਿਹੜਾ ਆਤਮਕ ਤੌਰ 'ਤੇ ਪਰਮਾਤਮਾ ਨਾਲ ਇਕਸੁਰ ਤੇ ਇਕਰੂਪ ਹੋਵੇ, ਸਮਾਜਕ ਤੌਰ 'ਤੇ ਮਨੁੱਖੀ ਭਾਈਚਾਰੇ ਤੇ ਮਾਨਵਤਾ ਨੂੰ ਪ੍ਰੇਮ ਕਰਨ ਵਾਲਾ ਹੋਵੇ ਅਤੇ ਸਦਾਚਾਰ ਦੀ ਦ੍ਰਿਸ਼ਟੀ ਤੋਂ ਜਾਤ-ਪਾਤ ਤੋਂ ਉੱਪਰ ਉੱਠਿਆ ਹੋਇਆ ਨੇਕ ਕਰਮ ਕਰਨ ਵਾਲਾ ਪੂਰਨ ਪੁਰਖ ਹੋਵੇ।

**ਹਵਾਲੇ:**

1 ਰਤਨ ਸਿੰਘ, ਜੱਗੀ, ਪੰਜਾਬੀ ਸਾਹਿਤ ਦਾ ਸਰੋਤ ਮੂਲਕ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 51.

2 ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 1350.

3 ਉਹੀ, ਪੰਨਾ 324.

4 ਉਹੀ, ਪੰਨਾ 855.

5 ਉਹੀ, ਪੰਨਾ 1349.

6 ਉਹੀ, ਪੰਨਾ 1350.

7 ਉਹੀ, ਪੰਨਾ 1366.

8 ਪ੍ਰੋ. ਸਾਹਿਬ ਸਿੰਘ, ਭਗਤ ਬਾਣੀ ਸਟੀਕ, ਭਾਗ ਚੌਥਾ, ਪੰਨਾ 17.

9 ਉਹੀ, ਪੰਨਾ 326.

10 ਉਹੀ, ਪੰਨਾ 478.

**ਸਹਾਇਕ ਪ੍ਰੋਫੈਸਰ,**
**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,**
**ਫ਼ਤਹਿਗੜ੍ਹ ਸਾਹਿਬ,** 9464106339

ਖੋਜ ਪੱਤਰ

# ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦਾ ਸਰਵੇਖਣ

❑ ਕਿਰਨਦੀਪ ਕੌਰ

ਸਿਨੇਮਾ ਦਾ ਆਰੰਭ 19ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਯੂਰਪ ਵਿਚ ਹੋਇਆ। ਯੂਰਪ ਵਿਚ ਇਕ ਅਜਿਹੀ ਮਸ਼ੀਨ ਬਣਾਈ ਗਈ ਜੋ ਬਕਸੇ ਦੇ ਆਕਾਰ ਦੀ ਸੀ। ਜਿਸ ਵਿਚ ਤਸਵੀਰਾਂ ਚੱਲਦੀਆਂ ਸਨ। ਇਹ ਤਸਵੀਰਾਂ ਵੇਖਣ ਲਈ ਇਕ ਝੀਤ ਹੁੰਦੀ ਸੀ। ਸਮੇਂ ਦੇ ਬਦਲਣ ਨਾਲ ਇਸੇ ਨੇ ਸਿਨੇਮਾ ਦਾ ਰੂਪ ਧਾਰ ਲਿਆ। ਸਿਨੇਮਾ ਦਾ ਮੁੱਢ 1895 ਵਿਚ ਫਰਾਂਸ ਦੇ ਸ਼ਹਿਰ ਪੈਰਿਸ ਵਿਚ ਬੱਝਾ। ਲੁਮੀਏਰੇ ਭਰਾਵਾਂ ਨੇ ਲੋਕਾਂ ਨੂੰ ਪਹਿਲੀ ਵਾਰ ਇਥੇ ਫ਼ਿਲਮ ਦਿਖਾਈ। ਜਿਸ ਨਾਲ ਸਿਨੇਮਾ ਦਾ ਵਾਸਤਵਿਕ ਰੂਪ ਵਿਚ ਜਨਮ ਹੋਇਆ। ਇਥੇ ਇਸ ਦਾ ਨਿਕਾਸ ਤਾਂ ਹੋ ਗਿਆ ਪਰੰਤੂ ਉਸ ਸਮੇਂ ਇਸ ਦੇ ਭਵਿੱਖ ਬਾਰੇ ਕਈ ਤਰ੍ਹਾਂ ਦੇ ਸ਼ੰਕੇ ਸਨ ਜਿਸ ਕਾਰਨ ਲੁਇਸ ਲੁਮੀਏਰੇ ਹਮੇਸ਼ਾਂ ਇਹ ਹਵਾਲਾ ਦਿੰਦੇ ਸਨ ਕਿ "ਸਿਨੇਮਾ ਭਵਿੱਖ ਦੇ ਬਗੈਰ ਇਕ ਕਾਢ ਹੈ।"[1] ਉਨ੍ਹਾਂ ਦਾ ਇਹ ਕਹਿਣਾ ਉਸ ਸਮੇਂ ਦੇ ਅਨੁਸਾਰ ਜਾਇਜ਼ ਸੀ ਕਿਉਂਕਿ ਉਸ ਵਕਤ ਸਿਨੇਮਾ ਪ੍ਰਤੀ ਲੋਕਾਂ ਦਾ ਰਵੱਈਆ ਕੁਝ ਠੀਕ ਨਹੀਂ ਸੀ ਉਹ ਸੋਚਦੇ ਸਨ ਕਿ ਇਹ ਕੁਝ ਹੀ ਸਮੇਂ ਦੀ ਖੇਡ ਹੈ ਅਤੇ ਉਨ੍ਹਾਂ ਨੂੰ ਇਸ ਦੇ ਛੇਤੀ ਹੀ ਖਤਮ ਹੋ ਜਾਣ ਦੀ ਉਮੀਦ ਸੀ ਪਰੰਤੂ ਅਜਿਹਾ ਨਾ ਹੋਇਆ ਅਤੇ ਇਸ ਤੋਂ ਬਾਅਦ ਲਗਾਤਾਰ ਫ਼ਿਲਮਾਂ ਬਣਾਈਆਂ ਗਈਆਂ। 'ਇਕ ਵਾਰ ਫ਼ਿਲਮਾਂ ਸੰਸਾਰ-ਭਰ ਵਿਚ ਪ੍ਰਸਿੱਧ ਵਰਤਾਰਾ ਬਣ ਗਈਆਂ ਸਨ, ਅਜਿਹੀ ਭਾਵਨਾ ਅਕਸਰ ਉਨ੍ਹਾਂ ਕਰਕੇ ਬਣਦੀ ਸੀ ਜਿਹੜੇ ਇਸ ਨਵੇਂ ਮਨੋਰੰਜਨ ਨਾਲ ਪੈਦਾ ਹੋਣ ਵਾਲੇ ਪ੍ਰਭਾਵ ਨਾਲ ਸੰਬੰਧਤ ਸਨ।'[2] ਸਿਨੇਮਾ ਨੇ ਆਪਣੇ ਸ਼ੁਰੂਆਤੀ ਦੌਰ ਵਿਚ ਹੀ ਆਪਣੇ ਪੈਰ ਪਸਾਰ ਲਏ ਅਤੇ ਆਪਣੀਆਂ ਜੜ੍ਹਾਂ ਮਜਬੂਤ ਕਰ ਲਈਆਂ ਕਿਉਂਕਿ 'ਗਤੀਸ਼ੀਲ ਤਸਵੀਰਾਂ ਦੇ ਪਹਿਲੇ ਦਸ ਸਾਲਾਂ ਨੇ ਪ੍ਰਦਰਸ਼ਿਤ ਕੀਤਾ ਹੈ ਕਿ ਸਿਨੇਮਾ ਆਪਣੇ ਨਵ-ਸਿਰਜਤ ਰੂਪ ਤੋਂ ਇਕ ਵੱਡੇ ਪੈਮਾਨੇ ਦੇ ਮਨੋਰੰਜਨ ਉਦਯੋਗ ਤਕ ਵਧਿਆ।'[3] ਇੰਝ ਸਿਨੇਮਾ ਨੇ ਥੋੜ੍ਹੇ ਸਮੇਂ ਵਿਚ ਹੀ ਉਨੱਤੀ ਦੀਆਂ ਸਿਖਰਾਂ ਨੂੰ ਛੂਹ ਲਿਆ ਸੀ ਅਤੇ ਸ਼ੁਰੂ-ਸ਼ੁਰੂ ਵਿਚ ਬਣੀਆਂ ਲੋਕਾਂ ਦੀਆਂ ਨਕਾਰਾਤਮਕ ਸੋਚਾਂ ਨੂੰ ਵੀ ਝੂਠੀਆਂ ਸਾਬਿਤ ਕੀਤਾ। '1896 ਤੋਂ 1912 ਸਾਲਾਂ ਵਿਚਕਾਰ ਸਿਨੇਮਾ ਦੀ ਸਾਈਡ-ਸ਼ੋਅ ਢਕਵੰਜ ਤੋਂ ਇਕ ਪੂਰੀ-ਵੱਡੀ ਆਰਥਿਕ ਕਲਾ ਵਿਚ ਹੋਈ ਉੱਤਪਤੀ ਨੂੰ ਵੇਖਿਆ ਗਿਆ।'[4] ਉਸ ਸਮੇਂ ਫ਼ਿਲਮਾਂ ਪੂਰੀ ਤਰ੍ਹਾਂ ਸਮਾਜ ਦੀ ਸਮਕਾਲੀ ਸਥਿਤੀ ਨੂੰ ਪੇਸ਼ ਕਰਨ ਵਾਲੀਆਂ ਸਨ। ਇਸ ਤੱਥ ਦਾ ਸਪਸ਼ਟੀਕਰਨ ਇੰਜ ਹੁੰਦਾ ਹੈ ਕਿ 'ਡੇਲੇਉਜ਼ ਦੇ ਨਜ਼ਰੀਏ ਅਨੁਸਾਰ ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਹਾਲੀਵੁੱਡ ਫ਼ਿਲਮਾਂ ਵਿਚ

ਲਹਿਰ ਦੀਆਂ ਤਸਵੀਰਾਂ ਦਾ ਬੋਲਬਾਲਾ ਸੀ।'[5] ਹੌਲੀ-ਹੌਲੀ ਸਿਨੇਮਾ ਦਾ ਪ੍ਰਵੇਸ਼ ਭਾਰਤ ਵਿਚ ਹੋਇਆ। 1913 ਈ: ਵਿਚ ਦਾਦਾ ਸਾਹਿਬ ਫਾਲਕੇ ਨੇ ਭਾਰਤ ਦੀ ਪਹਿਲੀ ਫ਼ਿਲਮ 'ਸੱਤਿਆਵਾਦੀ ਹਰੀਸ਼ ਚੰਦਰ' ਬਣਾਈ। ਇਹ ਮੂਕ ਫ਼ਿਲਮ ਸੀ ਕਿਉਂਕਿ ਉਸ ਵੇਲੇ ਮੂਕ ਸਿਨੇਮਾ ਦਾ ਦੌਰ ਚੱਲ ਰਿਹਾ ਸੀ। ਮੂਕ ਫ਼ਿਲਮਾਂ ਵਿਚ ਅਦਾਕਾਰ ਬੋਲਦੇ ਨਹੀਂ ਸਨ ਭਾਵ ਸਾਰਾ ਕੁਝ ਆਪਣੇ ਹਾਵਾਂ-ਭਾਵਾਂ ਅਤੇ ਇਸ਼ਾਰਿਆਂ ਨਾਲ ਹੀ ਸਮਝਾ ਦਿੰਦੇ ਸਨ। 'ਸਾਲ 1913 ਤੋਂ 1927 ਮੂਕ ਦੌਰ ਦੇ ਅਨੁਸਾਰੀ ਹਨ।'[6] ਇਸ ਸਮੇਂ ਵਿਚ ਲਗਾਤਾਰ ਮੂਕ ਫ਼ਿਲਮਾਂ ਬਣਦੀਆਂ ਤੇ ਪ੍ਰਦਰਸ਼ਿਤ ਹੁੰਦੀਆਂ ਰਹੀਆਂ। '1928 ਤਕ ਮੂਕ ਫ਼ਿਲਮ ਆਪਣੇ ਕਲਾਤਮਕ ਸਿਖਰ ਤਕ ਪਹੁੰਚ ਗਈ ਸੀ।'[7] ਫਿਰ ਬੋਲਣ ਵਾਲੀਆਂ ਫ਼ਿਲਮਾਂ ਭਾਵ 'ਸਵਾਕ ਫ਼ਿਲਮਾਂ' ਦਾ ਦੌਰ ਆਇਆ। ਇਸ ਸਮੇਂ 'ਨਵੀਂ ਤਕਨਾਲੋਜੀ ਨੇ ਫ਼ਿਲਮ-ਨਿਰਮਾਤਾਵਾਂ ਨੂੰ ਸਕਰੀਨ ਤੇ ਹਰ ਫ਼ਿਲਮ ਵਿਚ ਕਾਰਵਾਈ (ਐਕਸ਼ਨ) ਨਾਲ ਭਾਸ਼ਣ, ਸੰਗੀਤ ਅਤੇ ਸਮਕਾਲੀ ਆਵਾਜ਼ ਦੇ ਪ੍ਰਭਾਵ ਜੋੜਨ ਦੀ ਇਜਾਜ਼ਤ ਦਿੱਤੀ।'[8] ਜਦੋਂ 'ਸਿਨੇਮਾ ਨੂੰ ਆਵਾਜ਼ ਮਿਲੀ ਤਾਂ ਸਪਸ਼ਟ ਹੋਇਆ ਕਿ ਆਵਾਜ਼ ਨੇ ਸਬੂਤ ਦਿੱਤਾ ਹੈ ਕਿ ਇਹ ਤਬਾਹ ਕਰਨ ਨਹੀਂ ਆਈ ਪਰੰਤੂ ਸਿਨੇਮਾ ਦੇ ਪੁਰਾਣੇ ਨੇਮ ਨੂੰ ਪੂਰਾ ਕਰਨ ਆਈ ਹੈ।'[9] ਸਵਾਕ ਫ਼ਿਲਮਾਂ ਨੂੰ 'ਟਾਕੀ ਫ਼ਿਲਮ' ਵੀ ਕਿਹਾ ਜਾਂਦਾ ਹੈ। ਭਾਰਤ ਵਿਚ 1931 ਈ. ਵਿਚ ਆਈ ਫ਼ਿਲਮ 'ਆਲਮਆਰਾ' ਨਾਲ ਬੋਲਣ ਵਾਲੀਆਂ ਫ਼ਿਲਮਾਂ ਦਾ ਮੁੱਢ ਬੱਝਿਆ। ਇਸ ਤੋਂ ਬਾਅਦ ਹੀ ਪੰਜਾਬੀ ਫ਼ਿਲਮਾਂ ਦੀ ਸ਼ੁਰੂਆਤ ਹੋਈ।

1928 ਵਿਚ ਪੰਜਾਬੀ ਸਿਨੇਮਾ ਦੀ ਪਹਿਲੀ ਫ਼ਿਲਮ ਸ਼ੰਕਰਾਦੇਵ ਆਰੀਆ ਦੀ 'ਡਾਟਰਜ਼ ਆਫ਼ ਟੂਡੇ' (1928) ਆ ਗਈ ਸੀ ਪਰੰਤੂ ਮੂਕ ਹੋਣ ਕਾਰਨ ਉਹ ਅਣਗੌਲੀ ਰਹਿ ਗਈ ਅਤੇ 1935 ਈ. ਵਿਚ ਜੀ. ਆਰ. ਸੇਠੀ ਦੀ ਫ਼ਿਲਮ 'ਇਸ਼ਕ-ਏ-ਪੰਜਾਬ' (1935) ਟਾਕੀ ਫ਼ਿਲਮ ਹੋਣ ਕਾਰਨ ਪਹਿਲੀ ਪ੍ਰਮਾਣਿਕ ਪੰਜਾਬੀ ਫ਼ਿਲਮ ਵਜੋਂ ਜਾਣੀ ਜਾਂਦੀ ਹੈ।1928 ਵਿਚ ਪੰਜਾਬੀ ਫ਼ਿਲਮਾਂ ਬਣਾਉਣ ਦਾ ਕੇਂਦਰ ਲਾਹੌਰ ਸੀ। 1935 ਤੋਂ ਬਾਅਦ ਕੇ. ਡੀ. ਮਹਿਰਾ ਤੋਂ ਉਤਸ਼ਾਹਿਤ ਹੋ ਕੇ ਹੋਰ ਵੀ ਕਈ ਨਿਰਦੇਸ਼ਕਾਂ ਨੇ ਇਸ ਪਾਸੇ ਵਲ ਧਿਆਨ ਕੀਤਾ ਅਤੇ ਇਕ ਤੋਂ ਬਾਅਦ ਇਕ ਪੰਜਾਬੀ ਫ਼ਿਲਮਾਂ ਬਣਾਉਣ ਲੱਗੇ। 1935 ਤੋਂ ਬਾਅਦ ਸਹਿਜਤਾ ਸਹਿਤ ਪੰਜਾਬੀ ਫ਼ਿਲਮਾਂ ਬਣਦੀਆਂ ਰਹੀਆਂ। ਇਸ ਸਮੇਂ ਜੀ. ਆਰ. ਸੇਠੀ, ਕੇ. ਡੀ. ਮਹਿਰਾ, ਅਬਦੁਲ ਰਸ਼ੀਦ ਕਾਰਦਾਰ, ਦਲਸੁਖ ਪੰਚੋਲੀ, ਡੀ. ਐਨ. ਮਧੋਕ, ਰੂਪ ਕੇ. ਸ਼ੌਰੀ, ਜੇ.ਕੇ. ਨੰਦਾ, ਨਿਰੰਜਨ ਅਤੇ ਸ਼ਾਂਤੀ ਪ੍ਰਕਾਸ਼ ਬਖਸ਼ੀ ਆਦਿ ਨਿਰਦੇਸ਼ਕਾਂ ਨੇ ਪੰਜਾਬੀ ਫ਼ਿਲਮਾਂ ਬਣਾਈਆਂ। 1947 ਈ. ਵਿਚ ਪੰਜਾਬ ਦੋ ਹਿੱਸਿਆਂ ਭਾਵ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਵੰਡਿਆ ਗਿਆ। ਇਸ ਵੰਡ ਦਾ ਪੰਜਾਬੀ ਸਿਨੇਮਾ ਤੇ ਬਹੁਤ ਗਹਿਰਾ ਅਸਰ ਪਿਆ ਕਿਉਂਕਿ ਪੰਜਾਬ ਦੀ ਵੰਡ ਹੋਣ ਨਾਲ ਪੰਜਾਬੀ ਫ਼ਿਲਮਾਂ ਬਣਾਉਣ ਵਾਲੇ ਲੋਕ ਵੀ ਵੰਡੇ ਗਏ। ਪੰਜਾਬੀ ਫ਼ਿਲਮਾਂ ਬਣਾਉਣ ਵਾਲੇ ਬਹੁਤੇ ਨਿਰਦੇਸ਼ਕ ਲਾਹੌਰ ਵਿਚ ਆਪਣੇ ਘਰ-ਬਾਰ ਛੱਡ ਕੇ ਬੰਬਈ ਚਲੇ ਗਏ ਅਤੇ ਕੁਝ

ਪੰਜਾਬ ਵਿਚ ਆ ਵੱਸੇ। ਬੰਬਈ ਗਏ ਨਿਰਦੇਸ਼ਕਾਂ ਨੇ ਪੰਜਾਬੀ ਫ਼ਿਲਮਾਂ ਦੀ ਥਾਂ ਹਿੰਦੀ ਫ਼ਿਲਮਾਂ ਨੂੰ ਤਰਜ਼ੀਹ ਦਿੱਤੀ ਕਿਉਂਕਿ ਬੰਬਈ ਹਿੰਦੀ ਫ਼ਿਲਮਾਂ ਬਣਾਉਣ ਦਾ ਕੇਂਦਰ ਸੀ। ਇਸ ਕਾਰਨ ਪੰਜਾਬੀ ਫ਼ਿਲਮਾਂ ਵਿਚ ਕੁਝ ਸਮੇਂ ਲਈ ਖੜੋਤ ਆ ਗਈ। ਦੇਸ਼ ਵੰਡ ਤੋਂ ਬਾਅਦ ਟਿਕ-ਟਿਕਾ ਹੋਣ ਤੇ ਭਾਰਤ ਵਿਚ ਬੰਬਈ ਅਤੇ ਪਾਕਿਸਤਾਨ ਵਿਚ ਲਾਹੌਰ ਪੰਜਾਬੀ ਫ਼ਿਲਮਾਂ ਬਣਾਉਣ ਦੇ ਕੇਂਦਰ ਬਣ ਗਏ। ਹੌਲੀ-ਹੌਲੀ ਪੰਜਾਬੀ ਫ਼ਿਲਮਾਂ ਨੇ ਗਤੀ ਫੜ੍ਹਨੀ ਸ਼ੁਰੂ ਕੀਤੀ। ਇਸ ਸਮੇਂ ਕੇ. ਡੀ. ਮਹਿਰਾ, ਰਾਜੇਂਦਰ ਸ਼ਰਮਾ, ਕੁਲਦੀਪ, ਸ਼ਾਂਤੀ ਪ੍ਰਕਾਸ਼ ਬਖਸ਼ੀ, ਓ. ਪੀ. ਦੱਤਾ, ਜੁਗਲ ਕਿਸ਼ੋਰ, ਏ. ਐੱਸ. ਅਰੋੜਾ, ਕ੍ਰਿਸ਼ਨ ਕੁਮਾਰ, ਵੇਦ ਮਦਨ, ਸ਼ੰਕਰ ਮਹਿਤਾ, ਅਨਵਰ ਕਮਲ, ਮਨੋਹਰ ਦੀਪਕ, ਕਰੁਨੇਸ਼ ਠਾਕੁਰ, ਕੇ. ਚੰਦਰਾ, ਬੀ. ਐੱਸ ਸ਼ਾਦ, ਸਤੀਸ਼ ਛਾਬੜਾ ਅਤੇ ਲਾਲ ਸਿੰਘ ਕਲਸੀ ਆਦਿ ਨਿਰਦੇਸ਼ਕਾਂ ਦੀ ਰਹਿਨੁਮਾਈ ਹੇਠ ਪੰਜਾਬੀ ਸਿਨੇਮਾ ਪ੍ਰਫੁੱਲਤ ਹੋਇਆ। ਪੰਜਾਬੀ ਸਿਨੇਮਾ ਦੇ ਖੇਤਰ ਅਧੀਨ ਪ੍ਰੀਤ ਕਥਾਵਾਂ, ਇਤਿਹਾਸਕ, ਮਿਥਿਹਾਸਕ, ਸਮਾਜਿਕ, ਰਾਜਸੀ ਅਤੇ ਧਾਰਮਿਕ ਵਿਸ਼ਿਆਂ ਨੂੰ ਪੇਸ਼ ਕਰਦੀਆਂ ਫ਼ਿਲਮਾਂ ਬਣਦੀਆਂ ਰਹੀਆਂ ਹਨ। ਇਸ ਤੋਂ ਇਲਾਵਾ ਦੇਸ਼ ਵੰਡ ਦੇ ਦੁਖਾਂਤ ਤੇ ਆਧਾਰਿਤ ਫ਼ਿਲਮਾਂ ਬਣਾਈਆਂ ਗਈਆਂ ਹਨ। ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿਚ ਜੱਟਵਾਦ ਦਾ ਦੌਰ ਆਇਆ। ਕਈ ਸਾਲਾਂ ਤਕ ਇਹ ਦੌਰ ਚਲਦਾ ਰਿਹਾ। ਪੰਜਾਬੀ ਸਿਨੇਮਾ ਪੂਰੀ ਵਧੀਆ ਰਫ਼ਤਾਰ ਨਾਲ ਚੱਲ ਰਿਹਾ ਸੀ ਕਿ ਅਚਾਨਕ ਇਸ ਵਿਚ ਖੜੋਤ ਆ ਗਈ ਕਿਉਂਕਿ 1991 ਤੋਂ ਬਾਅਦ ਵਿਸ਼ਵੀਕਰਨ, ਨਿਜੀਕਰਨ ਅਤੇ ਉਦਾਰੀਕਰਨ ਦੇ ਦੌਰ ਕਾਰਨ ਪੰਜਾਬੀ ਸਿਨੇਮਾ ਸਿਥਲ ਹੋ ਗਿਆ ਸੀ। ਲੇਕਿਨ ਕੁਝ ਸਾਲਾਂ ਦੀ ਖੜੋਤ ਤੋਂ ਬਾਅਦ ਪੰਜਾਬੀ ਸਿਨੇਮਾ ਨੂੰ ਮੁੜ ਹੁਲਾਰਾ ਮਿਲਿਆ। ਪੂਰੀ ਤਰ੍ਹਾਂ ਬੰਦ ਹੋ ਚੁਕੀਆਂ ਪੰਜਾਬੀ ਫ਼ਿਲਮਾਂ ਮੁੜ ਬਣਨ ਲੱਗੀਆਂ। ਇਹ ਇਕੀਵੀਂ ਸਦੀ ਦੇ ਉਭਾਰ ਦਾ ਸਮਾਂ ਸੀ। ਮਨਮੋਹਨ ਸਿੰਘ, ਮਨੋਜ ਪੁੰਜ, ਰਵਿੰਦਰ ਪੀਪਟ, ਗੁਰਬੀਰ ਗਰੇਵਾਲ, ਨਵਨੀਅਤ ਸਿੰਘ, ਮਨਦੀਪ, ਧੀਰਜ ਰਤਨ, ਅਨੁਰਾਗ ਸਿੰਘ, ਕਸ਼ਿਤਿਜ ਚੌਧਰੀ, ਸਾਗਰ ਐੱਸ ਸ਼ਰਮਾ, ਸਮੀਪ ਕੰਗ, ਬਲਜੀਤ ਸਿੰਘ ਦਿਓ ਆਦਿ ਨਵੇਂ ਨਿਰਦੇਸ਼ਕਾਂ ਨੇ ਪੰਜਾਬੀ ਸਿਨੇਮਾ ਨੂੰ ਭਾਰਤੀ ਹਿੰਦੀ ਸਿਨੇਮਾ ਦੇ ਬਰਾਬਰ ਖੜਾ ਕਰ ਦਿੱਤਾ। ਅਜੋਕੇ ਸਮੇਂ ਵਿਚ ਪੰਜਾਬੀ ਸਿਨੇਮਾ ਆਪਣੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਹੁਣ ਪੰਜਾਬੀ ਸਿਨੇਮਾ ਨੇ ਪਹਿਲਾਂ ਨਾਲੋਂ ਬਹੁਤ ਤਰੱਕੀ ਕਰ ਲਈ ਹੈ। ਲੇਕਿਨ ਪੰਜਾਬੀ ਸਿਨੇਮਾ ਦਾ ਪੂਰੀ ਤਰ੍ਹਾਂ ਅਧਿਐਨ ਕਰਨ ਲਈ ਪਹਿਲਾਂ ਇਸ ਦਾ ਸਰਵੇਖਣ ਕੀਤਾ ਜਾਣਾ ਜ਼ਰੂਰੀ ਹੈ। ਇਸ ਦ੍ਰਿਸ਼ਟੀ ਤੋਂ ਹਥਲੇ ਖੋਜ ਪੱਤਰ ਵਿਚ ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦਾ ਸਰਵੇਖਣ ਕੀਤਾ ਗਿਆ ਹੈ।

ਉਪਰੋਕਤ ਪ੍ਰਸੰਗ ਵਿਚ 'ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦਾ ਸਰਵੇਖਣ' ਕਰਦਿਆਂ ਸਪੱਸ਼ਟ ਹੁੰਦਾ ਹੈ ਕਿ ਦੇਸ਼ ਵੰਡ ਤੋਂ ਪਹਿਲਾਂ ਹਿੰਦੀ ਫ਼ਿਲਮਾਂ ਬਣਾਉਣ ਦਾ ਮੁੱਖ ਕੇਂਦਰ ਬੰਬਈ ਸੀ ਜਿਸ ਨੂੰ ਬਾਅਦ ਵਿਚ ਮੁੰਬਈ ਆਖਿਆ ਜਾਣ ਲੱਗ ਪਿਆ। ਇੰਜ ਹੀ ਉਸ ਸਮੇਂ ਪੰਜਾਬੀ ਫ਼ਿਲਮਾਂ ਬਣਾਉਣ ਦਾ ਮੁੱਖ ਕੇਂਦਰ ਲਾਹੌਰ ਸੀ ਭਾਵੇਂ ਕਿ ਕਲਕੱਤੇ ਵੀ ਫ਼ਿਲਮਾਂ ਬਣਦੀਆਂ ਸਨ। ਦੇਸ਼ ਵੰਡ ਤੋਂ ਬਾਅਦ ਕੇਂਦਰ ਬੰਬਈ (ਹੁਣ ਮੁੰਬਈ) ਬਣਿਆ ਭਾਵੇਂ ਕਿ ਸ਼ੂਟਿੰਗ ਪੰਜਾਬ ਵਿਚ ਹੁੰਦੀ ਰਹੀ। ਵੰਡ ਤੋਂ ਪਹਿਲਾਂ ਦਾ ਪੰਜਾਬ ਸਾਂਝਾ ਹੋਣ ਕਰਕੇ, ਉਸ ਵੇਲੇ ਬਣੀਆਂ ਫ਼ਿਲਮਾਂ ਵੀ ਸਾਂਝੀਆਂ ਹੀ ਹਨ। ਇਸ ਲਈ ਵੰਡ ਤੋਂ

ਪਹਿਲਾਂ ਦੇ ਪੰਜਾਬ ਦੇ ਸਿਨੇਮਾ ਨੂੰ 'ਪੰਜਾਬੀ ਸਿਨੇਮਾ' ਮੰਨ ਕੇ ਇਸ ਨੂੰ ਦੋ ਭਾਗਾਂ ਵਿਚ ਵੰਡ ਰਹੇ ਹਾਂ। ਇਨ੍ਹਾਂ ਦੋ ਭਾਗਾਂ ਵਿਚੋਂ ਪਹਿਲੇ ਭਾਗ ਵਿਚ 'ਮੂਕ ਫ਼ਿਲਮਾਂ' ਸ਼ਾਮਿਲ ਹਨ ਜੋ 1928 ਈ. ਤੋਂ 1934 ਈ. ਤਕ ਬਣਾਈਆਂ ਗਈਆਂ ਸਨ ਅਤੇ ਦੂਜੇ ਭਾਗ ਵਿਚ 'ਸਵਾਕ ਫ਼ਿਲਮਾਂ' ਆਉਂਦੀਆਂ ਹਨ ਜੋ 1935 ਈ. ਤੋਂ 1947 ਈ. ਤਕ ਬਣਾਈਆਂ ਗਈਆਂ ਸਨ। ਮੂਕ ਫ਼ਿਲਮਾਂ ਵਿਚ ਫ਼ਿਲਮ ਦਾ ਵੇਰਵਾ ਇਕ ਨੁੱਕਰ ਵਿਚ ਦਿੱਤਾ ਗਿਆ ਹੁੰਦਾ ਸੀ ਪਰੰਤੂ ਸਵਾਕ ਫ਼ਿਲਮਾਂ ਵਿਚ ਬੋਲਚਾਲ ਸ਼ਾਮਿਲ ਹੋ ਗਈ ਸੀ। ਇਸ ਲਈ 'ਫ਼ਿਲਮਾਂ ਦੇ ਵਿਦਿਆਰਥੀ ਲਈ ਪ੍ਰਭਾਵਸ਼ਾਲੀ ਮਿਸਾਲ ਵਿਚ ਪ੍ਰਿੰਟ ਤੋਂ ਦਿੱਖ ਤਕ ਦੀ ਤਬਦੀਲੀ ਬਹੁਤ ਮਹੱਤਵਪੂਰਨ ਹੈ।'[10] ਇਸ ਸਰਵੇਖਣ ਨੂੰ ਨਿਮਨ ਅਨੁਸਾਰ ਸਮਝਿਆ ਜਾ ਸਕਦਾ ਹੈ:

**1928 ਤੋਂ 1934 ਤਕ ਦਾ ਪੰਜਾਬੀ ਸਿਨੇਮਾ :** 1928 ਤੋਂ 1934 ਤਕ ਦੇ ਪੰਜਾਬੀ ਸਿਨੇਮਾ ਦੇ ਦੌਰ ਵਿਚ ਆਉਣ ਵਾਲੀਆਂ ਫ਼ਿਲਮਾਂ ਮੂਕ ਸਨ। ਇਨ੍ਹਾਂ ਫ਼ਿਲਮਾਂ ਵਿਚ ਅਦਾਕਾਰ ਬੋਲਣ ਦੀ ਬਜਾਏ ਆਪਣੇ ਹਾਵਾਂ-ਭਾਵਾਂ ਨਾਲ ਦਰਸ਼ਕਾਂ ਤਕ ਆਪਣੀ ਗੱਲ ਪਹੁੰਚਾਉਂਦੇ ਸਨ। ਸਕਰੀਨ ਦੀ ਇਕ ਨੁੱਕਰ ਤੇ ਫ਼ਿਲਮ ਦਾ ਵੇਰਵਾ ਲਿਖਿਆ ਜਾਂਦਾ ਸੀ।1928 ਤੋਂ 1934 ਤਕ ਆਉਣ ਵਾਲੀਆਂ ਫ਼ਿਲਮਾਂ ਦੀ ਸੂਚੀ ਇਸ ਪ੍ਰਕਾਰ ਹੈ।

| **ਸਾਲ** | **ਫ਼ਿਲਮ - ਨਿਰਦੇਸ਼ਕ** |
|---|---|
| 1928 | ਡਾਟਰਜ਼ ਆਫ਼ ਟੂਡੇ - ਸ਼ੰਕਰਾਦੇਵ ਆਰੀਆ |
| 1932 | ਹੀਰ-ਰਾਂਝਾ - ਅਬਦੁਲ ਰਸ਼ੀਦ ਕਾਰਦਾਰ |
| 1933 | ਰਾਜਾ ਗੋਪੀ ਚੰਦ - ਅਬਦੁਲ ਰਸ਼ੀਦ ਕਾਰਦਾਰ ਤੇ ਅਖ਼ਤਰ ਨਵਾਜ਼ |
| 1934 | ਸੋਹਣੀ ਮਹੀਂਵਾਲ - ਐਚ. ਐਸ. ਮਹਿਤਾ |

**1935 ਤੋਂ 1947 ਤਕ ਦਾ ਪੰਜਾਬੀ ਸਿਨੇਮਾ :** 1935 ਤੋਂ 47 ਤਕ ਦੇ ਦੌਰ ਵਿਚ ਬੋਲਣ ਵਾਲੀਆਂ ਫ਼ਿਲਮਾਂ ਭਾਵ ਟਾਕੀ ਫ਼ਿਲਮਾਂ ਬਣਾਈਆਂ ਗਈਆਂ।1935 ਈ. ਵਿਚ ਪੰਜਾਬੀ ਸਿਨੇਮਾ ਦੀ ਪਹਿਲੀ ਬੋਲਦੀ ਫ਼ਿਲਮ ਭਾਵ ਟਾਕੀ ਫ਼ਿਲਮ 'ਇਸ਼ਕ-ਏ-ਪੰਜਾਬ' ਆਈ।ਇਹ ਪੰਜਾਬੀ ਸਿਨੇਮਾ ਦਾ ਨਵਾਂ ਤਜਰਬਾ ਸੀ। ਇਹ ਫ਼ਿਲਮ ਪੰਜਾਬੀ ਸਿਨੇਮਾ ਦਾ ਇਤਿਹਾਸ ਬਣ ਗਈ।1935 ਤੋਂ 1947 ਤਕ ਬਣਨ ਵਾਲੀਆਂ ਫ਼ਿਲਮਾਂ ਦੀ ਸੂਚੀ ਇਸ ਤਰ੍ਹਾਂ ਹੈ:

| **ਸਾਲ** | **ਫ਼ਿਲਮ- ਨਿਰਦੇਸ਼ਕ** |
|---|---|
| 1935 | ਇਸ਼ਕ-ਏ-ਪੰਜਾਬ - ਜੀ. ਆਰ. ਸੇਠੀ |
| 1936 | ਸ਼ੀਲਾ-ਪਿੰਡ ਦੀ ਕੁੜੀ - ਕੇ. ਡੀ. ਮਹਿਰਾ |
| 1937 | ਸੋਹਣੀ ਮਹੀਂਵਾਲ - ਦਲਸੁਖ ਪੰਚੋਲੀ |

1938 ਹੀਰ-ਸਿਆਲ - ਕੇ. ਡੀ. ਮਹਿਰਾ
1939 ਸੱਸੀ-ਪੁੰਨੂੰ - ਦਾਊਦ ਚੰਦ,
ਪੂਰਨ-ਭਗਤ - ਰੌਸ਼ਨ ਲਾਲ ਸ਼ੋਰੀ,
ਮਿਰਜ਼ਾ-ਸਾਹਿਬਾਂ - ਡੀ. ਐਨ. ਮਧੋਕ
ਸੂਰਦਾਸ - ਬੀ. ਐੱਸ. ਰਾਜਹੰਸ
ਗੁਲ-ਏ-ਬਕਾਵਲੀ - ਬਰਕਤ ਮਹਿਰਾ
ਸੋਹਣੀ ਘੁਮਾਰਨ - ਬੀ. ਐੱਸ. ਰਾਜਹੰਸ
ਸੋਹਣੀ ਮਹੀਂਵਾਲ - ਆਰ. ਐੱਲ. ਸ਼ੋਰੀ
1940 ਯਮਲਾ ਜੱਟ - ਮੋਤੀ ਬੀ. ਗਿਦਵਾਣੀ
ਮੇਰਾ ਪੰਜਾਬ - ਕੇ. ਡੀ. ਮਹਿਰਾ
ਮਤਵਾਲੀ ਮੀਰਾ - ਪ੍ਰਫੁੱਲ ਰਾਏ
ਲੈਲਾ-ਮਜਨੂੰ - ਧਰਮ ਵੀਰ ਸਿੰਘ
ਅਲੀ ਬਾਬਾ - ਮਹਿਬੂਬ ਖ਼ਾਨ
ਜੱਗਾ ਡਾਕੂ - ਬੀ. ਐੱਸ. ਰਾਜਹੰਸ
ਇਕ ਮੁਸਾਫ਼ਿਰ - ਰੂਪ ਕੇ. ਸ਼ੋਰੀ ਅਤੇ ਰੌਸ਼ਨ ਲਾਲ ਸ਼ੋਰੀ
ਦੁੱਲਾ ਭੱਟੀ - ਰੂਪ ਕੇ. ਸ਼ੋਰੀ
1941 ਚਿਤਰਾ ਬਕਾਵਲੀ - ਏ. ਵਹਾਬ
ਚੰਬੇ ਦੀ ਕਲੀ - ਫ਼ਾਨੀ ਮਜ਼ੂਮਦਾਰ
ਕੁੜਮਾਈ - ਜੇ. ਕੇ. ਨੰਦਾ
ਸਿਪਾਹੀ - ਦਾਊਦ ਚੰਦ
ਮੁਬਾਰਕ - ਬਰਕਤ ਰਾਮ ਮਹਿਰਾ
ਪਰਦੇਸੀ ਢੋਲਾ - ਆਰ. ਸੀ. ਤਲਵਾੜ
ਸਹਿਤੀ-ਮੁਰਾਦ - ਬਰਕਤ ਰਾਮ ਮਹਿਰਾ
ਮੇਰਾ ਮਾਹੀ - ਸ਼ੰਕਰ ਮਹਿਤਾ
ਚੌਧਰੀ - ਨਿਰੰਜਨ ਪਾਲ
1942 ਰਾਵੀ ਪਾਰ - ਸ਼ੰਕਰ ਮਹਿਤਾ
ਪਟਵਾਰੀ - ਬੀ. ਐੱਸ. ਰਾਜਹੰਸ
ਪਟੋਲਾ - ਮੁਨੱਵਰ ਐਚ. ਕਾਸਿਮ ਅਤੇ ਲਾਲਾ ਯਾਕੂਬ
ਮੰਗਤੀ - ਰੂਪ ਕੇ. ਸ਼ੋਰੀ
ਗੁਆਂਢੀ - ਜੀ. ਆਰ. ਸੇਠੀ
1943 ਨਿਖੱਟੂ - ਹੈਦਰ ਸ਼ਾਹ
ਪੂੰਜੀ - ਰਵਿੰਦਰ ਦੇਵ ਅਤੇ ਵਿਸ਼ਨੂੰ ਪੰਚੋਲੀ
ਪਾਪੀ - ਮਜਨੂੰ
1944 ਦਾਸੀ - ਹਿਰੇਨ ਬੋਸ
ਪੰਛੀ - ਬਰਕਤ ਮਹਿਰਾ

| | |
|---|---|
| | ਕੋਇਲ - ਰੂਪ ਕੇ. ਸ਼ੋਰੀ |
| 1945 | ਗੁਲ-ਬਲੋਚ - ਗੁਲ ਜ਼ਮਾਨ |
| | ਚੰਪਾ - ਬਰਕਤ ਮਹਿਰਾ |
| 1946 | ਕਮਲੀ - ਸ਼ਾਂਤੀ ਪ੍ਰਕਾਸ਼ ਬਖਸ਼ੀ |
| | ਸੋਹਣੀ ਮਹੀਂਵਾਲ - ਈਸ਼ਵਰ ਲਾਲ ਅਤੇ ਰਵਿੰਦਰ ਜੈਕਾਰ |
| | ਸੱਸੀ-ਪੁੰਨੂੰ - ਜਗਤ ਰਾਏ ਪੇਸੂਮਲ ਅਡਵਾਣੀ |
| 1947 | ਦੀਵਾਨੀ - ਵਾਈ. ਡੀ. ਸਰਪੋਤਦਾਰ |

ਇਸ ਵੇਰਵੇ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ 1928 ਤੋਂ 1934 ਤਕ ਜੋ ਫ਼ਿਲਮਾਂ ਬਣੀਆਂ, ਉਹ ਮੂਕ ਫ਼ਿਲਮਾਂ ਸਨ ਅਤੇ 1935 ਈ. ਵਿਚ ਪਹਿਲੀ ਬੋਲਦੀ ਫ਼ਿਲਮ ਭਾਵ ਟਾਕੀ ਫ਼ਿਲਮ ਆਈ। ਇੰਜ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਭਾਵੇਂ 1928 ਪੰਜਾਬੀ ਸਿਨੇਮਾ ਦੀ ਪਹਿਲੀ ਫ਼ਿਲਮ ਸ਼ੰਕਰਾਦੇਵ ਆਰੀਆ ਦੀ 'ਡਾਟਰਜ਼ ਆਫ਼ ਟੂਡੇ' (1928) ਆ ਗਈ ਸੀ ਪਰੰਤੂ ਮੂਕ ਹੋਣ ਕਾਰਨ ਉਹ ਅਣਗੌਲੀ ਰਹਿ ਗਈ ਅਤੇ 1935 ਈ. ਵਿਚ ਜੀ. ਆਰ. ਸੇਠੀ ਦੀ ਫ਼ਿਲਮ 'ਇਸ਼ਕ-ਏ-ਪੰਜਾਬ' (1935) ਟਾਕੀ ਫ਼ਿਲਮ ਹੋਣ ਕਾਰਨ ਪਹਿਲੀ ਪ੍ਰਮਾਣਿਕ ਪੰਜਾਬੀ ਫ਼ਿਲਮ ਵਜੋਂ ਜਾਣੀ ਜਾਂਦੀ ਹੈ। ਪੰਜਾਬੀ ਸਿਨੇਮਾ ਦੀ ਪਹਿਲੀ ਤੇ ਦੂਜੀ ਫ਼ਿਲਮ ਜੀ. ਆਰ. ਸੇਠੀ ਦੀ ਫ਼ਿਲਮ 'ਇਸ਼ਕ-ਏ-ਪੰਜਾਬ' (1935) ਬਨਾਮ 'ਮਿਰਜ਼ਾ-ਸਾਹਿਬਾਂ' ਅਤੇ ਕੇ. ਡੀ. ਮਹਿਰਾ ਦੀ ਫ਼ਿਲਮ 'ਸ਼ੀਲਾ-ਪਿੰਡ ਦੀ ਕੁੜੀ' (1936) ਰਾਹੀਂ ਫ਼ਿਲਮਾਂ ਦਾ ਆਗਾਜ਼ ਨਾਰੀ-ਸਰੋਕਾਰਾਂ ਰਾਹੀਂ ਹੁੰਦਾ ਹੈ ਕਿਉਂਕਿ ਇਨ੍ਹਾਂ ਫ਼ਿਲਮ ਦਾ ਟਾਈਟਲ ਹੀ ਇਕ ਨਾਰੀ ਦੇ ਨਾਂ ਤੇ ਰੱਖਿਆ ਗਿਆ ਹੈ।ਕੇ. ਡੀ. ਮਹਿਰਾ ਦੀ ਫ਼ਿਲਮ 'ਸ਼ੀਲਾ-ਪਿੰਡ ਦੀ ਕੁੜੀ' (1936) ਦੋ ਨਾਵਾਂ ਨਾਲ ਜਾਣੀ ਜਾਂਦੀ ਹੈ ਪਹਿਲਾ 'ਸ਼ੀਲਾ' ਅਤੇ ਦੂਜਾ 'ਪਿੰਡ ਦੀ ਕੁੜੀ'। ਜੇਕਰ ਦੋਵਾਂ ਨਾਵਾਂ ਨੂੰ ਅਲੱਗ-ਅਲੱਗ ਵੇਖਿਆ ਜਾਵੇ ਤਾਂ ਵੀ ਦੋਵਾਂ ਵਿਚ ਨਾਰੀ ਦੀ ਝਲਕ ਸਾਫ਼-ਸਾਫ਼ ਜ਼ਾਹਿਰ ਹੁੰਦੀ ਹੈ। ਇੰਜ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਸਿਨੇਮਾ ਦੀ ਸ਼ੁਰੂਆਤ ਨਾਰੀ-ਸਰੋਕਾਰਾਂ ਤੋਂ ਹੁੰਦੀ ਹੈ ਜਿਵੇਂ ਕਿ ਆਧੁਨਿਕ ਪੰਜਾਬੀ ਨਾਟਕ ਦੀ ਸ਼ੁਰੂਆਤ ਆਈ. ਸੀ. ਨੰਦਾ ਦੇ ਨਾਰੀ-ਸਰੋਕਾਰ ਆਧਾਰਿਤ ਇਕਾਂਗੀ 'ਦੁਲਹਨ' (ਸੁਹਾਗ) ਤੋਂ ਹੁੰਦਾ ਹੈ।

1932 ਤੋਂ 1947 ਤਕ ਦੀਆਂ 49 (4 ਮੂਕ ਅਤੇ 45 ਸਵਾਕ) ਪੰਜਾਬੀ ਫ਼ਿਲਮਾਂ ਦਾ ਸਰਵੇਖਣ ਕੀਤਿਆਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਸ ਸਮੇਂ ਮਿਥਿਹਾਸਕ, ਇਤਿਹਾਸਕ, ਸਮਾਜਿਕ, ਰਾਜਸੀ ਅਤੇ ਪ੍ਰੀਤ ਕਥਾਵਾਂ ਆਧਾਰਿਤ ਫ਼ਿਲਮਾਂ ਬਣਾਈਆਂ ਗਈਆਂ ਸਨ।ਪੰਜਾਬੀ ਫ਼ਿਲਮਾਂ ਵਿਚ ਲੋਕ ਕਥਾਵਾਂ ਨੂੰ ਵਿਸ਼ੇ ਵਜੋਂ ਪੇਸ਼ ਕੀਤਾ ਜਾਂਦਾ ਸੀ। 'ਪੂਰਨ ਭਗਤ' ਫ਼ਿਲਮ ਇਹੋ ਜਿਹੇ ਵਿਸ਼ੇ ਵਾਲੀ ਫ਼ਿਲਮ ਸੀ। ਪੂਰਨ ਭਗਤ ਦੀ ਕਥਾ ਨੂੰ ਬਹੁਤ ਸੁੱਚਜੇ ਢੰਗ ਨਾਲ ਪੇਸ਼ ਕੀਤਾ ਗਿਆ ਸੀ।ਇਤਿਹਾਸਕ ਫ਼ਿਲਮਾਂ ਵਿਚ ਪੁਰਾਣੇ ਸਮੇਂ ਵਿਚ ਵਾਪਰੀਆਂ ਘਟਨਾਵਾਂ ਨੂੰ ਦਿਖਾਇਆ ਜਾਂਦਾ ਸੀ। ਇਹੋ ਜਿਹੀਆਂ ਫ਼ਿਲਮਾਂ ਵਿਚ 'ਸੂਰਦਾਸ', 'ਮਤਵਾਲੀ ਮੀਰਾ' ਅਤੇ 'ਦੁੱਲਾ ਭੱਟੀ' ਆਦਿ ਦਾ ਨਾਂ ਸ਼ਾਮਿਲ ਸੀ। ਇਨ੍ਹਾਂ ਨੂੰ ਇਤਿਹਾਸ ਅਤੇ ਕਲਪਨਾ ਦੇ ਸੁਮੇਲ ਨਾਲ ਪੇਸ਼ ਕੀਤਾ ਗਿਆ ਸੀ।ਇਸ ਦੌਰ ਦੀਆਂ ਫ਼ਿਲਮਾਂ ਸਮਕਾਲੀ ਸਮਾਜ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸਨ। ਇਨ੍ਹਾਂ ਫ਼ਿਲਮਾਂ ਵਿਚ

ਸਮਾਜ ਵਿਚ ਵਾਪਰਦੀਆਂ ਚੰਗੀਆਂ-ਮੰਦੀਆਂ ਘਟਨਾਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਸੀ। ਇਨ੍ਹਾਂ ਫ਼ਿਲਮਾਂ ਵਿਚ 'ਰਾਜਾ ਗੋਪੀ ਚੰਦ', 'ਸ਼ੀਲਾ-ਪਿੰਡ ਦੀ ਕੁੜੀ', 'ਸੋਹਣੀ ਕੁਮਹਾਰਨ', 'ਮੇਰਾ ਪੰਜਾਬ', 'ਗੁਲ-ਏ-ਬਕਾਵਲੀ', 'ਯਮਲਾ ਜੱਟ', 'ਅਲੀ ਬਾਬਾ', 'ਇਕ ਮੁਸਾਫ਼ਿਰ', 'ਚੰਬੇ ਦੀ ਕਲੀ', 'ਕੁੜਮਾਈ', 'ਸਿਪਾਹੀ', 'ਮੁਬਾਰਕ', 'ਪਰਦੇਸੀ ਢੋਲਾ', 'ਮੇਰਾ ਮਾਹੀ', 'ਰਾਵੀ ਪਾਰ', 'ਪਟੋਲਾ', 'ਮੰਗਤੀ', 'ਗੁਆਂਢੀ', 'ਪੂੰਜੀ', 'ਪਾਪੀ', 'ਦਾਸੀ', 'ਪੰਛੀ', 'ਕੋਇਲ', 'ਚੰਪਾ', 'ਨਿੱਖਟੂ', 'ਕਮਲੀ' ਅਤੇ 'ਦੀਵਾਨਗੀ' ਆਦਿ ਸ਼ਾਮਿਲ ਸਨ। ਇਹ ਫ਼ਿਲਮਾਂ ਸਮਾਜ ਦੀ ਰਹਿਨੁਮਾਈ ਕਰਦੀਆਂ ਸਨ। ਰਾਜਸੀ ਫ਼ਿਲਮਾਂ ਵਿਚ 'ਜੱਗਾ ਡਾਕੂ', 'ਚੌਧਰੀ' ਅਤੇ 'ਪਟਵਾਰੀ' ਆਦਿ ਫ਼ਿਲਮਾਂ ਸ਼ਾਮਿਲ ਸਨ। ਇਨ੍ਹਾਂ ਫ਼ਿਲਮਾਂ ਵਿਚ ਰਾਜਨੀਤਿਕ ਵਿਸ਼ਿਆਂ ਨੂੰ ਪੇਸ਼ ਕੀਤਾ ਗਿਆ ਸੀ। ਇਨ੍ਹਾਂ ਵਿਚ ਆਮ ਲੋਕਾਂ ਦੀ ਪ੍ਰਸ਼ਾਸ਼ਨ ਨਾਲ ਹੁੰਦੀ ਟੱਕਰ ਦਾ ਪ੍ਰਦਰਸ਼ਨ ਹੁੰਦਾ ਸੀ। ਆਰੰਭਿਕ ਸਮੇਂ ਪੰਜਾਬੀ ਫ਼ਿਲਮਾਂ ਵਿਚ ਪ੍ਰੀਤ ਕਥਾਵਾਂ ਦੇ ਵਿਸ਼ੇ ਪੇਸ਼ ਕੀਤੇ ਜਾਂਦੇ ਸਨ। ਇਨ੍ਹਾਂ ਫ਼ਿਲਮਾਂ ਵਿਚ ਪੰਜਾਬ ਦੀਆਂ ਪ੍ਰਚਲਿਤ ਪ੍ਰੀਤ ਕਹਾਣੀਆਂ ਨੂੰ ਪੇਸ਼ ਕੀਤਾ ਜਾਂਦਾ ਸੀ। ਅਜਿਹੀਆਂ ਫ਼ਿਲਮਾਂ ਹਨ- 'ਹੀਰ-ਰਾਂਝਾ', 'ਮਿਰਜ਼ਾ-ਸਾਹਿਬਾਂ', 'ਸੋਹਣੀ-ਮਹੀਂਵਾਲ', 'ਹੀਰ-ਸਿਆਲ', 'ਲੈਲਾ-ਮਜਨੂੰ', 'ਸਹਿਤੀ-ਮੁਰਾਦ', 'ਗੁਲ-ਬਲੋਚ' ਅਤੇ 'ਸੱਸੀ-ਪੁਨੂੰ' ਆਦਿ। ਇਨ੍ਹਾਂ ਵਿਚ ਕਾਲਪਨਿਕ ਅੰਸ਼ ਵੀ ਸ਼ਾਮਿਲ ਕੀਤੇ ਜਾਂਦੇ ਸਨ।

ਉਪਰੋਕਤ ਅਨੁਸਾਰ 'ਦੇਸ਼ ਵੰਡ ਤੋਂ ਪਹਿਲਾਂ ਦੇ ਪੰਜਾਬੀ ਸਿਨੇਮਾ ਦਾ ਸਰਵੇਖਣ' ਕਰਨ ਉਪਰੰਤ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਪੰਜਾਬੀ ਸਿਨੇਮਾ ਦਾ ਆਰੰਭ 1928 ਈ. ਵਿਚ ਆਈ ਫ਼ਿਲਮ 'ਡਾਟਰਜ਼' ਨਾਲ ਬੱਝਦਾ ਹੈ ਪਰੰਤੂ ਇਹ ਮੂਕ ਫ਼ਿਲਮ ਸੀ ਅਤੇ ਪੰਜਾਬੀ ਦੀ ਟਾਕੀ ਫ਼ਿਲਮ 1936 ਈ. ਵਿਚ ਪ੍ਰਦਰਸ਼ਿਤ ਹੋਈ 'ਸ਼ੀਲਾ-ਪਿੰਡ ਦੀ ਕੁੜੀ' ਸੀ। ਇਹ ਟਾਕੀ ਫ਼ਿਲਮ ਹੋਣ ਕਰਕੇ ਪੰਜਾਬੀ ਸਿਨੇਮਾ ਦੀ ਪ੍ਰਮਾਣਿਕ ਫ਼ਿਲਮ ਮੰਨੀ ਜਾਂਦੀ ਰਹੀ ਹੈ। ਇਸੇ ਲਈ ਇਸ ਫ਼ਿਲਮ ਤੋਂ ਹੀ ਪੰਜਾਬੀ ਸਿਨੇਮਾ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ। ਇਸ ਦੌਰ ਦੀਆਂ ਫ਼ਿਲਮਾਂ ਸਮਕਾਲੀ ਸਮਾਜ ਦੀ ਪ੍ਰਤੀਨਿਧਤਾ ਕਰਨ ਵਾਲੀਆਂ ਸਨ। ਇਸ ਤੋਂ ਇਲਾਵਾ ਪ੍ਰੀਤ ਕਥਾਵਾਂ ਤੇ ਆਧਾਰਿਤ ਫ਼ਿਲਮਾਂ ਦੀ ਪੇਸ਼ਕਾਰੀ ਵੀ ਇਸ ਸਮੇਂ ਕੀਤੀ ਗਈ। ਉਂਝ ਰਾਜਨੀਤਿਕ , ਮਿਥਿਹਾਸਕ ਅਤੇ ਇਤਿਹਾਸਕ ਵਿਸ਼ਿਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਗਿਆ। ਇਨ੍ਹਾਂ ਵਿਸ਼ਿਆਂ ਨੂੰ ਪੇਸ਼ ਕਰਦੀਆਂ ਫ਼ਿਲਮਾਂ ਵੀ ਇਸ ਸਮੇਂ ਦੌਰਾਨ ਬਣਾਈਆਂ ਅਤੇ ਪੇਸ਼ ਕੀਤੀਆਂ ਗਈਆਂ।

## ਹਵਾਲੇ


1. James Monaco, *How To Read A Film: The Art, Technology, Language, History and Theory of Film and Media*, Oxford University Press, New York, 1977, Page 19.
2. Garth Jowett and James M. Linton, *Movies as Mass Communication*, Sage Publications, London, 1989, Page 113.

3. Angela Wadia, *Film Television And Radio Production : Elements Dimensions And Trends,* Kanishka Publishers, New Delhi, 2008, Page 15.
4. James Monaco, *How To Read A Film: The Art, Technology, Language, History and Theory of Film and Media*, Oxford University Press, New York, 1977, Page 196.
5. Leo Braudy and Marshall Cohen (Ed.), *Film Theory and Criticism*, Oxford University Press, New York, 2004, Page 139.
6. James Monaco, *How To Read A Film: The Art, Technology, Language, History and Theory of Film and Media*, Oxford University Press, New York, 1977, Page 196.
7. Andre Bazin, 'What is Cinema', Leo Braudy and Marshall Cohen (Ed.), *Film Theory and Criticism*, Oxford University Press, New York, 2004, Page 41.
8. Angela Wadia, *Film Television And Radio Production : Elements Dimensions And Trends,* Kanishka Publishers, New Delhi, 2008, Page 3.
9. Andre Bazin, 'What is Cinema', Leo Braudy and Marshall Cohen (Ed.), *Film Theory and Criticism*, Oxford University Press, New York, 2004, Page 41.
10. Garth Jowett and James M. Linton, *Movies as Mass Communication,* Sage Publications, London, 1989, Page 115.

ਰਿਸਰਚ ਸਕਾਲਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
ਫੋਨ 9465348131

# ਪੰਜਾਬੀ ਨਾਵਲ ਆਲੋਚਨਾ : ਇੱਕ ਅਧਿਐਨ

❑ ਪਾਲਜੀਤ ਕੌਰ

ਪੰਜਾਬੀ ਨਾਵਲ ਜਗਤ ਵਿੱਚ ਆਲੋਚਨਾ ਦਾ ਆਪਣਾ ਵੱਖਰਾ ਸਥਾਨ ਹੈ। ਇਹ ਆਲੋਚਨਾ ਨਾਵਲ ਨੂੰ ਇੱਕ ਵੱਖਰੇ ਰੂਪਾਕਾਰ ਵਜੋਂ ਪਰਮਾਣਿਤ ਕਰਨ ਤੋਂ ਲੈ ਕੇ ਨਾਵਲ ਜਗਤ ਵਿੱਚ ਜਨਮੇ ਵੱਖ-ਵੱਖ ਨਵੇਂ ਰੁਝਾਨ, ਵੱਖ-ਵੱਖ ਨਾਵਲਕਾਰਾਂ ਵੱਲੋਂ ਪਾਏ ਗਏ ਵਿਅਕਤੀਗਤ ਯੋਗਦਾਨ, ਅਤੇ ਨਾਵਲ ਦੇ ਸਮਾਜਿਕ ਸੱਭਿਆਚਾਰ, ਸੰਦਰਭ ਨਿਰਧਾਰਿਤ ਕਰਨ ਵਰਗੇ ਵੱਖ-ਵੱਖ ਪੱਖਾਂ ਨਾਲ ਜੁੜੀ ਰਹੀ ਹੈ। ਪੰਜਾਬੀ ਨਾਵਲ ਆਲੋਚਨਾ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਨੂੰ ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ. ਆਰ. ਵਿਨੋਦ ਅਤੇ ਸੁਖਦੇਵ ਸਿੰਘ ਖਾਹਰਾ ਆਦਿ ਵਰਗੇ ਸੂਝਵਾਨ ਚਿੰਤਕਾਂ ਦੀ ਯੋਗ ਅਗਵਾਈ ਪ੍ਰਾਪਤ ਹੋਈ ਹੈ। ਜਿਉਂ-ਜਿਉਂ ਪੰਜਾਬੀ ਨਾਵਲ ਦੇ ਰੂਪ ਅਤੇ ਵਸਤੂ ਸਮੱਗਰੀ ਵਿੱਚ ਤਬਦੀਲੀ ਹੁੰਦੀ ਰਹੀ ਹੈ, ਪੰਜਾਬੀ ਨਾਵਲ ਆਲੋਚਨਾ ਨੇ ਨਾ ਸਿਰਫ ਉਸ ਦੀ ਨਿਸ਼ਾਨਦੇਹੀ ਹੀ ਕੀਤੀ ਹੈ ਸਗੋਂ ਪਾਠਕ ਵਰਗ ਉਹਨਾਂ ਤਬਦੀਲੀਆਂ ਦੇ ਚੰਗੇ-ਮਾੜੇ ਪ੍ਰਭਾਵ ਤੋਂ ਚੇਤੰਨ ਹੁੰਦਾ ਰਿਹਾ ਹੈ। ਪੰਜਾਬੀ ਨਾਵਲ ਆਲੋਚਨਾ ਦੇ ਗੰਭੀਰ ਚਿੰਤਨ-ਚੇਤਨਾ ਕਰਕੇ ਹੀ ਇਸ ਦਾ ਇੱਕ ਵੱਖਰਾ ਜਲੌਅ ਵੇਖਣ ਨੂੰ ਮਿਲਦਾ ਹੈ। ਸਾਹਿਤ ਆਲੋਚਨਾ ਇਸ ਤਰ੍ਹਾਂ ਦਾ ਕਾਰਜ ਹੈ ਜਿਸ ਨਾਲ ਹਾਂ ਪੱਖੀ ਅਤੇ ਨਾਹ ਪੱਖੀ ਸਿੱਟੇ ਕੱਢੇ ਜਾਂਦੇ ਹਨ ਨਾ ਕਿ ਕਿਸੇ ਦੀ ਬੁਰਾਈ ਕਰਨਾ। ਪੰਜਾਬੀ ਸਾਹਿਤ ਵਿੱਚ ਨਾਵਲ ਦੇ ਖੇਤਰ ਵਿੱਚ ਆਲੋਚਨਾ ਦਾ ਇਤਿਹਾਸ ਕਾਫੀ ਲੰਬਾ-ਚੌੜਾ ਹੈ। ਪੰਜਾਬੀ ਨਾਵਲ ਆਲੋਚਨਾ ਦੇ ਖੇਤਰ ਵਿੱਚ ਸਮੇਂ-ਸਮੇਂ ਵੱਖ-ਵੱਖ ਆਲੋਚਨਾ ਪ੍ਰਣਾਲੀਆਂ ਦਾ ਪ੍ਰਵੇਸ਼ ਹੋਇਆ। ਇਹਨਾਂ ਵਿੱਚੋਂ ਮਾਰਕਸਵਾਦ ਇਕ ਪ੍ਰਮੁੱਖ ਆਲੋਚਨਾ ਪ੍ਰਣਾਲਿ ਹੈ ਜਿਸ ਦਾ ਆਰੰਭ ਸੰਤ ਸਿੰਘ ਸੇਖੋਂ ਦੀ ਆਲੋਚਨਾ ਨਾਲ ਹੁੰਦਾ ਹੈ।

***ਕੀਵਰਡ : ਆਲੋਚਨਾ, ਪੰਜਾਬੀ ਨਾਵਲ ਆਲੋਚਨਾ, ਮਾਰਕਸਵਾਦ, ਮਾਰਕਸਵਾਦੀ ਪੰਜਾਬੀ ਆਲੋਚਨਾ, ਮੁਢਲੇ ਮਾਰਕਸਵਾਦੀ ਪੰਜਾਬੀ ਆਲੋਚਕ।***

ਆਲੋਚਨਾ ਸ਼ਬਦ ਅੰਗਰੇਜ਼ੀ ਸ਼ਬਦ 'Criticism' ਦਾ ਪੰਜਾਬੀ ਅਨੁਵਾਦ ਹੈ। 'Criticism' ਸ਼ਬਦ critic + ism ਤੋਂ ਬਣਿਆ ਹੈ। Critic ਸ਼ਬਦ ਗਰੀਕ ਭਾਸ਼ਾ ਵਿੱਚੋਂ ਲਿਆ ਗਿਆ ਸ਼ਬਦ ਹੈ, ਜਿਸਦਾ ਅਰਥ ਹੈ To Judge ਭਾਵ ਕਿ ਨਿਆ ਕਰਨਾ ਜਾਂ ਬਾਰੀਕੀ ਨਾਲ ਗੁੱਝੇ ਭੇਦ ਲੱਭਣਾ। ਪੰਜਾਬੀ ਸਾਹਿਤ ਵਿੱਚ ਆਲੋਚਨਾ ਲਈ ਵਿਵੇਚਨ, ਪਰਖ, ਮੁਲਾਂਕਣ, ਛਾਣਬੀਣ, ਪੜਚੋਲ ਆਦਿ ਸ਼ਬਦ ਵਰਤ ਲਏ ਜਾਂਦੇ ਹਨ। ਪੰਜਾਬੀ ਵਿੱਚ ਜੋ ਆਲੋਚਨਾ ਸ਼ਬਦ ਵਰਤਿਆ

ਜਾਂਦਾ ਹੈ ਉਹ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਮੂਲ ਧਾਤੂ 'ਲੋਚ' ਹੈ ਜਿਸਦਾ ਅਰਥ ਹੈ ਦੇਖਣਾ। ਇਸ ਤਰ੍ਹਾਂ 'ਆ' ਅਗੇਤਰ ਸ਼ਬਦ ਲਗਾ ਕੇ ਆਲੋਚਨਾ ਸ਼ਬਦ ਬਣ ਗਿਆ ਜਿਸਦਾ ਅਰਥ ਹੈ ਚੰਗੀ ਤਰ੍ਹਾਂ ਦੇਖਣਾ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ :-

"ਆਲੋਚਨਾ ਦੇ ਅਰਥ ਹਨ ਨੀਝ ਜਾਂ ਧਿਆਨ ਨਾਲ ਦੇਖਣਾ। ਕਿਸੇ ਵਸਤੂ ਨੂੰ ਨੀਝ ਲਗਾ ਕੇ ਦੇਖੀਦਾ ਹੈ ਜੇ ਉਸ ਦਾ ਮੁੱਲ ਪਾਣਾ ਹੋਵੇ। ਵਾਸਤਵ ਵਿੱਚ ਧਿਆਨ ਨਾਲ ਜਾਂ ਨੀਝ ਲਗਾ ਕੇ ਦੇਖਣ ਦੀ ਕ੍ਰਿਆ ਵਿੱਚ ਹੀ ਮੁੱਲ ਪਾਣ ਦਾ ਅੰਸ਼ ਵੀ ਆ ਜਾਂਦਾ ਹੈ। ਇਹ ਮੁੱਲ ਕਿਸੇ ਪ੍ਰਮਾਣ, ਮੰਨੇ ਹੋਏ ਥਾਪੇ ਹੋਏ ਮਾਪ ਤੋਲ ਨੂੰ ਮੁੱਖ ਰੱਖ ਕੇ ਨਿਸ਼ਚਿਤ ਕੀਤਾ ਜਾਂਦਾ ਹੈ।"1

ਆਲੋਚਨਾ ਇੱਕ ਅਜਿਹੀ ਵਿਧਾ ਹੈ ਜਿਸ ਵਿੱਚ ਰਚਨਾਕਾਰ, ਲੇਖਕ ਦੀ ਰਚਨਾ ਦੇ ਗੁਣ-ਔਗੁਣ, ਬਿੰਬ, ਦ੍ਰਿਸ਼ਟਾਂਤ, ਰਸ, ਅਲੰਕਾਰ, ਕਲਪਨਾ ਆਦਿ ਦੀ ਵਿਆਖਿਆ ਕੀਤੀ ਜਾਂਦੀ ਹੈ। ਹਰ ਆਲੋਚਕ ਦਾ ਆਲੋਚਨਾ ਕਰਨ ਦਾ ਆਪਣਾ-ਆਪਣਾ ਢੰਗ ਅਤੇ ਨਜ਼ਰਿਆ ਹੈ। ਆਲੋਚਨਾ ਵੀ ਬਦਲਦੇ ਸਮੇਂ ਦੇ ਨਾਲ-ਨਾਲ ਨਵਾਂ ਨਜ਼ਰੀਆ ਧਾਰਨ ਕਰਦੀ ਰਹਿੰਦੀ ਹੈ। ਕੁੱਝ ਵਿਦਵਾਨ ਮਨੋਵਿਗਿਆਨਿਕ ਤੱਥਾਂ ਦੇ ਆਧਾਰ 'ਤੇ, ਕੁੱਝ ਵਰਗ ਸੰਘਰਸ਼ ਦੇ ਆਧਾਰ 'ਤੇ, ਕੁੱਝ ਦਲਿਤ ਕੇਂਦਰਿਤ, ਕੁੱਝ ਨਾਰੀਵਾਦੀ ਦ੍ਰਿਸ਼ਟੀ ਅਤੇ ਕੁੱਝ ਦਾਰਸ਼ਨਿਕ ਆਧਾਰ ਉੱਤੇ ਸਾਹਿਤ ਰਚਨਾ ਦਾ ਮੂਲਾਂਕਣ ਕਰਦੇ ਹਨ। ਆਲੋਚਨਾ ਰਚਨਾਕਾਰ ਦੀ ਰਚਨਾ ਦੇ ਡੂੰਘੇ ਅਰਥਾਂ, ਉਸ ਦੇ ਮਨੋਭਾਵਾਂ ਆਦਿ ਦਾ ਵਰਣਨ ਕਰਦੀ ਹੈ ਅਤੇ ਰਚਨਾ ਵਿਚਲੇ ਗੁੱਝੇ ਭੇਦਾਂ ਤੋਂ ਪਰਦਾ ਚੁੱਕਦੀ ਹੈ। ਆਲੋਚਨਾ ਦੀ ਹੋਂਦ ਦੇ ਪੱਖੋਂ ਇਹ ਗੱਲ ਮੰਨਣੀ ਪਵੇਗੀ ਕਿ ਆਲੋਚਨਾ ਵਿਹਾਰ ਅਤੇ ਗਿਆਨ ਦਾ ਉਹ ਸਿਸਟਮ ਹੈ ਜਿਹੜਾ ਕਲਾ ਦੀ ਆਜ਼ਾਦੀ ਦੇ ਮਾਪਦੰਡ ਨਾਲ ਸੰਬੰਧ ਰੱਖਦਾ ਹੋਇਆ ਵੀ ਕਾਫੀ ਹੱਦ ਤੱਕ ਆਪਣੀ ਵੱਖਰੀ ਹੋਂਦ ਰੱਖਦਾ ਹੈ।

ਆਲੋਚਨਾ ਨਕਾਰਾਤਮਕ ਧਾਰਨਾ ਨਹੀਂ ਹੈ। ਆਮ ਬੋਲਚਾਲ ਦੀ ਪੰਜਾਬੀ ਭਾਸ਼ਾ ਵਿੱਚ ਆਲੋਚਨਾ ਦਾ ਭਾਵ ਨਿੰਦਿਆਂ ਤੋਂ ਲਿਆ ਜਾਂਦਾ ਹੈ। ਪਰ ਆਲੋਚਨਾ ਨਕਾਰਾਤਮਕ ਨਾ ਹੋ ਕੇ ਸਕਾਰਾਤਮਕ ਧਾਰਨਾ ਹੈ ਜਿਸ ਰਾਹੀਂ ਆਲੋਚਕ ਕਿਸੇ ਵੀ ਸਾਹਿਤਕ ਰਚਨਾ ਨੂੰ ਕਸੌਟੀਆਂ 'ਤੇ ਪਰਖਦੇ ਹਨ। ਇਸ ਤਰ੍ਹਾਂ ਆਲੋ ਚਨਾ ਰਾਹੀਂ ਸਾਹਿਤ ਹੋਰ ਅਮੀਰ ਹੁੰਦਾ ਹੈ।

ਹਰਿਭਜਨ ਸਿੰਘ ਦੇ ਅਨੁਸਾਰ :- "ਆਲੋਚਨਾ ਸਿਰਜਣਾ ਦੀ ਮੂਲ ਸ਼ਰਤ ਹੈ। ਅਸਲ ਵਿੱਚ ਸਮੁੱਚੀ ਸਿਰਜਣ ਪ੍ਰਕਿਰਿਆ ਵਿੱਚ ਆਲੋਚਨਾ ਸਦਾ ਅੰਗ-ਸੰਗ ਰਹਿੰਦੀ ਹੈ। ਉਸ ਦੇ ਉਲਟ ਆਲੋਚਨਾ ਪ੍ਰਕਿਰਿਆ ਵਿੱਚ ਸਿਰਜਣਾ ਦਾ ਕੋਈ ਦਖਲ ਨਹੀਂ।"2

ਪੰਜਾਬੀ ਸਾਹਿਤ ਵਿੱਚ ਮਾਰਕਸਵਾਦੀ ਆਲੋਚਨਾ ਅਪ੍ਰੈਲ, 1936 ਵਿੱਚ ਸਰਵ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਨਾਲ ਹੋਂਦ ਵਿੱਚ ਆਈ। 19ਵੀਂ ਸਦੀ ਦੇ ਅੰਤਲੇ ਦਹਾਕਿਆਂ

ਵਿੱਚ ਪੱਛਮ ਦੇ ਸਾਹਿਤਕ ਹਲਕਿਆਂ ਵਿੱਚ ਸੰਸਾਰ ਸਰਮਾਏਦਾਰੀ ਨਿਜ਼ਾਮ ਦੇ ਅੰਤਰ ਵਿਰੋਧਾਂ ਵਿੱਚੋਂ ਪੈਦਾ ਹੋਈ ਮਾਰਕਸਵਾਦੀ ਦ੍ਰਿਸ਼ਟੀ ਦਾ ਪ੍ਰਵੇਸ਼ ਹੋਣਾ ਸ਼ੁਰੂ ਹੋਇਆ। ਜਿਸ ਕਰਕੇ ਪੱਛਮ ਦੇ ਵਿਦਵਾਨ ਸਾਹਿਤ ਅਤੇ ਸਮਾਜ ਦੇ ਸੰਬੰਧਾਂ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਹੋਣ ਲੱਗੇ। ਸਾਹਿਤ ਨੂੰ ਸਮਾਜਵਾਦੀ ਕ੍ਰਾਂਤੀ ਲਈ ਚੇਤੰਨ ਭਾਂਤ ਵਰਤਣ ਦੀ ਸਿਫਾਰਸ਼ ਮਾਰਕਸਵਾਦੀ ਆਲੋਚਕਾਂ ਨੇ ਕੀਤੀ। ਇਹ ਗੱਲ ਸਥਾਪਨਾ ਦੇ ਸਮਰਥਕਾਂ ਲਈ ਵੰਗਾਰ ਸੀ। ਸੋ 1935 ਈਸਵੀ ਵਿੱਚ ਪੈਰਿਸ ਵਿੱਖੇ ਇੱਕ ਕਾਨਫਰੰਸ ਕੀਤੀ ਗਈ ਜਿਸ ਵਿੱਚ ਸਾਹਿਤ ਨੂੰ ਜਮਹੂਰੀ ਕੀਮਤਾਂ ਦੀ ਰੱਖਿਆ ਲਈ ਚੇਤੰਨ ਭਾਂਤ ਵਰਤਣ ਦਾ ਐਲਾਨ ਕੀਤਾ ਗਿਆ। ਇਹੀ ਕਾਨਫਰੰਸ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਦਾ ਪ੍ਰੇਰਨਾ ਸਰੋਤ ਸੀ।

ਕਿਸੇ ਸਮਾਜਿਕ ਕਾਰਜ ਲਈ ਸਾਹਿਤ ਨੂੰ ਚੇਤੰਨ ਰੂਪ ਵਿੱਚ ਵਰਤਣ ਦੀ ਧਾਰਨਾ ਮਾਰਕਸਵਾਦ ਦੀ ਬੁਨਿਆਦੀ ਧਾਰਨਾ ਹੈ। ਇਹ ਧਾਰਨਾ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਐਲਾਨਨਾਮੇ ਵਿੱਚ ਵੀ ਸ਼ਾਮਲ ਸੀ। ਪੰਜਾਬੀ ਸਾਹਿਤ ਦੇ ਮੋਢੀ ਮਾਰਕਸਵਾਦੀ ਆਲੋਚਕਾਂ ਸੋਹਣ ਸਿੰਘ ਸੋਜ, ਹੀਰਾ ਸਿੰਘ ਦਰਦ, ਸੰਤ ਸਿੰਘ ਸੇਖੋਂ ਆਦਿ ਨੇ ਸੰਘ ਦੀ ਸਥਾਪਨਾ ਤੋਂ ਬਾਅਦ ਸਾਹਿਤ ਦੇ ਅਧਿਐਨ ਵਿਸ਼ਲੇਸ਼ਣ ਲਈ ਇਸ ਧਾਰਨਾ ਨੂੰ ਵਰਤਣਾ ਸ਼ੁਰੂ ਕੀਤਾ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿੱਚ ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਮੁੱਢ ਬੱਝਿਆ । ਪਹਿਲੀ ਵਾਰ ਪੰਜਾਬੀ ਸਾਹਿਤ ਵਿੱਚ ਕਾਰਲ ਮਾਰਕਸ, ਐਂਗਲਜ, ਲੈਨਿਨ, ਮਾਉ ਦੇ ਦਾਰਸ਼ਨਿਕ ਵਿਚਾਰਾਂ ਦਾ ਪ੍ਰਵੇਸ਼ ਹੋਇਆ। ਪੱਛਮ ਮਾਰਕਸਵਾਦੀ ਆਲੋਚਕਾਂ ਰਾਲਫ ਫਾਕਸ, ਕਾਡਵੈਲ, ਹਾਵਰਡ ਫਾਸਟ, ਪਲੈਖ਼ਾਨੋਵ, ਗੋਰਕੀ ਆਦਿ ਨਾਲ ਇਸੇ ਦੌਰ ਵਿੱਚ ਜਾਣ-ਪਛਾਣ ਹੋਣੀ ਸ਼ੁਰੂ ਹੋਈ। ਪੰਜਾਬੀ ਸਾਹਿਤ ਦੀ ਵਿਆਖਿਆ ਲਈ ਇਹਨਾਂ ਚਿੰਤਕਾਂ ਦੀਆਂ ਮਾਰਕਸਵਾਦੀ ਧਾਰਨਾਵਾਂ ਨੂੰ ਵਰਤਿਆ ਜਾਣ ਲੱਗਾ। ਇਹਨਾਂ ਦਾ ਖੁੱਲਾ ਅਨੁਵਾਦ ਅਤੇ ਵਿਆਖਿਆ ਪੰਜਾਬੀ ਆਲੋਚਨਾ ਦਾ ਮੁੱਖ ਅੰਗ ਹੋ ਨਿਬੜੇ। ਇਸ ਦੌਰ ਵਿੱਚ ਸਾਹਿਤ ਗੋਸ਼ਟੀਆਂ ਵਿੱਚ ਪੜ੍ਹੇ ਗਏ ਖੋਜ-ਪੱਤਰਾਂ, ਪ੍ਰਕਾਸ਼ਿਤ ਹੋਈਆਂ ਆਲੋਚਨਾਤਮਕ ਪੁਸਤਕਾਂ, 'ਸਾਹਿਤ ਸਮਾਚਾਰ' ਅਤੇ 'ਪੰਜਾਬੀ ਦੁਨੀਆਂ' ਵਰਗੇ ਰਸਾਲਿਆਂ ਵਿੱਚ ਛਪੇ ਲੇਖਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਗਤੀਵਾਦੀ ਆਲੋਚਨਾ ਦੇ ਨਾਂ ਨਾਲ ਪ੍ਰਸਿੱਧ ਹੋਈ ਮਾਰਕਸਵਾਦੀ ਆਲੋਚਨਾ ਨੇ ਪੁਰਾਣੀ ਅਧਿਆਤਮਕ, ਰੋਮਾਂਟਿਕ ਅਤੇ ਪ੍ਰਭਾਵਵਾਦੀ ਆਲੋਚਨਾ ਦਾ ਪ੍ਰਭਾਵ ਤਕਰੀਬਨ 1960 ਈਸਵੀ ਤੱਕ ਬਹੁਤ ਘੱਟ ਕਰ ਦਿੱਤਾ ਅਤੇ ਇਸ ਸਮੇਂ ਪੰਜਾਬੀ ਵਿੱਚ ਕਿਸੇ ਹੋਰ ਪੱਛਮੀ ਆਲੋਚਨਾ ਪ੍ਰਣਾਲੀ ਦਾ ਪ੍ਰਵੇਸ਼ ਨਹੀਂ ਹੋਇਆ।

ਪੰਜਾਬੀ ਸਾਹਿਤ ਵਿੱਚ ਮਾਰਕਸਵਾਦੀ ਆਲੋਚਨਾ ਦਾ ਮੋਢੀ ਸੰਤ ਸਿੰਘ ਸੇਖੋਂ ਹੈ ਅਤੇ ਇਸ ਦਾ ਵਿਸਥਾਰਕ ਕਿਸ਼ਨ ਸਿੰਘ ਹੈ। ਇਹਨਾਂ ਤੋਂ ਬਿਨਾਂ ਇਸ ਦੌਰ ਵਿੱਚ ਗੁਰਚਰਨ ਸਿੰਘ, ਕਿਰਪਾਲ ਸਿੰਘ ਕਸੇਲ, ਪਰਮਿੰਦਰ ਸਿੰਘ, ਨਿਰਮਲ ਸਿੰਘ, ਗੁਰਮੁਖਜੀਤ ਸਿੰਘ ਵਰਗੇ ਅਧਿਆਪਨ ਕਾਰਜ ਨਾਲ ਸੰਬੰਧ ਰੱਖਣ ਵਾਲੇ ਆਲੋਚਕਾਂ ਨੇ ਮਾਰਕਸਵਾਦੀ ਆਲੋਚਨਾ ਪ੍ਰਣਾਲੀ

ਨੂੰ ਅਪਣਾਇਆ। 1960 ਈਸਵੀ ਤੋਂ ਬਾਅਦ ਕੁਝ ਹੋਰ ਨਵੇਂ ਆਲੋਚਕ ਇਸ ਆਲੋਚਨਾ ਪ੍ਰਣਾਲੀ ਨਾਲ ਜੁੜੇ। ਜਿਹਨਾਂ ਵਿੱਚ ਡਾ. ਤੇਜਵੰਤ ਸਿੰਘ ਗਿੱਲ, ਡਾ. ਸੁਰਿੰਦਰ ਸਿੰਘ ਦੁਸਾਂਝ, ਡਾ. ਕੇਸਰ ਸਿੰਘ ਕੇਸਰ, ਡਾ. ਸਾਧੂ ਸਿੰਘ, ਡਾ. ਗੁਰਬਖਸ਼ ਸਿੰਘ ਫਰੈਂਕ, ਪ੍ਰੋ. ਸੁਰਿੰਦਰ ਸਿੰਘ ਨਰੂਲਾ, ਡਾ. ਰਵਿੰਦਰ ਸਿੰਘ ਰਵੀ, ਡਾ. ਸੁਰਜੀਤ ਸਿੰਘ ਭੱਟੀ, ਡਾ. ਹਰਭਜਨ ਸਿੰਘ ਭਾਟੀਆ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਆਦਿ ਦੇ ਨਾਮ ਕਿਸੇ ਪਹਿਚਾਣ ਦਾ ਮੁਹਤਾਜ ਨਹੀਂ ਹਨ। ਇਸ ਤਰ੍ਹਾਂ ਪੰਜਾਬੀ ਸਾਹਿਤ ਵਿੱਚ ਪਿਛਲੇ 50 ਸਾਲਾਂ ਤੋਂ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਪ੍ਰਗਤੀਸ਼ੀਲ ਹੈ। ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਸ਼ੁਰੂਆਤੀ ਦੌਰ ਵਿੱਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਆਲੋਚਕਾਂ ਦਾ ਵਰਣਨ ਇਸ ਪ੍ਰਕਾਰ ਹੈ:-

ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਸੰਤ ਸਿੰਘ ਸੇਖੋਂ (1908 - 1997) ਦੀ ਆਮਦ ਨਾਲ ਮਾਰਕਸਵਾਦੀ ਆਲੋਚਨਾ ਦਾ ਮੁੱਢ ਬੱਝਿਆ। ਸੰਤ ਸਿੰਘ ਸੇਖੋਂ ਪੰਜਾਬੀ ਦਾ ਪਹਿਲਾ ਸਾਹਿਤ ਆਲੋਚਕ ਹੈ ਜਿਸ ਨੇ ਬਾਹਰਮੁਖੀ ਅਤੇ ਸਿਧਾਂਤਕ ਸੂਤਰਬੱਧ ਆਲੋਚਨਾ ਦਾ ਆਧਾਰ ਸਾਹਿਤ ਦੀ ਪਰਖ ਲਈ ਪ੍ਰਦਾਨ ਕੀਤਾ। ਸੰਤ ਸਿੰਘ ਸੇਖੋਂ ਦੀ 1957 ਈ. ਵਿੱਚ ਪ੍ਰਕਾਸ਼ਿਤ ਪੁਸਤਕ '**ਸਾਹਿਤਿਆਰਥ**' ਨੂੰ ਪੰਜਾਬੀ ਸਾਹਿਤ ਸਿਧਾਂਤਕਾਰੀ ਦੀ ਮੁੱਢਲੀ ਅਹਿਮ ਪੁਸਤਕ ਵਜੋਂ ਸਵੀਕਾਰਿਆ ਜਾ ਚੁੱਕਾ ਹੈ। **ਪ੍ਰਸਿੱਧ ਪੰਜਾਬੀ ਕਵੀ** (1962), **ਪੰਜਾਬੀ ਕਾਵ ਸ਼ਰੋਮਣੀ** (1964), **ਸਮੀਖਿਆ ਪ੍ਰਣਾਲੀਆਂ** (1975**), ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁੱਗ** (1976), **ਨਾਟਕ ਕਲਾ ਤੇ ਮੇਰੇ ਅਨੁਭਵ** (1978), **ਨਾਵਲ ਤੇ ਪਲਾਟ** (1979), ਸੰਤ ਸਿੰਘ ਸੇਖੋਂ ਦੀਆਂ ਕੁੱਝ ਹੋਰ ਅਹਿਮ ਪੁਸਤਕਾਂ ਹਨ। ਇਹਨਾਂ ਤੋਂ ਇਲਾਵਾ ਸੰਤ ਸਿੰਘ ਸੇਖੋਂ ਨੇ '**ਹੀਰ ਵਾਰਿਸ**' ਦਾ ਸੰਪਾਦਨ ਕਾਰਜ ਵੀ ਕੀਤਾ। ਸੰਤ ਸਿੰਘ ਸੇਖੋਂ ਨੇ ਪੰਜਾਬੀ ਸਿਧਾਂਤ ਚੇਤਨਾ ਨੂੰ ਸਮਾਜਿਕ-ਇਤਿਹਾਸਿਕ ਤੱਥਾਂ ਦੇ ਧਰਾਤਲ ਉੱਪਰ ਪ੍ਰਗਤੀਵਾਦੀ ਮਾਰਗ ਤਹਿਤ ਗਤੀਸ਼ੀਲ ਕੀਤਾ। ਡਾ. ਪ੍ਰੇਮ ਪ੍ਰਕਾਸ਼ ਸਿੰਘ ਸੰਤ ਸਿੰਘ ਸੇਖੋਂ ਦੀ ਆਲੋਚਨਾ ਬਾਰੇ ਲਿਖਦੇ ਹਨ :-

"ਪ੍ਰਿੰ. ਸੰਤ ਸਿੰਘ ਸੇਖੋਂ ਦੀ ਆਲੋਚਨਾ-ਪੱਧਤੀ ਨਾਲ ਪੰਜਾਬੀ ਆਲੋਚਨਾ ਇੱਕ ਨਵਾਂ ਮੋੜ ਕੱਟਦੀ ਹੈ। ਸ਼੍ਰੀ ਸੇਖੋਂ ਇੱਕ ਸਿਧਾਂਤਕਾਰੀ ਸਮੀਖਿਆਕਾਰ ਹਨ। ਇਨ੍ਹਾਂ ਦੀ ਸਮੀਖਿਆ ਦਾ ਆਧਾਰ ਮਾਰਕਸ ਦਾ ਫਲਸਫਾ ਹੈ ਜਿਹੜਾ ਖੁਦ ਦਵੰਦਾਤਮਕ ਭੌਤਿਕਵਾਦ 'ਤੇ ਆਸ਼੍ਰਿਤ ਹੈ। ........ ਇਸ ਮਾਰਕਸਵਾਦੀ ਸਿਧਾਂਤ ਦੇ ਚਾਨਣੇ ਵਿੱਚ ਪ੍ਰਿੰ. ਸੇਖੋਂ ਦੀ ਆਲੋਚਨਾ ਗਤੀਮਾਨ ਹੋਈ ਹੈ ਅਤੇ ਇੱਕ ਵਾਰ ਪੰਜਾਬੀ ਦੀ ਸਾਰੀ ਆਲੋਚਨਾ ਹੀ ਇਸ ਪ੍ਰਗਤੀਵਾਦੀ ਆਲੋਚਨਾ ਨੂੰ ਟਕਸਾਲੀ ਮੰਨ ਕੇ ਤੁਰਦੀ ਰਹੀ ਹੈ।"2

ਸੰਤ ਸਿੰਘ ਸੇਖੋਂ ਆਧੁਨਿਕ ਚਿੰਤਨ ਦੇ ਮਾਰਕਸਵਾਦੀ ਰੂਪ ਦਾ ਸਮਰਥਕ ਹੈ ਪਰ ਉਸਦੀ ਆਲੋਚਨਾ ਵਿੱਚ ਨਾ ਤਾਂ ਭਾਵੁਕਤਾ ਹੈ ਅਤੇ ਨਾ ਹੀ ਕੱਟੜਤਾ। ਸੰਤ ਸਿੰਘ ਸੇਖੋਂ ਸਧਾਰਨ

ਮਨੁੱਖ ਦੇ ਉਹਨਾਂ ਸਮਾਚਾਰਾਂ ਨੂੰ ਸ਼ਾਮਲ ਕਰਦਾ ਹੈ ਜੋ ਦਰਦਨਾਕ ਹੋਣ ਦੇ ਬਾਵਜੂਦ ਵੀ ਸੁਪਨੇ ਦੀ ਪੂਰਤੀ ਲਈ ਸੰਘਰਸ਼ ਦੇ ਪ੍ਰੇਰਨਾ ਸ੍ਰੋਤ ਬਣਦੇ ਹਨ।

ਸੰਤ ਸਿੰਘ ਸੇਖੋਂ (1911-1993) ਨੂੰ ਮਾਰਕਸਵਾਦੀ ਆਲੋਚਨਾ ਦਾ ਸੰਸਥਾਪਕ ਮੰਨਿਆ ਜਾਂਦਾ ਹੈ ਅਤੇ ਪ੍ਰੋ. ਕਿਸ਼ਨ ਸਿੰਘ ਨੂੰ ਵਿਸਥਾਰਕ। ਮਾਰਕਸ ਵੱਲੋਂ ਕੀਤੀ ਗਈ ਇਤਿਹਾਸ ਦੀ ਡਾਇਲੈਕਟੀਕਲ ਵਿਆਖਿਆ ਨੂੰ ਸਮਾਜਿਕ ਕਾਰਜਾਂ ਦੀ ਡੂੰਘੀ ਸਮਝ ਦੀ ਅੰਤਿਮ ਕਸਵੱਟੀ ਵਜੋਂ ਸਵੀਕਾਰ ਕਰਦਾ ਹੋਇਆ ਸਾਹਿਤਿਕ ਯਥਾਰਥ ਨੂੰ ਪ੍ਰੋ. ਕਿਸ਼ਨ ਸਿੰਘ ਇਸੇ ਸੂਝ ਦੇ ਅੰਤਰਗਤ ਨਿਰਖਣ - ਪਰਖਣ ਦਾ ਕਾਰਜ ਕਰਦਾ ਹੈ। ਪ੍ਰੋ. ਕਿਸ਼ਨ ਸਿੰਘ ਦਾ ਸਮੁੱਚਾ ਸਾਹਿਤ ਚਿੰਤਨ **ਸਾਹਿਤ ਦੇ ਸੋਮੇ** (1976), **ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ** (1973), **ਸਾਹਿਤ ਦੀ ਸਮਝ** (1974), **ਗੁਰਬਾਣੀ ਦਾ ਸੱਚ** (1976), **ਗੁਰਦਿਆਲ ਸਿੰਘ ਦੀ ਨਾਵਲ ਚੇਤਨਾ** (1986), **ਸਚੁ ਪੁਰਾਣਾ ਨ ਥੀਐ** (1991) ਉਸ ਦੀਆਂ ਪੁਸਤਕਾਂ ਵਿਚਲੇ ਸਿਧਾਂਤਕ ਅਤੇ ਵਿਹਾਰਿਕ ਕਾਰਜ ਦੀਆਂ ਤਹਿਆਂ ਵਿੱਚ ਫੈਲਿਆ ਹੋਇਆ ਹੈ। ਪ੍ਰੋ. ਕਿਸ਼ਨ ਸਿੰਘ ਸਾਹਿਤ ਨੂੰ ਲੋਕਪੱਖੀ ਚੇਤਨਾ ਅਤੇ ਮਾਨਵਤਾਵਾਦੀ ਕੀਮਤਾਂ ਅਤੇ ਵਰਤਾਰਿਆਂ ਨਾਲ ਪ੍ਰਤੀਬੱਧ ਵੇਖਣਾ ਚਾਹੁੰਦਾ ਹੈ। ਪ੍ਰੋ. ਕਿਸ਼ਨ ਸਿੰਘ ਆਪਣੇ ਸਮੁੱਚੇ ਚਿੰਤਨ ਦੇ ਕੇਂਦਰ ਵਿੱਚ ਡਾਇਲੈਕਟਿਕ ਸੂਝ ਨੂੰ ਰੱਖਦਾ ਹੈ ਅਤੇ ਸਾਹਿਤ ਦੇ ਵਸਤੂ ਤੇ ਰੂਪ, ਅਨੁਭਵ ਅਤੇ ਬੋਲੀ ਦੇ ਰਿਸ਼ਤਿਆਂ ਨੂੰ ਵੀ ਡਾਇਲੈਕਟਿਕ ਹੀ ਪ੍ਰਮਾਣਿਤ ਕਰਦਾ ਹੈ ਉਸ ਦਾ ਕਥਨ ਹੈ :-

"ਮਨੁੱਖ ਤੇ ਸਮਾਜਿਕ ਡਾਇਲੈਕਟਿਕ ਦਾ ਚਿੱਤਰ ਵੀ ਸਾਹਿਤ ਹੁੰਦਾ ਹੈ। ਜੇ ਇਸ ਚਿੱਤਰ ਵਿੱਚ ਵੇਲੇ ਦੀ ਸਮਾਜਿਕ ਡਾਇਲੈਕਟਿਕ ਸਮਝਦੀ ਮਨੁੱਖੀ ਸ਼ਖਸ਼ੀਅਤ ਸਹੀ ਪੇਸ਼ ਹੈ ਤਾਂ ਜਿਨ੍ਹਾਂ ਖਿਆਲਾਂ ਦੇ ਪੈਟਰਨ ਰਾਹੀਂ ਉਹ ਪੇਸ਼ ਹੋਈ ਹੈ, ਉਨ੍ਹਾਂ ਦੇ ਗਲਤ ਸਾਬਿਤ ਹੋਣ ਨਾਲ ਚਿੱਤਰ 'ਚ ਮੁੱਲ ਨਹੀਂ ਘੱਟ ਜਾਂਦਾ।"4

ਪ੍ਰੋ. ਕਿਸ਼ਨ ਸਿੰਘ ਜਿਹਨਾਂ ਮਸਲਿਆਂ ਨੂੰ ਆਲੋਚਕ ਦੀ ਦ੍ਰਿਸ਼ਟੀ ਦੇ ਕੇਂਦਰ ਵਿੱਚ ਟਿਕੇ ਵੇਖਣਾ ਚਾਹੁੰਦਾ ਹੈ, ਉਹ ਪ੍ਰੋ. ਕਿਸ਼ਨ ਸਿੰਘ ਦੀ ਮਾਰਕਸਵਾਦੀ ਸਿਧਾਂਤ ਚੇਤਨਾ ਦਾ ਮੁਕੰਮਲ ਪ੍ਰਤੱਖਣ ਕਰਵਾ ਦਿੰਦੇ ਹਨ। ਸਾਹਿਤ ਅਤੇ ਆਲੋਚਨਾ ਦੀ ਪ੍ਰਕਿਰਤੀ, ਕਾਰਜ ਅਤੇ ਮਨੋਰਥ ਸਬੰਧੀ ਗੱਲ ਕਰਦਾ ਹੋਇਆ ਉਹ ਯਥਾਰਥਵਾਦ ਨੂੰ ਆਪਣੀ ਨਿਗਾਹ ਦੇ ਅੰਗ-ਸੰਗ ਰੱਖਦਾ ਹੈ।

ਪੰਜਾਬੀ ਗਲਪ ਸਾਹਿਤ ਵਿੱਚ ਡਾ. ਅਤਰ ਸਿੰਘ (1932 ਤੋਂ 1994) ਨੇ 1960 ਈ. ਤੋਂ ਬਾਅਦ ਲਿਖਣਾ ਸ਼ੁਰੂ ਕੀਤਾ। ਡਾ. ਅਤਰ ਸਿੰਘ ਦੀ ਆਲੋਚਨਾ ਆਧੁਨਿਕਤਾ ਮੁਖੀ ਸੀ ਜਿਸ ਦੇ ਉਹਨਾਂ ਨੇ ਤਿੰਨ ਪ੍ਰਮੁੱਖ ਸਿਧਾਂਤ ਪੇਸ਼ ਕੀਤੇ- ਵਿਅਕਤਿਕਤਾ, ਵਿਗਿਆਨਿਕਤਾ ਅਤੇ ਇਹਲੌਕਿਕਤਾ। ਡਾ. ਅਤਰ ਸਿੰਘ ਦਾ ਆਲੋਚਨਾ ਕਾਰਜ **ਕਾਵਿ ਅਧਿਐਨ** (1959), **ਦ੍ਰਿਸ਼ਟੀਕੋਣ** (1963), **ਸਮਦਰਸ਼ਨ** (1975), **ਸਾਹਿਤ ਸਵੇਦਨਾ** (1984) ਪੁਸਤਕਾਂ ਵਿੱਚ ਦਰਜ ਹੈ। ਇਸ ਤੋਂ ਬਿਨਾਂ ਹਰਿਭਜਨ ਸਿੰਘ ਭਾਟੀਆ ਨੇ ਉਹਨਾਂ ਦੀ ਵੱਖ-ਵੱਖ ਰੂਪਾਂ ਵਿੱਚ ਖਿੰਡਰੀ-ਪੁੰਡਰੀ

ਸਮਗਰੀ ਨੂੰ ਇਕੱਠਾ ਕਰਕੇ **'ਡਾ. ਅਤਰ ਸਿੰਘ ਸਾਹਿਤ ਚਿੰਤਨ'** ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ। ਡਾ. ਅਤਰ ਸਿੰਘ ਦੀ ਸਮੀਖਿਆ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ।

ਡਾ. ਸਤਿੰਦਰ ਸਿੰਘ ਨੂਰ ਅਨੁਸਾਰ - "ਅਤਰ ਸਿੰਘ ਨੇ ਸੇਖੋਂ ਦੀ ਮਾਰਕਸਵਾਦੀ ਆਲੋਚਨਾ ਦੇ ਪ੍ਰਭਾਵਾਂ ਨੂੰ ਗ੍ਰਹਿਣ ਕਰਦਿਆਂ ਕੁੱਝ ਹੋਰ ਦਿਸ਼ਾਵਾਂ ਚੋਂ ਵੀ ਨਿਕਸੁਕ ਇਕੱਠਾ ਕੀਤਾ।"5

ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ -

"ਆਪਣੇ ਅਧਿਐਨ ਖੇਤਰ ਦੀ ਸੀਮਾ-ਪਛਾਣ ਜਾਂ ਉਸ ਨੂੰ ਨਿਸ਼ਚਿਤ ਕਰਕੇ ਉਹਦਾ ਅਧਿਐਨ ਕਰਨ ਵਾਲੀ ਦ੍ਰਿਸ਼ਟੀ ਉਸ ਕੋਲ ਨਹੀਂ ਹੈ। ਉਹ ਕਿਸੇ ਨਵੀਨ ਪ੍ਰਕਾਰ ਦੇ ਪ੍ਰਵਚਨ ਦੀ ਸਿਰਜਣਾ ਦੀ ਬਜਾਏ ਸਿਰਜਣਾ ਜੁਗਤਾਂ ਨਾਲ, ਪੂਰਬ ਸੇਖੋਂ ਆਲੋਚਨਾ ਵਾਂਗ, ਆਲੋਚਨਾ- ਕਾਰਜ ਨਿਭਾਉਂਦਾ ਹੈ।"6

ਡਾ. ਅਤਰ ਸਿੰਘ ਤੋਂ ਬਾਅਦ ਡਾ. ਹਰਭਜਨ ਸਿੰਘ ਪੰਜਾਬੀ ਸਾਹਿਤ ਸਿਧਾਂਤਕਾਰੀ ਵਿੱਚ ਪ੍ਰਵੇਸ਼ ਕਰਦੇ ਹਨ। ਉਸ ਦੀਆਂ ਆਲੋਚਨਾ ਪੁਸਤਕਾਂ **ਅਧਿਐਨ ਅਤੇ ਅਧਿਆਪਨ** (1970), **ਮੁੱਲ ਅਤੇ ਮੁਲੰਕਣ** (1972), **ਸਾਹਿਤ ਸ਼ਾਸਤਰ** (1973), **ਸਾਹਿਤ ਤੇ ਸਿਧਾਂਤ** (1973), **ਪਾਰਗਾਮੀ** (1976), **ਰਚਨਾ ਸੰਰਚਨਾ** (1977), **ਰੂਪਕੀ** (1977), **ਸਾਹਿਤ ਵਿਗਿਆਨ** (1978), **ਸਿਸਟਮ** (1979), **ਸਾਹਿਤ ਅਧਿਐਨ** (1981), **ਪਰਤਾਂਜਲੀ** (1981), **ਪੂਰਨ ਸਿੰਘ ਰਚਨਾ-ਵਿਰਚਨਾ** (1983), **ਪਿਆਰ ਤੇ ਪਰਿਵਾਰ** (1988), **ਖਾਮੋਸ਼ੀ ਦਾ ਜਜ਼ੀਰਾ** (1988) ਹਨ। ਇਹਨਾਂ ਪੁਸਤਕਾਂ ਤੋਂ ਇਲਾਵਾ ਹੋਰ ਸੰਪਾਦਿਤ ਪੁਸਤਕਾਂ ਅਤੇ ਰਸਾਲੇ, ਪਤ੍ਰੀਕਾਵਾਂ ਹਨ ਜਿਹਨਾਂ ਵਿੱਚ ਡਾ. ਹਰਿਭਜਨ ਸਿੰਘ ਦੀ ਸਿਧਾਂਤਕਾਰੀ ਦਾ ਪ੍ਰਤੱਖਣ ਕਰਵਾਉਣ ਵਾਲੀ ਸਮੱਗਰੀ ਹੈ।

ਡਾ. ਤਰਲੋਕ ਸਿੰਘ ਕੰਵਰ ਲਿਖਦੇ ਹਨ -

"ਹਰਿਭਜਨ ਸਿੰਘ ਸਾਹਿਤ ਦੀ ਸਾਹਿਤਕਤਾ ਨੂੰ ਪਹਿਲਾਂ ਨਵ- ਅਮਰੀਕੀ ਸਮੀਖਿਆ ਦੇ ਰੂਪਵਾਦੀ ਪ੍ਰਸੰਗ ਵਿੱਚ ਪਛਾਣਦਾ ਹੈ ਫਿਰ ਇਸੇ ਰੂਪਵਾਦ ਨੂੰ ਰੈਨੇਵੇਲੇਕ ਦੇ ਤਰਕ ਦੁਆਰਾ ਪਰਪੱਕ ਕਰਦਾ ਹੈ ਤੇ ਮਗਰੋਂ ਰੂਸੀ ਰੂਪਵਾਦੀਆਂ ਤੇ ਸੋਸਿਓਰ ਦੇ ਭਾਸ਼ਾ ਵਿਗਿਆਨਿਕ ਮਾਡਲਾਂ ਦੁਆਰਾ ਇਸ ਨੂੰ ਹੋਰ ਰੂੜ੍ਹ ਕਰਦਾ ਹੈ। ਆਪਣੀ ਇਸ ਦਿਸ਼ਾ ਵਿੱਚ ਹਰਿਭਜਨ ਸਿੰਘ ਰੂਪਵਾਦ ਤੋਂ ਸਰੰਚਨਾਵਾਦ ਵਿੱਚ ਤੇ ਫਿਰ ਸੰਰਚਨਾਵਾਦ ਤੋਂ ਪਾਰਲੀਆਂ ਪ੍ਰਾਪਤੀਆਂ ਵੱਲ ਵੀ ਵੱਧਦਾ ਹੈ।"7

ਡਾ. ਹਰਿਭਜਨ ਸਿੰਘ ਤੋਂ ਬਾਅਦ ਜੋ ਅਗਲਾ ਚਿੰਤਕ ਹੈ ਉਹ ਹੈ ਨਜਮ ਹੁਸੈਨ ਸਯੱਦ ਜੋ ਪੱਛਮੀ ਪੰਜਾਬ ਦੀ ਧਰਤੀ 'ਤੇ ਰਹਿ ਕੇ ਪੰਜਾਬੀ ਚਿੰਤਨ ਕਾਰਜ ਵਿੱਚ ਨਿਰੰਤਰ ਕਾਰਜਸ਼ੀਲ ਚਿੰਤਕ ਹੈ। ਨਜਮ ਹੁਸੈਨ ਸਯੱਦ ਦੀਆਂ ਸਾਹਿਤ ਸਮੀਖਿਆ ਨਾਲ ਜੁੜੀਆਂ ਪ੍ਰਮੁੱਖ ਪੁਸਤਕਾਂ

**ਸੇਧਾਂ, ਸਾਰਾਂ, ਸੱਚ ਸਦਾ ਅਬਾਦੀ ਕਰਨਾ, ਫਰੀਦੋਂ ਨਾਨਕ ਨਾਨਕੋਂ ਫਰੀਦ** ਆਦਿ ਹਨ। ਨਜਮ ਹੁਸੈਨ ਨੇ ਆਪਣੀਆਂ ਪੁਸਤਕਾਂ ਵਿੱਚ ਕਿੱਸਾ ਕਾਵਿ, ਸੂਫੀ ਕਾਵਿ, ਗੁਰਮਤਿ ਕਾਵਿ, ਲੋਕ ਗਾਥਾਵਾਂ ਨੂੰ ਅਧਿਐਨ ਸਮਗਰੀ ਦਾ ਕੇਂਦਰ ਬਣਾਇਆ ਹੈ। ਆਧੁਨਿਕ ਸਾਹਿਤ ਵਿੱਚੋਂ ਰਫੀ ਪੀਰ ਦਾ ਰਚਿਆ ਨਾਟਕ '**ਅੱਖੀਆਂ**' ਉਸਦੇ ਅਧਿਐਨ ਦਾ ਕੇਂਦਰ ਬਣਿਆ। ਡਾ. ਜਗਬੀਰ ਸਿੰਘ ਨਜਮ ਹੁਸੈਨ ਸਯੱਦ ਦੇ ਚਿੰਤਨ ਬਾਰੇ ਲਿਖਦਾ ਹੈ :-

"ਮੂਲ ਰੂਪ ਵਿੱਚ ਉਹ ਮਾਰਕਸਵਾਦੀ ਜੀਵਨ ਦਰਸ਼ਨ ਅਤੇ ਵਿਸ਼ਵ ਦਰਸ਼ਨ ਦਾ ਹਾਮੀ ਹੈ। ਪਰ ਉਸਦੇ ਚਿੰਤਨ ਵਿੱਚ ਅਸਤਿਤਵਾਦ ਅਤੇ ਮਨੋਵਿਸ਼ਲੇਸ਼ਣ ਸਿਧਾਂਤ ਦੇ ਤੱਤਾਂ ਦੀ ਗੂੰਜ ਵੀ ਸੁਣਾਈ ਦਿੰਦੀ ਹੈ ।"8

ਨਜਮ ਹੁਸੈਨ ਸਯੱਦ ਦੀ ਸਮੀਖਿਆ ਦਾ ਕੇਂਦਰ ਪੰਜਾਬ ਦੇ ਕਿਰਤ-ਮੁਖੀ ਸੱਭਿਆਚਾਰ ਦੀ ਪਛਾਣ ਕਰਨਾ ਹੈ ਮਾਰਕਸਵਾਦੀ ਵਿਚਾਰਧਾਰਾ, ਸੰਰਚਨਾ ਦ੍ਰਿਸ਼ਟੀ, ਚਿਹਨ ਵਿਗਿਆਨ, ਵਿਰਚਨਾ ਅਤੇ ਉਦਾਤ ਆਦਿ ਉਸ ਦੀ ਸਮੀਖਿਆ ਵਿੱਚ ਨਿਹਿਤ ਹਨ।

ਪੰਜਾਬੀ ਸਾਹਿਤ ਸਮੀਖਿਆ ਖੇਤਰ ਅੰਦਰ ਅਗਲਾ ਸਿਧਾਂਤਕਾਰ ਰਵਿੰਦਰ ਸਿੰਘ ਰਵੀ (1942 ਤੋਂ 1989) ਹੈ । ਜੋ ਮਾਰਕਸਵਾਦ ਦਾ ਸਮਰਥਕ ਹੈ। ਡਾ. ਰਵਿੰਦਰ ਰਵੀ ਦੀਆਂ **ਪੰਜਾਬੀ ਰਾਮ ਕਾਵਿ, ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ, ਵਿਰਸਾ ਤੇ ਵਰਤਮਾਨ, ਰਵੀ ਚੇਤਨਾ,** (ਪਰਲੋਕ ਗਮਨ ਉਪਰੰਤ) ਪ੍ਰਕਾਸ਼ਿਤ ਪੁਸਤਕਾਂ ਹਨ। ਡਾ. ਰਵੀ ਮਾਰਕਸਵਾਦ ਚਿੰਤਨ ਦਾ ਗਹਿਰਾ ਅਧਿਐਨ ਪੇਸ਼ ਕਰਦਾ ਹੈ। ਉਸ ਨੇ ਨਾ ਕੇਵਲ ਮਾਰਕਸਵਾਦ ਦੇ ਮੂਲ ਨੂੰ ਹੀ ਨਹੀਂ ਪਰਖਿਆ ਸਗੋਂ ਵਿਸ਼ਵ ਪੱਧਰ ਦੇ ਪੁਰਾਣੇ ਅਤੇ ਨਵੇਂ ਚਿਹੰਨ ਨੂੰ ਵੀ ਤੀਖਣ-ਦ੍ਰਿਸ਼ਟੀ ਰਾਹੀਂ ਪਰਖਿਆ ਹੈ। ਡਾ. ਹਰਿਭਜਨ ਸਿੰਘ ਭਾਟੀਆ ਨੇ ਡਾ. ਰਵਿੰਦਰ ਰਵੀ ਦੀ ਸਿਧਾਂਤ ਚੇਤਨਾ ਬਾਰੇ ਤਿੰਨ ਨੁਕਤੇ ਨਿਰਧਾਰਿਤ ਕੀਤੇ ਹਨ -

"(ੳ) ਸਾਹਿਤ ਕਿਰਤ ਨੂੰ ਇੱਕ ਚਿੰਨ੍ਹ-ਪ੍ਰਬੰਧ ਵਜੋਂ ਸਮਝਣਾ।

(ਅ) ਉਸ ਦੇ ਸਰਲ ਅਰਥ ਨੂੰ ਅਸਲੀ ਵਸਤੂ ਦੇ ਪ੍ਰਗਟਾਅ ਦਾ ਕੇਵਲ ਇੱਕ ਮੁਹਾਵਰਾ ਸਵੀਕਾਰ ਕਰਨਾ।

(ੲ) ਇਸ ਮੁਹਾਵਰੇ ਅਤੇ ਚਿੰਨ੍ਹ-ਪ੍ਰਬੰਧ ਰਾਹੀਂ ਪ੍ਰਗਟ ਹੋ ਰਿਹਾ ਅਸਲੀ ਅਰਥ-ਪ੍ਰਬੰਧ ਅਰਥਾਤ ਸਮਾਜਿਕ ਮਨੁੱਖੀ ਵਸਤੂ ਦੀ ਖੋਜ ਕਰਨੀ।"9

ਡਾ. ਰਵਿੰਦਰ ਰਵੀ ਦੀ ਲਿਖਤ, ਅਧਿਐਨ ਅਤੇ ਅਧਿਆਪਨ ਸਭ ਉਸ ਦੇ ਜੀਵਨ ਵਿਹਾਰ ਦਾ ਅਹਿਮ ਹਿੱਸਾ ਸਨ। ਇਸੇ ਕਰਕੇ ਸ਼ਾਇਦ ਉਸ ਦੀ ਆਲੋਚਨਾ-ਦੁਨੀਆਂ ਮੱਧ ਵਰਗੀ ਅਸੰਗਤੀਆਂ, ਸਿਧਾਂਤਕ ਵਿਰੋਧਾ-ਭਾਸ, ਮੌਕਾਪ੍ਰਸਤ ਨੀਤੀਆਂ ਅਤੇ ਅਕਾਦਮਿਕ ਚਲਾਕੀਆਂ ਤੋਂ ਮੁਕਤ ਸੀ। ਡਾ. ਰਵੀ ਇੱਕ ਅਜਿਹੇ ਆਲੋਚਨਾ ਸੰਸਾਰ ਨੂੰ ਉਸਾਰਨ ਦਾ ਚਾਹਵਾਨ ਸੀ ਜਿਹੜਾ

ਮਾਰਕਸਵਾਦ ਦੀਆਂ ਵੱਡੀਆਂ ਉਮੀਦਾਂ ਅਤੇ ਨਵੀਨ ਦੁਮੇਲਾਂ ਨੂੰ ਆਪਣੇ ਕਲੇਵਰ ਵਿੱਚ ਸਮੇਟ ਕੇ ਸਹੀ ਅਤੇ ਨਵੀਂ ਦਿਸ਼ਾ ਪ੍ਰਦਾਨ ਕਰ ਸਕੇ।

ਸੋ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਸੇਖੋਂ-ਕਿਸ਼ਨ ਸਿੰਘ ਹੋਰਾਂ ਦੀ ਮੁੱਢਲੀ ਮਾਰਕਸਵਾਦੀ ਪੀੜ੍ਹੀ ਨੇ ਆਲੋਚਨਾ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਮਾਰਕਸਵਾਦ ਸਾਹਿਤ ਚਿੰਤਨ ਦੇ ਖੇਤਰ ਵਿੱਚ ਅਗਲੀ ਪੀੜ੍ਹੀ ਦੇ ਆਲੋਚਕਾਂ ਵਿੱਚ ਡਾ. ਟੀ .ਆਰ. ਵਿਨੋਦ, ਡਾ. ਕੇਸਰ ਸਿੰਘ ਕੇਸਰ, ਡਾ. ਜੋਗਿੰਦਰ ਸਿੰਘ ਰਾਹੀ, ਗੁਰਬਖਸ਼ ਸਿੰਘ ਫਰੈਂਕ, ਡਾ. ਸੁਰਜੀਤ ਸਿੰਘ ਭੱਟੀ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਆਦਿ ਆਲੋਚਕ ਸ਼ਾਮਿਲ ਹਨ ਜੋ ਆਪਣੇ ਚਿੰਤਨ ਕਾਰਜ ਰਾਹੀਂ ਮਾਰਕਸਵਾਦ ਦੇ ਫ਼ਲਸਫੇ ਨੂੰ ਸਮਾਜ ਵਿੱਚ ਨਵੀਨ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਲਈ ਯਤਨਸ਼ੀਲ ਹਨ। ਆਸ਼ਾ ਹੈ ਕਿ ਨਵੀਨ ਆਲੋਚਨਾ ਦ੍ਰਿਸ਼ਟੀ ਸਦਕਾ ਆਲੋਚਕ ਸਮਾਜ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੇ ਯੋਗ ਹੋ ਸਕਣਗੇ।

## ਹਵਾਲੇ ਅਤੇ ਟਿੱਪਣੀਆਂ

1. *ਉਦਰਿਤ, ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨਾ -30*
2. *ਹਰਿਭਜਨ ਸਿੰਘ, ਸਾਹਿਤ ਸ਼ਾਸਤਰ, ਨਵਚੇਤਨ ਪਬਲਿਸ਼ਰਜ, ਅੰਮ੍ਰਿਤਸਰ, ਪੰਨਾ - 64*
3. *ਡਾ. ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.) ਪੰਜਾਬੀ ਆਲੋਚਨਾ ਦੇ ਸਰੂਪ, ਪੰਨਾ - XIV*
4. *ਕਿਸ਼ਨ ਸਿੰਘ, ਸਾਹਿਤ ਦੇ ਸੋਮੇ, ਪੰਨਾ - 29*
5. *ਸਤਿੰਦਰ ਸਿੰਘ ਨੂਰ (ਸੰਪਾ.), ਨਵੀ ਪੰਜਾਬੀ ਆਲੋਚਨਾ, ਪੰਨਾ- 8*
6. *ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ : ਸਿਧਾਂਤ ਤੇ ਵਿਹਾਰ, ਪੰਨਾ - 129*
7. *-ਉਹੀ - (ਸੰਪਾ.), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ : ਸੰਬਾਦ ਤੇ ਮੂਲਾਂਕਣ, ਪੰਨਾ - 38*
8. *ਖੋਜ ਦਰਪਣ, ਜਨਵਰੀ 2000, ਪੰਨਾ - 31*
9. *ਰਵਿੰਦਰ ਸਿੰਘ ਰਵੀ, ਵਿਰਸਾ ਤੇ ਵਰਤਮਾਨ, ਪੰਨਾ - 30-32*

**ਨਿਗਰਾਨ: ਡਾ. ਰਮਨਦੀਪ ਕੌਰ**
**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ**
**Email ID – paljeetkaur023@gmail.com**

# ਗੁਰਮੁਖੀ ਲਿਪੀ ਅਤੇ ਗੁਰਮੁਖੀ-ਅੱਖਰ: ਸੰਚਾਰਾਤਮਕ ਸਬੰਧਾਤਮਕਾ
## (ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ 'ਪਟੀ' ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ)

❑ ਡਾ. ਰਾਜਨਦੀਪ ਕੌਰ

ਲਿਪੀ ਦਾ ਵਜੂਦ ਭਾਸ਼ਾ ਦੀ ਹੋਂਦ ਨੂੰ ਜੀਵਤ ਰੱਖਣ ਅਤੇ ਸੁਤੰਤਰ ਸਰੂਪ ਪ੍ਰਦਾਨ ਕਰਨ ਲਈ ਅਨਿਵਾਰੀ ਹੈ।ਵਿਸ਼ਵ ਦੀਆਂ ਕਈ ਭਾਸ਼ਾਵਾਂ(ਖ਼ਾਸ ਕਰ ਸਿੰਧੂ ਲਿਪੀ) ਇਸ ਕਰਕੇ ਵਿਸਰ ਗਈਆਂ,ਕਿਉਂਕਿ ਉਹਨਾਂ ਭਾਸ਼ਾਵਾਂ ਨੂੰ ਬੋਲਣ ਵਾਲੇ ਬੁਲਾਰੇ ਤੇ ਲਿਖਾਰੀ ਸਮੇਂ ਦੀ ਮਾਰ ਵਿੱਚ ਮਰ-ਮੁੱਕ ਗਏ।ਜੇ ਭਾਸ਼ਾ ਸਥਾਨਕ ਵਰਤਾਰੇ ਵਿਚੋਂ ਸ਼ਬਦਾਵਲੀ ਘੜ੍ਹਦੀ ਹੈ ਭਾਵੇਂ ਕਿ ਕਿਤੇ-ਕਿਤੇ ਬਾਹਰੀ ਪ੍ਰਭਾਵ ਵੀ ਗ੍ਰਹਿਣ ਕਰ ਲੈਂਦੀ ਹੈ,ਇਸੇ ਪ੍ਰਕਾਰ ਲਿਪੀ ਦੇ ਲਿਪੀ-ਚਿੰਨ੍ਹਾਂ ਦੀ ਹੋਂਦ ਅੰਦਰੂਨੀ ਅਤੇ ਬਾਹਰੀ ਪ੍ਰਭਾਵਾਂ ਤੋਂ ਮੁਨਕਰ ਨਹੀਂ ਕੀਤੀ ਜਾ ਸਕਦੀ।ਗੁਰਮੁਖੀ ਲਿਪੀ ਦਾ ਪੰਜਾਬ ਦੀ ਸਥਾਨਕਤਾ ਨਾਲ ਕੀ ਸਬੰਧ ਹੈ? ਇਸ ਦੀ ਸੰਗਠਨਾਤਮਕ ਬੁਣਤੀ ਘੜਨ ਵਿੱਚ ਗੁਰੂ ਸਾਹਿਬਾਨ ਦਾ ਕੀ ਯੋਗਦਾਨ ਹੈ? ਜਾਂ ਫਿਰ ਕਹਿ ਸਕਦੇ ਹਾਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੀ 'ਪਟੀ'ਬਾਣੀ ਇਸ ਲਿਪੀ ਨੂੰ ਗੁਰਮੁਖਿ-ਅੱਖਰਾਂ ਦੇ ਰੂਪ ਵਿੱਚ ਪੇਸ਼ ਕਰਕੇ ਕਿਸ ਪ੍ਰਕਾਰ ਦਾ ਧੁਨੀਆਤਮਕ ਅਤੇ ਸੰਚਾਰਾਤਮਕ ਸਰੂਪ ਪ੍ਰਦਾਨ ਕਰਦੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਤੋਂ ਪਹਿਲਾਂ ਲਿਪੀ ਦੇ ਪਿਛੋਕੜ ਸਬੰਧੀ ਝਾਤੀ ਪਾਉਣੀ ਜ਼ਰੂਰੀ ਹੈ।

1

ਲਿਪੀ ਦਾ ਵਰਤਾਰਾ ਬੋਲ ਨੂੰ ਸਮੂਰਤਤਾ ਪ੍ਰਦਾਨ ਕਰਦਾ ਹੈ।ਬੋਲਾਂ ਦੀ ਪ੍ਰਪੱਕਤਾ ਵਿੱਚੋਂ ਖ਼ਾਸ ਧੁਨੀਆਂ ਉਭਰਦੀਆਂ ਹਨ ਅਤੇ ਹੌਲੇ-ਹੌਲੇ ਇਹ ਧੁਨੀਆਂ ਆਕਾਰ ਗ੍ਰਹਿਣ ਕਰ ਲੈਂਦੀਆਂ ਹਨ।ਜਦ ਅਸੀਂ ਕੁਦਰਤ ਦੀ ਵੰਨ-ਸੁਵੰਨਤਾ ਨੂੰ ਦੇਖਦੇ ਹਾਂ ਤਾਂ ਦਿੱਸਦੇ ਵਰਤਾਰੇ ਅੰਦਰ ਮਿਲਦੇ 84 ਲੱਖ ਜੀਵਾਂ ਦੀਆਂ ਬੋਲੀਆਂ, ਨਸਲਾਂ ਤੇ ਸ਼ਕਲਾਂ ਵਿਭਿੰਨ ਹਨ।ਇਹਨਾਂ ਵਿੱਚੋਂ ਮਾਨਵੀ ਵਜੂਦ ਦੀ ਚੇਤੰਨਤਾ ਆਪਣੀ ਹਰੇਕ ਕਰਮ ਇੰਦਰੀ ਨਾਲ ਗਿਆਨ ਹਾਸਿਲ ਕਰ ਸਕਦੀ ਹੈ।ਰੂਪ,ਰਸ,ਗੰਧ,ਸ਼ਬਦ ਅਤੇ ਸਪਰਸ਼ ਨਾਲ ਹਰੇਕ ਗਿਆਨ ਇੰਦਰੀ ਵੱਖੋ-ਵੱਖਰੀ ਪੱਧਰ ਦੇ ਸੰਚਾਰ ਨਾਲ ਗਿਆਨ ਪੈਦਾ ਕਰਦੀ ਹੈ।ਇਹਨਾਂ ਸਾਰੇ ਸਾਧਨਾਂ ਵਿੱਚੋਂ ਸ਼ਬਦ ਨੂੰ ਗਿਆਨ ਪ੍ਰਾਪਤੀ ਦਾ ਸਰਵੋਤਮ ਸਾਧਨ ਮੰਨਿਆ ਗਿਆ ਹੈ।ਸ਼ਬਦਾਂ ਨੂੰ ਆਕਾਰ ਦੇਣ ਭਾਵ ਚਿਹਨਕ ਕਰਨ ਲਈ ਲਿਪੀ ਦੇ ਲੰਬੇ ਇਤਿਹਾਸਕ ਪੜਾਆਂ ਵਿੱਚ ਸੂਤਰਾਂ ਰਾਹੀਂ,ਗੰਢਾਂ ਰਾਹੀਂ,ਚਿੱਤਰਾਂ ਰਾਹੀਂ,ਸੰਕੇਤਾਂ ਰਾਹੀਂ ਅਤੇ ਵਰਤਮਾਨ ਵਰਤਾਰੇ ਵਿੱਚ ਧੁਨੀਆਤਮਕ-ਚਿੰਨ੍ਹਾਂ ਨੂੰ ਵਰਤਿਆ ਜਾ ਰਿਹਾ ਹੈ।ਅੱਜ ਵਿਸ਼ਵ ਦੇ 196 ਦੇਸ਼ਾਂ ਵਿੱਚ 7139 ਜੀਵਤ ਭਾਸ਼ਾਵਾਂ-ਬੋਲੀਆਂ ਨੂੰ 293 ਲਿਖਣ-ਸ਼ੈਲੀਆਂ ਵਿੱਚ ਲਿਖਿਆ ਜਾ ਰਿਹਾ ਹੈ ।[1]ਇਹਨਾਂ ਭਾਸ਼ਾਵਾਂ ਵਿੱਚੋਂ ਪੰਜਾਬੀ-ਗੁਰਮੁਖੀ ਅੱਜ ਵਿਸ਼ਵ ਵਿੱਚ ਦੱਸਵੇਂ ਨੰਬਰ 'ਤੇ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ,ਜਿਸਦਾ ਆਪਣਾ ਵਿਲੱਖਣ ਪ੍ਰਗਟਾਅ ਅਤੇ

ਲਿਪੀ-ਪ੍ਰਬੰਧ ਹੈ।ਵਿਸ਼ਵ ਦੀਆਂ ਬਹੁਤੀਆਂ ਭਾਸ਼ਾਵਾਂ ਅਜਿਹੀਆਂ ਹਨ ਜਿਹੜੀਆਂ ਉਧਾਰੇ ਲਏ ਲਿਪੀ-ਚਿੰਨ੍ਹਾਂ ਨਾਲ ਆਪਣਾ ਕੰਮ ਚਲਾ ਰਹੀਆਂ ਹਨ।ਪੰਜਾਬੀ ਦਾ ਪ੍ਰਗਟਾਅ ਰੂਪ ਗੁਰਮੁਖੀ ਹੈ ਅਤੇ ਗੁਰਮੁਖੀ ਦਾ ਉਚਾਰ ਰੂਪ ਪੰਜਾਬੀ।ਗੁਰਮੁਖੀ ਇਕੋ-ਇਕ ਵਿਸ਼ਵ-ਲਿਪੀ ਹੈ ਜਿਹੜੀ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦਾ ਸ਼ੁੱਧ ਲਿਪੀਅੰਕਣ ਕਰ ਸਕਦੀ ਹੈ।ਪੰਜਾਬੀ ਭਾਸ਼ਾ ਦਾ ਦੂਜਾ ਨਾਮ ਗੁਰਮੁਖੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।ਮਾਨਵੀ ਸੱਭਿਅਤਾ ਦੇ ਇਤਿਹਾਸ ਵਿੱਚ ਉਹ ਬੋਲੀਆਂ ਤੇ ਸ਼ੈਲੀਆਂ ਜੀਵੰਤ ਰਹੀਆਂ ਜਿਹਨਾਂ ਦਾ ਆਪਣਾ ਅਲੱਗ ਖਿੱਤਾ,ਵੱਖਰੀ ਗੌਰਵਮਈ ਸਭਿਅਤਾ ਅਤੇ ਵਿਲੱਖਣ ਰਵਾਇਤਾਂ ਰਹੀਆਂ ਹਨ।ਪੰਜਾਬੀ ਖਿੱਤੇ ਕੋਲ ਆਪਣੀ ਗੌਰਵਮਈ ਵਿਰਾਸਤ ਦੇ ਨਾਲ-ਨਾਲ ਵਿਲੱਖਣ ਭਾਸ਼ਾਈ ਵਿਰਾਸਤ ਤੇ ਲਿਪੀਅੰਕਣ-ਪ੍ਰਬੰਧ ਹੈ।ਜੇਕਰ ਗੁਰਮੁਖੀ ਹੋਰਨਾਂ ਲਿਪੀਆਂ ਵਿੱਚੋਂ ਉਪਜਦੀ ਤਾਂ ਇਹ ਲਿਪੀ ਕਿਸੇ ਹੋਰ ਭਾਸ਼ਾ ਜਾਂ ਭਾਸ਼ਾਵਾਂ ਨੂੰ ਲਿਪੀਅੰਕਣ ਕਰਨ ਦਾ ਮਾਧਿਅਮ ਜ਼ਰੂਰ ਬਣਦੀ।ਪਰ ਅਜੇ ਤੱਕ ਪੰਜਾਬੀ ਤੋਂ ਇਲਾਵਾ ਵਿਸ਼ਵ ਜਾਂ ਭਾਰਤੀ ਭਾਸ਼ਾਵਾਂ ਵਿੱਚੋਂ ਕਿਸੇ ਵੀ ਅਜਿਹੀ ਭਾਸ਼ਾ ਦਾ ਵੇਰਵਾ ਨਹੀਂ ਮਿਲਦਾ ਜਿਸ ਵਿੱਚ ਭਾਸ਼ਾਈ ਧੁਨੀਆਂ ਦਾ ਪ੍ਰਗਟਾਅ ਗਰਮੁਖੀ ਲਿਪੀ  ਦੀ ਵਰਤੋਂ ਕਰਕੇ ਕੀਤਾ ਗਿਆ ਹੋਵੇ।ਗੁਰਮੁਖੀ ਪੰਜਾਬੀ ਲਈ ਪੈਦਾ ਹੋਈ ਵਿਸ਼ੇਸ਼ ਤੇ ਵਿਲੱਖਣ ਲਿਪੀ ਹੈ ਜਿਸਦੇ ਅੱਖਰਾਂ ਦਾ ਜਨਮ ਖ਼ਾਸ ਕਰ ਅਜਿਹੇ ਅੱਖਰ(ੳ,ਘ,ਝ,ਢ,ਧ,ਭ ਆਦਿ) ਜਿਹਨਾਂ ਦਾ ਉਚਾਰਨ  ਪੰਜ ਆਬਾਂ ਦੀ ਧਰਤੀ ਵਿੱਚ ਫੁੱਟੀ ਗੁਰੂ ਸਾਹਿਬਾਨ ਦੀ ਬਾਣੀ/ਬੋਲੀ ਵਿੱਚੋਂ ਪਨਪਿਆ ਹੈ।

2

ਗੁਰਮੁਖੀ ਲਿਪੀ ਤੇ ਗੁਰਮੁਖਿ-ਅੱਖਰਾਂ ਦਾ ਪੰਜਾਬ ਦੀ ਸਥਾਨਕਤਾ ਨਾਲ ਕੀ ਸਬੰਧ ਹੈ? ਇਸ ਦਾ ਉੱਤਰ ਇਹ ਹੈ ਕਿ ਭਾਸ਼ਾ ਅਤੇ ਲਿਪੀ ਆਪਣੀ ਹੋਂਦ ਸਥਾਨਕਤਾ ਵਿੱਚੋਂ ਗ੍ਰਹਿਣ ਕਰਦੀ।ਸ਼ਬਦ ਉਧਾਰੇ ਲਏ ਜਾ ਸਕਦੇ ਹਨ,ਪਰ ਉਹਨਾਂ ਦੇ ਉਚਾਰ ਵਿਚੋਂ ਇਲਾਕਾਈ ਭੇਦ ਮਨਫ਼ੀ ਨਹੀਂ ਕੀਤਾ ਜਾ ਸਕਦਾ।ਇਹ ਸ਼ਬਦ ਹੋਰਨਾਂ ਭਾਸ਼ਾਵਾਂ ਦੇ ਲਿਪੀ-ਚਿੰਨ੍ਹਾਂ ਵਿਚ ਅੰਕਿਤ ਹੋ ਸਕਦੇ ਹਨ,ਪਰ ਉਸਦਾ ਉਚਾਰ ਤੇ ਭਾਵ ਉਹ ਨਹੀਂ ਰਹੇਗਾ ਜੋ ਉਸ ਭਾਸ਼ਾ ਦੇ ਵਿਸ਼ੇਸ਼ ਲਿਪੀ-ਚਿੰਨ੍ਹ ਪ੍ਰਗਟ ਕਰ ਸਕਦੇ ਹਨ।ਆਪਣੇ ਸਦੀਆਂ ਦੇ ਇਤਿਹਾਸ ਵਿੱਚ ਇਸ ਧਰਤੀ ‘ਤੇ ਕਈ ਮਾਰੂ ਹਮਲੇ ਹੋਏ, ਜਿਸਦੀ ਭੇਟ ਇਥੋਂ ਦਾ ਲਿਖਤ ਸਾਹਿਤ ਚੜ੍ਹਿਆ।ਵਿਦੇਸ਼ੀ ਬੋਲੀਆਂ ਅਤੇ ਵਿਦੇਸ਼ੀ ਸ਼ਬਦਾਂ ਨੂੰ ਇਸ ਨੇ ਗ੍ਰਹਿਣ ਕੀਤਾ,ਪਰ ਉਹਨਾਂ ਦਾ ਪ੍ਰਗਟਾਅ ਆਪਣੀ ਲਿਪੀ ਰਾਹੀਂ ਕੀਤਾ।ਇਥੋਂ ਦੀਆਂ ਲਿਪੀਆਂ ਦਾ ਲੰਮੇਰਾ ਇਤਿਹਾਸ ਹੈ।ਇਸ ਦੇ ਆਧਾਰ ‘ਤੇ ਗੁਰਮੁਖੀ ਦੇ ਅੱਖਰਾਂ ਦੀ ਪੁਰਾਨਤਾ ਨੂੰ ਬ੍ਰਹਮੀ,ਸ਼ਾਰਦਾ,ਦੇਵਨਾਗਰੀ/ਨਾਗਰੀ,ਸਿੱਧ ਮਾਤਰਿਕਾ,ਅਰਧ-ਨਾਗਰੀ ਆਦਿ ਲਿਪੀਆਂ ਨਾਲ ਜੋੜਿਆ ਜਾਂਦਾ ਹੈ ,ਪਰ ਇਸ ਸਭ ਦੇ ਬਾਵਜੂਦ ਵਿਦਵਾਨਾਂ ਦੁਆਰਾ ਗੁਰੂ ਸਾਹਿਬਾਨ ਦੀ ਦੇਣ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।ਪੰਜਾਬੀ ਬੋਲੀ ਦਾ ਜਿਹੜਾ ਪ੍ਰਗਟਾਅ ਗੁਰਮੁਖੀ ਕਰ ਸਕਦੀ ਹੈ,ਭਾਵੇਂ ਕਿ ਇਸ ਨੂੰ ਸ਼ਾਹਮੁਖੀ ਲਿਪੀ ਸਮੇਤ ਅੱਜ ਕੱਲ੍ਹ ਹੋਰਨਾਂ ਲਿਪੀਆਂ ਵਿੱਚ ਵੀ ਲਿਖਣ ਦੀ ਕੋਸ਼ਿਸ਼ ਕੀਤੀ ਜਾਂਦੀ ਵਿੱਚ ਹੈ,ਉਹ ਹੋਰ ਕਿਸੇ ਲਿਪੀ ਦੇ ਹਿੱਸੇ ਨਹੀਂ ਆਇਆ।ਗੁਰਮੁਖੀ ਲਿਪੀ

ਅਤੇ ਗੁਰਮੁਖਿ-ਅੱਖਰ ਇਕ-ਦੂਜੇ ਨਾਲ ਜੁੜੇ ਹੋਣ ਦੇ ਬਾਵਜੂਦ ਸਿਧਾਂਤਕ ਅਤੇ ਪ੍ਰਕਾਰਜਾਤਮਕ ਪੱਧਰ 'ਤੇ ਆਪਣੇ ਵਿਲੱਖਣ ਸਰੂਪ ਦੇ ਧਾਰਨੀ ਸ਼ਬਦ ਹਨ।'ਗੁਰਮੁਖੀ'ਗੁਰੂ ਮੁਖ ਤੋਂ ਉਚਰੀ/ਉਚਾਰੀ ਦੇ ਭਾਵ ਪ੍ਰਗਟ ਕਰਦੀ ਹੈ।'ਗੁਰਮੁਖਿ-ਅਖਰ' ਉਹ ਅਖਰ ਜਿਹੜੇ ਗੁਰਮੁਖਾਂ ਦੇ ਜਾਂ ਗੁਰਮੁਖਾਂ ਲਈ ਹਨ। ਗੁਰੂ ਕਾਲ ਦੌਰਾਨ ਲਿਖੇ ਸਾਹਿਤ ਵਿੱਚ ਗੁਰਮੁਖੀ ਦੀ ਹੋਂਦ ਸਬੰਧੀ ਤਿੰਨ ਪ੍ਰਕਾਰ ਦੇ ਮੱਤ ਪ੍ਰਚਲਿਤ ਹਨ।[2] ਪਹਿਲਾ ਮੱਤ 'ਪੱਟੀ' ਬਾਣੀ ਦੇ ਹਵਾਲੇ ਨਾਲ ਹੈ।ਇਸ ਦੇ ਆਧਾਰ 'ਤੇ ਗੁਰੂ ਨਾਨਕ ਸਾਹਿਬ ਨੂੰ 'ਗੁਰਮੁਖਿ' ਅੱਖਰਾਂ ਦੀ ਘਾੜਤ ਕਰਨ ਵਾਲਾ ਮੰਨਦੇ ਹਨ।ਇਸ ਰਾਇ ਨੂੰ ਪ੍ਰਚੰਡ ਕੰਕਨ ਕਵੀ ਦੀ ਅਣਛਪੀ ਰਚਨਾ "ਸੰਖੇਪ ਤੇ ਦਸ ਗੁਰੂ ਕਥਾ"(ਨੰਬਰ ਬ-226,ਪੰਜਾਬ ਪਬਲਿਕ ਲਾਇਬਰੇਰੀ ਲਾਹੌਰ) ਕਰਦੀ ਹੈ:[3]

ਏਕ ਕੀਆ ਉਪਕਾਰ ਬਡਾ ਗੁਰ ਅੱਛਰ ਬੇਦਨ ਕੇ ਪਲਟਾਏ॥
ਗੁਰਮੁਖਿ ਅਖਯਰ ਕੀਨੇ ਤਬੈ ਜਬ ਕੈ ਸਿਓ ਕੋ ਨਰ ਕਸ਼ਟ ਨਾ ਪਾਏ॥...

ਦੋਹਰਾ

ਧਨ ਧਨ ਨਾਨਕ ਗੁਰੂ ਕੀਨਾ ਪਰਉਪਕਾਰ
ਅਛਰ ਕਾ ਪੁਲ ਬਾਂਧ ਕੇ ਸ੍ਰਿਸਟਿ ਉਤਾਰੀ ਪਾਰ॥

ਇਸ ਰਚਨਾ ਵਿੱਚ ਧਿਆਨ ਦੇਣਯੋਗ ਨੁਕਤਾ 'ਗੁਰਮੁਖਿ ਅਖਯਰ' ਸ਼ਬਦ ਹਨ।ਇਥੇ ਇਹਨਾਂ ਅੱਖਰਾਂ ਨੂੰ 'ਗੁਰਮੁਖਿ ਅੱਖਰ' ਕਿਹਾ ਗਿਆ ਹੈ।ਇਸ ਦਾ ਅਰਥ ਇਹ ਹੈ ਕਿ ਸ੍ਰੀ ਗੁਰੁ ਨਾਨਕ ਦੇਵ ਜੀ ਸਮੇਂ ਇਹ ਅੱਖਰ 'ਗੁਰਮੁਖੀ' ਨਾਂ ਦੀ ਥਾਂ 'ਗੁਰਮੁਖਿ-ਅੱਖਰ'ਵਜੋਂ ਵਰਤੇ ਗਏ(ਭਾਵੇਂ ਕਿ 'ਓਅੰਕਾਰ'ਬਾਣੀ ਵਿੱਚ ਇਨ੍ਹਾਂ ਅੱਖਰਾਂ ਨੂੰ 'ਓਨਮ ਅੱਖਰ'ਵੀ ਕਿਹਾ ਗਿਆ ਹੈ)। ਦੂਜੇ ਮੱਤ ਦੀ ਪੁਸ਼ਟੀ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਸਾਹਿਬ ਦੁਆਰਾ ਤਿਆਰ ਕੀਤੇ ਗਏ।ਇਸ ਸਬੰਧੀ ਪਹਿਲਾ ਹਵਾਲਾ ਬਾਬਾ ਮੋਹਨ ਜੀ ਦੀ ਪੋਥੀ ਵਿੱਚ ਮਿਲਦਾ ਹੈ।ਪੋਥੀ ਦੇ ਪੱਤਰਾ ਨੰਬਰ 215ਅ ਦੇ ਖੱਬੇ ਪਾਸੇ ਟੇਢਾ ਕਰਕੇ ਲਿਖਿਆ ਹੈ:[4]

'ਗੁਰੂ ਅੰਗਦ ਗੁਰਮੁਖੀ ਅੱਖਰ ਬਣਾਏ ਬਾਬੇ ਦੇ ਅੱਗੇ ਸਬਦੁ ਭੇਟ ਕੀਤਾ'

ਆਧੁਨਿਕ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਸਮਾਂ ਪੂਰਵ ਗੁਰਮੁਖੀ ਅੱਖਰਾਂ ਨਾਲ ਮਿਲਦੇ-ਜੁਲਦੇ ਅੱਖਰ ਵਜੂਦ ਵਿਚ ਆ ਚੁੱਕੇ ਸਨ, ਪਰ ਉਸ ਵੇਲੇ ਇਹ ਵਰਨ-ਮਾਲਾ ਅਧੂਰੀ ਸੀ ਅਤੇ ਗੁਰਮੁਖੀ ਲਿਪੀ ਦੇ ਨਾਂ ਨਾਲ ਪ੍ਰਸਿੱਧ ਨਹੀਂ ਸੀ। ਸ੍ਰੀ ਗੁਰੂ ਨਾਨਕ ਦੇਵ ਰਚਿਤ 'ਪੱਟੀ' ਨਾਮੀ ਬਾਣੀ ਜਿਹੜੀ ਕਿ ਉਸ ਵੇਲੇ ਪ੍ਰਚਲਿਤ ਲਿਪੀ ਦੇ ਅੱਖਰਾਂ ਦੇ ਆਧਾਰ ਤੇ ਲਿਖੀ ਗਈ ਸੀ,ਪਰ ਇਹਨਾਂ ਅੱਖਰਾਂ ਦਾ ਸੰਚਾਰਾਤਮਕ ਸਰੂਪ ਉਹ ਨਹੀਂ ਸੀ ਜਿਸ ਲਈ ਗੁਰੂ ਨਾਨਕ ਸਾਹਿਬ ਧੁਰ ਕੀ ਬਾਣੀ ਨੂੰ ਪ੍ਰਕਾਸ਼ਮਾਨ ਕਰਦੇ ਹਨ। ਗੁਰਬਾਣੀ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਇਹਨਾਂ ਅੱਖਰਾਂ ਦੀ ਤਰਤੀਬ ਹੁਣ ਵਾਲੀ ਨਹੀਂ ਸੀ ਤੇ ਕੁੱਝ ਅੱਖਰਾਂ ਦੀ

ਸ਼ਕਲ ਵੀ ਹੁਣ ਵਾਲੇ ਅੱਖਰਾਂ ਤੋਂ ਵੱਖ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੁੱਝ ਅੱਖਰਾਂ ਦੀਆਂ ਸ਼ਕਲਾਂ ਵਿੱਚ ਤਬਦੀਲੀ ਕੀਤੀ , ਖਾਸ ਕਰਕੇ ਉਹਨਾਂ ਅੱਖਰਾਂ ਨੂੰ ਸੁਖੈਨ ਬਣਾਇਆ, ਜਿਨ੍ਹਾਂ ਨੂੰ ਸਿਖਣਾ ਮੁਸ਼ਕਿਲ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਸ਼ਾ ਤੇ ਲਿਪੀ ਸਬੰਧੀ ਇਕ ਨਵਾਂ ਮੋੜ ਲਿਆਂਦਾ। ਸਤਿਗੁਰੂ ਨਾਨਕ ਦੇਵ ਦੇ ਸਮੇਂ ਹਿੰਦੂਆਂ ਵਿੱਚ ਖਾਸ ਕਰਕੇ ਦੇਵ ਨਾਗਰੀ ਲਿਪੀ ਪ੍ਰਚੱਲਿਤ ਸੀ ਤੇ ਸੰਸਕ੍ਰਿਤ ਦੀ ਤਾਲੀਮ ਉੱਚੀ ਖਿਆਲ ਕੀਤੀ ਜਾਂਦੀ ਸੀ। ਮੁਸਲਮਾਨਾਂ ਵਿੱਚ ਫ਼ਾਰਸੀ ਪੜ੍ਹਨਾ ਹੀ ਉੱਚ ਵਿਦਿਆ ਦੀ ਨਿਸ਼ਾਨੀ ਸੀ। ਇਸ ਲਈ ਉਹ ਲੋਕ ਆਪਣਾ ਕਾਰ ਵਿਹਾਰ ਫ਼ਾਰਸੀ ਅੱਖਰਾਂ ਵਿੱਚ ਕਰਦੇ ਸਨ। ਅਰਬੀ ਭਾਸ਼ਾ ਮੁਸਲਮਾਨਾਂ ਦੀ ਧਾਰਮਿਕ ਭਾਸ਼ਾ ਸੀ ਤੇ ਅਰਬੀ ਲਿਪੀ ਵੀ ਪਵਿੱਤਰ ਲਿਪੀ ਖ਼ਿਆਲ ਕੀਤੀ ਜਾਂਦੀ ਸੀ, ਜੋ ਫਾਰਸੀ ਅੱਖਰਾਂ ਨਾਲ ਮਿਲਦੀ ਜੁਲਦੀ ਸੀ। ਸ੍ਰੀ ਗੁਰੂ ਨਾਨਕ ਦੇਵ ਆਪਣੇ ਸਮੇਂ ਦੇ ਮਹਾਨ ਨੇਤਾ, ਮਹਾਨ ਗੁਰੂ, ਮਹਾਨ ਆਗੂ ਸਨ, ਜਿੰਨ੍ਹਾਂ ਨੇ ਉਸ ਵੇੇ ਦੀ ਜਟਕੀ ਬੋਲੀ ਪੰਜਾਬੀ ਨੂੰ ਆਪਣੇ ਵਿਚਾਰਾਂ ਤੇ ਭਾਵਾਂ ਨੂੰ ਪ੍ਰਗਟ ਕਰਨ ਦਾ ਮਾਧਿਅਮ ਬਣਾਇਆ ਤੇ ਇਸ ਮਿੱਸੀ ਪੰਜਾਬੀ ਲਈ ਉਹਨਾਂ ਨੇ ਵਿਗਿਆਨਕ ਲਿਪੀ ਅਰਧ-ਨਾਗਰੀ/ਗੁਰਮੁਖੀ ਨੂੰ ਚੁਣਿਆ।[5] ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਕ ਸੱਚੇ ਗੁਰੂ ਭਗਤ ਦੇ ਨਾਂ ਤੇ ਆਪਣੀ ਬਾਣੀ ਲਈ ਪੰਜਾਬੀ ਭਾਸ਼ਾ ਅਖਤਿਆਰ ਕੀਤੀ ਤੇ ਲਿਖਤ ਲਈ ਗੁਰੂ ਨਾਨਕ ਦੇਵ ਤੋਂ ਅਪਣਾਏ **ਗੁਰਮੁਖਿ- ਅੱਖਰਾਂ** ਨੂੰ ਚੁਣਿਆ। ਇਸ ਸਾਰੇ ਕਥਨ ਦਾ ਭਾਵ ਇਹ ਹੈ ਕਿ ਅਜੋਕੀ ਗੁਰਮੁਖੀ ਲਿਪੀ ਸ੍ਰੀ ਗੁਰੂ ਨਾਨਕ ਦੇਵ ਤੋਂ ਪਹਿਲੋਂ ਹੋਰ ਜੇ ਕਿਸੇ ਹੋਰ ਨਾਮ ਅਧੀਨ ਪ੍ਰਚੱਲਿਤ ਸੀ ਤਾਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰਾਂ ਨੂੰ ਹੁਣ ਵਾਲੀ ਤਰਤੀਬ ਅਤੇ ਮੁਹਾਂਦਰਾਂ ਪ੍ਰਦਾਨ ਕੀਤਾ।ਇਕ ਧਾਰਨਾ ਭਾਈ ਕੇਸਰ ਸਿੰਘ ਛਿੱਬਰ ਦੇ ਗ੍ਰੰਥ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ'ਦੇ ਹਵਾਲੇ ਨਾਲ ਇਸ ਲਿਪੀ ਨੂੰ ਬਣਾਉਣ ਵਿੱਚ ਬਾਬਾ ਸ੍ਰੀ ਚੰਦ ਜੀ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ।[6] ਇਹ ਧਾਰਨਾ ਭਾਵੇਂ ਸਰਵ-ਪ੍ਰਵਾਨਿਤ ਨਹੀਂ ਹੈ,ਪਰ ਗੁਰ-ਸੰਤਾਨ ਹੋਣ ਕਾਰਨ ਬਾਬਾ ਸ੍ਰੀ ਚੰਦ ਇਹਨਾਂ ਅੱਖਰਾਂ ਦੇ ਗਿਆਨ ਤੋਂ ਜ਼ਰੂਰ ਵਾਕਿਫ਼ ਹੋ ਸਕਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਨੂੰ ਫਰਸ਼ੋਂ ਚੁੱਕਿਆ ਤੇ ਗੁਰੂ ਸਾਹਿਬਾਨ ਅਤੇ ਗੁਰਮੁਖਾਂ ਨੇ ਇਸ ਨੂੰ ਅਰਸ਼ ਤੇ ਪਹੁੰਚਾਇਆ। ਆਪਣੀ ਬਾਣੀ ਨੂੰ ਲਿਖਣ ਲਈ ਆਪ ਨੇ ਉਸ ਵੇਲੇ ਦੇ ਪੰਜਾਬ ਵਿੱਚ ਪ੍ਰਚੱਲਿਤ ਲਿਪੀ ਨੂੰ ਅਪਣਾਇਆ। ਆਪ ਜੀ ਤੋਂ ਪਿੱਛੋਂ ਗੁਰ ਗੱਦੀ ਉਪਰ ਬਿਰਾਜਮਾਨ ਹੋਣ ਵਾਲੇ ਗੁਰੂਆਂ ਤੇ ਭਾਈ ਗੁਰਦਾਸ ਨੇ ਗੁਰੂਦੇਵ ਦੇ ਮੂਲ ਸਿਧਾਂਤਾਂ ਤੇ ਪੈੜ੍ਹਾਂ ਉਪਰ ਟੁਰਨ ਨੂੰ ਆਪਣਾ ਪਹਿਲਾ ਕਰਤੱਵ ਸਮਝਿਆ। ਇਸ ਲਈ ਇਹਨਾਂ ਰੂਹਾਨੀ ਵਿਚਾਰਾਂ, ਭਾਸ਼ਾ ਤੇ ਲਿਪੀ ਵੀ ਉਹੋ ਅਪਣਾਈ ਜਿਸ ਨੂੰ ਸਤਿਗੁਰੂ ਨਾਨਕ ਦੇਵ ਅਪਣਾ ਚੁੱਕੇ ਸਨ। ਉਹਨਾਂ ਸਮਿਆਂ ਵਿੱਚ ਆਮ ਤੌਰ ਤੇ ਗੁਰੂਆਂ ਦੇ ਸੱਚੇ ਭਗਤ, ਗੁਰਮੁਖ,ਗੁਰਸਿੱਖ ਨਾਮ ਨਾਲ ਸਤਿਕਾਰੇ ਤੇ ਪਿਆਰੇ ਜਾਂਦੇ ਸਨ। ਗੁਰਮੁਖਾਂ ਨੇ ਵੀ ਉਹ ਲਿਪੀ ਅਪਣਾਈ ਜਿਹੜੀ ਸਤਿਗੁਰੂ ਨਾਨਕ ਤੇ ਬਾਕੀ ਗੁਰੂਆਂ ਤੋਂ ਸਤਿਕਾਰੀ ਗਈ ਸੀ ਤੇ ਪੰਜਾਬੀ ਬੋਲੀ ਨੂੰ ਪ੍ਰਗਟਾਉਣ ਲਈ ਵਿਗਿਆਨਕ ਵੀ ਸੀ। ਗੁਰਮੁਖਾਂ ਵੱਲੋਂ ਵਰਤੀ ਜਾਣ ਵਾਲੀ(ਵਿਦਵਾਨਾਂ ਨੇ ਇਸ ਨੂੰ ਅਰਧ ਨਾਗਰੀ ਲਿਪੀ ਕਿਹਾ ਹੈ) ਲਿਪੀ ਹੁਣ

'ਗੁਰਮੁਖੀ' ਨਾਮ ਨਾਲ ਪ੍ਰਸਿੱਧ ਹੋ ਗਈ। ਇਸ ਤੋਂ ਪੂਰਵ ਬ੍ਰਾਹਮਣਾਂ ਤੋਂ ਪ੍ਰਯੋਗ ਕੀਤੀ ਜਾਣ ਵਾਲੀ ਬ੍ਰਾਹਮੀ, ਤੇ ਨਾਗਰ ਬ੍ਰਾਹਮਣ ਤੋਂ ਇਸਤੇਮਾਲ ਕੀਤੀ ਜਾਣ ਵਾਲੀ ਬ੍ਰਹਮੀ ਨਾਗਰੀ ਨਾਮ ਨਾਲ ਪ੍ਰਸਿੱਧ ਹੋ ਗਈਆਂ ਸਨ। ਸੋ ਇਹ ਸੰਭਵ ਹੈ ਕਿ ਗੁਰਮੁਖਾਂ ਦੇ ਪ੍ਰਯੋਗ ਕੀਤੀ ਜਾਣ ਵਾਲੇ ਗੁਰਮੁਖਿ-ਅੱਖਰਾਂ ਤੋਂ 'ਗੁਰਮੁਖੀ' ਲਿਪੀ ਨਾਂ ਨਾਲ ਪ੍ਰਸਿੱਧ ਹੋ ਗਈ ਹੋਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਗ ਆਸਾ ਵਿੱਚ ਲਿਖੀ 'ਪਟੀ' ਬਾਣੀ ਨੂੰ ਪਹਿਲੀ ਗੁਰਮੁਖੀ ਕਿਰਤ ਹੋਣ ਦਾ ਮਾਣ ਹਾਸਿਲ ਹੈ।(ਇਸ ਤੋਂ ਪਹਿਲਾਂ ਤੇਰ੍ਹਵੀਂ-ਚੋਦਵੀਂ ਸਦੀ ਵਿੱਚ ਮਿਲਦੀਆਂ ਦੋ ਹੱਥ-ਲਿਖਤਾਂ'ਇਕਾਦਸ਼ੀ ਮਹਾਤਮ' ਤੇ 'ਪਦਮਾਵਤ' ਨੂੰ ਪ੍ਰਥਮ ਗਰਮੁਖੀ**7** ਦੀਆਂ ਕਿਰਤਾਂ ਮੰਨਿਆ ਗਿਆ ਹੈ ਜਿਹਨਾਂ ਦੇ ਅੱਖਰਾਂ ਦਾ ਸਰੂਪ ਅਤੇ ਪ੍ਰਗਟਾਅ ਅੱਜ ਦੀ ਗੁਰਮੁਖੀ ਨਾਲੋਂ ਕਾਫ਼ੀ ਭਿੰਨ ਹੈ)।ਗੁਰਮਖੀ ਦੀ ਪੈਂਤੀ 'ਤੇ ਆਧਾਰਿਤ ਇਹਨਾਂ ਅੱਖਰਾਂ ਰਾਹੀਂ ਗੁਰੂ ਨਾਨਕ ਸਾਹਿਬ ਗੁਰਮੁਖੀ ਵਰਣਮਾਲਾ ਦੇ ਸਹੀ ਉਚਾਰਨ ਨੂੰ ਦਰਸਾਉਂਦੇ ਹਨ, ਉਥੇ ਅੱਖਰੀ ਲੋਕ ਕਾਵਿ ਰੂਪ ਪੱਟੀ ਨੂੰ ਪਹਿਲੀ ਵਾਰੀ ਆਪਣੇ ਅਧਿਆਤਮ ਸੰਚਾਰ ਲਈ ਵਰਤਦੇ ਹਨ।ਸਿੱਖ ਰਵਾਇਤਾਂ ਅਤੇ ਹਵਾਲੇ (ਜਨਮਸਾਖੀ ਭਾਈ ਬਾਲੇ ਜੀ ਦੀ) ਇਸ ਬਾਣੀ ਨੂੰ ਗੁਰੂ ਸਾਹਿਬ ਦੇ ਬਾਲ ਵਰੇਸ ਨਾਲ ਜੋੜਦੇ ਹਨ, ਭਾਵੇਂ ਕਿ ਅੱਜ ਦੇ ਵਿਦਵਾਨ ਅਜਿਹੀਆਂ ਧਾਰਨਾਵਾਂ 'ਤੇ ਵੀ ਕਿੰਤੂ ਕਰਦੇ ਹਨ, ਪਰ ਜਦ ਅਸੀਂ ਦਰਸ਼ਨ ਜਾਂ ਅਧਿਆਤਮ ਪੱਧਤੀ ਨਾਲ ਇਸ ਬਾਣੀ ਨੂੰ ਜੋੜਦੇ ਹਨ ਤਾਂ ਇਹ ਟਿੱਪਣੀਆਂ ਅਤੇ ਵਿਚਾਰ ਤਰਕ ਸੰਗਤ ਪ੍ਰਤੀਤ ਹੁੰਦੇ ਹਨ ਕਿ ਇਹ ਬਾਣੀ ਪ੍ਰੋਢ ਅਵਸਥਾ ਦੀ ਕਿਰਤ ਹੋਵੇਗੀ। ਇਸ ਬਾਣੀ ਦਾ ਅੱਖਰ ਕ੍ਰਮ ਉਹ ਨਹੀਂ ਹੈ ਜਿਸ ਨੂੰ ਗੁਰੂ ਅੰਗਦ ਸਾਹਿਬ 'ਗੁਰਮੁਖੀ ਬਾਲ ਬੋਧ' ਵਿੱਚ ਰੂਪਮਾਨ ਕਰਦੇ ਹਨ ਜਿਵੇਂ ਸ,ੳ,ੜ,ਹ ਅਤੇ ਅ ਆਪਣੇ ਅਜੋਕੀ ਗੁਰਮੁਖੀ ਵਿਉਂਤ ਤੋਂ ਭਿੰਨ ਕ੍ਰਮ ਵਿੱਚ ਹੈ, ਪਰੰਤੂ ਸਾਰੀ ਵਰਣਮਾਲਾ ਦੇ ਉਚਾਰਨ ਵਿੱਚ ਕੋਈ ਭਿੰਨਤਾ ਨਹੀਂ ਹੈ।ਇਸੇ ਅੱਖਰੀ ਕਾਵਿ ਦੀ ਪਰੰਪਰਾ ਨੂੰ ਅਗੇ ਤੋਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਹੋਰ ਬਾਣੀ 'ਓਅੰਕਾਰ' , 'ਬਾਵਨ ਅੱਖਰੀ'ਸਿਰਲੇਖ ਅਧੀਨ ਭਗਤ ਕਬੀਰ ਸਾਹਿਬ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਬਾਣੀਆਂ ਅਤੇ ਇਕ ਬਾਣੀ ਗੁਰੂ ਅਮਰਦਾਸ ਜੀ ਰਚਿਤ 'ਪਟੀ' ਸਿਰਲੇਖ ਅਧੀਨ **ਸੂਤਰਿਕ ਸ਼ੈਲੀ** ਵਿਚ ਲਿਖੀ ਮਿਲਦੀ ਹੈ।ਵਰਣ-ਤਰਤੀਬ ਆਧਾਰਿਤ 'ਓਅੰਕਾਰ' ਬਾਣੀ ਵਿਚ ਗੁਰੂ ਸਾਹਿਬ ਨੇ ਅੱਖਰਾਂ ਦਾ ਉਚਾਰਨ ਨਹੀਂ ਕੀਤਾ ਸਗੋਂ ਵਰਣ-ਵਿਸੇਸ਼ ਨਾਲ ਸ਼ਬਦ ਬਣਾ ਕੇ ਕਾਵਿ-ਪੰਕਤੀ ਦੀ ਸ਼ੁਰੂਆਤ ਕੀਤੀ ਹੈ।ਭਾਵੇਂ ਬਾਵਨ ਅੱਖਰੀ ਦੇਵਨਾਗਰੀ ਵਰਣਮਾਲਾ ਉਤੇ ਆਧਾਰਿਤ ਕਾਵਿ-ਰੂਪ ਮੰਨਿਆ ਗਿਆ ਹੈ ਪਰ ਕਬੀਰ ਸਾਹਿਬ ਜੀ ਦੀ ਰਚਨਾ ਵਿਚ ਵਰਤੇ ਵਰਣਾਂ ਦੀ ਗਿਣਤੀ ਅਤੇ ਉਹਨਾਂ ਦੇ ਉਚਾਰਨ ਦੀ ਦ੍ਰਿਸ਼ਟੀ ਤੋਂ ਪੈਂਤੀ-ਅਖਰੀ ਦੇ ਵਧੇਰੇ ਨੇੜੇ ਹੈ।[8] ਕਬੀਰ ਜੀ ਨੇ ਹਰ ਬੰਦ ਦੇ ਸ਼ੁਰੂ ਵਿਚ ਰੱਖੇ ਵਰਣ ਨੂੰ ਗੁਰਮੁਖੀ ਅੱਖਰਾਂ ਦੇ ਓਚਾਰਨ ਅਨੁਸਾਰ ਹੀ ਕਕਾ,ਖਖਾ,ਗਗਾ,ਘਘਾ ਆਦਿ ਲਿਖਿਆ ਹੈ।ਗੁਰੂ ਅਰਜਨ ਦੇਵ ਜੀ ਦੀ ਬਾਣੀ 'ਬਾਵਨ ਅੱਖਰੀ' ਵਿਚ ਗੁਰਮੁਖੀ ਦੇ 'ੲ' ਅੱਖਰ ਤੋਂ ਬਿਨਾਂ ਬਾਕੀ ਸਾਰੇ ਵਰਣ ਗੁਰਮੁਖੀ ਉਚਾਰਨ ਅਨੁਸਾਰ ਵਰਤੇ ਗਏ ਮਿਲਦੇ ਹਨ।ਗੁਰੂ ਅਮਰਦਾਸ ਜੀ ਰਚਿਤ

'ਪਟੀ' ਬਾਣੀ ਵਿੱਚ ਅਖਰਾਂ ਦਾ ਉਚਾਰਨ ਗੁਰਮੁਖੀ ਅਨੁਸਾਰ(ਛਛਾ,ਬਬਾ,ਜਜਾ ਆਦਿ) ਹੈ,ਪਰ ਵਰਣ ਆਧਾਰਿਤ ਬੰਦਾਂ ਦੀ ਗਿਣਤੀ ਅਤੇ ਅੱਖਰਾਂ ਦਾ ਕ੍ਰਮ ਭਿੰਨ ਹੈ॥

3

ਹੁਣ ਅਸੀਂ ਅੰਤਿਮ ਪ੍ਰਸ਼ਨ ਹੈ ਕਿ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ **ਪਟੀ** ਬਾਣੀ ਗੁਰਮੁਖਿ-ਅੱਖਰਾਂ ਦੇ ਸੰਚਾਰਾਤਮਕ ਸਰੂਪ ਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ?ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਇਸ ਬਾਣੀ ਦੇ 35 ਬੰਦ ਅਤੇ ਕੁੱਲ 72 ਸਤਰਾਂ ਹਨ। ਪਹਿਲੇ ਬੰਦ ਵਿੱਚ ਦੋ ਸਤਰਾਂ ਦਾ ਇਕ 'ਰਹਾਉ' ਹੈ। ਰਹਾਉ ਵਾਲੇ ਬੰਦ ਭਾਵ ਪਹਿਲਾ ਬੰਦ ਇਸ ਬਾਣੀ ਦਾ ਮੰਗਲਾਚਰਨ ਪ੍ਰਤੀਤ ਹੁੰਦਾ ਹੈ। ਇਸ ਰਾਹੀਂ ਗੁਰੂ ਨਾਨਕ ਸਾਹਿਬ 'ਮੂੜ ਮਨ'ਦੀ ਭਾਵਨਾ ਦਾ ਪਰਿਪੇਖ ਸਿਰਜਦੇ ਹਨ ਅਤੇ ਅਸਲ ਪੜ੍ਹੇ ਦਾ ਸਰੂਪ ਦਰਸਾਉਂਦੇ ਹਨ:

ਮਨ ਕਾਹੇ ਭੂਲੇ ਮੂੜ ਮਨਾ
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥1॥ ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ,432)

ਇਸ ਉਪਰੰਤ ਇਸ ਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਗੁਰਮੁਖੀ ਲਿਪੀ ਦੇ ਅੱਖਰੀ ਸਰੂਪ ਅਤੇ ਇਨ੍ਹਾਂ ਅੱਖਰਾਂ ਦੀ ਸੰਚਰਾਤਮਕਤਾ ਦੇ ਉਦੇਸ਼ ਨੂੰ ਪੇਸ਼ ਕਰਦੇ ਹਨ। 'ਪੱਟੀ' ਬਾਣੀ ਦਾ ਇਹ ਬੰਦ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਵਿਸ਼ੇਸ਼ ਅਰਥ ਦਿੰਦਾ ਹੈ। ਜਿਵੇਂ ਪਿੱਛੇ ਗੱਲ ਕੀਤੀ ਹੈ ਕਿ ਪੁਰਾਤਨ ਸਮੇਂ ਤੋਂ ਵਿਭਿੰਨ ਭਾਸ਼ਾਵਾਂ ਨੂੰ ਅਲੱਗ- ਅਲੱਗ ਲਿਪੀਆਂ ਰਾਹੀਂ ਲਿਪੀ ਅੰਕਿਤ ਕੀਤਾ ਜਾਂਦਾ ਰਿਹਾ ਹੈ। ਇਨ੍ਹਾਂ ਲਿਪੀ ਚਿੰਨ੍ਹਾਂ ਦਾ ਪ੍ਰਮੁੱਖ ਪ੍ਰਕਾਰਜ ਵਪਾਰਕ ਹਿੱਤ ਭਾਵ ਤਜਾਰਤੀ ਰਿਕਾਰਡ ਰੱਖਣ ਲਈ ਹੀ ਵਰਤਿਆ ਜਾਂਦਾ ਹੈ। ਲਿਪੀ ਦੇ ਉਥਾਨ ਸਬੰਧੀ ਪੱਛਮੀ ਚਿੰਤਨ ਇਸ ਦੀ ਗਵਾਹੀ ਭਰਦਾ ਹੈ। ਇਹ ਅੱਖਰ ਪ੍ਰਮਾਣਿਕਤਾ ਤੇ ਪ੍ਰਸਿੱਧਤਾ ਉਦੋਂ ਗ੍ਰਹਿਣ ਕਰਦੇ ਹਨ ਜਦ ਸਮੇਂ ਦਾ ਧਾਰਮਿਕ ਸਾਹਿਤ ਇਨ੍ਹਾਂ ਅੱਖਰਾਂ ਨੂੰ ਪ੍ਰਗਟਾਵੇ ਦਾ ਸਾਧਨ ਬਣਾਉਂਦਾ ਹੈ।

ਪਰ ਗੁਰਮੁਖੀ ਲਿਪੀ ਆਪਣੀ ਸੰਪੂਰਨਤਾ ਕਦੋਂ ਗ੍ਰਹਿਣ ਕਰਦੀ ਹੈ? ਇਸ ਦਾ ਉੱਤਰ ਪੱਟੀ ਬਾਣੀ ਦਾ ਦੂਜਾ ਬੰਦ ਦੱਸਦਾ ਹੈ। ਆਦਿ ਪੁਰਖ ਦੇ ਪ੍ਰਕਾਰਜਾਤਮਕ ਅਤੇ ਵਿਸ਼ੇਸ਼ਣੀ ਸਰੂਪ 'ਦਾਤਾ' ਅਤੇ 'ਸਚਾ' ਨੂੰ ਕਿਹੜੇ ਅੱਖਰਾਂ ਰਾਹੀਂ ਮਾਣਿਆ ਤੇ ਬੂਝਿਆ ਜਾ ਸਕਦਾ ਹੈ। ਇਸਦੀ ਮਹਿਮਾ ਗੁਰਮੁਖਿ- ਅੱਖਰ ਪ੍ਰਾਪਤ ਕਰਦੇ ਹਨ। ਗੁਰਮੁਖੀ ਦਾ ਗੁਰਮੁਖਿ ਨਾਲ ਬਹੁਤ ਗਹਿਰਾ ਸਬੰਧ ਹੈ।'ਗੁਰਮੁਖੀ' ਅਤੇ 'ਗੁਰਮੁਖਿ' ਸ਼ਬਦ ਇਕ-ਦੂਜੇ ਨਾਲ ਗਹਿਰੇ ਸਬੰਧ ਰੱਖਦੇ ਹੋਏ ਵੀ ਵੱਖਰੇ ਅਰਥ-ਪਾਸਾਰਾਂ ਨੂੰ ਖੋਲ੍ਹਦੇ ਹਨ।'ਗੁਰਮੁਖੀ'ਦਾ ਅਰਥ ਗੁਰੂੁ ਦੇ ਮੁਖ ਵਾਲੀ,ਗੁਰੂ ਦੇ ਮੁਖ ਤੋਂ ਉਚਰੀ/ਉਚਾਰੀ ਲਿਆ ਜਾਂਦਾ ਹੈ,ਪਰ ਗੁਰਮੁਖਿ ਭਾਵ ਗੁਰੂੁ-ਸ਼ਬਦ ਨੂੰ ਧਾਰਨ ਕਰਨ ਵਾਲਾ ਜਾਂ ਜਿਸ ਦਾ ਮੁਖ ਗੁਰੂ ਵੱਲ ਹੈ। ਗੁਰਮੁਖਿ ਨਾਲ ਜਦ 'ਅਖਰ'ਸ਼ਬਦ ਜੁੜਦਾ ਹੈ ਤਾਂ ਇਸ ਦਾ ਅਰਥ ਗੁਰਮੁਖਾਂ ਦੇ ਅੱਖਰ,ਗੁਰਮੁਖਾਂ ਲਈ ਅੱਖਰ ਜਾਂ ਫਿਰ ਅਜਿਹੇ ਅੱਖਰ ਜੋ ਗੁਰਮੁਖਾਂ ਦੇ ਬੁੱਝਣ

ਲਈ ਹਨ। ਗੁਰੂ ਦੇ ਮੁੱਖ ਰਾਹੀਂ 'ਗੁਰਬਾਣੀ' ਪ੍ਰਗਟ ਹੁੰਦੀ ਹੈ, ਗੁਰਮੁਖੀ ਅੱਖਰ ਬਾਣੀ ਨੂੰ ਭਾਵ ਸ਼ਬਦ ਗੁਰੂ ਨੂੰ ਪ੍ਰਗਟ ਕਰਦੇ ਹਨ ਅਤੇ ਗੁਰਮੁਖਿ ਜਨ ਇਹਨਾਂ ਅੱਖਰਾਂ ਨੂੰ ਬੁੱਝਦੇ ਹਨ। ਗੁਰੂ ਨਾਨਕ ਸਾਹਿਬ ਦਾ ਫੁਰਮਾਣ ਹੈ :

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥
ਏਨਾ ਅਖਰ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥2॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ 432)

ਆਦਿ ਪੁਰਖ ਦੇ ਸਾਕਾਰ ਰੂਪ ਨੂੰ ਜਿਹਨਾਂ ਅੱਖਰਾਂ ਵਿੱਚ ਵਿਅਕਤ ਕੀਤਾ ਹੈ ਉਹ ਗੁਰਮੁਖੀ ਹੈ ਅਤੇ ਗੁਰਮੁਖਿ ਉਨ੍ਹਾਂ ਨੂੰ ਬੁੱਝਣ ਦੀ ਤਾਕਤ ਰੱਖਦਾ ਹੈ। ਇਸ ਤਰ੍ਹਾਂ ਅੱਖਰ ਅਤੇ ਗੁਰਮੁਖਿ ਦੀ ਵਡਿਆਈ ਦਾ ਹਵਾਲਾ 'ਜਪੁਜੀ ਸਾਹਿਬ' ਦੀ ਪਉੜੀ ਉਨੀਵੀਂ ਵਿੱਚ ਵੀ ਮਿਲਦਾ ਹੈ। ਇੱਥੇ ਉਹ ਅੱਖਰ ਰਾਹੀਂ ਹੀ ਨਿਰੰਕਾਰ ਦਾ ਨਾਮ, ਉਸਦੀ ਸਾਲਾਹਣਾ, ਉਸਦਾ ਗਿਆਨ, ਗੁਣਾਂ ਦਾ ਗੁਣਗਾਨ, ਬਾਣਿ ਰੂਪ ਵਿੱਚ ਲਿਖਣਾ ਤੇ ਬੋਲਣਾ ਅਤੇ ਇਸ ਰਾਹੀਂ ਸੰਯੋਗ ਦਾ ਗੁਣ, ਸਹੀ ਅੱਖਰਾਂ ਨੂੰ ਲਿਖਣ ਤੇ ਜਾਣਨ ਵਾਲਿਆਂ ਦਾ ਪਾਰਾਵਰ (ਤਿਸ ਸਿਰ ਨਾਹਿ) ਅਤੇ ਕੁਦਰਤ ਤੇ ਉਸਦੀ ਵਡਿਆਈ ਕਰਨ ਵਾਲਿਆਂ ਸਚਿਆਰ/ਗੁਰਮੁਖਾਂ ਦਾ ਵੇਰਵਾ ਦਿੱਤਾ ਹੈ।

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥...

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ 4)

'ਪਟੀ' ਬਾਣੀ ਦੇ ਇਹਨਾਂ ਦੋ ਅੱਖਰਾਂ **ਸਸ** ਅਤੇ **ਈਵੜੀ** 'ਤੇ ਆਧਾਰਿਤ ਦੋ ਬੰਦ ਜਿਹੜੇ ਸਮੁੱਚੀ ਬਾਣੀ ਦਾ ਕੇਂਦਰ ਬਿੰਦੂ ਹਨ,ਵਿੱਚ ਤਿੰਨ ਪ੍ਰਮੁੱਖ ਇਕਾਈਆਂ 'ਆਦਿ ਪੁਰਖ/ ਅਕਾਲਪੁਰਖ, ਗੁਰਮੁਖਿ ਅਤੇ ਮੂੜ ਮਨ' ਦੇ ਸੰਕਲਪਿਕ ਘੇਰੇ ਇਸ ਅੱਖਰ- ਪ੍ਰਧਾਨ ਬਾਣੀ ਵਿੱਚ ਪਰਿਭਾਸ਼ਿਤ ਹੁੰਦੇ ਹਨ।**ਊੜੈ ਦਾ ਉਪਮਾ ਰੂਪ ਆਦਿਪੁਰਖ/ਅਕਾਲਪੁਰਖ ਦੀ ਸਾਲਾਹਣਾ** ਲਈ ਹੋਂਦ ਧਾਰਦਾ ਹੈ (ਜਿਸਨੂੰ 'ਓਅੰਕਾਰ' ਬਾਣੀ ਵਿੱਚ ਓਅੰਕਾਰ ਸਰੂਪ ਵੀ ਮੰਨਿਆ ਗਿਆ) ਪਰ ਇਥੇ ਬੇਅੰਤ ਸਰੂਪ ਦੇ ਉਪਮਈ ਵਖਿਆਣ ਲਈ ਪ੍ਰਕਾਸ਼ਮਾਨ ਕੀਤਾ ਗਿਆ ਹੈ।ਸਮੁੱਚੀ ਬਾਣੀ ਦੀ ਪ੍ਰਮੁੱਖ ਇਕਾਈ 'ਗੁਰਮੁਖਿ' ਹੈ ਜਿਹੜੀ ਅਕਾਲਪੁਰਖ ਦੀ ਉਸਤਤੀ ਅਤੇ ਸੇਵਾ ਕਰਨ ਦੇ ਨਾਲ ਨਾਲ 'ਮੂੜ ਮਨ' ਨੂੰ ਕਾਬੂ ਕਰਦੀ ਹੈ(ਬੰਦ 3)। ਇਹ ਸੋਝੀ **ਙੰਙੈ ਙਿ**ਆਨੁ/ ਗਿਆਨ ਦੀ ਵਾਹਕ ਹੈ ਜਿਹੜਾ ਇਸਨੂੰ ਬੁੱਝਦਾ ਪੜ੍ਹਿਆ ਅਤੇ ਪੰਡਿਤ ਕਹਾਉਂਦਾ ਹੈ। ਹਉਮੈ ਨੂੰ ਮਾਰ ਅਕਾਲਪੁਰਖ ਦੀ ਸਰਬ ਵਿਆਪਕ ਹੋਂਦ ਨੂੰ ਆਤਮਸਾਤ ਕਰਦਾ ਹੈ (ਬੰਦ 4)। **ਕਕੈ ਕੇਸ** ਪੁੰਡਰ ਭਾਵ'ਮੂੜ ਮਨ' ਮਾਇਆਧਾਰੀ

ਪ੍ਰਵਿਰਤੀ ਵਿਚ ਬੱਝਾ ਕਰਤੇ ਦੁਆਰਾ ਦਿੱਤੇ ਸੰਕੇਤਾਂ (ਚਿੱਟੇ ਕੇਸ ਹੋਣ) 'ਤੇ ਵੀ ਆਪਣੀ ਮਾਇਆਵੀ ਪ੍ਰਵਿਰਤੀ ਨੂੰ ਤਜਦਾ ਨਹੀਂ(ਬੰਦ 5) । **ਖਖੈ ਖੁੰਦਕਾਰ** ਸਾਹ ਆਲਮ ਦਾ ਆਸਵੰਦ ਹੋਣ ਲਈ ਪ੍ਰੇਰਿਤ ਕਰਦਾ ਹੈ ਜਿਸ ਦਾ ਹੁਕਮ ਤੇ ਬੰਧਨ ਜੱਗ ਵਿੱਚ ਵਰਤ ਰਹੇ ਹਨ(ਬੰਦ 6)। **ਗਗੈ** ਨੇ **ਗੋਈ** ਗਾਈ ਹੈ, ਅਰਥਾਤ ਪੂਰੀ ਕੁਦਰਤ ਨੂੰ ਘੁਮਿਆਰ ਦੀਆਂ ਤਰ੍ਹਾਂ ਘੜਿਆ ਅਤੇ ਆਵੇ ਵਿੱਚ ਸਾੜਿਆ ਹੈ ਅਤੇ **ਗੋਬਿੰਦ** ਨੂੰ ਨਿਰਾ ਗੱਲੀਂ ਨਹੀਂ ਸਮਝ ਸਕਦਾ(ਬੰਦ 7) ।ਸੋ ਬੰਦ ਚਾਰ ਤੋਂ ਛੇ ਤੱਕ ਮਨਮੁਖ ਭਾਵ 'ਮੂੜ ਮਨ' ਨੂੰ ਵਾਰ- ਵਾਰ ਸਮਝਾਉਂਦੇ ਹੋਏ ਆਦਿ ਪੁਰਖ ਗੋਬਿੰਦ ਦੇ ਹੁਕਮ ਨੂੰ ਜਾਣਨ ਲਈ ਪ੍ਰੇਰਿਤ ਕਰਦੇ ਹਨ।।**ਘਘੈ, 'ਚਚੈ', 'ਛਛੈ', 'ਜਜੈ', 'ਝਝੈ', 'ਞੰਞੈ'** ਅੱਖਰ ਗੁਰਮੁਖਾਂ -ਸੇਵਕਾਂ ਨੂੰ ਘਾਲ ਕਰਨ, ਅਕਾਲ ਪੁਰਖ ਦੀ ਖੇਡ ਜਾਣਨ, ਗੁਰੂ ਮਿਲਾਪ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਗੁਰਮੁਖ ਜਨਾਂ ਨੂੰ ਸੋਝੀ ਨਾਲ ਜੋੜਦਾ ਹੈ।**ਘਘੈ** ਨਾਲ ਸੇਵਕ ਦੀ ਘਾਲ ਕਮਾਈ ਗੁਰੂ ਸ਼ਬਦ ਨਾਲ ਜੋੜਦੀ ਹੈ। ਸਮਦ੍ਰਿਸ਼ਟੀਵਾਨ ਬਣਾਉਂਦੀ ਹੋਈ ਸਾਹਿਬ/ਮਾਲਕ ਨੂੰ ਜਾਣਨ ਦੇ ਸਮਰੱਥ ਹੁੰਦੀ ਹੈ(ਬੰਦ 8)। ਗੁਰਮੁਖਿ 'ਪੜ੍ਹਿਆ ਪੰਡਿਤ' ਕਹਾਉਂਦਾ ਹੈ ਉਹ ਜਾਣਦਾ ਹੈ ਕਿ ਚਾਰ ਵੇਦਾਂ ਦਾ ਸਿਰਜਕ, ਚਾਰੇ ਖਾਣੀਆਂ ਭਾਵ ਉਤਪਤੀ ਦਾ ਵਾਹਕ ਅਤੇ ਚਾਰ ਜੁਗਾਂ ਬਣਾਉਣ ਵਾਲਾ ਅਕਾਲਪੁਰਖ ਹੈ ਜਿਹੜਾ ਵੱਖ ਵੱਖ ਜੁਗਾਂ ਵਿੱਚ ਜੋਗੀ ਭੋਗੀ ਹੋ ਵਿਚਰਦਾ ਹੈ(ਬੰਦ 9)।**ਛਛ** ਛਾਇਆ ਵਰਤਣ ਵਾਲਾ, ਭਰਮ ਭੁਲਾਉਣ ਵਧਣ ਆਪ ਮਿਹਰ ਕਰਕੇ ਗੁਰੂ ਨਾਲ ਮਿਲਾਉਂਦਾ ਹੈ(ਬੰਦ 10) । ਗੁਰਮੁਖਿ ਹਸਤੀ **ਜਜੈ ਜਾਨੁ ਮੰਗਤ** ਭਾਵ ਮੰਗਤਾ ਬਣਕੇ ਉਸ ਦਾਤੇ ਨਾਲ ਸਾਂਝ ਪਾਉਂਦੀ ਹੈ ਜਿਹੜਾ ਚਉਰਾਸੀ ਲੱਖ ਨੂੰ ਭਿਖਿਆ ਦਿੰਦਾ ਹੈ। ਉਸ ਨੂੰ ਗਿਆਨ ਹੈ ਕਿ ਇਹ ਲੈਣ ਦੇਣ ਉਹ ਆਪ ਹੀ ਕਰ ਰਿਹਾ ਹੈ(ਬੰਦ 11)। **ਝਝ** ਝੂਰਨ ਦੀ ਬਜਾਏ,ਹੁਕਮ ਤੇ ਦਾਤੇ ਸਰੂਪ ਦੀ ਵਡਿਆਈ ਦੱਸਦਾ ਹੈ(ਬੰਦ 12)।**ਞੰਞੈ** ਅੱਖਰ ਗੁਰਮੁਖਿ ਨੂੰ ਅਕਾਲਪੁਰਖ ਦੀ 'ਨਦਰਿ' ਵਾਲਾ ਬਣਾਉਂਦਾ ਹੈ। ਗੁਰਮੁਖਿ ਖ਼ਾਲੀ ਨਹੀਂ ਹੁੰਦਾ। ਉਹ ਏਕੋ ਦੀ ਵਿਆਪਕਤਾ ਅਤੇ ਹਰੇਕ ਦੇ ਮਨ ਵਿੱਚ ਉਸਦੇ ਵਾਸੇ ਨੂੰ ਜਾਣਦਾ ਹੈ(ਬੰਦ 13) । **ਟਟੈ, ਠਠੈ, ਡਡੈ, ਢਢੈ ਤੇ ਣਾਣੈ** ਅੱਖਰ ਮੂੜ ਮਨਾਂ ਨੂੰ ਤਾੜਦੇ ਅਤੇ ਗੁਰਮੁਖਿ ਜਨਾਂ ਦੀ ਸਹਿਜ ਅਵਸਥਾ ਦਾ ਵਖਿਆਣ ਕਰਦੇ ਹਨ। **ਟਟੈ ਟੰਚੁ** /ਵਿਅਰਥ ਕਾਰਜ ਕਰਨ ਵਾਲੇ ਪ੍ਰਾਣੀਆਂ ਨੂੰ ਆਪਣੇ ਜਨਮ ਦੀ ਸਾਰਥਕਤਾ ਨੂੰ ਸਮਝਣ ਅਤੇ ਹਰਿ-ਸ਼ਰਨ ਵਿੱਚ ਲੈਣ ਲਈ ਪ੍ਰੇਰਦੇ ਹਨ(ਬੰਦ 14) । **ਠਠੈ** ਉਨ੍ਹਾਂ ਗੁਰਮੁਖਾਂ ਪਿਆਰਿਆਂ ਦੇ ਠੰਢੇ ਚਿੱਤ (**ਠਾਢਿ)** ਦੀ ਗਵਾਹੀ ਭਰਦਾ ਹੈ ਜਿਹੜੇ ਹਰਿ-ਚਰਣੀਂ ਨਾਲ ਚਿੱਤ ਲਗਾਉਂਦੇ ਉਸਦੀ ਕਿਰਪਾ ਨਾਲ ਸੁਖ ਪ੍ਰਾਪਤ ਕਰਦੇ ਹਨ (ਬੰਦ 15) । **ਡਡੈ** ਅੱਖਰ ਵਿਅਰਥ ਕਾਰਜਾਂ (**ਡੰਫੁ**) ਵਿੱਚ ਗੁਲਤਾਨ ਪ੍ਰਾਣੀ ਨੂੰ ਸੁਚੇਤ ਕਰਦੇ ਹੋਏ ਸਦੀਵੀ ਸੁਖ ਮਾਨਣ ਲਈ ਸਰਬ ਨਿਰੰਤਰ ਹਸਤੀ ਨਾਲ ਜੁੜਨ ਲਈ ਉਤਸ਼ਾਹਿਤ ਕਰਦਾ ਹੈ (ਬੰਦ 16) । **'ਢਢੈ'** ਅੱਖਰ ਅਕਾਲ ਪੁਰਖ ਦੇ ਖੇਲ ਢਾਹ-ਉਸਾਰ, ਹੁਕਮ ਅਤੇ ਨਦਰਿ ਨੂੰ ਵਾਹਕ ਬਣਾਉਂਦਾ ਹੈ(ਬੰਦ 17) । **'ਣਾਣੈ'** ਅੱਖਰ 'ਹਰਿ' ਦੇ 'ਰਵਤੁ' ਸਰੂਪ ਦੇ ਗੁਣ ਗਾਉਣ ਅਤੇ ਜਨਮ ਮਰਨ ਦੀ ਖੇਡ ਤੋਂ ਮੁਕਤ ਹੋਣ ਦਾ ਰਸਤਾ ਹੈ (ਬੰਦ 18)। **'ਤਤੈ', 'ਥਥੈ', 'ਦਦੈ', 'ਧਧੈ' ਅੱਖਰ**, ਗੁਰਮੁਖਤਾਈ ਦੇ ਗੁਣਾਂ ਅਤੇ **ਨੰਨੈ** 'ਮੂੜ ਮਨ' ਦੇ

ਭੋਗਣਹਾਰ ਸਰੂਪ ਨੂੰ ਦਰਸਾਉਂਦਾ ਹੈ।'**ਤਤੈ**' 'ਤਾਰੂ' ਦੀ ਭੂਮਿਕਾ ਨਿਭਾਉਂਦਾ ਹੈ। ਗੁਰਮੁਖ ਦੀ ਅਰਜ਼ੋਈ ਤਾਰਣਹਾਰ ਅੱਗੇ ਹੈ(ਬੰਦ 19) । '**ਥਥੈ**' ਅਕਾਲਪੁਰਖ ਹਰਿ ਦੇ'ਥਾਨਿ-ਥਨੰਤਰ' ਸਰੂਪ, ਉਸਦੀ ਮਾਇਆ ਦੇ ਭਰਮ ਨੂੰ ਉਸਦਾ ਭਲਾ ਸਮਝਦਾ ਹੈ(ਬੰਦ 20) । '**ਦਦੈ**' ਗੁਰਮੁਖਿ ਦੀ ਸੋਝੀ ਅਵਸਥਾ ਅਤੇ ਕਰਮਗਤੀ ਦੇ ਅਧਾਰਿਤ ਚੰਗੇ-ਮਾੜੇ ਕਰਮਾਂ ਦੇ ਦੋਸ਼ ਤੋਂ ਬਚਾਉਂਦਾ ਹੈ(ਬੰਦ 21) । '**ਧਧੈ**' ਅੱਖਰ ਹਰਿ ਦੀ 'ਧਾਰਿ ਕਲਾ' ਅਤੇ ਉਸਦੇ ਹੁਕਮ ਅਨੁਸਾਰ ਕਰਮਾਂ ਦੇ ਦੇਣ ਲੈਣ ਬਾਰੇ ਵਿਆਖਿਆ ਕਰਦਾ ਹੈ(ਬੰਦ 22)।**ਨੰਨੈ**' ਅੱਖਰ ਫਿਰ 'ਮੂੜ ਮਨ' ਦੀ ਭੋਗਣਹਾਰ ਪ੍ਰਵਿਰਤੀ, ਕੰਤੁ-ਹਰਿ ਤੋਂ ਦੂਰ, ਗਲੀਂ ਚੰਗੇ ਬਣਨ ਦੀ ਪ੍ਰਵਿਰਤੀ ਦਰਸਾਉਂਦੀ ਹੈ(ਬੰਦ 23) ।

**ਪਪੈ, ਫਫੈ, ਬਬੈ, ਭਭੈ, ਮੰਮੈ** ਅੱਖਰ ਪਾਤਸ਼ਾਹ ਪਰਮੇਸਰੁ ਦੇ ਪਰਪੰਚ, ਗੁਰ ਪਰਸਾਦੀ ਦੇ ਪ੍ਰਾਪਤੀਦਾਤਾ ਭਾਵ ਗੁਰਮੁਖਿ, ਬਾਜ਼ੀ/ਖੇਲ, ਮਨਮੁਖ ਦੇ ਮੂੜ-ਰੂਪ ਅਤੇ ਮਧੂਸੂਦਨ ਦੀ ਪ੍ਰਾਪਤੀ ਨਾਲ ਮੋਹ ਦੇ ਖ਼ਾਤਮੇ ਨੂੰ ਬਿਆਨ ਕਰਦੇ ਹਨ।**ਪਪੈ** ਸੰਸਾਰ ਦੇ ਪਾਤਸ਼ਾਹ ਪਰਮੇਸ਼ਰ ਦੇ ਪਰਪੰਚ ਨੂੰ ਹੀ ਕਰਤਾ ਆਪ ਹੀ ਸਮਝ ਸਕਦਾ ਹੈ(ਬੰਦ 24)। '**ਫਫੈ**' ਦੀ ਫਾਹੀ ਵਿੱਚ ਫਸਿਆਂ ਨੂੰ ਗੁਰ ਪ੍ਰਸਾਦਿ ਰਾਹੀਂ ਹਰਿ-ਸ਼ਰਨੀ ਵਿੱਚ ਆ ਕੇ ਬੱਚ ਸਕਦਾ ਹੈ(ਬੰਦ25)। '**ਬਬੈ**' ਅਕਾਲਪੁਰਖ ਦੀ ਸੰਸਾਰ ਖੇਲ ਦੀ ਬਾਜੀ ਦਾ ਵਾਹਕ ਹੈ। ਜਿਸਦੇ ਲਈ ਚਾਰ ਯੁੱਗਾਂ ਅਤੇ ਜੀਵ ਜੰਤੂ ਉਸਦੀਆਂ ਨਰਦਾਂ ਹਨ, ਜਿਹਨਾਂ ਨੂੰ ਉਹ ਸੁੱਟਦਾ, ਪੁੱਗਦਾ ਅਤੇ ਗੇੜ ਵਿੱਚ ਪਾਉਂਦਾ ਹੈ(ਬੰਦ 26)।'**ਭਭੈ**' ਅੱਖਰ ਗੁਰਮੁਖਾਂ ਦੇ ਭਉ ਦੀ ਅਵਸਥਾ ਤੇ ਹਰਿ ਦੀ ਨਿਰੰਤਰ ਭਾਲ ਰਾਹੀਂ ਗੁਰਪਰਸਾਦ ਦੀ ਪ੍ਰਾਪਤੀ ਅਤੇ ਮਨਮੁਖ ਦੇ ਮੂੜ ਸੁਭਾਅ ਕਾਰਨ ਚੌਰਾਸੀ ਲੱਖ ਜੂਨਾਂ ਵਿੱਚ ਭਟਕਣਾ ਨੂੰ ਪੇਸ਼ ਕੀਤਾ ਹੈ। ਗੁਰਮੁਖ ਦੀ ਭਾਲ ਉਸ ਅੰਦਰ ਭਉ ਪੈਦਾ ਕਰਦੀ ਹੈ ਪਰ ਮਨਮੁਖ ਦਾ ਮੂੜ ਮਨ ਭਟਕਣਾ ਦਾ ਸ਼ਿਕਾਰ ਹੁੰਦਾ ਹੈ(ਬੰਦ 27)।'**ਮੰਮੈ**' ਅੱਖਰ ਮੋਹ ਦੇ ਮਾਰਨ ਨਾਲ 'ਮਧੂਸੂਦਨ' ਰੂਪ ਦੀ ਮਹਿਮਾ, ਕਾਇਆ ਦੇ ਅੰਦਰ- ਬਾਹਰੋਂ ਮੰਮਾ ਰੂਪੀ ਮੋਹ ਦੇ ਵਿਸਾਰਨ ਦੀ ਪ੍ਰਕਿਰਿਆ ਦੱਸਦਾ ਹੈ(ਬੰਦ 28)।

**ਯਯੈ, ਰਾਰੈ, ਲਲੈ, ਵਵੈ, ੜਾੜੈ** ਅੱਖਰ ਗੁਰਮੁਖਿ, ਪਰਮੇਸਰ ਦੀ ਮਾਇਆ ਤੇ ਹੁਕਮ, ਵਾਸੁਦੇਵ ਰੂਪ ਦੀ ਹੋਂਦ ਅਤੇ ਗੁਰਮੁਖਿ ਜਨਾਂ ਦੁਆਰਾ ਧਿਆਉਣ ਅਤੇ ਸਮਾਉਣ ਦਾ ਵਾਹਕ ਬਣਦੇ ਹਨ। '**ਯਯੈ**' ਅੱਖਰ ਜਨਮਾਂ ਦੇ ਗੇੜ ਤੋਂ ਗੁਰਮੁਖਿ ਨੂੰ ਮੁਕਤੀ ਦਿਵਾਉਂਦਾ ਹੈ। ਜਿਹੜਾ ਪਰਮੇਸਰੁ ਦੇ ਸਚ ਸਰੂਪ ਨੂੰ ਆਖਦਾ, ਬੁਝਦਾ ਅਤੇ ਇਕ ਜਾਣਦਾ ਹੈ(ਬੰਦ 29)। '**ਰਾਰੈ**' ਉਸ ਰਵਤਿ ਰੂਪ ਅਤੇ ਧੰਧੈ ਲਾਉਣ ਦੇ ਪ੍ਰਕਾਰਜਾਤਮਕ ਗੁਣਾਂ ਨੂੰ ਦਰਸਾਉਂਦਾ ਹੈ (ਬੰਦ 30)।'**ਲਲੈ**' ਅੱਖਰ ਪਰਮੇਸਵਰੁ ਦੇ ਮੋਹ-ਮਾਇਆਵੀ ਰੂਪ, ਧੰਧਿਆਂ ਵਿੱਚ ਲਾਉਣ ਅਤੇ ਭਾਣੇ ਅਤੇ ਹੁਕਮਾਂ ਵਿੱਚ ਰਹਿਣ ਵਾਲੇ ਜਨਾਂ ਦੀ ਹਸਤੀ ਬਿਆਨ ਕਰਦਾ ਹੈ(ਬੰਦ 31)। '**ਵਵੈ**' ਅੱਖਰ ਪਰਮੇਸੁਰ ਦੇ ਵਾਸੁਦੇਵ ਰੂਪ ਭਾਵ ਸੰਸਾਰਕ ਪਰਪੰਚ ਨੂੰ ਵੇਖਣ ਲਈ ਵੇਸ਼ ਧਾਰਿਆ ਅਤੇ ਵੇਖਦਾ ਚਾਖਦਾ ਅਤੇ ਵਿਆਪਕ ਰਹਿੰਦਾ ਹੈ(ਬੰਦ 32)। '**ੜਾੜੈ**' ਮਨੁੱਖ ਨੂੰ ਰਾੜਿ ਛੱਡ ਗੁਰਮੁਖਿ ਹਸਤੀ ਬਣਨ ਲਈ ਪਰਮੇਸ਼ਵਰ

ਦੇ ਨਾਮ ਨੂੰ ਧਿਆਉਣ ਅਤੇ ਸੱਚ ਸਮਾਉਣ ਦਾ ਉਪਦੇਸ਼ ਹੈ (ਬੰਦ 33)। '**ਹਾਹੈ**' ਹੋਰ ਨੂੰ ਮਨਫ਼ੀ ਕਰਨ ਇਕ ਦਾਤੇ, ਪੈਦਾ ਕਰਨ ਤੇ ਰਿਜ਼ਕ ਦੇਣ ਵਾਲੇ ਦਾ ਹਰਿ-ਨਾਮ ਧਿਆਉਣ, ਹਰਿ-ਨਾਮ ਵਿੱਚ ਸਮਾਉਣ ਅਤੇ ਹਰਿ ਨਾਮ ਦਾ ਲਾਹਾ ਲੈਣ ਲਈ ਪ੍ਰੇਰਦਾ ਹੈ(ਬੰਦ34)। **'ਆਇੜੈ'** ਅੱਖਰ ਅਕਾਲ ਪੁਰਖ ਦੀ 'ਆਪਿ' ਹਸਤੀ, ਕਰਣ-ਕਰਾਵਨਹਾਰ ਸਰੂਪ ਦੀ ਮਹਿਮਾ ਦਾ ਵਖਿਆਣ ਕਰਨ ਲਈ ਅਰਜ਼ੋਈ ਕਰਦਾ ਹੈ(ਬੰਦ 35)।9

ਉਪਰੋਕਤ ਬਾਣੀ ਦੇ ਅੱਖਰਾਤਮਕ ਸੰਚਾਰ ਨੂੰ ਵੇਖਦੇ ਹਾਂ ਤਾਂ ਇਹ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਇਸ ਬਾਣੀ-ਰੂਪ ਰਾਹੀਂ ਗੁਰਮੁਖਾਂ ਜਨਾਂ ਨੂੰ ਆਤਮ-ਗਿਆਨ ਨਾਲ ਜੋੜਨ ਦਾ ਮਾਧਿਅਮ ਬਣਾਉਂਦੇ ਹਨ ਜਿਹਨਾਂ ਨੂੰ ਪੂਰੀ ਗੁਰੂ-ਪਰੰਪਰਾ ਖ਼ਾਸ ਤੌਰ ਤੇ ਗੁਰੂ ਅੰਗਦ ਸਾਹਿਬ 'ਗੁਰਮੁਖੀ'ਨਾਮ ਦੇ ਕੇ ਉੱਤਮ-ਅਖਰਾਂ ਨੂੰ ਸਾਰੀਆਂ ਲਿਪੀਆਂ ਤੋਂ ਨਿਆਰੀ ਲਿਪੀ ਹੋਣ ਦਾ ਮਾਣ ਦਿੰਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. <https://www.worldwritingsystem.org>
2. ਪ੍ਰੋ ਪ੍ਰੀਤਮ ਸਿੰਘ, "ਗੁਰਮੁਖੀ ਲਿਪੀ ਦੀ ਉਤਪਤੀ ਤੇ ਵਿਕਾਸ", ਗੁਰਮੁਖੀ ਲਿਪੀ: ਇਤਿਹਾਸ ਤੇ ਇਤਿਹਾਸਕਾਰੀ, ਸੰਪ. ਬੂਟਾ ਸਿੰਘ ਬਰਾੜ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ 31.
3. ਡਾ ਕ੍ਰਿਪਾਲ ਸਿੰਘ ਕਸੇਲ(ਸੰਪ), ਕਵੀ ਕੰਕਣ ਕ੍ਰਿਤ ਦਸ ਗੁਰ ਕਥਾ, ਖਾਲਸਾ ਸਮਾਚਾਰ, ਅੰਮ੍ਰਿਤਸਰ, 1967, ਪੰਨਾ-12.
4. ਭਾਈ ਵੀਰ ਸਿੰਘ ਜੀ **ਰਚਿਤ ਸ੍ਰੀ ਅਸ਼ਟ ਗੁਰ ਚਮਤਕਾਰ-ਭਾਗ 1** (ਸੈਂਚੀ 1,2,3-1952) ਦੇ ਸਫ਼ਾ 140 ਉਤੇ ਇਸ ਲਿਖਤ ਦਾ ਹਵਾਲਾ ਦੇ ਕੇ ਇਸ ਦੇ ਅਰਥ ਇਵੇਂ ਕਰਦੇ ਹਨ: ਅਰਥਾਤ ਗੁਰੂ ਨਾਨਕ ਦੇਵ ਜੀ ਦੀ ਆਗਯਾ ਵਿਚ ਗੁਰੂ ਅੰਗਦ ਦੇ ੧ਓਂ ਸਤਿਗੁਰੂ ਪਰਸਦੁ ਬਬ ਨਨਿ ਵੇਦੀ ਪਤਿ ਵ ਜੀ ਗੁਰਮੁਖੀ ਅੱਖਰ ਵਿਉਂਤੇ ਤੇ ਪਹਿਲਾ ਸ਼ਬਦ ਉਨ੍ਹਾਂ ਅੱਖਰਾਂ ਵਿਚ ਲਿਖ ਕੇ ਗੁਰੂ ਜੀ ਨੂੰ ਇਹ ਦਿਖਲਾਇਆ ਸੀ।
5. ਕਾਲਾ ਸਿੰਘ ਬੇਦੀ, "ਗੁਰਮੁਖੀ ਲਿਪੀ ਦੀ ਉਤਪਤੀ ਤੇ ਵਿਕਾਸ", **ਗੁਰਮੁਖੀ ਲਿਪੀ: ਇਤਿਹਾਸ ਤੇ ਇਤਿਹਾਸਕਾਰੀ,** ਸੰਪ. ਬੂਟਾ ਸਿੰਘ ਬਰਾੜ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, ਪੰਨਾ 105.
6. ਪਿਆਰਾ ਸਿੰਘ ਪਦਮ(ਸੰਪ) ਭਾਈ ਕੇਸਰ ਸਿੰਘ **ਛਿੱਬਰ,ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਬੰਦ 79 ਤੇ 81., ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.**
7. ਡਾ ਤਰਲੋਚਨ ਸਿੰਘ ਬੇਦੀ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ (ਭਾਰਤੀ ਪੁਰਾ ਲੇਖਾਂ ਦੇ ਸੰਦਰਭ ਵਿੱਚ), ਪੰਜਾਬੀ ਯੂਨੀਵਰਸਿਟੀ, ਪਟਿਆਲਾ(1999), ਪੰਨਾ 74.
8. ਡਾ. ਗੁਰਦੇਵ ਸਿੰਘ ਸਿੱਧੂ, **ਪੈਂਤੀ ਅੱਖਰੀ ਕਾਵਿ**, ਭਾਸ਼ਾ ਵਿਭਾਗ, ਪੰਜਾਬ, 2012, ਪੰਨਾ-ix.
9. **ਸ੍ਰੀ ਗੁਰੁ ਗ੍ਰੰਥ ਸਾਹਿਬ ਜੀ**, ਅੰਗ-432-434.


**ਸਹਾਇਕ ਪ੍ਰੋਫੈਸਰ ਅਤੇ ਮੁਖੀ**

**ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ, ਬੁਢਲਾਡਾ**

# ਹਰੀ ਕ੍ਰਾਂਤੀ ਤੋਂ ਪ੍ਰਭਾਵਿਤ ਪੰਜਾਬੀ ਸਾਹਿਤ

❑ ਸਰੀਨ ਕੌਰ ਸੰਧੂ

ਮੈਂ ਤਾਂ ਜਦ ਵੀ ਕੀਤੀ ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ ਗੰਨਿਆ ਦੀ ਗੱਲ ਹੀ ਕਰਾਂਗਾ
ਮੈਂ ਦਲਾਨ ਦੇ ਖੂੰਜੇ 'ਚ ਪਈ ਸੌਣੀ ਦੀ ਫਸਲ
ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਹੀ ਗੱਲ ਕਰਾਂਗਾ।[1]

ਪਾਸ਼ ਦੀ ਕਵਿਤਾ ਦੀਆਂ ਇਹ ਸਤਰਾਂ ਖੇਤੀ ਸੰਕਟ ਨੂੰ ਬਾਖੂਬੀ ਪੇਸ਼ ਕਰਦੀਆਂ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਥੋਂ ਦੇ ਲੋਕਾਂ ਦੀ ਆਮਦਨ ਅਤੇ ਜੀਵਨ ਨਿਰਬਾਹ ਦਾ ਮੁੱਖ ਸਾਧਨ ਖੇਤੀ ਹੀ ਹੈ। ਸ਼ੁਰੂ ਤੋਂ ਹੀ ਖੇਤੀ ਗੰਭੀਰ ਸੰਕਟ ਦਾ ਸ਼ਿਕਾਰ ਹੁੰਦੀ ਰਹੀ ਹੈ। ਖੇਤੀ ਕਿੱਤੇ ਨੂੰ ਕਦੇ ਧਾੜਵੀਆਂ ਦੇ ਹੱਲਿਆਂ ਦਾ ਸ਼ਿਕਾਰ ਹੋਣਾ ਪਿਆ, ਕਦੇ ਕੁਦਰਤੀ ਕਰੋਪੀਆਂ ਦੀ ਮਾਰ ਪਈ ਤੇ ਕਦੇ ਸਰਕਾਰ ਦੀਆਂ ਖੇਤੀ ਵਿਰੋਧੀ ਨੀਤੀਆਂ ਦੇ ਨਾਹ-ਮੁੱਖੀ ਨਤੀਜੇ ਭੁਗਤਨੇ ਪਏ। ਖੇਤੀ ਸੰਕਟ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਸਮੇਂ-ਸਮੇਂ ਉਜਾਗਰ ਹੁੰਦਾ ਰਿਹਾ ਹੈ। ਹਰੀ ਕ੍ਰਾਂਤੀ ਕੋਈ ਅੱਜ ਦੀ ਘਟਨਾ ਨਹੀਂ ਹੈ, ਪਰ ਇਸ ਨੇ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਢਾਂਚੇ ਨੂੰ ਇੰਨੇ ਵਿਆਪਕ ਢੰਗ ਨਾਲ ਪ੍ਰਭਾਵਿਤ ਕੀਤਾ ਹੈ ਕਿ ਅੱਜ ਵੀ ਖੋਜਾਰਥੀਆਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇਸ ਖੋਜ-ਪੱਤਰ ਅਧੀਨ ਪੰਜਾਬੀ ਸਾਹਿਤ ਵਿਚ ਹਰੀ ਕ੍ਰਾਂਤੀ ਉਪਰੰਤ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਰੂਪਾਂਤਰਣ ਦੇ ਅਧਿਐਨ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਹਰੀ ਕ੍ਰਾਂਤੀ ਜਾਂ ਹਰਾ ਇਨਕਲਾਬ ਨਾਰਮਨ ਬੋਰਲੌਗ ਦੁਆਰਾ ਸੱਠਵਿਆਂ ਵਿਚ ਪੰਜਾਬ-ਹਰਿਆਣਾ ਅੰਦਰ ਲਿਆਂਦਾ ਗਿਆ ਉਹ ਖੇਤੀ ਮਾਡਲ ਹੈ ਜਿਸਨੇ ਖੇਤੀ ਦੀ ਕੁਦਰਤ ਉੱਤੇ ਨਿਰਭਰਤਾ ਖਤਮ ਕਰ ਦਿੱਤੀ। ਉੱਚ ਉਪਜ ਵਾਲੇ ਕਿਸਮ ਦੇ ਬੀਜਾਂ (High yielding variety seeds) ਤੇ ਰਸਾਇਣਿਕ ਖਾਦਾਂ ਦੀ ਵਰਤੋਂ ਕਰਕੇ ਅਤੇ ਖੇਤੀ ਦਾ ਮਸ਼ੀਨੀਕਰਨ ਹੋਣ ਨਾਲ ਖੇਤੀ ਦੀ ਪੈਦਾਵਾਰ ਵਿਚ ਹੈਰਾਨੀਜਨਕ ਵਾਧਾ ਹੋਇਆ ਪਰ ਅਸਲ ਵਿਚ ਇਹ ਪੂੰਜੀਵਾਦੀ ਉਤਪਾਦਨ ਪ੍ਰਣਾਲੀ 'ਤੇ ਅਧਾਰਿਤ ਮਾਡਲ ਸੀ।ਡਾ. ਗਿਆਨ ਸਿੰਘ ਦੀ ਸੰਪਾਦਿਤ ਪੁਸਤਕ 'ਪੰਜਾਬ ਦੀ ਪੇਂਡੂ ਆਰਥਿਕਤਾ' ਵਿਚ ਇਸ ਸੰਦਰਭ ਵਿਚ ਹੇਠ ਲਿਖਿਆ ਕਥਨ ਵਿਚਾਰਨਯੋਗ ਹੈ:

'ਹਰੇ ਇਨਕਲਾਬ ਨੇ ਅੰਨ ਉਤਪਾਦਨ ਵਿੱਚ ਤੇਜ਼ ਵਾਧਾ ਕੀਤਾ ਹੈ। ਪੰਜਾਬ ਦੀ ਖੇਤੀ ਸਾਧਾਰਨ ਜਿਣਸ ਪੈਦਾਵਾਰ ਨਹੀਂ ਰਹੀ। ਇਹ ਵਿਸਥਾਰੀ ਜਿਣਸ ਪੈਦਾਵਾਰ ਦੇ ਦਾਇਰੇ ਵਿੱਚ ਆਉਂਦੀ ਹੈ ਭਾਵ ਮੰਡੀ ਲਈ ਕੀਤੀ ਜਾਂਦੀ ਹੈ।....... ਪਰ ਇਸ ਦਾ ਮਾਰੂ ਸਿੱਟਾ ਇਹ ਨਿਕਲਿਆ ਕਿ ਖੇਤੀ ਖੇਤਰ ਦੀਆਂ ਸਾਰੀਆਂ ਹੀ ਚੂਲਾਂ ਉਪਰ ਸਾਮਰਾਜੀ ਅਤੇ ਦਲਾਲ ਵਿੱਤੀ ਪੂੰਜੀ ਦੀ ਜਕੜ ਮਜ਼ਬੂਤ ਹੋ ਗਈ। ਦੇਖਿਆ ਜਾ ਸਕਦਾ

ਹੈ ਕਿ ਸਾਰੀ ਖੇਤੀ ਤਕਨੀਕ ਭਾਵ ਮਸ਼ੀਨਰੀ, ਰਸਾਇਣਕ ਖਾਦਾਂ, ਬੀਜਾਂ ਅਤੇ ਦਵਾਈਆਂ ਉੱਪਰ ਬਹੁਕੌਮੀ ਕਾਰਪੋਰੇਸ਼ਨਾਂ ਦੀ ਇਜਾਰੇਦਾਰੀ ਹੈ।'[2]

ਹਰੇ ਇਨਕਲਾਬ ਦੇ ਸ਼ੁਰੂਆਤ ਦੇ ਦੌਰ ਵਿਚ ਲੋਕਾਂ ਦਾ ਜੀਵਨ ਪੱਧਰ ਉੱਚਾ ਉੱਠਿਆ, ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ ਹੋਇਆ ਅਤੇ ਖੇਤੀ ਇਕ ਲਾਹੇਵੰਦ ਕਿੱਤਾ ਸਾਬਤ ਹੋਣ ਲੱਗਿਆ। ਪਰ ਇਸਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਵੱਡੇ ਪੱਧਰ 'ਤੇ ਪਰਿਵਰਤਿਤ ਕੀਤਾ। ਇਸ ਉਦਯੋਗੀਕਰਨ, ਮਸ਼ੀਨੀਕਰਨ, ਪੱਛਮੀਕਰਨ ਦੀ ਸਭਿਅਤਾ ਦੇ ਵਿਕਾਸ ਨੇ ਪੇਂਡੂ ਕਦਰਾਂ-ਕੀਮਤਾਂ, ਮਾਨਤਾਵਾਂ, ਸਮਾਜ ਅਤੇ ਸਭਿਆਚਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੰਜਾਬੀ ਸਾਹਿਤ ਨੇ ਹਰੇ ਇਨਕਲਾਬ ਤੋਂ ਬਾਅਦ ਕਿਸਾਨੀ ਜੀਵਨ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਰੂਪਾਂਤਰਣ ਦੀ ਪੇਸ਼ਕਾਰੀ ਕਲਾਤਮਕ ਢੰਗ ਨਾਲ ਕੀਤੀ ਹੈ। ਇਸ ਨਾਲ ਸੰਬੰਧਤ ਕਾਵਿ-ਸੰਗ੍ਰਹਿਾਂ ਵਿਚ ਸੰਤ ਰਾਮ ਉਦਾਸੀ ਦੇ 'ਲਹੂ ਭਿੱਜੇ ਬੋਲ', ਲਾਲ ਸਿੰਘ ਦਿਲ ਦੇ 'ਸਤਲੁਜ ਦੀ ਹਵਾ', 'ਨਾਗਲੋਕ', 'ਅੱਜ ਬਿੱਲਾ ਫਿਰ ਆਇਆ' ਮੋਹਨਜੀਤ ਦੇ 'ਸੁਲਘਦਾ ਸ਼ਹਿਰ', ਕਰਤਾਰ ਕੈਂਥ ਦੇ 'ਜਦੋਂ ਪਿੰਡ ਬੋਲਦਾ ਹੈ', ਸੁਖਵੰਤ ਕੌਰ ਮਾਨ ਦੇ 'ਦਿਉੜੀ' ਆਦਿ ਦੇ ਨਾਂ ਵਰਨਣਯੋਗ ਹਨ।

ਹਰੇ ਇਲਕਲਾਬ ਤਹਿਤ ਪੰਜਾਬੀ ਕਿਸਾਨਾਂ ਦੇ ਆਰਥਿਕ ਪੱਧਰ ਵਿਚ ਭਾਰੀ ਤਬਦੀਲੀ ਆਈ ਹੈ। ਆਮਦਨ ਵੱਧਣ ਦੇ ਨਾਲ ਕਿਸਾਨੀ ਖਰਚਿਆਂ ਵਿਚ ਵੀ ਬਹੁਤ ਵਾਧਾ ਹੋਇਆ ਹੈ। ਸੋ, ਇਸਦਾ ਲਾਭ ਵੱਡੇ ਕਿਸਾਨਾਂ ਅਤੇ ਜ਼ਮੀਦਾਰਾਂ ਨੂੰ ਹੀ ਮਿਲਦਾ ਹੈ। ਨਿਮਨ-ਕਿਸਾਨੀ ਨੂੰ ਖੇਤੀ ਦੇ ਮਹਿੰਗੇ ਸਾਧਨਾਂ ਦੀ ਵਰਤੋਂ ਕਰਨ ਲਈ ਕਰਜ਼ੇ ਦੀ ਮਾਰ ਹੇਠਾਂ ਆਉਣਾ ਪੈਂਦਾ ਹੈ। ਇਸ ਕਰਜ਼ੇ ਦੇ ਕੁਚੱਕਰ 'ਚੋਂ ਨਿਕਲਦੇ-ਨਿਕਲਦੇ, ਕੁਝ ਆਪਣੀ ਜ਼ਮੀਨ ਅਤੇ ਕੁਝ ਆਪਣੀ ਜਾਨ ਤੋਂ ਹੀ ਹੱਥ ਧੋ ਬੈਠਦੇ ਹਨ। ਮਜ਼ਦੂਰਾਂ ਦੀ ਗਿਣਤੀ ਘਟਾ ਕੇ ਖ਼ਰਚਾ ਬਚਾਉਣਾ ਖੇਤੀ ਅਤੇ ਸਨਅਤ ਦਾ ਖ਼ਾਸਾ ਹੈ। ਮਸ਼ੀਨਾਂ ਦੀ ਆਮਦ ਨਾਲ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਸਭ ਤੋਂ ਜ਼ਿਆਦਾ ਖੇਤ ਮਜ਼ਦੂਰਾਂ ਦਾ ਰੁਜ਼ਗਾਰ ਖੋਹਿਆ। ਖੇਤੀ ਇਕ ਸਮਾਜਿਕ ਵਰਤਾਰਾ ਹੁੰਦਾ ਸੀ ਜਿਸ ਵਿਚ ਜੱਟ ਅਤੇ ਸੀਰੀ ਦੇ ਰਿਸ਼ਤੇ ਵਿਚ ਸਾਂਝ ਅਤੇ ਅਪਣੱਤ ਹੁੰਦੀ ਸੀ। ਇਸ ਮਸ਼ੀਨੀਕਰਨ ਦੇ ਯੁੱਧ ਵਿਚ ਸੀਰੀ ਦੀ ਪਹਿਚਾਣ ਇਕ ਖੇਤ ਮਜ਼ਦੂਰ ਵਿਚ ਤਬਦੀਲ ਹੋ ਚੁੱਕੀ ਹੈ। ਲਾਲ ਸਿੰਘ ਦਿਲ ਆਪਣੀ ਕਵਿਤਾ ਦੀਆਂ ਸਤਰਾਂ ਵਿਚ ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਹਰੇ ਇਨਕਲਾਬ ਨੇ ਨਿਮਨ ਕਿਸਾਨੀ ਕੋਲੋਂ ਜਿਉਣ ਦੇ ਸਾਰੇ ਸਾਧਨ ਖੋਹ ਲਏ ਹਨ:

ਹਰੇ ਇਨਕਲਾਬ ਨੇ ਤਾਂ
ਇਹ ਸਭ ਕੁਝ ਖ਼ਤਮ ਹੀ ਕਰ ਦਿੱਤਾ
ਨਾ ਰਹੇ ਬਾਂਸ
ਨਾ ਵੱਜੇ ਬੰਸਰੀ
ਨਾ ਬੇਲੇ
ਨਾ ਟੋਭੇ
ਨਾ ਚਰਾਂਦਾਂ

ਲੋਕ ਜੀਵਨ ਅੱਗ ਦੀ ਭੇਟ
ਹੋ ਗਿਆ ਹੈ[3]

ਹਰੇ ਇਨਕਲਾਬ ਦੇ ਕਾਰਨ ਹੀ ਪੰਜਾਬ ਵਿਚ ਸਭਿਆਚਾਰ ਰੂਪਾਂਤਰਣ ਦੀ ਪ੍ਰਕਿਰਿਆ ਵਾਪਰ ਰਹੀ ਹੈ। ਸਮਾਜ ਵਿਚ ਪੂੰਜੀਵਾਦ ਦਾ ਬੋਲਬਾਲਾ ਹੋਣ ਕਰਕੇ ਸੰਯੁਕਤ ਪਰਿਵਾਰਾਂ ਦੀ ਜਗ੍ਹਾ ਨਿਊਕਲੀਅਰ ਫੈਮਲੀਆਂ (Nuclear Families) ਨੇ ਲੈ ਲਈ ਹੈ ਜਿਸ ਕਰਕੇ ਉਹਨਾਂ ਦੇ ਸੰਸਕਾਰਾਂ, ਰਹਿਣ-ਸਹਿਣ, ਕਦਰਾਂ-ਕੀਮਤਾਂ, ਖਾਣ-ਪੀਣ, ਪਹਿਨਣ-ਪੱਚਰਨ ਆਦਿ ਵਿਚ ਪਰਿਵਰਤਨ ਆਉਣਾ ਸੁਭਾਵਿਕ ਹੈ। ਇਸੇ ਕਾਰਨ ਹੀ ਹਵੇਲੀ ਕਲਚਰ ਕੋਠੀ ਕਲਚਰ ਵਿਚ ਬਦਲ ਗਿਆ ਹੈ। ਵਿਆਹਾਂ ਦੇ ਨਾਲ-ਨਾਲ ਜਨਮ ਅਤੇ ਮਰਨ ਦੀਆਂ ਰਸਮਾਂ ਉਪਰ ਵੀ ਦਿਖਾਵੇ ਮਾਤਰ ਖ਼ਰਚਾ ਕੀਤਾ ਜਾ ਰਿਹਾ ਹੈ। ਪੂੰਜੀਵਾਦੀ ਸਭਿਆਚਾਰ ਤਹਿਤ ਰਿਸ਼ਤੇ-ਨਾਤੇ ਵੀ ਪਦਾਰਥਵਾਦੀ ਹੋ ਗਏ ਹਨ। ਪੰਜਾਬੀ ਕਹਾਣੀ ਨੇ ਵੀ ਹਰੇ ਇਨਕਲਾਬ ਤੋਂ ਬਾਅਦ ਖ਼ੂਨ ਦੇ ਰਿਸ਼ਤਿਆਂ ਵਿਚ ਵਾਪਰ ਰਹੇ ਨੈਤਿਕ ਸੰਕਟ ਅਤੇ ਪਦਾਰਥਕ ਮਾਨਸਿਕਤਾ ਅਧੀਨ ਖਤਮ ਹੋ ਰਹੀ ਕਦਰਾਂ-ਕੀਮਤਾਂ ਦੀ ਪੀਡੀ ਗੰਢ ਨੂੰ ਬੜੇ ਯਥਾਰਥਕ ਢੰਗ ਨਾਲ ਪੇਸ਼ ਕੀਤਾ ਹੈ। ਸੁਜਾਨ ਸਿੰਘ ਦੀ 'ਪ੍ਰਾਹੁਣਾ', ਗੁਰਦਿਆਲ ਸਿੰਘ ਦੀ 'ਸਾਂਝੀ ਖੇਤੀ', ਜਸਵੀਰ ਸਿੰਘ ਰਾਣਾ ਦੀ 'ਸਿਖਰ ਦੁਪਹਿਰਾ', ਬਲਦੇਵ ਸਿੰਘ ਧਾਲੀਵਾਲ ਦੀ 'ਆਪਣੇ ਆਪਣੇ ਕਾਰਗਿਲ' ਆਦਿ ਇਸ ਸੰਦਰਭ ਵਿਚ ਵਾਚਣਯੋਗ ਕਹਾਣੀਆਂ ਹਨ। 'ਸਿਖਰ ਦੁਪਹਿਰਾ' ਕਹਾਣੀ ਵਿਚ ਕਿਸਾਨੀ ਸੰਕਟ ਦੀਆਂ ਮਜਬੂਰੀਆਂ ਵਿਚੋਂ ਪਨਪੇ ਨੈਤਿਕ ਸੰਕਟ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿਚ ਮੈਂ ਪਾਤਰ (ਦੇਬੀ) ਦੇ ਤਾਏ ਵਰਗੇ ਲੋਕ ਆਪਣੇ ਨੈਤਿਕ ਕਿਰਦਾਰ ਤੋਂ ਡਿੱਗ ਕੇ ਪੈਸਾ ਅਤੇ ਜ਼ਮੀਨ ਬਣਾ ਰਹੇ ਹਨ। ਜਸਵੀਰ ਸਿੰਘ ਰਾਣਾ ਮੈਂ ਪਾਤਰ ਦੇ ਤਾਏ ਦੀ ਮਾਨਸਿਕਤਾ ਨੂੰ ਇੰਝ ਦਰਸਾਉਂਦਾ ਹੈ:

ਜ਼ਮੀਨ ਖ਼ਾਤਿਰ ਹੀ ਜਣੇ-ਖਣੇ ਨੂੰ ਕਹਿੰਦੇ ਹੁੰਦਾ, ਜਿੱਥੇ ਕੁੜੀ ਨੂੰ
ਜ਼ਮੀਨ ਆਉਂਦੀ ਹੋਵੇ..... ਮੈਂ ਤਾਂ ਮੁੰਡਾ ਉਥੇ ਵਿਆਹੁਣਾ.....।

ਮੁੰਡਾ ਫਿਰ ਇਹਨੇ ਵਿਆਹਿਆ ਵੀ ਉੱਥੇ ਹੀ ਹੈ। ਕੁੜੀ ਨੂੰ ਪੇਕਿਆਂ ਤੋਂ
ਪੱਚੀ ਵਿੱਘੇ ਜ਼ਮੀਨ ਆਉਂਦੀ ਹੈ। ਮੇਰੇ ਤਾਏ ਦੇ ਹੱਥ ਕਾਰੂੰ ਦਾ
ਖਜ਼ਾਨਾ ਲੱਗ ਗਿਆ। ਅੱਜ-ਕੱਲ ਇਹਦੇ ਕੋਲ ਅੰਮਣ-ਮੱਤਾ
ਪੈਸਾ ਦੁਨੀਆਂ ਵਿਆਜ਼ 'ਤੇ ਲੈਣ ਆਉਂਦੀ ਹੈ।[4]

ਪੰਜਾਬ ਵਿਚ ਨਿੱਜੀ ਜਾਇਦਾਦ ਉੱਤੇ ਉਸਰੀ ਜਮਾਤੀ ਵਿਵਸਥਾ ਵਿਚ ਹਰੀ ਕ੍ਰਾਂਤੀ ਤੋਂ ਅਸਾਵਾਂ ਵਿਕਾਸ ਹੀ ਹੋਇਆ ਹੈ।ਕਿਸਾਨੀ ਸਮਾਜ ਦਾ ਸੰਪੰਨ ਵਰਗ ਹੋਰ ਅਮੀਰ ਹੋ ਗਿਆ, ਪਰ ਹੇਠਲਾ ਵਰਗ ਭੂੰਮੀਹੀਣ ਹੋਣ ਦੀ ਪ੍ਰਕ੍ਰਿਆ ਵਿਚ ਪੈ ਗਿਆ ਹੈ।ਖੇਤੀ ਦਾ ਮਸ਼ੀਨੀਕਰਨ ਹੋਣ ਕਾਰਨ ਅਤੇ ਭੂੰਮੀਹੀਣ ਹੋਣ ਕਾਰਨ ਇਹ ਵਰਗ ਬੇਰੁਜ਼ਗਾਰ ਹੋ ਕੇ ਵਿਹਲਾ ਹੋ ਗਿਆ। ਦੂਜੇ ਪਾਸੇ ਖੇਤੀ ਸੈਕਟਰ ਦੇ ਸਮਾਨੰਤਰ ਉਦਯੋਗਿਕ ਸੈਕਟਰ ਵਿਕਸਤ ਨਹੀਂ ਹੋਇਆ। ਜਿਸ ਕਾਰਨ ਬੇਜ਼ਮੀਨ ਹੋ ਰਿਹਾ ਵਰਗ ਘੋਰ ਸਕੰਟ ਵਿਚ ਘਿਰ ਰਿਹਾ ਹੈ। ਗਲਪ ਵਿਧਾ ਦੇ ਖੇਤਰ ਵਿਚ ਬਹੁਤ ਸਾਰੇ ਨਾਵਲਕਾਰਾਂ ਨੇ ਪੰਜਾਬੀ ਕਿਸਾਨੀ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਰਚਨਾ ਕੀਤੀ ਹੈ। ਜਸਵੰਤ ਸਿੰਘ

ਕੇਵਲ ਨੇ 'ਸੱਚ ਨੂੰ ਫਾਂਸੀ', 'ਹਾਣੀ', ਰਾਮ ਸਰੂਪ ਅਣਖੀ ਨੇ 'ਦੁੱਲੇ ਦੀ ਢਾਬ', 'ਸਲਫਾਸ', ਕਰਮਜੀਤ ਕੁੱਸਾ ਨੇ 'ਰੋਹੀ ਬੀਆਬਾਨ', 'ਰਾਤ ਦੇ ਰਾਹੀ' ਬਲਦੇਵ ਸਿੰਘ ਨੇ 'ਕਲਰੀ ਧਰਤੀ' ਆਦਿ ਵਿਚ ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ ਹੈ। 'ਰੋਹੀ ਬੀਆਬਾਨ' ਦਾ ਮੁੱਖ ਪਾਤਰ ਗੋਰਾ ਕਿਸਾਨੀ ਜੀਵਨ ਦੇ ਸੰਕਟ ਦੀ ਸਥਿਤੀ ਦੇ ਵਿਵੇਕ ਦੀ ਹੀ ਸਿਰਜਣਾ ਕਰਦਾ ਹੈ। ਗੋਰਾ ਆਪਣੀ ਆਰਥਿਕ ਬੇਹਤਰੀ ਲਈ ਫੈਕਟਰੀ ਵਿਚ ਕੰਮ ਕਰਕੇ ਡਰਾਇਵਰੀ ਸਿੱਖ ਕੇ, ਦਰਮਿਆਨੀ ਕਿਸਾਨੀ ਨਾਲ ਭਾਈਵਾਲੀ ਪਾ ਕੇ, ਖ਼ੁੱਦ ਪੌਣੇ ਏਕੜ ਅਤੇ ਠੇਕੇ ਵਟਾਈ ਉਤੇ ਜ਼ਮੀਨ ਲੈ ਕੇ ਅਤੇ ਵਿਦੇਸ਼ਾਂ ਵਿਚ ਕਮਾਈ ਕਰਕੇ ਚੰਗਾ ਜੀਵਨ ਜਿਉਣਾ ਚਾਹੁੰਦਾ ਹੈ। ਪਰੰਤੂ, ਪੰਜਾਬ ਦੇ ਅਸਾਂਵੇਂ ਆਰਥਿਕ ਵਿਕਾਸ ਅਤੇ ਜਮਾਤੀ ਵਿਵਸਥਾ ਕਾਰਨ ਇਹ ਸਾਰੀਆਂ ਸੰਭਾਵਨਾਵਾਂ ਖਤਮ ਹੋਣ ਦੇ ਨੇੜੇ ਹਨ। ਇਸ ਕਾਰਨ ਗੋਰਾ 'ਰੋਹੀ ਬੀਆਬਾਨ' ਵਿਚ ਭਟਕ ਰਿਹਾ ਹੈ। ਇਸ ਨਾਵਲ ਬਾਰੇ ਡਾ. ਮਾਨ ਸਿੰਘ ਢੀਂਡਸਾ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ:

ਨਾਵਲ 'ਰੋਹੀ ਬੀਆਬਾਨ' ਰਾਹੀਂ ਹਰੀ ਕਰਾਂਤੀ ਉਪਰੰਤ ਮਾਲਵੇ ਦੀ ਕਿਸਾਨੀ ਦੀ ਆਰਥਿਕ ਸਥਿਤੀ ਰਾਹੀਂ ਸਮੁੱਚੇ ਪੰਜਾਬ ਦੀ ਕਿਸਾਨੀ ਦੀ ਆਰਥਿਕ ਸਥਿਤੀ, ਕਿਸਾਨ ਸ਼੍ਰੇਣੀ ਦੇ ਆਂਤਰਿਕ ਸਬੰਧ, ਕਿਸਾਨ ਸ਼੍ਰਣੀ ਦੇ ਦੂਜੀਆਂ ਸ਼੍ਰਣੀਆਂ ਜਾਂ ਜਾਤਾਂ ਨਾਲ ਸਬੰਧਾਂ ਨੂੰ ਪ੍ਰਮਾਣਿਕ ਰੂਪ ਵਿਚ ਸਿਰਜਿਆ ਗਿਆ ਹੈ। ਕਰਮਜੀਤ ਕੁੱਸਾ ਪੰਜਾਬੀ ਦਾ ਪਹਿਲਾ ਨਾਵਲਕਾਰ ਹੈ ਜੋ ਆਪਣੇ ਇਸ ਨਾਵਲ 'ਰੋਹੀ ਬੀਆਬਾਨ' ਰਾਹੀਂ ਸੁਤੰਤਰਤਾ ਉਪਰੰਤ ਲਾਗੂ ਹੋਏ ਪੂੰਜੀਵਾਦੀ ਪ੍ਰਬੰਧ ਅਤੇ ਹਰੀ ਕਰਾਂਤੀ ਉਪਰੰਤ ਇਸ ਪ੍ਰਬੰਧ ਦੀ ਪੀਡੀ ਹੋਈ ਜਕੜ ਤੋਂ ਪੈਦਾ ਹੋਈ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਸੰਕਟ-ਗ੍ਰਸਤ ਸਥਿਤੀ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਦਾ ਹੈ'[5]

ਸੋ, ਹਰੀ ਕ੍ਰਾਂਤੀ ਤੋਂ ਬਾਅਦ ਵਿਗਿਆਨਕ ਅਮਲ ਤਾਂ ਸ਼ੁਰੂ ਹੋਇਆ ਪਰ ਇਸ ਤੋਂ ਬਾਅਦ ਪੰਜਾਬ ਦੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਦੀ ਦਿਸ਼ਾ ਦਾ ਵਿਸ਼ਲੇਸ਼ਣ ਪੰਜਾਬੀ ਸਾਹਿਤ ਵਿਚ ਉਪਲੱਬਧ ਹੈ। ਛੋਟੀ ਕਿਸਾਨੀ ਦਾ ਉਜਾੜਾ, ਧਨਾਢ ਕਿਸਾਨੀ ਵਰਗ ਤੇ ਅਫਸਰਸ਼ਾਹੀ ਦੀ ਕਾਬਿਜ਼ ਪ੍ਰਭੂਸੱਤਾ, ਅਸੰਤੁਲਿਤ ਵਿਕਾਸ, ਭੂਮੀ ਦੀ ਦੁਰਗਤੀ ਦਾ ਆਰੰਭ ਅਤੇ ਵਿਗੜੀ ਆਰਥਿਕਤਾ ਦੇ ਦੁਸ਼-ਪ੍ਰਭਾਵ ਪੰਜਾਬੀ ਸਾਹਿਤ ਵਿਚ ਭਰਪੂਰ ਰੂਪ ਵਿਚ ਦੇਖੇ ਜਾ ਸਕਦੇ ਹਨ। ਪੰਜਾਬੀ ਸਾਹਿਤ ਦੀਆਂ ਰਚਨਾਵਾਂ ਦਾ ਮੁੱਖ ਮੰਤਵ ਨਿਮਨ ਪੇਂਡੂ ਕਿਸਾਨੀ ਅਤੇ ਕਿਰਤੀ ਵਰਗ ਨੂੰ ਲਾਮਬੰਦ ਕਰਕੇ ਅਸਲੀਅਤ ਤੋਂ ਵਾਕਿਫ਼ ਕਰਵਾਉਣਾ ਹੈ।

## ਹਵਾਲੇ


1. ਪਾਸ਼, ਸੰਪੂਰਨ ਪਾਸ਼ ਕਾਵਿ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000, ਪੰਨਾ 124
2. ਡਾ. ਗਿਆਨ ਸਿੰਘ (ਸੰਪਾਦਕ) , ਪੰਜਾਬ ਦੀ ਪੇਂਡੂ ਆਰਥਿਕਤਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ 13-14
3. ਲਾਲ ਸਿੰਘ ਦਿਲ, ਅੱਜ ਬਿੱਲਾ ਫਿਰ ਆਇਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 32

4. ਗੁਰਚਰਨ ਸਿੰਘ ਗਿੱਲ, ਪੰਜਾਬੀ ਕਹਾਣੀ : ਕਿਸਾਨੀ ਸੰਕਟ ਦੀ ਬਿਰਤਾਂਤਕਾਰੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿਟਿਡ, ਮੋਹਾਲੀ, 2017, ਪੰਨਾ 12
5. ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਨਾਵਲ : ਪਰੰਪਰਾ ਅਤੇ ਪ੍ਰਵਾਹ, ਸ਼ਿਵ ਪ੍ਰਕਾਸ਼ਨ, ਜਲੰਧਰ, 2003, ਪੰਨਾ 152-153

**ਰਿਸਰਚ ਸਕਾਲਰ,**
**ਈਵਨਿੰਗ ਸਟਡੀਜ਼ ਵਿਭਾਗ,**
**ਐਮ.ਡੀ.ਆਰ.ਐਸ,**
**ਪੰਜਾਬ ਯੂਨੀਵਰਸਿਟੀ,**
**ਚੰਡੀਗੜ੍ਹ**

**'ਪੁਸਤਕ ਰਿਵਿਊ'**

# ਪਰਛਾਵੇਂ ਨ੍ਹੀਂ ਮਰਦੇ (ਕਹਾਣੀ ਸੰਗ੍ਰਿਹ)

**ਲੇਖਕ : ਆਰ .ਐਸ ਰਾਜਨ**
**ਪ੍ਰਕਾਸ਼ਕ : ਚੇਤਨ ਪ੍ਰਕਾਸ਼ਨ ਲੁਧਿਆਣਾ**
**ਕੀਮਤ : 225/-**

**❑ ਭੂਪਿੰਦਰ ਸਿੰਘ ਰੈਨਾ**

ਆਰ.ਐਸ. ਰਾਜਨ ਕਸ਼ਮੀਰ ਖਿਤੇ ਦੇ ਚਰਚਿਤ ਕਹਾਣੀਕਾਰ ਹਨ ਤੇ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿਚ ਤਿੰਨ ਕਹਾਣੀ ਸੰਗ੍ਰਿਹ ਤੇ ਇਕ ਨਾਵਲ "ਛੱਤ ਵਿਹੂਣੇ"ਪਾ ਚੁਕੇ ਹਨ।"ਪ੍ਰਛਾਵੇਂ ਨ੍ਹੀ ਮਰਦੇ" ਉਨ੍ਹਾਂ ਦਾ ਚੌਥਾ ਕਹਾਣੀ ਸੰਗ੍ਰਿਹ ਹੈ ਜਿਸ ਨੂੰ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਇਸ ਕਹਾਣੀ ਸੰਗ੍ਰਿਹ ਵਿਚ ਤੇਰਾਂ ਸੰਵੇਦਨਸ਼ੀਲ ਤੇ ਸੰਦੇਸ਼ ਦੇਣ ਵਾਲੀਆਂ ਕਹਾਣੀਆਂ ਹਨ। ਕਸ਼ਮੀਰੀ ਸਮਾਜ ਵਿੱਚ ਹੋ ਰਹੇ ਘਟਨਾ ਕ੍ਰਮ ਨੂੰ ਬਹੁਤ ਅਰਥਪੂਰਨ ਢੰਗ ਨਾਲ ਬਿਆਨ ਕਰਦੀਆਂ ਵਖ ਵਖ ਕਹਾਣੀਆਂ ਹਨ।ਅੱਤਵਾਦ ਦੇ ਕਾਰਨ ਲੋਕਾਂ ਦਾ ਪਲਾਇਨ, ਪੰਜ-ਪੰਜ, ਦਸ-ਦਸ ਮਰਲੇ ਜ਼ਮੀਨ ਲੈ ਕੇ ਵਸਣਾ ਅਤੇ ਆਪਣੀ ਧਰਤੀ ਦੇ ਮੋਹ ਤੇ ਲਾਲਸਾ ਨੇ ਪੀੜੀਆਂ ਗੰਢਾਂ ਵਿਚ ਜਕੜੀ ਰਖਣਾ ਉਥੋਂ ਦੇ ਬਾਸ਼ਿੰਦਿਆਂ ਦੀ ਤ੍ਰਾਸਦੀ ਰਹੀ ਹੈ।

ਕਹਾਣੀ "ਡਾਰੋਂ ਵਿਛੜੀ ਕੂੰਜ" ਇਕ ਔਰਤ ਦੇ ਦਰਦ ਨੂੰ ਬਿਆਨ ਕਰਦੀ ਹੈ ਜਿਹੜੀ ਦੇਸ਼ ਦੀ ਵੰਡ ਵੇਲੇ ਉਸ ਪਾਰ ਰਹਿ ਗਈ ਸੀ। ਭਾਵੇਂ ਨਿਕਾਹ ਕਰਨਾ ਪਿਆ ਪਰ ਉਹ ਹੁਣ ਵੀ ਆਪਣੇ ਗੁਰੂ ਦੇ ਦਰ ਤੇ ਸਜਦਾ ਕਰਦੀ ਹੈ।ਪਿਓ ਦੀ ਪਗ ਤੇ ਗੁਟਕਾ ਸੰਭਾਲ ਕੇ ਰੱਖਿਆ ਹੈ।

'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਇਹ ਕਹਾਣੀ ਲਵ ਜਿਹਾਦ ਦੇ ਵਿਸ਼ੇ ਤੇ ਲਿਖੀ ਗਈ ਹੈ ਕਿ ਕਿਵੇਂ ਇਕ ਪੜ੍ਹੀ ਲਿਖੀ ਸਿਖ ਕੁੜੀ ਦਾ ਸੋਸ਼ਣ ਹੁੰਦਾ ਹੈ। ਪਿਓ ਦੀ ਪਗ ਨੂੰ ਕਲੰਕਿਤ ਕਰਕੇ, ਧਰਮ, ਬਰਾਦਰੀ ਨੂੰ ਤਿਆਗ ਕੇ ਨਿਕਾਹ ਕਰ ਲੈਂਦੀ ਹੈ। ਕੁਠਾ ਖਾਂਦੀ ਹੈ ਪਰ ਉਸਨੂੰ ਨੂੰਹ ਵਜੋਂ ਸਵੀਕਾਰ ਨਹੀਂ ਕੀਤਾ ਜਾਂਦਾ। ਇਸ ਹਾਲ ਵਿੱਚ ਕੀ ਕਰੇ?ਜੀਣ ਲਈ ਜਿਸਮ ਫਰੋਸ਼ੀ ਕਰੇ ਜਾਂ ਆਤਮ ਹੱਤਿਆ।

ਇਹ ਚਲਨ ਅਜ ਕਲ ਆਮ ਹੋ ਗਿਆ ਹੈ।ਬਹੁਤ ਸਿਖਿਆ ਪ੍ਰਦ ਕਹਾਣੀ ਹੈ।

ਹੋਰ ਵੀ ਇਹੋ ਜਿਹੀਆਂ ਕਹਾਣੀਆਂ ਹਨ,ਜਿਨ੍ਹਾਂ ਵਿਚ ਜ਼ਿਕਰ ਹੈ ਕਿ ਉਗਰਵਾਦ ਦੇ ਕਾਰਨ ਰਾਤੋ- ਰਾਤ ਸਥਾਨਕ ਲੋਕ ਅਮੀਰ ਹੋ ਗਏ, ਮਿਲੀਟੈਂਟਾਂ ਦਾ ਸਾਥ ਵੀ ਦਿੰਦੇ ਰਿਹੇ ਤੇ ਫੌਜ ਦੇ ਮੁਖ਼ਬਰ ਵੀ ਬਣੇ ਰਹੇ ।

ਨਿਜੀ ਸਵਾਰਥ ਕਾਰਨ ਭਰਾਵਾਂ ਵਿਚਕਾਰ ਤੇ ਬਜ਼ੁਰਗਾਂ ਦੇ ਆਦਰ ਸਤਿਕਾਰ ਦਾ ਘਾਣ ਹੋ ਰਿਹਾ ਹੈ।

ਕਹਾਣੀਆਂ ਵਿਚ ਸਥਾਨੀ ਭਾਸ਼ਾ ਦਾ ਪ੍ਰਯੋਗ ਸੰਵਾਦਾਂ ਵਿਚ ਕੀਤਾ ਗਿਆ ਹੈ। ਕੁਲਮਿਲਾ ਕੇ ਪੁਸਤਕ ਪੜ੍ਹਨਯੋਗ ਹੈ। ਇਸ ਕਹਾਣੀ ਸੰਗ੍ਰਿਹ ਲਈ ਆਰ ਐਸ ਰਾਜਨ ਜੀ ਵਧਾਈ ਦੇ ਪਾਤਰ ਹਨ ।

Regd. No. 28873/76
ISSN 2319-5053

Mar-Apr 2024




ਜੇ. ਐਂਡ ਕੇ. ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ ਵੱਲੋਂ ਸਹਿਗਲ ਹਾਲ ਜੰਮੂ ਵਿਖੇ ਮਿਤੀ 01.03.2024 ਨੂੰ ਪੰਜਾਬੀ ਦੇ ਪ੍ਰਸਿੱਧ ਲੇਖਕ ਦੀਦਾਰ ਸਿੰਘ ਨਾਲ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। ਮੰਚ 'ਤੇ ਸ਼ਸ਼ੋਭਿਤ, ਸਚਿਵ ਅਕੈਡਮੀ ਭਰਤ ਸਿੰਘ ਮਨਹਾਸ, ਅਜੀਤ ਸਿੰਘ ਮਸਤਾਨਾ, ਬਲਜੀਤ ਸਿੰਘ ਰੈਨਾ ਅਤੇ ਪੋਪਿੰਦਰ ਸਿੰਘ ਪਾਰਸ ਸੰਪਾਦਕ ਸ਼ੀਰਾਜ਼ਾ ਪੰਜਾਬੀ

Published by the Secretary on behalf of
J&K Academy of Art, Culture and Languages, Jammu
and Printed at Ranbir Government Press, Jammu